BUYING/SELLING In Michigan
Homes, Gas Stations, Liquor Stores, Plazas, Hotels
RAJ SHERGILL
Associate Broker
Landmark Realty
40600 Ann Arbor Rd. Ste. 150
Plymouth, MI 48170
Cell 734-751-4455, rajsshergill@yahoo.com

Truck Insurance Specialist
• Preferred Carriers (A++)
• Bobtail Insurance
• Cargo and Primary Liability
TRI COUNTY INSURANCE
734 655 9090

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਟੋਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

Sixteenth Year of Publication ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
ਪੰਜਾਬ ਟਾਈਮਜ਼
Punjab Times, Vol 17, Issue 42, October 15, 2016 20451 N Plum Grove Rd., Palatine, IL 60074 Ph:847-359-0746, Fax:847-705-9388

ਬੜਬੋਲੇ ਟਰੰਪ ਨੇ ਵਿਗਾੜੀ ਆਪਣੀ ਹੀ ਖੇਡ

ਹੁਣ ਪਾਰਟੀ ਲੀਡਰ ਵੀ ਸਾਥ ਛੱਡਣ ਲੱਗੇ

ਵਾਸ਼ਿੰਗਟਨ (ਗੁਰਵਿੰਦਰ ਸਿੰਘ ਵਿਰਕ): ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਦਾ ਬੜਬੋਲਾਪਣ ਅਤੇ ਰੰਗੀਨ ਮਿਜ਼ਾਜੀ ਉਸ ਦੇ ਰਾਹ ਵਿਚ ਰੋੜਾ ਬਣਨ ਲੱਗੀ ਹੈ। ਸਾਲ 2005 ਦੀ ਵੀਡੀਓ ਸਾਹਮਣੇ ਆਉਣ ਪਿਛੋਂ ਉਸ ਦੀ ਪਾਰਟੀ ਦੇ ਸੈਨੇਟਰਾਂ ਅਤੇ ਗਵਰਨਰਾਂ ਨੇ ਪਾਸਾ ਵੱਟ ਲਿਆ ਹੈ। 'ਵਾਸ਼ਿੰਗਟਨ ਪੋਸਟ' ਕੋਲ ਮੌਜੂਦ ਵੀਡੀਓ ਵਿਚ ਟਰੰਪ ਰੇਡੀਓ ਅਤੇ ਟੀ.ਵੀ. ਪੇਸ਼ਕਾਰ ਬਿਲੀ ਬੁਸ਼ ਨਾਲ ਗੱਲਬਾਤ ਦੌਰਾਨ ਔਰਤਾਂ ਨੂੰ ਚੁੰਮਣ, ਛੂਹਣ ਅਤੇ ਸਰੀਰਕ ਸਬੰਧ ਬਣਾਉਣ ਬਾਰੇ ਬੇਹੱਦ ਅਸ਼ਲੀਲ ਟਿੱਪਣੀਆਂ ਕਰਦਾ ਦਿਖਾਈ ਦੇ ਰਿਹਾ ਹੈ; ਹਾਲਾਂਕਿ ਇਨ੍ਹਾਂ ਟਿੱਪਣੀਆਂ ਬਾਰੇ ਟਰੰਪ ਦਾ ਕਹਿਣਾ ਹੈ ਕਿ ਇਹ ਨਿੱਜੀ ਗੱਲਬਾਤ ਸੀ ਜੋ ਕਈ ਵਰ੍ਹੇ ਪਹਿਲਾਂ ਹੋਈ ਸੀ। ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਹਿਲੇਰੀ ਕਲਿੰਟਨ ਨੇ ਇਨ੍ਹਾਂ ਟਿੱਪਣੀਆਂ ਨੂੰ ਸ਼ਰਮਨਾਕ ਦੱਸ ਕੇ ਹਾਵੀ ਹੋਣ ਦੀ ਕੋਸ਼ਿਸ਼ ਕੀਤੀ।

ਵੱਡੀ ਗੱਲ ਇਹ ਹੈ ਕਿ ਇਸ ਖੁਲਾਸੇ ਪਿੱਛੋਂ ਟਰੰਪ ਨੇ ਬੜੀ ਆਸਾਨੀ ਨਾਲ ਮੰਨ ਲਿਆ ਕਿ ਉਸ ਨੇ ਕਦੇ ਨਹੀਂ ਕਿਹਾ ਕਿ ਉਹ ਆਦਰਸ਼ ਇਨਸਾਨ ਹੈ। ਇੰਨਾ ਵਿਰੋਧ ਹੋਣ ਦੇ ਬਾਵਜੂਦ ਟਰੰਪ ਦਾ ਦਾਅਵਾ ਹੈ ਕਿ ਭਾਵੇਂ ਜੋ ਵੀ ਹੋ ਜਾਵੇ, ਉਹ ਮੈਦਾਨ ਨਹੀਂ ਛੱਡੇਗਾ। ਟਰੰਪ ਨੇ ਮੰਦਾ ਬੋਲਣ ਵਿਚ ਆਪਣੀ ਧੀ ਨੂੰ ਵੀ ਨਹੀਂ ਬਖਸ਼ਿਆ। ਉਹ ਰੇਡੀਓ 'ਤੇ ਕਾਫੀ ਸਮਾਂ ਪਹਿਲਾਂ ਦਿੱਤੀ ਇੰਟਰਵਿਊ ਦੌਰਾਨ ਆਪਣੀ ਧੀ ਈਵਾਂਕਾ ਟਰੰਪ ਦੇ ਜਿਸਮ ਬਾਰੇ ਬੋਲਿਆ ਸੀ।

ਉਧਰ, ਚੋਣਾਂ ਤੋਂ ਪਹਿਲਾਂ ਅਤਿ ਘਟੀਆ ਪੱਧਰ ਅਤੇ ਨਾਕਾਰਾਤਮਕ ਪਹੁੰਚ ਵਾਲੀ ਚੋਣ ਮੁਹਿੰਮ 'ਤੇ ਵੀ ਸਵਾਲ ਉਠ ਰਹੇ ਹਨ। ਹੁਣੇ-ਹੁਣੇ ਹੋਏ ਸਰਵੇਖਣ ਮੁਤਾਬਕ 70 ਫੀਸਦੀ ਤੋਂ ਵੱਧ ਅਮਰੀਕੀ ਇਹ ਮਹਿਸੂਸ ਕਰਦੇ ਹਨ ਕਿ ਇਹ ਚੋਣ ਮੁਹਿੰਮ ਨਾਕਾਰਾਤਮਕ (ਨੈਗੇਟਿਵ) ਹੈ। ਅਮਰੀਕੀ ਇਤਿਹਾਸ ਵਿਚ ਪਹਿਲੀ ਵਾਰੀ

(ਬਾਕੀ ਸਫਾ 6 'ਤੇ)

ਹਿਲੇਰੀ ਦੀ ਚੜ੍ਹਤ ਬਰਕਰਾਰ

ਸੇਂਟ ਲੂਈ: ਚੋਣ ਸਰਵੇਖਣ ਵਿਚ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਦੀ ਚੜ੍ਹਤ ਬਰਕਰਾਰ ਹੈ। ਦੂਜੀ ਬਹਿਸ ਤੋਂ ਬਾਅਦ ਚੋਣ ਸਰਵੇਖਣ ਦੇ ਨਤੀਜਿਆਂ ਮੁਤਾਬਕ ਦੋਵਾਂ (ਹਿਲੇਰੀ-ਟਰੰਪ) ਵਿਚਾਲੇ 11 ਫੀਸਦੀ ਅੰਕਾਂ ਦਾ ਫਰਕ ਹੈ। ਹਿਲੇਰੀ 11 ਫੀਸਦੀ ਅੰਕ ਅੱਗੇ ਹਨ, ਜਦ ਕਿ ਪਹਿਲਾਂ ਇਹ ਫਰਕ ਘੱਟ ਸੀ। ਇਸ ਤੋਂ ਪਹਿਲਾਂ ਦੂਜੀ ਬਹਿਸ ਵਿਚ ਕਿਹਾ ਗਿਆ ਕਿ ਹਿਲੇਰੀ ਇਸ ਬਹਿਸ ਦੀ ਸਪਸ਼ਟ ਜੇਤੂ ਰਹੀ ਕਿਉਂਕਿ ਸਰਵੇਖਣ ਵਿਚ ਸ਼ਾਮਲ 57 ਫੀਸਦੀ ਲੋਕਾਂ ਨੇ ਹਿਲੇਰੀ ਦੇ ਜਿੱਤਣ ਦੀ ਗੱਲ ਕਹੀ ਹੈ ਜਦੋਂ ਕਿ 34 ਫੀਸਦੀ ਨੇ ਟਰੰਪ ਦਾ ਸਮਰਥਨ ਕੀਤਾ।

ਸਰਬੱਤ ਖਾਲਸਾ

ਸਿੱਖ ਜਥੇਬੰਦੀਆਂ ਪਈਆਂ ਨਵੀਂ ਸਫਬੰਦੀ ਦੇ ਰਾਹ

ਅੰਮ੍ਰਿਤਸਰ: ਸਿੱਖ ਜਥੇਬੰਦੀਆਂ ਵਿਚਾਲੇ 10 ਨਵੰਬਰ ਨੂੰ ਸੱਦੇ ਜਾ ਰਹੇ ਸਰਬੱਤ ਖਾਲਸਾ ਦੇ ਮਾਮਲੇ ਵਿਚ ਮੁੜ ਸਫਬੰਦੀ ਹੋਣ ਦੀ ਸੰਭਾਵਨਾ ਹੈ। ਸਰਬੱਤ ਖਾਲਸਾ ਵੱਲੋਂ ਥਾਪੇ ਗਏ ਅਕਾਲ ਤਖਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਹਾਲ ਹੀ ਵਿਚ ਜੇਲ੍ਹ ਤੋਂ ਜਾਰੀ ਕੀਤੇ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਇਸ ਵਾਰ ਸਰਬੱਤ ਖਾਲਸਾ ਦੀ ਅਗਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਾਰਗ ਕੀਤੇ ਪੰਜ ਪਿਆਰਿਆਂ ਕਰਨ; ਜਦੋਂਕਿ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ, ਸਮਾਗਮ ਦੀ ਸਰਪ੍ਰਸਤੀ ਦੀ ਜ਼ਿੰਮੇਵਾਰੀ ਨਿਭਾਉਣ ਦੇ ਹੁਕਮ ਪਿੱਛੋਂ ਕਈ ਤਰ੍ਹਾਂ ਦੇ ਸਵਾਲ ਉਠ ਰਹੇ ਹਨ।

ਇਸ ਸੁਨੇਹੇ ਤੋਂ ਬਾਅਦ ਸਰਬੱਤ ਖਾਲਸਾ ਨਾਲ ਜੁੜੀਆਂ ਕੁਝ ਮੁੱਖ ਧਿਰਾਂ ਦੁਚਿੱਤੀ ਵਿਚ ਹਨ। ਇਨ੍ਹਾਂ ਧਿਰਾਂ ਦਾ ਕਹਿਣਾ ਹੈ ਕਿ ਜਥੇਦਾਰਾਂ ਦੇ ਹੁੰਦਿਆਂ ਪੰਜ ਪਿਆਰਿਆਂ ਨੂੰ ਵਧੇਰੇ ਅਹਿਮੀਅਤ ਦੇਣਾ ਸਿਧਾਂਤਾਂ ਦੇ ਉਲਟ ਹੋਵੇਗਾ। ਫਿਲਹਾਲ ਇਨ੍ਹਾਂ ਧਿਰਾਂ ਨੇ ਆਪਣੀ ਦੁਚਿੱਤੀ ਸਬੰਧੀ ਕੋਈ ਠੋਸ ਫੈਸਲਾ ਨਹੀਂ ਕੀਤਾ, ਪਰ ਦੂਜੇ ਪਾਸੇ ਕੁਝ ਧਿਰਾਂ ਜੋ 2015 ਸਰਬੱਤ ਖਾਲਸਾ ਤੋਂ ਦੂਰ ਰਹੀਆਂ ਸਨ, ਹੁਣ ਇਸ ਦੇ ਨਾਲ ਜੁੜ ਰਹੀਆਂ ਹਨ। ਦਲ ਖਾਲਸਾ ਤੇ ਉਸ ਦੀਆਂ ਕੁਝ ਸਹਿਯੋਗੀ ਜਥੇਬੰਦੀਆਂ ਨੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪੰਥਕ ਏਕਤਾ ਅਤੇ ਵਿਧੀ-ਵਿਧਾਨ ਅਨੁਸਾਰ ਅਗਲਾ ਸਰਬੱਤ ਖਾਲਸਾ ਕਰਨ ਦੇ ਫੈਸਲੇ ਦਾ ਸਮਰਥਨ ਕੀਤਾ ਹੈ।

ਦਲ ਖਾਲਸਾ ਦੀ ਕੌਮਾਂਤਰੀ ਪੱਧਰ 'ਤੇ ਸਰਗਰਮ ਹਮ-ਖਿਆਲੀ ਜਥੇਬੰਦੀ 'ਸਿੱਖ

ਫੈਡਰੇਸ਼ਨ ਯੂ.ਕੇ' ਨੇ ਵੀ ਹਵਾਰਾ ਵੱਲੋਂ ਆਰੰਭੀ ਪੰਥਕ ਏਕਤਾ ਦੀ ਮੁਹਿੰਮ ਦਾ ਸਮਰਥਨ ਕੀਤਾ ਹੈ। ਸਿੱਖ ਫੈਡਰੇਸ਼ਨ ਦੇ ਪ੍ਰਧਾਨ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਵਿਦੇਸ਼ਾਂ ਵਿਚ ਵਸਦੀਆਂ ਜਥੇਬੰਦੀਆਂ ਸਰਬੱਤ ਖਾਲਸਾ ਵਿਚ ਸ਼ਾਮਲ ਹੋਣਗੀਆਂ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਜਕਾਰੀ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਵੀ ਹਵਾਰਾ ਦੇ ਹੱਕ ਵਿਚ ਨਿੱਤਰੇ ਹਨ। ਦੱਸਣਯੋਗ ਹੈ ਕਿ ਸਰਬੱਤ ਖਾਲਸਾ ਕਰਵਾਉਣ ਦੇ ਵਿਧੀ-ਵਿਧਾਨ ਬਾਰੇ ਸਿੱਖ ਜਥੇਬੰਦੀਆਂ ਵਿਚ ਮਤਭੇਦ ਹਨ। ਕਈ ਜਥੇਬੰਦੀਆਂ ਮੰਨਦੀਆਂ ਹਨ ਕਿ ਸਰਬੱਤ ਖਾਲਸਾ ਅਕਾਲ ਤਖਤ 'ਤੇ ਹੀ ਹੋਣਾ ਚਾਹੀਦਾ ਹੈ, ਪਰ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਦੇ ਜਥੇਦਾਰਾਂ ਵੱਲੋਂ ਇਸ ਸਰਬੱਤ ਖਾਲਸੇ ਨੂੰ ਮਾਨਤਾ ਨਾ ਦੇਣ ਕਾਰਨ ਇਹ ਵਿਵਾਦ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ।

World Wide Travel
www.fly2world.com
Chicago $760* Delhi
24/7 Emergency Service
Detroit $1050* Delhi
Lowest Fare Guaranteed
734-838-9998
*Fares shown above are subject to availibility and may change without notice. Call us for more information.

Mast Masala
Indian Cuisine
*Carryout *Catering *Dine-In
*ਕੈਰੀ ਆਊਟ *ਕੈਟਰਿੰਗ *ਡਾਈਨ-ਇਨ
2020 W. Army Trail Rd.,
Hanover Park, IL 60133
Ph: 630-736-1000
ਸੁਰਿੰਦਰ ਸਿੰਘ ਧਾਮੀ
ਸੈਲ: 630-290-5350
www.mastmasalachicago.com

ਚੋਣ ਤਿਆਰੀਆਂ ਵਿਚ 'ਆਪ' ਨੇ ਰਵਾਇਤੀ ਧਿਰਾਂ ਨੂੰ ਪਛਾੜਿਆ

ਚੰਡੀਗੜ੍ਹ: ਪੰਜਾਬ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦੇ ਐਲਾਨ ਵਿਚ ਆਮ ਆਦਮੀ ਪਾਰਟੀ (ਆਪ) ਨੇ ਪ੍ਰਮੁੱਖ ਸਿਆਸੀ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੂੰ ਪਛਾੜ ਦਿੱਤਾ ਹੈ। ਆਪ ਨੇ 2017 ਦੀਆਂ ਚੋਣਾਂ ਲਈ ਆਪਣੇ 29 ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਪਾਰਟੀ ਇਸ ਤੋਂ ਪਹਿਲਾਂ 32 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। ਬਾਕੀ ਬਚਦੇ 56 ਉਮੀਦਵਾਰਾਂ ਵਿਚੋਂ 39 ਦਾ ਐਲਾਨ ਵੀ ਇਸ ਮਹੀਨੇ ਦੌਰਾਨ ਕਰਨ ਦੇ ਸੰਕੇਤ ਦਿੱਤੇ ਗਏ ਹਨ।

ਇਸ ਸੂਚੀ ਵਿਚ ਸਿਰਫ ਪੰਜ ਉਮੀਦਵਾਰ ਹਿੰਦੂ ਭਾਈਚਾਰੇ ਨਾਲ ਸਬੰਧਤ ਹਨ, ਜਦੋਂ ਕਿ ਔਰਤਾਂ ਸਿਰਫ ਦੋ ਹਨ। ਤੀਜੀ ਸੂਚੀ ਵਿਚ ਕਾਂਗਰਸ ਛੱਡ ਕੇ ਆਏ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਉਨ੍ਹਾਂ ਦੇ ਪੁਰਾਣੇ ਹਲਕੇ ਭੁਲੱਥ ਤੋਂ ਟਿਕਟ ਦਿੱਤੀ ਗਈ ਹੈ। ਪੱਤਰਕਾਰ ਤੋਂ ਸਿਆਸਤਦਾਨ ਬਣੇ ਕੰਵਰ ਸੰਧੂ ਨੂੰ ਖਰੜ ਅਤੇ ਐਨ.ਆਰ.ਆਈ. ਵਿੰਗ ਦੇ ਜਗਤਾਰ ਸਿੰਘ ਸੰਘੇੜਾ ਨੂੰ ਨਕੋਦਰ ਤੋਂ ਟਿਕਟ ਮਿਲੀ ਹੈ। ਤਰਨ ਤਾਰਨ ਵਿਧਾਨ ਸਭਾ ਹਲਕੇ ਤੋਂ ਪਦਮਸ਼੍ਰੀ ਭਲਵਾਨ ਕਰਤਾਰ ਸਿੰਘ ਅਤੇ ਨਵਾਂ ਸ਼ਹਿਰ ਤੋਂ ਪਿਛਲੇ ਦਿਨੀਂ ਕਾਂਗਰਸ ਛੱਡ ਕੇ ਝਾੜੂ ਫੜਨ ਵਾਲੇ ਸਾਬਕਾ ਸੰਸਦ ਮੈਂਬਰ ਤੇ ਵਿਧਾਇਕ ਚਰਨਜੀਤ ਸਿੰਘ ਚੰਨੀ ਨੂੰ ਟਿਕਟ ਦਿੱਤੀ ਗਈ ਹੈ। ਸ਼ਾਹਕੋਟ ਤੋਂ ਡਾ. ਅਮਰਜੀਤ ਸਿੰਘ ਬਿੰਦ ਨੂੰ ਟਿਕਟ ਦਿੱਤੀ ਗਈ ਹੈ, ਜਦੋਂ ਕਿ ਇਥੋਂ ਪਾਰਟੀ ਦੇ ਮੀਤ ਪ੍ਰਧਾਨ ਕਰਨਲ ਸੀ.ਡੀ. ਸਿੰਘ ਕੰਬੋਜ ਮੁੱਖ ਦਾਅਵੇਦਾਰ ਸਨ। ਫਿਲੌਰ ਤੋਂ ਸਰੂਪ ਸਿੰਘ ਕੰਡਿਆਣਾ, ਜਲੰਧਰ (ਉਤਰੀ) ਤੋਂ ਗੁਲਸ਼ਨ ਸ਼ਰਮਾ ਅਤੇ ਜਲੰਧਰ (ਪੱਛਮੀ) ਤੋਂ ਦਰਸ਼ਨ ਲਾਲ ਭਗਤ ਨੂੰ ਟਿਕਟ ਮਿਲੀ ਹੈ।

ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਜਗਦੀਪ ਸਿੰਘ ਸੰਧੂ, ਭੋਆ ਤੋਂ ਵਿਨੋਦ ਕੁਮਾਰ, ਦੀਨਾਨਗਰ ਤੋਂ ਜੋਗਿੰਦਰ ਸਿੰਘ ਛੀਨਾ, ਡੇਰਾ ਬਾਬਾ ਨਾਨਕ ਤੋਂ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ, ਆਦਮਪੁਰ ਤੋਂ ਹੰਸ ਰਾਜ ਰਾਣਾ, ਹਰਗੋਬਿੰਦਪੁਰ ਤੋਂ ਵਕੀਲ ਅਮਰਪਾਲ ਸਿੰਘ, ਮੁਕੇਰੀਆਂ ਤੋਂ ਸੁਲੱਖਣ ਸਿੰਘ ਜੱਗੀ, ਬਰਨਾਲਾ ਤੋਂ ਮੀਤ ਹੇਅਰ, ਸੁਜਾਨਪੁਰ ਤੋਂ ਵਕੀਲ ਕੁਲਭੂਸ਼ਣ ਸਿੰਘ ਮਿਨਹਾਸ, ਹੁਸ਼ਿਆਰਪੁਰ ਤੋਂ ਪਰਮਜੀਤ ਸਚਦੇਵਾ, ਬੰਗਾ ਤੋਂ ਹਰਜੋਤ ਕੌਰ, ਚਮਕੌਰ ਸਾਹਿਬ ਤੋਂ ਡਾ. ਚਰਨਜੀਤ ਸਿੰਘ, ਅਧਿਆਪਕ ਦੀ ਨੌਕਰੀ ਛੱਡ ਕੇ ਆਪ ਵਿਚ ਸ਼ਾਮਲ ਹੋਈ ਸਰਬਜੀਤ ਕੌਰ ਮਾਣੂੰਕੇ ਨੂੰ ਜਗਰਾਉਂ ਤੋਂ, ਨਿਹਾਲ ਸਿੰਘ ਵਾਲਾ ਤੋਂ ਮਨਜੀਤ ਸਿੰਘ ਬਿਲਾਸਪੁਰੀ, ਧਰਮਕੋਟ ਤੋਂ ਡਾ. ਰਣਜੀਤ ਸਿੰਘ ਸਰਾਂ, ਮਾਨਸਾ ਤੋਂ ਨਾਜਰ ਸਿੰਘ ਮਾਨਸ਼ਾਹੀਆ, ਬੇਰੁਜ਼ਗਾਰ ਲਾਈਨਮੈਨ ਯੂਨੀਅਨ ਪੰਜਾਬ ਦੇ ਪ੍ਰਧਾਨ ਪਿਰਮਲ ਸਿੰਘ ਨੂੰ ਭਦੌੜ ਤੋਂ, ਮਹਿਲ ਕਲਾਂ ਤੋਂ ਕੁਲਵੰਤ ਸਿੰਘ ਪੰਡੋਰੀ, ਸਮਾਣਾ ਤੋਂ ਜਗਤਾਰ ਸਿੰਘ ਰਾਜਲਾ ਅਤੇ ਫਤਹਿਗੜ੍ਹ ਸਾਹਿਬ ਤੋਂ ਲਖਬੀਰ ਸਿੰਘ ਰਾਏ ਨੂੰ ਟਿਕਟ ਦਿੱਤੀ ਗਈ ਹੈ।

ਸੂਤਰਾਂ ਅਨੁਸਾਰ ਪੰਜਾਬ ਦੀਆਂ ਪ੍ਰਚਾਰ ਅਤੇ ਸਕਰੀਨਿੰਗ ਕਮੇਟੀਆਂ ਨੇ ਪਾਰਟੀ ਦੀ ਸਿਆਸੀ ਮਾਮਲਿਆਂ ਦੀ ਕਮੇਟੀ (ਪੀ.ਏ.ਸੀ.) ਅੱਗੇ 36 ਹਲਕਿਆਂ ਲਈ ਉਮੀਦਵਾਰਾਂ ਦੀਆਂ ਸਿਫਾਰਸ਼ਾਂ ਕੀਤੀਆਂ, ਪਰ ਪੀ.ਏ.ਸੀ. ਨੇ ਇਨ੍ਹਾਂ ਵਿਚੋਂ ਸੱਤ ਸੀਟਾਂ ਪੈਂਡਿੰਗ ਰੱਖ ਲਈਆਂ ਹਨ। ਇਸ ਮੌਕੇ ਸੰਜੈ ਸਿੰਘ ਨੇ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਝੂਠ ਫੈਲਾਉਣ ਵਾਲੀ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਭ ਤੋਂ ਪਹਿਲਾਂ ਸਰਜੀਕਲ ਅਪਰੇਸ਼ਨ ਕਰਨ ਦੇ ਮਾਮਲੇ ਵਿਚ ਭਾਰਤੀ ਸੈਨਾ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸ਼ਲਾਘਾ ਕੀਤੀ ਸੀ, ਪਰ ਭਾਜਪਾ ਪ੍ਰਧਾਨ ਅਮਿਤ ਸ਼ਾਹ ਗੁਮਰਾਹਕੁੰਨ ਪ੍ਰਚਾਰ ਕਰ ਰਹੇ ਹਨ।

ਪਾਰਟੀ ਵਲੋਂ 29 ਹੋਰ ਉਮੀਦਵਾਰਾਂ ਦਾ ਐਲਾਨ

ਛੋਟੇਪੁਰ ਵੱਲੋਂ ਧਰਮਵੀਰ ਗਾਂਧੀ ਨਾਲ ਗੱਠਜੋੜ ਦਾ ਐਲਾਨ

ਚੰਡੀਗੜ੍ਹ: ਆਮ ਆਦਮੀ ਪਾਰਟੀ (ਆਪ) ਨੂੰ ਛੱਡ ਕੇ 'ਆਪਣਾ ਪੰਜਾਬ' ਪਾਰਟੀ ਬਣਾਉਣ ਵਾਲੇ ਸੁੱਚਾ ਸਿੰਘ ਛੋਟੇਪੁਰ ਨੇ 'ਆਪ' ਦੇ ਵਿਦਰੋਹੀਆਂ ਉਤੇ ਆਧਾਰਤ 40 ਮੈਂਬਰੀ ਸਟੇਟ ਬਾਡੀ ਬਣਾਉਣ ਦਾ ਐਲਾਨ ਕੀਤਾ ਹੈ। ਮਜ਼ੇਦਾਰ ਗੱਲ ਇਹ ਹੈ ਕਿ ਤਕਰੀਬਨ ਸਾਰੇ ਅਹੁਦੇਦਾਰ 'ਆਪ' ਦੇ 'ਪੀੜਤ' ਹਨ। ਛੋਟੇਪੁਰ ਨੇ ਕਿਹਾ ਕਿ ਯੋਗੇਂਦਰ ਯਾਦਵ ਵੱਲੋਂ ਬਣਾਈ ਗਈ ਸਵਰਾਜ ਇੰਡੀਆ ਪਾਰਟੀ ਨਾਲ ਫਿਲਹਾਲ ਉਹ ਤਾਲਮੇਲ ਨਹੀਂ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਤੋਂ ਮੁਅੱਤਲ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਨਾਲ ਪੰਜਾਬ ਪ੍ਰੋਗਰੈਸਿਵ ਅਲਾਇੰਸ ਬਣਾਉਣ ਸਬੰਧੀ ਤਕਰੀਬਨ ਸਹਿਮਤੀ ਬਣ ਚੁੱਕੀ ਹੈ। ਸੀਟਾਂ ਸਬੰਧੀ ਸਮਝੌਤਾ ਕਰ ਕੇ ਘੱਟੋ-ਘੱਟ ਸਾਂਝੇ ਪ੍ਰੋਗਰਾਮ ਦੇ ਆਧਾਰ 'ਤੇ ਪੰਜਾਬ ਵਿਧਾਨ ਸਭਾ ਦੀਆਂ ਸਾਰੀਆਂ ਸੀਟਾਂ ਉਤੇ ਚੋਣ ਲੜੀ ਜਾਵੇਗੀ। ਉਨ੍ਹਾਂ ਕਿਹਾ ਕਿ ਫਿਲਹਾਲ ਗੱਠਜੋੜ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਬਾਰੇ ਕੋਈ ਫੈਸਲਾ ਨਹੀਂ ਹੋਇਆ ਹੈ। ਉਨ੍ਹਾਂ ਦੁਹਰਾਇਆ ਕਿ ਜੇ ਅੱਜ ਵੀ ਆਵਾਜ਼-ਏ-ਪੰਜਾਬ ਦੇ ਆਗੂ ਨਵਜੋਤ ਸਿੰਘ ਸਿੱਧੂ, ਓਲੰਪੀਅਨ ਪਰਗਟ ਸਿੰਘ, ਵਿਧਾਇਕ ਭਰਾ ਬਲਵਿੰਦਰ ਸਿੰਘ ਬੈਂਸ ਤੇ ਸਿਮਰਜੀਤ ਸਿੰਘ ਬੈਂਸ ਉਨ੍ਹਾਂ ਦੀ ਪਾਰਟੀ ਨਾਲ ਕੋਈ ਚੋਣ ਸਮਝੌਤਾ ਕਰਨਾ ਚਾਹੁਣਗੇ ਤਾਂ ਉਹ ਤਿਆਰ ਹਨ। ਪੰਜਾਬ ਨੂੰ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ, ਕਾਂਗਰਸ ਅਤੇ 'ਆਪ' ਤੋਂ ਬਚਾਉਣ ਲਈ ਉਹ ਕਿਸੇ ਵੀ ਧਿਰ ਦੇ ਦਰ ਉਤੇ ਜਾਣ ਲਈ ਤਿਆਰ ਹਨ।

ਹਰੀ ਓਮ ਮੰਦਿਰ ਲਈ ਫੰਡ ਰੇਜਰ 22 ਨੂੰ

ਸ਼ਿਕਾਗੋ (ਬਿਊਰੋ): ਹਰੀ ਓਮ ਮੰਦਿਰ, ਮੈਡਾਈਨਾ ਲਈ ਸਾਲਾਨਾ ਫੰਡ ਰੇਜਰ ਆਉਂਦੀ 22 ਅਕਤੂਬਰ, ਸਨਿਚਰਵਾਰ ਨੂੰ ਪਰਲ ਬੈਂਕੁਇਟ ਹਾਲ (1480 ਵੈਸਟ ਲੇਕ ਸਟਰੀਟ, ਰੋਜ਼ੈਲ) ਵਿਚ ਸ਼ਾਮ 6 ਵਜੇ ਰੱਖਿਆ ਗਿਆ ਹੈ।

ਇਸ ਮੌਕੇ ਸਭਿਆਚਾਰਕ ਅਤੇ ਸੰਗੀਤਕ ਪ੍ਰੋਗਰਾਮ ਵੀ ਹੋਵੇਗਾ। ਸਥਾਨਕ ਗਾਇਕ ਰਾਜੂ ਬਾਂਕਾਪੁਰ ਅਤੇ ਯੂ ਕੇ ਤੋਂ ਗਾਇਕਾ ਸਰੀਤਾ ਪਵਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਟਿਕਟ $50 ਅਤੇ $35 ਰੱਖੀ ਗਈ ਹੈ ਜਦਕਿ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੋਈ ਟਿਕਟ ਨਹੀਂ ਹੋਵੇਗੀ। ਟਿਕਟ ਪ੍ਰਾਪਤ ਕਰਨ ਲਈ ਮੰਦਿਰ ਦੇ ਫੋਨ 630-980-0900 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਵਿਪਨ ਵਡੇਰਾ ਫੋਨ **630 -550-8839** , ਅਨਿਲ ਸਕਸੇਨਾ ਫੋਨ **630-221-0054** ਜਾਂ ਸਤਪਾਲ ਸਲਵਾਨ ਫੋਨ **630-934-6327** ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਅਮਰੀਕਾ ਦੇ 9/11 ਬਿੱਲ ਤੋਂ ਡਰਿਆ ਪਾਕਿਸਤਾਨ

ਇਸਲਾਮਾਬਾਦ: ਅਮਰੀਕਾ ਦੇ ਨਵੇਂ ਬਿੱਲ 9/11 ਤੋਂ ਪਾਕਿਸਤਾਨ ਡਰ ਗਿਆ ਹੈ। ਬਿੱਲ ਅਨੁਸਾਰ ਅਮਰੀਕੀ ਧਰਤੀ 'ਤੇ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਵਿਚ ਮਦਦ ਕਰਨ ਅਤੇ ਦਹਿਸ਼ਤਗਰਦਾਂ ਨੂੰ ਭੜਕਾਉਣ ਵਾਲੇ ਮੁਲਕਾਂ ਖਿਲਾਫ਼ ਉਹ ਮੁਕੱਦਮਾ ਕਰ ਸਕਦਾ ਹੈ। ਬਿੱਲ ਸਾਊਦੀ ਅਰਬ ਨੂੰ ਧਿਆਨ 'ਚ ਰੱਖ ਕੇ ਤਿਆਰ ਕੀਤਾ ਗਿਆ ਸੀ ਕਿਉਂਕਿ 9/11 ਦੇ ਜ਼ਿਆਦਾਤਰ ਹਮਲਾਵਰ ਸਾਊਦੀ ਨਾਗਰਿਕ ਸਨ।

ਆਵਾਜ਼-ਏ-ਪੰਜਾਬ ਦੀ ਆਵਾਜ਼ ਬੈਠਣ ਲੱਗੀ

ਚੰਡੀਗੜ੍ਹ: ਪੰਜਾਬ ਵਿਚ ਬਣੇ ਚੌਥੇ ਫਰੰਟ 'ਆਵਾਜ਼-ਏ-ਪੰਜਾਬ' ਵਿਚ ਵੰਡੀਆਂ ਪੈਣ ਦੇ ਆਸਾਰ ਹਨ। ਇਸ ਫਰੰਟ ਵਿਚਲੀਆਂ ਤਿੰਨੇ ਧਿਰਾਂ ਬੈਂਸ ਭਰਾ, ਸਿੱਧੂ ਜੋੜੀ ਤੇ ਪਰਗਟ ਸਿੰਘ ਵੱਖੋ-ਵੱਖਰੇ ਸਿਆਸੀ ਰਾਹ ਅਪਣਾ ਸਕਦੇ ਹਨ।

ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਵੱਲੋਂ ਆਵਾਜ਼-ਏ-ਪੰਜਾਬ ਨਾਲ ਕਿਸੇ ਤਰ੍ਹਾਂ ਦਾ ਗੱਠਜੋੜ ਨਾ ਕਰਨ ਦੇ ਫ਼ੈਸਲੇ ਤੋਂ ਬਾਅਦ ਹੁਣ ਬੈਂਸ ਭਰਾ, ਪਰਗਟ ਸਿੰਘ ਤੇ ਸਿੱਧੂ ਜੋੜੀ ਆਪੋ-ਆਪਣੇ ਸਿਆਸੀ ਭਵਿੱਖ ਬਾਰੇ ਸੋਚ ਰਹੇ ਹਨ। ਇਨ੍ਹਾਂ ਵਿਚੋਂ ਕੁਝ ਆਗੂਆਂ ਦੀਆਂ ਕੁਝ ਸਿਆਸੀ ਪਾਰਟੀਆਂ ਨਾਲ ਮੀਟਿੰਗਾਂ ਹੋਈਆਂ ਹਨ ਅਤੇ ਕਿਸੇ ਵੇਲੇ ਵੀ 'ਆਵਾਜ਼-ਏ-ਪੰਜਾਬ' ਦੀ ਆਵਾਜ਼ ਬੈਠ ਸਕਦੀ ਹੈ। ਆਵਾਜ਼-ਏ-ਪੰਜਾਬ ਦੀ ਲੀਡਰਸ਼ਿਪ ਸੁੱਚਾ ਸਿੰਘ ਛੋਟੇਪੁਰ ਦੀ 'ਆਪਣਾ ਪੰਜਾਬ ਪਾਰਟੀ' ਅਤੇ 'ਆਪ' ਵਿਚੋਂ ਮੁਅੱਤਲ ਧਰਮਵੀਰ ਗਾਂਧੀ ਦੇ ਧੜੇ ਨਾਲ ਸਾਂਝ ਪਾਉਣ ਦੇ ਰੌਅ ਵਿਚ ਨਹੀਂ ਹੈ। ਕਾਂਗਰਸ ਅਤੇ 'ਆਪ' ਭਾਰਤੀ ਜਨਤਾ ਪਾਰਟੀ ਤੇ ਰਾਜ ਸਭਾ ਤੋਂ ਅਸਤੀਫ਼ਾ ਦੇ ਚੁੱਕੇ ਨਵਜੋਤ ਸਿੰਘ ਸਿੱਧੂ ਨੂੰ ਆਪਣੇ ਨਾਲ ਜੋੜਨ ਲਈ ਦਿਲਚਸਪ ਨਹੀਂ ਜਾਪਦੇ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵੀ ਸਾਫ਼ ਕਰ ਦਿੱਤਾ ਹੈ ਕਿ ਸਿੱਧੂ ਬਿਨਾ ਸ਼ਰਤ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ, ਪਰ ਇਸ ਧਿਰ ਨਾਲ ਗੱਠਜੋੜ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਾਂਗਰਸ ਅੰਦਰਖਾਤੇ ਵਿਧਾਇਕ ਪਰਗਟ ਸਿੰਘ ਨੂੰ ਪਾਰਟੀ 'ਚ ਸ਼ਾਮਲ ਕਰਨ ਲਈ ਯਤਨਸ਼ੀਲ ਹੈ। ਵਿਧਾਇਕ ਬਲਵਿੰਦਰ ਬੈਂਸ ਤੇ ਸਿਮਰਜੀਤ ਸਿੰਘ ਬੈਂਸ ਵੀ ਆਪਣੇ ਪੱਧਰ 'ਤੇ 'ਆਪ' ਜਾਂ ਕਿਸੇ ਹੋਰ ਧਿਰ ਨਾਲ ਹੱਥ ਮਿਲਾ ਸਕਦੇ ਹਨ।

ਰੋਟੀ ਪਕਾਉਣ ਵਾਲੇ ਤੇ ਕੈਸ਼ੀਅਰ ਦੀ ਲੋੜ ਹੈ

ਓਕਲਹੋਮਾ ਵਿਚ ਪੰਜਾਬੀ ਰੈਸਟੋਰੈਂਟ ਵਿਚ ਰੋਟੀਆਂ ਬਣਾਉਣ ਵਾਲੇ ਅਤੇ ਕੈਸ਼ੀਅਰ ਦੀ ਲੋੜ ਹੈ। ਵਧੀਆ ਤਨਖਾਹ। ਖਾਣਾ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਰਾਜ ਸਿੰਘ

ਫੋਨ: 832-512-7172

Singh Tax & Accounting Services LLC.

Individual & Business Taxes, Accounting, Payroll & Financial Consulting Services.

File your taxes on time, Tax planning, start new business, to resolve tax related matters with IRS. Free consultation for tax matters. Translation from Punjabi to English and Notary Services.

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

Ph:248-982-2036

Fax:616-855-5575

Mohan Singh M.COM, MBA (Finance), ACA Master in Taxation. IRS Enrolled agent, Notary Public

Office Locations: 38969 Cheshire Dr., Northville, MI 48167; 38565 Joy Rd., Westland, MI 48185

Email : jhand_mohan@yahoo.com; or info@SinghTaxServices.com

For More Detail check our web site at :www.SinghTaxServices.com

Personalized Service-Committed To Quality

Purchase and Refinance Your Home Loans.

Pre approval in one day, no cost, no obligation.

Conventional, ARM, Jumbo, FHA, VA, USDA & HARP Loan Programs

ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ

AMRIK P. SINGH
Mortgage Loan Originator
NMLS # 232904

C&R MORTGAGE CORP. NMLS # 227317

7788 N. Milwaukee Ave.
Niles, IL 60714
Ph: 847-966-6700
Fax: 847-966-6723

Cell 312-608-0006

Illinois & Indiana Residential Mortgage Licensee.

Email: asingh@candrmortgage.com
Website: www.candrmortgage.com



Madan Khatri

Want to Buy/Sell Homes, THs, Condos!

Call Madan Khatri

Ph: 847-530-1550

www.PropertyZoo.com

CALL TO BUY / SELL HOME TODAY!

Top Producer at the office in 2011-2013-2014
*****A Broker who can work with you from Beginning to End, Call Now!!!*****

BHHS American Heritage
1010 Rohwing Road, Elk Grove Village, IL

ਅਮਰੀਕੀ ਫੌਜ 'ਚ ਸਿੱਖੀ ਸਰੂਪ ਸਮੇਤ ਕੰਮ ਕਰਨ ਦੀ ਇਜਾਜ਼ਤ

ਵਾਸ਼ਿੰਗਟਨ: ਸਿੱਖ ਭਾਈਚਾਰੇ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਮੰਨਦਿਆਂ ਕਰਦਿਆਂ ਅਮਰੀਕਾ ਸਰਕਾਰ ਨੇ ਸਿੱਖਾਂ ਨੂੰ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਵਿਚ ਦਸਤਾਰ ਅਤੇ ਦਾੜ੍ਹੀ ਵਰਗੇ ਸਿੱਖ ਧਰਮ ਦੇ ਕਕਾਰਾਂ ਸਮੇਤ ਸੇਵਾਵਾਂ ਨਿਭਾਉਣ ਦੀ ਇਜਾਜ਼ਤ ਦੇ ਦਿੱਤੀ ਹੈ।

ਅਮਰੀਕਾ ਦੇ ਰੱਖਿਆ ਵਿਭਾਗ ਵੱਲੋਂ ਜਾਰੀ ਹਦਾਇਤ ਮੁਤਾਬਕ ਸਿੱਖਾਂ ਤੇ ਦੂਸਰਿਆਂ ਨੂੰ ਆਪਣੇ ਧਰਮ ਦੇ ਸਰੂਪ ਵਿਚ ਰਹਿੰਦੇ ਹੋਏ ਫੌਜ ਵਿਚ ਸੇਵਾ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਕਾਂਗਰਸ ਮੈਂਬਰ ਜੋਏ ਕਰਾਉਲੀ ਜਿਨ੍ਹਾਂ ਸਿਖ ਭਾਈਚਾਰੇ ਵੱਲੋਂ ਮੁਹਿੰਮ ਦੀ ਅਗਵਾਈ ਕੀਤੀ, ਨੇ ਕਿਹਾ ਕਿ ਸਾਡਾ ਦੇਸ਼ ਅਤੇ ਫੌਜ ਮਜ਼ਬੂਤ ਹੈ ਕਿਉਂਕਿ ਅਸੀਂ ਧਾਰਮਿਕ ਤੇ ਨਿੱਜੀ ਆਜ਼ਾਦੀ ਦਾ ਸਤਿਕਾਰ ਕਰਦੇ ਹਾਂ ਅਤੇ ਇਸ ਨਵੀਂ ਹਦਾਇਤ ਨਾਲ ਇਸ ਨੂੰ ਅਮਰੀਕੀ ਫੌਜ ਵੱਲੋਂ ਇਕ ਵਾਰ ਫਿਰ ਦਿੱਤੀ ਮਾਨਤਾ ਨੂੰ ਦੇਖ ਕੇ ਉਹ ਖੁਸ਼ ਹਨ।

ਉਨ੍ਹਾਂ ਕਿਹਾ ਕਿ ਅਮਰੀਕਾ 'ਚ ਰਹਿੰਦੇ ਸਿੱਖ ਇਸ ਦੇਸ਼ ਨਾਲ ਪਿਆਰ ਕਰਦੇ ਹਨ ਅਤੇ ਸਾਡੇ ਦੇਸ਼ ਦੀ ਫੌਜ ਵਿਚ ਸਮਾਨਤਾ ਦੇ ਆਧਾਰ 'ਤੇ ਸੇਵਾ ਕਰਨ ਦਾ ਢੁਕਵਾਂ ਮੌਕਾ ਚਾਹੁੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਾਨੂੰ ਧਾਰਮਿਕ ਆਜ਼ਾਦੀ ਦੀ ਇੱਛਾ ਨੂੰ ਗਲੇ ਲਗਾਉਣਾ ਚਾਹੀਦਾ ਹੈ ਅਤੇ ਇਸ 'ਤੇ ਬੰਦਸ਼ਾਂ ਨਹੀਂ ਲਾਉਣੀਆਂ ਚਾਹੀਦੀਆਂ। ਸ੍ਰੀ ਕਰਾਉਲੀ ਨੇ ਕਿਹਾ ਕਿ ਭਾਵੇਂ ਇਹ ਕਦਮ ਪਹਿਲਾਂ ਪਹਿਲ ਦੇਖਣ ਨੂੰ ਸਹੀ ਦਿਸ਼ਾ ਵੱਲ ਲਗਦਾ ਹੈ, ਪਰ ਉਹ ਇਸ ਹਦਾਇਤ ਦੀ ਧਿਆਨ ਨਾਲ ਸਮੀਖਿਆ ਕਰ ਰਹੇ ਹਨ। ਹੁਣ ਤੱਕ ਸਿੱਖਾਂ ਅਤੇ ਹੋਰਨਾਂ ਨੂੰ ਆਪਣੇ ਧਰਮ ਦੇ ਸਰੂਪ ਵਿਚ ਰਹਿੰਦੇ ਹੋਏ ਅਮਰੀਕੀ ਫੌਜ ਵਿਚ ਸੇਵਾ ਨਿਭਾਉਣ ਦੀ ਇਜਾਜ਼ਤ ਲੈਣੀ ਪੈਂਦੀ ਹੈ। ਇਸ ਤਰ੍ਹਾਂ ਦੀ ਇਜਾਜ਼ਤ ਨਾ ਤਾਂ ਪੱਕੀ ਹੈ ਅਤੇ ਹਰੇਕ ਸੌਂਪੀ ਜ਼ਿੰਮੇਵਾਰੀ ਪਿੱਛੋਂ ਇਸ ਦੀ ਨਵੇਂ ਸਿਰੇ ਤੋਂ ਪ੍ਰਵਾਨਗੀ ਲੈਣੀ ਪੈਂਦੀ ਹੈ।

ਫੈਸਲੇ ਦਾ ਸਵਾਗਤ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਅਮਰੀਕਾ ਸਰਕਾਰ ਵੱਲੋਂ ਸਿੱਖਾਂ ਦੀ ਚਿਰੋਕਣੀ ਮੰਗ ਨੂੰ ਮੰਨਦਿਆਂ ਆਪਣੀਆਂ ਹਥਿਆਰਬੰਦ ਫੌਜਾਂ ਵਿਚ ਸਿੱਖ ਨੌਜਵਾਨਾਂ ਨੂੰ ਸਿੱਖੀ ਸਰੂਪ ਵਿਚ ਰਹਿੰਦਿਆਂ ਕੰਮ ਕਰਨ ਦਾ ਅਧਿਕਾਰ ਦੇਣਾ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਇਕ ਵਾਰ ਫਿਰ ਧਾਰਮਿਕ ਸਹਿਣਸ਼ੀਲਤਾ ਦਿਖਾਉਂਦਿਆਂ ਸਿੱਖਾਂ ਨੂੰ ਸਨਮਾਨ ਦਿੱਤਾ ਹੈ। ਉਨ੍ਹਾਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਕਾਂਗਰਸ ਮੈਂਬਰ ਜੋਏ ਕਰਾਉਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਮਰੀਕਾ ਵਿਚ ਸਿੱਖਾਂ ਨੂੰ ਹੋਰ ਅਦਾਰਿਆਂ ਵਿਚ ਵੀ ਸਿੱਖੀ ਸਰੂਪ ਵਿਚ ਕੰਮ ਕਰਨ ਦੀ ਖੁੱਲ੍ਹ ਮਿਲਣੀ ਚਾਹੀਦੀ ਹੈ।

ਮੈਂ ਕਿਸੇ ਅਕਾਲੀ ਦਲ ਜਾਂ ਕਾਂਗਰਸ ਦਾ ਮੈਂਬਰ ਨਹੀਂ: ਮੇਜਰ ਝੱਜ

ਸ਼ਿਕਾਗੋ (ਬਿਊਰੋ): ਸ਼ਿਕਾਗੋ ਦੇ ਸਮਾਜਿਕ ਤੇ ਧਾਰਮਿਕ ਹਲਕਿਆਂ ਦੀ ਮੋਹਤਬਰ ਸ਼ਖਸੀਅਤ ਮੇਜਰ ਗੁਰਚਰਨ ਸਿੰਘ ਝੱਜ ਨੇ ਕਿਹਾ ਹੈ ਕਿ ਉਹ ਕਦੀ ਵੀ ਕਿਸੇ ਅਕਾਲੀ ਦਲ ਜਾਂ ਕਾਂਗਰਸ ਦੇ ਮੈਂਬਰ ਨਹੀਂ ਰਹੇ। ਉਹ ਅਤੇ ਉਨ੍ਹਾਂ ਦਾ ਇਥੇ ਤੇ ਇੰਡੀਆ ਰਹਿੰਦਾ ਪਰਿਵਾਰ ਸਿਰਫ ਤੇ ਸਿਰਫ ਆਮ ਆਦਮੀ ਪਾਰਟੀ ਦੇ ਹੀ ਮੈਂਬਰ ਹਨ ਕਿਉਂਕਿ ਉਹ ਸਮਝਦੇ ਹਨ ਕਿ ਇਹੋ ਇਕ ਪਾਰਟੀ ਹੈ ਜੋ ਪੰਜਾਬ ਦਾ ਭਵਿੱਖ ਬਦਲ ਸਕਦੀ ਹੈ। ਉਹ ਅਤੇ ਉਨ੍ਹਾਂ ਦਾ ਪਰਿਵਾਰ ਇਸ ਪਾਰਟੀ ਦੀ ਹਰ ਤਰ੍ਹਾਂ ਨਾਲ ਮਦਦ ਕਰਨਗੇ।

ਮੇਜਰ ਗੁਰਚਰਨ ਸਿੰਘ ਝੱਜ

ਪੰਜਾਬ ਟਾਈਮਜ਼ ਦੇ 8 ਅਕਤੂਬਰ ਦੇ ਅੰਕ ਵਿਚ ਬਾਦਲ ਅਕਾਲੀ ਦਲ ਦੀ ਇਥੇ ਹੋਈ ਇਕ ਰੈਲੀ ਦੀ ਖਬਰ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਉਸ ਪ੍ਰੋਗਰਾਮ ਵਿਚ ਉਹ ਸਿਰਫ ਤੇ ਸਿਰਫ ਭਾਈਚਾਰਕ ਸਬੰਧਾਂ ਅਤੇ ਇਹ ਵੇਖਣ ਕਿ ਉਥੇ ਕੀ ਕਿਹਾ ਤੇ ਦੱਸਿਆ ਜਾਂਦਾ ਹੈ, ਕਰਕੇ ਗਏ ਸਨ। ਇਸ ਦਾ ਇਹ ਮਤਲਬ ਨਹੀਂ ਕਿ ਉਹ ਬਾਦਲ ਅਕਾਲੀ ਦਲ ਦੇ ਮੈਂਬਰ ਬਣ ਗਏ ਹਨ।

ਮੇਜਰ ਝੱਜ ਨੇ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਸ਼ਿਕਾਗੋ ਫੇਰੀ ਸਮੇਂ ਉਹ ਇਸ ਫੇਰੀ ਦੀ ਪ੍ਰਬੰਧਕ ਕਮੇਟੀ ਵਿਚ ਇਸ ਕਰ ਕੇ ਸ਼ਾਮਲ ਹੋਏ ਸਨ ਕਿ ਉਨ੍ਹਾਂ ਦਾ ਇਕ ਫੌਜੀ ਸਾਥੀ ਕੈਪਟਨ ਦੀ ਇਸ ਫੇਰੀ ਦੇ ਪ੍ਰਬੰਧਕਾਂ ਵਿਚੋਂ ਇਕ ਸੀ। ਉਨ੍ਹਾਂ ਨੂੰ ਜਾਪਿਆ ਸੀ ਕਿ ਕੈਪਟਨ ਸ਼ਾਇਦ ਪੰਜਾਬ ਵਿਚ ਕੋਈ ਤਬਦੀਲੀ ਲਿਆ ਸਕਦਾ ਹੈ ਪਰ ਜਦੋਂ ਉਹ ਸ਼ਿਕਾਗੋ ਆਇਆ ਤਾਂ ਉਨ੍ਹਾਂ ਨੂੰ ਬਹੁਤ ਨਿਰਾਸ਼ਾ ਹੋਈ। ਉਹ ਹੀ ਇਕੋ ਇਕ ਸ਼ਖਸ ਸਨ ਜਿਨ੍ਹਾਂ ਕੈਪਟਨ ਨੂੰ ਕੁਝ ਸਵਾਲ ਕੀਤੇ ਜੋ ਉਸ ਨੂੰ ਚੰਗੇ ਨਾ ਲੱਗੇ। ਮੇਜਰ ਝੱਜ ਨੇ ਕਿਹਾ ਕਿ ਕੈਪਟਨ ਦੀ ਇਸ ਫੇਰੀ ਬਾਰੇ ਉਨ੍ਹਾਂ ਇਕ ਟੀ.ਵੀ. ਪ੍ਰੋਗਰਾਮ ਦੌਰਾਨ ਕੰਵਰ ਸੰਧੂ ਨਾਲ ਗੱਲ ਕਰਦਿਆਂ ਕੁਝ ਟਿੱਪਣੀਆਂ ਵੀ ਕੀਤੀਆਂ ਸਨ।

ਮੇਜਰ ਝੱਜ ਨੇ ਸਪਸ਼ਟ ਕੀਤਾ ਕਿ ਉਹ ਆਮ ਆਦਮੀ ਪਾਰਟੀ ਤੋਂ ਇਲਾਵਾ ਕਿਸੇ ਵੀ ਹੋਰ ਸਿਆਸੀ ਪਾਰਟੀ ਦੇ ਮੈਂਬਰ ਨਹੀਂ ਹਨ। ਉਹ ਮਹਿਸੂਸ ਕਰਦੇ ਹਨ ਕਿ ਸਿਰਫ ਆਮ ਆਦਮੀ ਪਾਰਟੀ ਹੀ ਪੰਜਾਬ ਵਿਚ ਕੋਈ ਤਬਦੀਲੀ ਲਿਆ ਸਕਦੀ ਹੈ ਅਤੇ ਉਨ੍ਹਾਂ ਦਾ ਯਕੀਨ ਹੈ ਕਿ ਪੰਜਾਬ ਵਿਚ ਚੋਣਾਂ ਉਪਰੰਤ ਐਚ.ਐਸ. ਫੂਲਕਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਹੀ ਸਰਕਾਰ ਬਣੇਗੀ।

ਉਨ੍ਹਾਂ ਹੋਰ ਦੱਸਿਆ ਕਿ ਉਹ ਕਲਗੀਧਰ ਟਰੱਸਟ, ਬੜੂ ਸਾਹਿਬ ਦੇ ਸੇਵਾਦਾਰ ਹਨ। ਉਨ੍ਹਾਂ ਦੇ ਸ਼ਿਕਾਗੋ ਵਿਚ ਕਈ ਦੋਸਤ ਕਾਂਗਰਸ, ਬਾਦਲ ਅਕਾਲੀ ਦਲ ਅਤੇ ਮਾਨ ਅਕਾਲੀ ਦਲ ਦੇ ਮੈਂਬਰ ਹਨ। ਜੇ ਕੋਈ ਦੋਸਤ ਮੈਨੂੰ ਆਪਣੀ ਪਾਰਟੀ ਦੇ ਵਿਸ਼ੇਸ਼ ਸਮਾਗਮ ਵਿਚ ਆਉਣ ਦਾ ਸੱਦਾ ਦਿੰਦਾ ਹੈ ਤਾਂ ਮੈਂ ਭਵਿੱਖ ਵਿਚ ਵੀ ਅਜਿਹੇ ਸਮਾਗਮ ਵਿਚ ਸ਼ਾਮਲ ਹੋਵਾਂਗਾ ਤਾਂ ਜੋ ਦੇਖ ਸਕਾਂ ਕਿ ਉਥੇ ਕੀ ਹੁੰਦਾ-ਵਾਪਰਦਾ ਹੈ। ਇਸ ਤੋਂ ਇਹ ਅਰਥ ਕਦਾਚਿਤ ਨਹੀਂ ਲਿਆ ਜਾਣਾ ਚਾਹੀਦਾ ਕਿ ਮੈਂ ਉਸ ਪਾਰਟੀ ਦਾ ਹਿੱਸਾ ਬਣ ਚੁਕਾ ਹਾਂ।

ਪੰਜਾਬ 'ਵਰਸਿਟੀ 'ਚ ਓਲੰਪੀਅਨ ਬਲਬੀਰ ਸਿੰਘ ਚੇਅਰ ਕਾਇਮ

ਚੰਡੀਗੜ੍ਹ: ਪੰਜਾਬ ਦੀ ਪਹਿਲੀ ਅਤੇ ਵਿਸ਼ਵ ਪ੍ਰਸਿਧ ਯੂਨੀਵਰਸਿਟੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਮਹੱਤਵਪੂਰਨ ਫੈਸਲਾ ਲੈਂਦਿਆਂ ਹਾਕੀ ਉਲੰਪੀਅਨ ਬਲਬੀਰ ਸਿੰਘ ਸੀਨੀਅਰ ਦੇ ਨਾਂ 'ਤੇ ਚੇਅਰ ਕਾਇਮ ਕਰ ਦਿੱਤੀ ਹੈ। ਚੇਅਰ ਦੇ ਮੁਖੀ ਦੀ ਜ਼ਿੰਮੇਵਾਰੀ ਸ਼ੂਟਰ ਅਭਿਨਵ ਬਿੰਦਰਾ ਨੂੰ ਦੇਣ ਬਾਰੇ ਵਿਚਾਰ ਵਿਟਾਂਦਰਾ ਹੋਇਆ ਹੈ। ਸਿੰਡੀਕੇਟ ਵੱਲੋਂ ਯੂਨੀਵਰਸਿਟੀ ਦੇ ਫੈਸਲੇ 'ਤੇ ਮੋਹਰ ਲਾ ਦਿੱਤੀ ਗਈ ਹੈ।

ਉਲੰਪੀਅਨ ਬਲਬੀਰ ਸਿੰਘ ਪਹਿਲੀ ਸ਼ਖਸੀਅਤ ਹਨ, ਜਿਨ੍ਹਾਂ ਨੂੰ ਆਪਣੇ ਨਾਂ ਉਤੇ ਸਥਾਪਤ ਹੋਈ ਚੇਅਰ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਯੂਨੀਵਰਸਿਟੀ ਵੱਲੋਂ ਪਿਛਲੀ ਮੀਟਿੰਗ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਉਤੇ ਚੇਅਰ ਕਾਇਮ ਕੀਤੀ ਗਈ ਸੀ ਜਿਸ ਦੇ ਚੇਅਰਪਰਸਨ ਦੇ ਅਹੁਦੇ ਦੀ ਪੇਸ਼ਕਸ਼ ਲੈਫਟੀਨੈਂਟ ਜਨਰਲ ਕੇ.ਜੇ. ਸਿੰਘ ਨੂੰ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜਵਾਹਰਲਾਲ ਨਹਿਰੂ ਦੇ ਨਾਂ ਉਤੇ ਸਥਾਪਤ ਚੇਅਰ ਦਾ ਮੁਖੀ ਸਾਬਕਾ ਪ੍ਰਧਾਨ ਮੰਤਰੀ ਅਤੇ ਉਘੇ ਅਰਥਸ਼ਾਸਤਰੀ ਡਾਕਟਰ ਮਨਮੋਹਨ ਸਿੰਘ ਨੂੰ ਲਾਇਆ ਗਿਆ ਹੈ। ਫਿਲਮ ਜਗਤ ਦੀ ਉਘੀ ਹਸਤੀ ਗੁਲਜ਼ਾਰ ਨੂੰ ਰਬਿੰਦਰਨਾਥ ਟੈਗੋਰ ਚੇਅਰ ਦੇ ਮੁਖੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਯੂਨੀਵਰਿਸਟੀ ਵੱਲੋਂ ਚੇਅਰਾਂ ਦੇ ਮੁਖੀਆਂ ਨੂੰ ਇਥੇ ਫੇਰੀ ਲਈ ਜਹਾਜ਼ ਦਾ ਕਿਰਾਇਆ, ਪੰਜ ਹਜ਼ਾਰ ਰੁਪਏ ਨਗਦ ਅਤੇ ਗੈਸਟ ਹਾਊਸ ਵਿਚ ਮੁਫਤ ਰਹਿਣ ਦੀ ਸਹੂਲਤ ਦਿੱਤੀ ਜਾਂਦੀ ਹੈ।

ਸ਼ਿਕਾਗੋ: ਸਥਾਨਕ ਖੇਡ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਨੇ ਸ. ਬਲਬੀਰ ਸਿੰਘ ਦੇ ਨਾਂ 'ਤੇ ਪੰਜਾਬ ਯੂਨੀਵਰਸਿਟੀ

ਸ਼ਿਕਾਗੋ ਦੇ ਮੇਲੇ ਵਿਚ ਸ. ਬਲਬੀਰ ਸਿੰਘ ਪ੍ਰਬੰਧਕਾਂ ਨਾਲ

ਵਿਚ ਚੇਅਰ ਬਣਾਏ ਜਾਣ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਸਹੀ ਸਮੇਂ 'ਤੇ ਲਿਆ ਗਿਆ ਸਹੀ ਫੈਸਲਾ ਹੈ। ਜ਼ਿਕਰਯੋਗ ਹੈ ਕਿ 2015 ਦੇ ਸਤੰਬਰ ਮਹੀਨੇ ਹੋਏ ਇਸ ਸੰਸਥਾ ਦੇ ਸਾਲਾਨਾ ਖੇਡ ਮੇਲੇ ਦੌਰਾਨ ਸ. ਬਲਬੀਰ ਸਿੰਘ ਵਿਸ਼ੇਸ਼ ਮਹਿਮਾਨ ਸਨ।

ਅਤਿਵਾਦੀ ਪੈਰਾਸ਼ੂਟ ਰਾਹੀਂ ਕਰ ਸਕਦੇ ਨੇ ਭਾਰਤ 'ਤੇ ਹਮਲਾ

ਨਵੀਂ ਦਿੱਲੀ: ਮਕਬੂਜ਼ਾ ਕਸ਼ਮੀਰ ਵਿਚ ਭਾਰਤ ਦੇ ਸਰਜੀਕਲ ਹਮਲੇ ਨਾਲ ਪਾਕਿਸਤਾਨ ਬੌਖਲਾ ਗਿਆ ਹੈ। ਖੁਫੀਆ ਏਜੰਸੀਆਂ ਨੇ ਸੁਰੱਖਿਆ ਬਲਾਂ ਨੂੰ ਚੌਕਸ ਕੀਤਾ ਹੈ ਕਿ ਅਤਿਵਾਦੀ ਪੈਰਾਸ਼ੂਟ ਰਾਹੀਂ ਨਾ ਸਿਰਫ ਘੁਸਪੈਠ ਕਰ ਸਕਦੇ ਹਨ, ਬਲਕਿ ਫਿਦਾਈਨ ਹਮਲਿਆਂ ਨੂੰ ਵੀ ਅੰਜ਼ਾਮ ਦੇ ਸਕਦੇ ਹਨ। ਗੁਜਰਾਤ ਦੇ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਆਈ.ਬੀ. ਦੇ ਉਕਤ ਖੁਲਾਸੇ ਦੀ ਪੁਸ਼ਟੀ ਕੀਤੀ ਹੈ।

ਪਲੈਜ਼ੈਂਟ ਟਰੈਵਲ ਐਂਡ ਟੂਰਜ਼
Pleasant Travel & Tours
6257 N. Clark Street, Chicago, IL 60660
Serving Community For Over 25 Years
Fly to Any Destination with the Best Price
Chicago-Amritsar = $ 795.00 Chicago-Delhi = $695.00
Chicago-Mumbai = $ 695.00 Restriction do apply
Ph:773-508-1927
Pleasanttravel@hotmail.com
www.pleasanttravelchicago.com
ਘੱਟ ਤੋਂ ਘੱਟ ਰੇਟ 'ਤੇ ਹਵਾਈ ਟਿਕਟਾਂ
TURKISH AIRLINES ETIHAD QATAR Emirates

HADDAD LAW FIRM PLC
470 N. Old Woodward Ave Suite 250, Birmingham MI 48009
ਹਦਾਦ ਲਾਅ ਫਰਮ ਪੀ ਐਲ ਸੀ
ਸਾਡੇ ਦਫਤਰ ਡਿਟਰਾਇਟ, ਲੈਨਸਿੰਗ ਤੇ ਪਲਿਮਥ ਵਿਚ ਵੀ ਹਨ
SERVING THE GREAT STATE OF MICHIGAN IN MATERS OF:
■Criminal Defense ■Immigration law ■Civil Litigation
■Business Planning ■Family Law (Divorce & Child Custody)
■Traffic Offenses (Impaired Driving)
■Estate Planning (Wills, Trusts & Power of Attorneys)
■Personal Injury ■Fire Loss ■Wrongful Death
ਮਨਮੀਤ ਸਿੰਘ ਚਾਹਲ
Contact Attorney Manmeet Singh Chahal
Call Today @ 1-844-M-CHAHAL (844-624-2425)
e-mail: mannychahal@haddlaw.com www.haddlaw.com
www.AttorneyMannyChahal.com

Sistar Mortgage
Minimizing Cost, Maximizing Investment
www.SistarMortgage.com
Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
●Residential Loans (Purchase, Refinance & Cash Out Refinance). ●Self Employed and H1 Visa ●Jumbo loans ●Commercial Property With Business or Business Only.
●Business Equity Line of Credit. ●Multi Unit Investment Property.

ਕੈਪਟਨ ਅਮਰਿੰਦਰ ਸਿੰਘ ਨੂੰ ਕਲੀਨ ਚਿੱਟ 'ਤੇ ਸਿਆਸਤ ਗਰਮਾਈ

ਚੰਡੀਗੜ੍ਹ: ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ ਚਰਚਿਤ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਤਕਰੀਬਨ ਨੌਂ ਸਾਲਾਂ ਤੋਂ ਚੱਲ ਰਹੇ ਭ੍ਰਿਸ਼ਟਾਚਾਰ ਦੇ ਕੇਸ ਨੂੰ ਖਤਮ ਕਰਨ ਸਬੰਧੀ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅਦਾਲਤ ਵਿਚ ਦਾਇਰ ਕੀਤੀ ਅਰਜ਼ੀ ਨਾਲ ਸੂਬੇ ਦੀ ਸਿਆਸਤ ਗਰਮਾ ਗਈ ਹੈ।

ਕੈਪਟਨ ਅਮਰਿੰਦਰ ਸਿੰਘ ਅਤੇ 17 ਹੋਰਾਂ ਵਿਰੁੱਧ 11 ਸਤੰਬਰ 2008 ਨੂੰ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਐਕਟ 1988 ਸਮੇਤ ਭਾਰਤੀ ਦੰਡਾਵਲੀ ਦੀਆਂ ਕਈ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਇਸ ਮੁੱਦੇ ਨੂੰ ਮਾਰਚ 2006 ਵਿਚ ਕਾਂਗਰਸ ਦੇ ਹੀ ਵਿਧਾਇਕ ਅਤੇ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਵਿਧਾਨ ਸਭਾ ਵਿੱਚ ਉਠਾਇਆ ਸੀ। ਸੱਤਾ ਤਬਦੀਲੀ ਬਾਅਦ ਬਣੀ ਅਕਾਲੀ-ਭਾਜਪਾ ਸਰਕਾਰ ਮੌਕੇ 2007 ਵਿਚ ਇਸ ਕੇਸ ਦੀ ਜਾਂਚ ਲਈ ਵਿਧਾਨ ਸਭਾ ਨੇ ਇਕ ਕਮੇਟੀ ਗਠਿਤ ਕੀਤੀ। ਇਸ ਕਮੇਟੀ ਵੱਲੋਂ 2008 ਵਿਚ ਪੇਸ਼ ਕੀਤੀ ਗਈ ਰਿਪੋਰਟ ਵਿਚ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੀ 32 ਏਕੜ ਜ਼ਮੀਨ ਗ੍ਰਹਿਣ ਕਰਨ ਨੂੰ ਗੈਰਕਾਨੂੰਨੀ ਪਾਉਣ ਦੇ ਨਾਲ-ਨਾਲ ਅਜਿਹਾ ਕੀਤੇ ਜਾਣ ਕਾਰਨ ਨਗਰ ਸੁਧਾਰ ਟਰੱਸਟ ਨੂੰ 360 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਵੀ ਖੁਲਾਸਾ ਕੀਤਾ ਗਿਆ।

ਇਸ ਜਾਂਚ ਰਿਪੋਰਟ ਦੇ ਆਧਾਰ 'ਤੇ ਨਾ ਸਿਰਫ ਕੈਪਟਨ ਅਮਰਿੰਦਰ ਸਿੰਘ ਤੇ ਹੋਰਾਂ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਹੀ ਦਰਜ ਕੀਤਾ ਗਿਆ ਬਲਕਿ ਕੈਪਟਨ ਨੂੰ ਵਿਧਾਨ ਸਭਾ ਦੀ ਮੈਂਬਰੀ ਤੋਂ ਵੀ ਖਾਰਜ ਕਰ ਦਿੱਤਾ ਗਿਆ। 2010 ਵਿਚ ਸੁਪਰੀਮ ਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ ਤੋਂ ਬਰਖ਼ਾਸਤਗੀ ਨੂੰ ਰੱਦ ਕਰ ਦਿੱਤਾ ਅਤੇ 2014 ਵਿਚ ਕੈਪਟਨ ਵੱਲੋਂ ਇਸ ਕੇਸ ਦੀ ਮੁੜ ਜਾਂਚ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਾਈ ਅਪੀਲ 'ਤੇ ਅਦਾਲਤ ਨੇ ਵਿਜੀਲੈਂਸ ਬਿਊਰੋ ਨੂੰ ਕੇਸ ਦੀ ਮੁੜ ਜਾਂਚ ਦੇ ਹੁਕਮ ਦੇ ਦਿੱਤੇ। ਪਿਛਲੇ ਸਾਲ ਸ਼ੁਰੂ ਹੋਈ ਮੁੜ ਜਾਂਚ ਵਿਚ ਕੈਪਟਨ ਤੇ ਹੋਰਾਂ ਸਬੰਧੀ ਕੋਈ ਠੋਸ ਸਬੂਤ ਨਾ ਮਿਲਣ ਉਤੇ ਵਿਜੀਲੈਂਸ ਬਿਊਰੋ ਨੇ ਹੁਣ ਅਦਾਲਤ ਵਿਚ ਕੇਸ ਖਾਰਜ ਕਰਨ ਦੀ ਅਪੀਲ ਪਾਈ ਹੈ ਜਿਸ 'ਤੇ ਅਦਾਲਤ ਨੇ 25 ਅਕਤੂਬਰ ਨੂੰ ਸੁਣਵਾਈ ਤੈਅ ਕੀਤੀ ਹੈ।

ਵਿਜੀਲੈਂਸ ਬਿਊਰੋ ਵੱਲੋਂ ਇਸ ਕੇਸ ਨੂੰ ਖਾਰਜ ਕਰਨ ਸਬੰਧੀ ਅਦਾਲਤ ਵਿਚ ਪਾਈ ਗਈ ਅਰਜ਼ੀ ਦੀ ਪ੍ਰਵਾਨਗੀ ਬਾਅਦ ਜਿਥੇ ਕੈਪਟਨ ਅਮਰਿੰਦਰ ਸਿੰਘ ਨੂੰ ਭਾਰੀ ਰਾਹਤ ਮਿਲ ਜਾਵੇਗੀ, ਉਥੇ ਕਾਂਗਰਸ ਪਾਰਟੀ ਨੂੰ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਕੁਝ ਨਾ ਕੁਝ ਲਾਹਾ ਵੀ ਮਿਲਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਦੂਜੇ ਪਾਸੇ ਇਸ ਕੇਸ ਦੇ ਖਾਰਜ ਹੋਣ ਨਾਲ ਆਮ ਆਦਮੀ ਪਾਰਟੀ ਵੱਲੋਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਉਤੇ ਰਲ-ਮਿਲ ਕੇ ਸਿਆਸਤ ਦਾ ਦੋਸਤਾਨਾ ਮੈਚ ਖੇਡਣ ਦੇ ਲਗਾਏ ਜਾ ਰਹੇ ਦੋਸ਼ਾਂ ਨੂੰ ਵੀ ਬਲ ਮਿਲੇਗਾ। ਲਗਪਗ ਨੌਂ ਸਾਲ ਤੋਂ ਚੱਲੇ ਆ ਰਹੇ ਇਸ ਕੇਸ ਦਾ ਬਿਨਾਂ ਕਿਸੇ ਠੋਸ ਨਤੀਜੇ ਦੇ ਭੋਗ ਪੈ ਜਾਣਾ ਇਸ ਗੱਲ ਦਾ ਵੀ ਸੰਕੇਤ ਹੈ ਕਿ ਸੱਤਾਧਾਰੀ ਪਾਰਟੀਆਂ ਵੱਲੋਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਦਰਜ ਕਰਵਾਏ ਜਾਂਦੇ ਕੇਸ ਲੋਕ ਹਿੱਤਾਂ ਦੀ ਥਾਂ ਸਿਆਸੀ ਖਹਿਬਾਜ਼ੀ ਦਾ ਨਤੀਜਾ ਹੀ ਹੁੰਦੇ ਹਨ। ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਵੀ 2004 ਵਿਚ ਸੱਤਾ ਵਿਚ ਆਉਂਦਿਆਂ ਬਾਦਲ ਪਰਿਵਾਰ ਵਿਰੁੱਧ ਦਰਜ ਕੀਤੇ ਗਏ ਕੇਸਾਂ ਦਾ ਵੀ ਇਹੋ ਹਸ਼ਰ ਹੋਇਆ ਹੈ।

ਕਲੋਜ਼ਰ ਰਿਪੋਰਟ 'ਚ ਸਾਡਾ ਕੋਈ ਹੱਥ ਨਹੀਂ: ਬਾਦਲ

ਲੰਬੀ: ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ ਚਰਚਿਤ ਜ਼ਮੀਨ ਘੁਟਾਲੇ ਸਬੰਧੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਾਂ ਖਿਲਾਫ਼ ਦਰਜ ਭ੍ਰਿਸ਼ਟਾਚਾਰ ਦਾ ਕੇਸ ਰੱਦ ਕਰਨ ਸਬੰਧੀ ਵਿਜੀਲੈਂਸ ਵੱਲੋਂ ਮੁਹਾਲੀ ਦੀ ਅਦਾਲਤ 'ਚ ਅਰਜ਼ੀ ਦਾਖਲ ਕੀਤੇ ਜਾਣ ਉਤੇ ਪ੍ਰਤੀਕਰਮ ਦਿੰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਵਿਜੀਲੈਂਸ ਆਪਣਾ ਕੰਮ ਕਰ ਰਹੀ ਹੈ ਅਤੇ ਉਨ੍ਹਾਂ ਦਾ ਇਸ 'ਚ ਕੋਈ ਦਖਲ ਨਹੀਂ ਹੈ। ਇਹ ਵਿਭਾਗਾਂ ਦੇ ਅੰਦਰੂਨੀ ਕੰਮਾਂ ਦਾ ਹਿੱਸਾ ਹੈ ਜਿਸ ਬਾਰੇ ਵਿਜੀਲੈਂਸ ਹੀ ਜਵਾਬ ਦੇ ਸਕਦੀ ਹੈ।

ਅਕਾਲੀ ਦਲ ਤੇ ਕਾਂਗਰਸ 'ਚ ਗੰਢ-ਤੁਪ: ਕੇਜਰੀਵਾਲ

ਨਵੀਂ ਦਿੱਲੀ: ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੱਤਾਧਾਰੀ ਗਠਜੋੜ ਅਤੇ ਕਾਂਗਰਸ ਦੀ ਮਿਲੀਭੁਗਤ ਹੈ। ਮੀਡੀਆ ਰਿਪੋਰਟ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਭ੍ਰਿਸ਼ਟਾਚਾਰ ਦਾ ਮਾਮਲਾ ਵਾਪਸ ਲੈਣ ਦੀ ਤਿਆਰੀ ਕਰ ਰਹੀ ਹੈ।

ਕੈਪਟਨ ਵੱਲੋਂ 'ਆਵਾਜ਼-ਏ-ਪੰਜਾਬ' ਨੂੰ ਕੋਰਾ ਜਵਾਬ

ਚੰਡੀਗੜ੍ਹ: ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ 'ਆਵਾਜ਼-ਏ-ਪੰਜਾਬ' ਨਾਲ ਕਿਸੇ ਵੀ ਤਰ੍ਹਾਂ ਦੇ ਗੱਠਜੋੜ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਸ ਫਰੰਟ ਦਾ ਕਾਂਗਰਸ ਵਿਚ ਸਿਰਫ ਰਲੇਵਾਂ ਹੀ ਸੰਭਵ ਹੈ। ਕੈਪਟਨ ਅਮਰਿੰਦਰ ਦੇ ਇਸ ਐਲਾਨ ਤੋਂ ਬਾਅਦ 'ਆਵਾਜ਼-ਏ-ਪੰਜਾਬ' ਲਈ ਕਸੂਤੀ ਸਥਿਤੀ ਬਣ ਗਈ ਹੈ ਕਿਉਂਕਿ ਆਮ ਆਦਮੀ ਪਾਰਟੀ (ਆਪ) ਪਹਿਲਾਂ ਹੀ ਨਵਜੋਤ ਸਿੱਧੂ, ਵਿਧਾਇਕ ਬੈਂਸ ਭਰਾਵਾਂ ਤੇ ਪਰਗਟ ਸਿੰਘ ਨਾਲ ਕਿਸੇ ਤਰ੍ਹਾਂ ਦਾ ਗੱਠਜੋੜ ਕਰਨ ਤੋਂ ਪਾਸਾ ਵੱਟ ਚੁੱਕੀ ਹੈ। ਕਾਂਗਰਸ ਅਤੇ 'ਆਪ' ਪਰਗਟ ਸਿੰਘ ਨੂੰ ਆਪੋ-ਆਪਣੀ ਪਾਰਟੀ ਵਿਚ ਸ਼ਾਮਲ ਕਰਨ ਲਈ ਜ਼ਰੂਰ ਗੰਭੀਰ ਜਾਪਦੀਆਂ ਹਨ। ਕੈਪਟਨ ਅਮਰਿੰਦਰ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਕਾਂਗਰਸੀ ਆਗੂ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਕੋਈ ਗੱਲਬਾਤ ਨਹੀਂ ਚੱਲ ਰਹੀ ਹੈ ਤੇ ਇਹ ਸਭ ਅਫਵਾਹਾਂ ਹਨ। ਉਨ੍ਹਾਂ ਬੜੇ ਵਿਸ਼ਵਾਸ ਨਾਲ ਕਿਹਾ ਕਿ ਜੇ ਸਿੱਧੂ ਧੜੇ ਨਾਲ ਕੋਈ ਗੱਲਬਾਤ ਹੁੰਦੀ ਹੈ ਤਾਂ ਉਸ ਬਾਰੇ ਸੂਬਾਈ ਲੀਡਰਸ਼ਿਪ ਅਤੇ ਖਾਸ ਕਰ ਕੇ ਪਾਰਟੀ ਇੰਚਾਰਜ ਆਸ਼ਾ ਕੁਮਾਰੀ ਤੇ ਕੌਮੀ ਸਕੱਤਰ ਹਰੀਸ਼ ਚੌਧਰੀ ਨੂੰ ਜ਼ਰੂਰ ਜਾਣਕਾਰੀ ਹੋਣੀ ਸੀ।

ਉਨ੍ਹਾਂ ਉਲਟਾ ਸਿੱਧੂ ਜੋੜੇ ਨੂੰ ਸਵਾਲ ਕੀਤਾ ਕਿ ਉਹ ਦੱਸਣ ਕਿ ਕਿਹੜੇ ਕੇਂਦਰੀ ਆਗੂ ਨਾਲ ਗੱਲ ਹੋਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹਰ ਕਿਸੇ ਦਾ ਪਾਰਟੀ ਵਿਚ ਸ਼ਾਮਲ ਹੋਣ 'ਤੇ ਸਵਾਗਤ ਹੈ, ਪਰ ਇਸ ਦੌਰਾਨ ਸ਼ਰਤ ਤੇ ਸੀਟ ਸਬੰਧੀ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਿੱਧੂ ਧੜਾ ਵੀ ਪੀਪਲਜ਼ ਪਾਰਟੀ ਆਫ ਪੰਜਾਬ ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਾਂਗ ਕਾਂਗਰਸ ਵਿਚ ਸਿਰਫ ਰਲੇਵਾਂ ਹੀ ਕਰ ਸਕਦੇ ਹਨ। ਸਾਬਕਾ ਮੁੱਖ ਮੰਤਰੀ ਨੇ ਸਪਸ਼ਟ ਕੀਤਾ ਕਿ ਅਕਾਲੀ ਦਲ ਤੇ 'ਆਪ' ਸਮੇਤ ਹੋਰ ਪਾਰਟੀਆਂ ਵਿਚੋਂ ਕਾਂਗਰਸ 'ਚ ਸ਼ਾਮਲ ਹੋਣ ਦੇ ਚਾਹਵਾਨ ਲੋਕਾਂ ਬਾਰੇ ਵੀ ਇਕ ਵਿਸ਼ੇਸ਼ ਕਮੇਟੀ ਉਨ੍ਹਾਂ ਦੇ ਇਤਿਹਾਸ ਅਤੇ ਪ੍ਰੋਫਾਈਲ ਦੀ ਪੜਤਾਲ ਕਰਨ ਮਗਰੋਂ ਹੀ ਅਜਿਹੇ ਬਾਹਰੀ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਕਰੇਗੀ।

ਨਵਜੋਤ ਕੌਰ ਸਿੱਧੂ ਨੇ ਭਾਜਪਾ ਨੂੰ ਕਹੀ ਪੱਕੀ ਅਲਵਿਦਾ

ਚੰਡੀਗੜ੍ਹ: ਪੰਜਾਬ ਵਿਧਾਨ ਸਭਾ ਦੇ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੇ ਆਖਰਕਾਰ ਭਾਰਤੀ ਜਨਤਾ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ, ਜਿਸ ਨੂੰ ਭਾਜਪਾ ਪੰਜਾਬ ਦੇ ਪ੍ਰਧਾਨ ਵਿਜੇ ਸਾਂਪਲਾ ਨੇ ਤੁਰੰਤ ਪ੍ਰਵਾਨ ਕਰ ਲਿਆ। ਵਿਜੇ ਸਾਂਪਲਾ ਮੁਤਾਬਕ ਅਸਤੀਫੇ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ। ਇਹ ਅਸਤੀਫਾ ਉਨ੍ਹਾਂ ਇਕ ਵਿਸ਼ੇਸ਼ ਦੂਤ ਰਾਹੀਂ ਪਾਰਟੀ ਦੇ ਮੁੱਖ ਦਫਤਰ ਭੇਜਿਆ।

ਵਰਨਣਯੋਗ ਹੈ ਕਿ ਡਾ. ਸਿੱਧੂ ਪਿਛਲੇ ਕਈ ਮਹੀਨਿਆਂ ਤੋਂ ਭਾਜਪਾ ਨੇਤਾਵਾਂ ਦੀ ਖੁੱਲ੍ਹੇਆਮ ਆਲੋਚਨਾ ਕਰ ਰਹੇ ਸਨ। ਵਿਸ਼ੇਸ਼ ਤੌਰ 'ਤੇ ਉਨ੍ਹਾਂ ਸਾਬਕਾ ਪ੍ਰਧਾਨ ਕਮਲ ਸ਼ਰਮਾ ਦੀ ਤਾਂ ਲਗਾਤਾਰ ਕਈ ਮਹੀਨਿਆਂ ਤੱਕ ਤਿੱਖੀ ਆਲੋਚਨਾ ਕੀਤੀ, ਪਰ ਭਾਜਪਾ ਦੀ ਕੇਂਦਰੀ ਤੇ ਰਾਜ ਦੀ ਹਾਈ ਕਮਾਂਡ ਨੇ ਉਨ੍ਹਾਂ ਵਿਰੁੱਧ ਕੋਈ ਅਨੁਸ਼ਾਸਨੀ ਕਾਰਵਾਈ ਨਹੀਂ ਕੀਤੀ।

ਜਦੋਂਕਿ ਡਾ. ਸਿੱਧੂ ਦੇ ਪਤੀ ਨਵਜੋਤ ਸਿੰਘ ਸਿੱਧੂ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇਣ ਪਿਛੋਂ ਖੁੱਲ੍ਹੇਆਮ ਭਾਜਪਾ ਹਾਈ ਕਮਾਂਡ ਦੀ ਵੀ ਸਿਆਸੀ ਤੌਰ 'ਤੇ ਆਲੋਚਨਾ ਕਰਦੇ ਰਹੇ ਹਨ, ਜਿਸ ਤੋਂ ਲੱਗਦਾ ਹੈ ਕਿ ਹੁਣ ਸਿੱਧੂ ਜੋੜੀ ਦੀ ਰਾਜਨੀਤੀ ਦਾ ਰਾਹ ਪੱਧਰ ਹੋ ਜਾਵੇਗਾ। ਇਹ ਦੇਖਣਾ ਹਾਲੇ ਬਾਕੀ ਹੈ ਕਿ ਸਿੱਧੂ ਜੋੜੀ ਦੀ ਸੁਰ ਕਾਂਗਰਸ ਨਾਲ ਮਿਲਦੀ ਹੈ ਜਾਂ 'ਆਵਾਜ਼-ਏ-ਪੰਜਾਬ' ਨਾਂ ਦਾ ਨਵਾਂ ਮੋਰਚਾ ਖੜ੍ਹਾ ਕਰ ਕੇ ਕੋਈ ਵੱਖਰਾ ਰਸਤਾ ਅਖਤਿਆਰ ਕਰਦੇ ਹਨ। ਸਿੱਧੂ-ਜੋੜੀ ਦੀ ਕਈ ਹਫਤੇ ਤੱਕ ਇਹ ਭਰਪੂਰ ਕੋਸ਼ਿਸ਼ ਸੀ ਕਿ ਉਹ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਸਲਾਹ ਮਸ਼ਵਰਾ ਕਰਕੇ ਪੰਜਾਬ ਵਿਚ 'ਆਪ' ਦੀ ਕਮਾਨ ਸੰਭਾਲਣ, ਪਰ ਇਹ ਕੋਸ਼ਿਸ਼ ਸਿਰੇ ਨਾ ਲੱਗ ਸਕੀ। ਇਕ ਗੱਲ ਸਪੱਸ਼ਟ ਦਿਖਾਈ ਦੇ ਰਹੀ ਹੈ ਕਿ ਸਿੱਧੂ ਜੋੜੀ ਸਿਆਸੀ ਤੌਰ 'ਤੇ ਕਿਸੇ ਇਕ ਪਾਰਟੀ ਨਾਲ ਹੀ ਸਬੰਧਤ ਰਹਿਣਗੇ। ਇਨ੍ਹਾਂ ਵਿਚੋਂ ਸਿਰਫ ਕਾਂਗਰਸ ਵੱਲ ਹੀ ਇਸ਼ਾਰਾ ਕੀਤਾ ਜਾ ਸਕਦਾ ਹੈ, ਪਰ ਕਦੇ-ਕਦੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੀ ਉਨ੍ਹਾਂ ਵੱਲ ਅੱਖਾਂ ਫੇਰ ਲੈਂਦੇ ਹਨ। ਨੇੜਲੇ ਭਵਿੱਖ 'ਚ ਸਿੱਧੂ ਜੋੜੀ ਦੀ ਸਿਆਸੀ ਲਾਈਨ ਸਪਸ਼ਟ ਹੋਣ ਦੀ ਸੰਭਾਵਨਾ ਹੈ।

ਸਿੱਧੂ ਜੋੜੇ ਨੂੰ ਮਾਣ-ਸਨਮਾਨ ਹਜ਼ਮ ਨਹੀਂ ਹੋਇਆ: ਸਾਂਪਲਾ

ਲੁਧਿਆਣਾ: ਪੰਜਾਬ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਨੇ ਡਾ. ਨਵਜੋਤ ਕੌਰ ਸਿੱਧੂ ਵੱਲੋਂ ਪਾਰਟੀ ਤੋਂ ਦਿੱਤੇ ਗਏ ਅਸਤੀਫੇ ਬਾਰੇ ਕਿਹਾ ਕਿ ਹਰ ਕਿਸੇ ਨੂੰ ਫੈਸਲਾ ਕਰਨ ਦਾ ਅਧਿਕਾਰ ਹੈ। ਉਨ੍ਹਾਂ ਨੇ ਅਸਤੀਫਾ ਦਿੱਤਾ ਤੇ ਪਾਰਟੀ ਨੇ ਮਨਜ਼ੂਰ ਕਰ ਲਿਆ। ਇਸ ਨਾਲ ਭਾਜਪਾ ਨੂੰ ਕੋਈ ਫਰਕ ਨਹੀਂ ਪਵੇਗਾ। ਸਿੱਧੂ ਜੋੜੇ ਨੂੰ ਪਾਰਟੀ ਨੇ ਜ਼ਰੂਰਤ ਤੋਂ ਵੱਧ ਮਾਣ-ਸਨਮਾਨ ਦਿੱਤਾ, ਪਰ ਉਨ੍ਹਾਂ ਨੂੰ ਹਜ਼ਮ ਨਹੀਂ ਹੋਇਆ। ਹਿੰਦੂ ਜਥੇਬੰਦੀਆਂ ਵੱਲੋਂ ਕਿਸੇ ਹਿੰਦੂ ਨੂੰ ਮੁੱਖ ਮੰਤਰੀ ਬਣਾਉਣ ਦੀ ਮੰਗ ਸਬੰਧੀ ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਬਣਾਉਣ ਵੇਲੇ ਵਿਅਕਤੀ ਦੀ ਕਾਬਲੀਅਤ ਦੇਖੀ ਜਾਂਦੀ ਹੈ ਨਾ ਕਿ ਧਰਮ।

ਅਸਤੀਫੇ ਪਿੱਛੋਂ ਭਾਜਪਾ ਤੇ ਅਕਾਲੀਆਂ ਨੂੰ ਘੇਰਿਆ

ਅੰਮ੍ਰਿਤਸਰ: ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਤੋਂ ਬਾਅਦ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੇ ਪਾਰਟੀ ਦੇ ਕੁਝ ਆਗੂਆਂ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਪਾਰਟੀ ਹਿੱਤਾਂ ਨੂੰ ਹਾਕਮ ਸ਼੍ਰੋਮਣੀ ਅਕਾਲੀ ਦਲ ਕੋਲ ਗਹਿਣੇ ਰੱਖਿਆ ਹੋਇਆ ਹੈ। ਡਾ. ਸਿੱਧੂ ਨੇ ਦਾਅਵਾ ਕੀਤਾ ਕਿ ਭਾਜਪਾ ਵਿਚ ਕੋਈ ਸੁਣਵਾਈ ਨਾ ਹੋਣ ਅਤੇ ਸ਼੍ਰੋਮਣੀ ਅਕਾਲੀ ਦਲ ਅੱਗੇ ਮੂੰਹ ਬੰਦ ਕਰ ਕੇ ਰੱਖਣ ਦੀ ਹਦਾਇਤ ਕਾਰਨ ਹੀ ਉਨ੍ਹਾਂ ਨੂੰ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਨੇ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਕਮਲ ਸ਼ਰਮਾ ਅਤੇ ਭਾਜਪਾ ਦੇ ਚਾਰੇ ਮੰਤਰੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਦਿਆਂ ਆਖਿਆ ਕਿ ਇਨ੍ਹਾਂ ਨੇ ਕਦੇ ਵੀ ਭਾਜਪਾ ਕਾਰਕੁਨਾਂ ਦੇ ਮਸਲਿਆਂ ਦੀ ਸੁਣਵਾਈ ਨਹੀਂ ਕੀਤੀ, ਜਿਸ ਕਾਰਨ ਭਾਜਪਾ ਕਾਰਕੁਨਾਂ ਵਿਚ ਨਿਰਾਸ਼ਾ ਹੈ।

ਖਹਿਰਾ ਵੱਲੋਂ ਜਗੀਰ ਕੌਰ ਖਿਲਾਫ ਜਿੱਤ ਦਾ ਦਾਅਵਾ

ਚੰਡੀਗੜ੍ਹ: ਆਮ ਆਦਮੀ ਪਾਰਟੀ ਦੇ ਭੁਲੱਥ ਤੋਂ ਉਮੀਦਵਾਰ ਤੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਦਾਅਵਾ ਕੀਤਾ ਹੈ ਕਿ ਜੇ ਉਹ ਬੀਬੀ ਜਾਗੀਰ ਕੌਰ ਤੋਂ ਇਸ ਵਾਰ ਚੋਣ ਹਾਰ ਗਿਆ ਤਾਂ ਰਾਜਨੀਤੀ ਛੱਡ ਦੇਵੇਗਾ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਨਹੀਂ ਹੈ ਤੇ ਪਾਰਟੀ 'ਚ ਮੁੱਖ ਮੰਤਰੀ ਪਦ ਦੇ ਕਈ ਚਿਹਰੇ ਹਨ। ਪਾਰਟੀ ਕਿਸੇ ਨੂੰ ਵੀ ਮੁੱਖ ਮੰਤਰੀ ਬਣਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਜਗੀਰ ਕੌਰ ਕੇਸਾਂ 'ਚ ਫਸੇ ਹੋਣ ਕਰ ਕੇ ਚੋਣ ਨਹੀਂ ਵੀ ਲੜ ਸਕਦੀ, ਪਰ ਜੇ ਉਹੀ ਮੇਰੇ ਖ਼ਿਲਾਫ ਚੋਣ ਲੜਨ ਤਾਂ ਮੇਰੇ ਲਈ ਜ਼ਿਆਦਾ ਵਧੀਆ ਰਹੇਗਾ। ਖਹਿਰਾ ਨੇ ਕਿਹਾ ਕਿ ਚੌਥੇ ਫਰੰਟ ਦੇ ਲੀਡਰਾਂ ਨੂੰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣਾ ਚਾਹੀਦਾ ਹੈ ਤੇ ਇਹ

ਫੈਸਲਾ ਪੰਜਾਬ ਦੇ ਹਿੱਤ ਵਿਚ ਹੋਵੇਗਾ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ, ਬੈਂਸ ਬ੍ਰਦਰਜ਼ ਤੇ ਪ੍ਰਗਟ ਸਿੰਘ ਚੰਗੇ ਲੀਡਰ ਹਨ ਤੇ ਇਨ੍ਹਾਂ ਨੂੰ ਸਾਡੀ ਪਾਰਟੀ ਦਾ ਹਿੱਸਾ ਬਣਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ 'ਚ ਲੋਕ ਅਕਾਲੀਆਂ ਤੇ ਕਾਂਗਰਸੀਆਂ ਤੋਂ ਦੁਖੀ ਹੋ ਕੇ ਆਮ ਆਦਮੀ ਪਾਰਟੀ ਦੇ ਨਾਲ ਨੇ ਤੇ ਇਸ ਲਈ ਕਿਸੇ ਵੀ ਨਵੀਂ ਪਾਰਟੀ ਦਾ ਕੁਝ ਨਹੀਂ ਬਣੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਕਾਂਗਰਸ ਆਪਸ 'ਚ ਰਲੇ ਹੋਏ ਹਨ ਤੇ ਹੁਣ ਇਨ੍ਹਾਂ ਨੂੰ ਅਧਿਕਾਰਤ ਗਠਜੋੜ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਕੈਪਟਨ ਅਮਰਿੰਦਰ ਸਿੰਘ ਦੇ ਸਾਰੇ ਕੇਸ ਖਤਮ ਕਰਨਾ ਚਾਹੁੰਦੀ ਹੈ। ਇਸ ਲਈ ਵਿਜੀਲੈਂਸ ਨੇ ਮੋਹਾਲੀ ਦੀ ਅਦਾਲਤ 'ਚ ਅਰਜ਼ੀ ਦੇ ਕੇ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ ਕੇਸ ਰੱਦ ਕਰਨ ਲਈ ਕਿਹਾ ਹੈ।

ਸਿੱਖ ਕੈਦੀਆਂ ਦੀ ਹੱਤਿਆ ਦੇ ਮਾਮਲੇ 'ਚ ਜਵਾਬ-ਤਲਬੀ

ਨਵੀਂ ਦਿੱਲੀ: ਉਤਰ ਪ੍ਰਦੇਸ਼ ਦੇ ਪੀਲੀਭੀਤ ਇਲਾਕੇ 'ਚ 1994 ਵਿਚ ਜੇਲ੍ਹ 'ਚ ਬੰਦ 7 ਸਿੱਖ ਕੈਦੀਆਂ ਦੀ ਹੱਤਿਆ ਦੇ ਮਾਮਲੇ 'ਚ ਇਲਾਹਾਬਾਦ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਤਲਬ ਕੀਤਾ ਹੈ।

ਟਾਡਾ ਕੇਸ ਤਹਿਤ ਜੇਲ੍ਹ ਵਿਚ ਬੰਦ 7 ਸਿੱਖ ਕੈਦੀਆਂ ਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਸਬੰਧੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਟੀਸ਼ਨ ਇਲਾਹਾਬਾਦ ਹਾਈ ਕੋਰਟ ਵਿਚ ਦਾਖਲ ਕੀਤੀ ਸੀ। ਇਸ ਪਟੀਸ਼ਨ ਉਤੇ ਕਾਰਵਾਈ ਕਰਦਿਆਂ ਇਲਾਹਾਬਾਦ ਹਾਈ ਕੋਰਟ ਨੇ ਯੂ.ਪੀ. ਸਰਕਾਰ ਨੂੰ ਜਵਾਬ ਦੇਣ ਲਈ ਕਿਹਾ ਹੈ। ਕਮੇਟੀ ਦੇ ਕਾਨੂੰਨੀ ਵਿਭਾਗ ਦੇ ਕੋ-ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਜੇਲ੍ਹ ਪ੍ਰਸ਼ਾਸਨ ਦੇ 42 ਅਧਿਕਾਰੀ ਅਤੇ ਕਰਮਚਾਰੀ ਦੋਸ਼ੀ ਹਨ, ਜਿਨ੍ਹਾਂ ਨੇ ਬਿਨਾਂ ਕਿਸੇ ਕਸੂਰ ਦੇ 1994 ਵਿਚ 7 ਸਿੱਖਾਂ ਦੀ ਹੱਤਿਆ ਕਰ ਦਿੱਤੀ। ਜੌਲੀ ਅਨੁਸਾਰ ਉਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਨੇ 1994 ਵਿਚ ਇਸ ਮਾਮਲੇ ਦੀ ਜਾਂਚ ਸੀ.ਬੀ.ਸੀ.ਆਈ.ਡੀ. ਨੂੰ ਦਿੱਤੀ ਸੀ, ਪਰ 2007 ਵਿਚ ਮੁੜ ਮੁੱਖ ਮੰਤਰੀ ਬਣਨ ਉਤੇ ਉਕਤ ਜਾਂਚ ਦੇ ਆਦੇਸ਼ ਨੂੰ ਵਾਪਸ ਲੈ ਲਏ ਸਨ।

ਸ਼ਰਾਬਬੰਦੀ: ਬਿਹਾਰ ਨੂੰ ਸੁਪਰੀਮ ਕੋਰਟ ਤੋਂ ਰਾਹਤ

ਨਵੀਂ ਦਿੱਲੀ: ਬਿਹਾਰ ਸਰਕਾਰ ਵੱਲੋਂ ਸੂਬੇ ਵਿਚ ਸ਼ਰਾਬ ਉਤੇ ਲਾਈ ਪਾਬੰਦੀ ਦੇ ਹੁਕਮਾਂ ਨੂੰ ਪਟਨਾ ਹਾਈ ਕੋਰਟ ਵੱਲੋਂ ਖਾਰਜ ਕਰਨ ਦੇ ਫੈਸਲੇ 'ਤੇ ਸੁਪਰੀਮ ਕੋਰਟ ਨੇ ਰੋਕ ਲਾ ਦਿੱਤੀ ਹੈ। ਬੈਂਚ ਨੇ ਸਾਰੀਆਂ ਧਿਰਾਂ ਨੂੰ ਨੋਟਿਸ ਜਾਰੀ ਕਰਦਿਆਂ ਕੇਸ ਦੀ ਅਗਲੀ ਸੁਣਵਾਈ 8 ਹਫਤਿਆਂ ਬਾਅਦ ਤੈਅ ਕਰ ਦਿੱਤੀ। ਬਿਹਾਰ ਸਰਕਾਰ ਨੇ ਹਾਈ ਕੋਰਟ ਵੱਲੋਂ 30 ਸਤੰਬਰ ਨੂੰ ਸੁਣਾਏ ਗਏ ਫੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀਆਂ ਨੂੰ ਜਾਗਿਆ ਡੇਰਾ ਸਿਰਸਾ ਦਾ ਹੇਜ

ਬਠਿੰਡਾ (ਬਿਊਰੋ): ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡੇਰਾ ਸਿਰਸਾ ਦਾ ਹੇਜ ਜਾਗਿਆ ਹੈ। ਕੁਝ ਸਮੇਂ ਤੋਂ ਸਿਆਸੀ ਰਿਉੜੀਆਂ ਦੀ ਵੰਡ ਵਿਚ ਡੇਰਾ ਸਿਰਸਾ ਨੂੰ ਗੁਪਤ ਤੌਰ ਉਤੇ ਵੱਖਰਾ ਕੋਟਾ ਦਿੱਤਾ ਜਾਣ ਲੱਗਾ ਹੈ।

ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਡੇਰਾ ਸਿਰਸਾ ਦੇ ਸਮਾਜਿਕ ਬਾਈਕਾਟ ਦਾ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ, ਪਰ ਅਕਾਲੀ ਦਲ ਕਿਵੇਂ ਨਾ ਕਿਵੇਂ ਡੇਰਾ ਪੈਰੋਕਾਰਾਂ ਉਤੇ 'ਸੰਕਟ' ਦੀ ਘੜੀ ਵਿਚ ਟੇਕ ਰੱਖ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਰਾਖਵੀਆਂ ਸੀਟਾਂ ਉਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਇਸ ਵਰਗ ਵਿਚ ਡੇਰਾ ਸਿਰਸਾ ਦਾ ਵੱਡਾ ਵੋਟ ਬੈਂਕ ਹੈ।

ਸੂਤਰਾਂ ਅਨੁਸਾਰ ਅਕਾਲੀ ਸਰਕਾਰ ਨੇ ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਮੈਂਬਰਾਂ ਨੂੰ ਚੇਅਰਮੈਨੀ ਕੋਟੇ ਵਾਲੇ ਨਵੇਂ ਟਿਊਬਵੈੱਲ

ਕੁਨੈਕਸ਼ਨਾਂ ਦੀ ਵੰਡ ਵਿਚ ਵੱਖਰਾ ਕੋਟਾ ਦਿੱਤਾ ਹੈ। ਬਠਿੰਡਾ ਤੇ ਮਾਨਸਾ ਵਿਚ ਡੇਰਾ ਪੈਰੋਕਾਰਾਂ ਨੂੰ ਤਕਰੀਬਨ 600 ਕੁਨੈਕਸ਼ਨ ਦਿੱਤੇ ਜਾਣ ਦੀ ਸੂਚਨਾ ਹੈ। ਪਾਵਰਕੌਮ ਦੇ ਅਫਸਰ 'ਆਫ ਰਿਕਾਰਡ' ਤਾਂ ਇਸ ਗੱਲ ਨੂੰ ਸਵੀਕਾਰ ਕਰ ਰਹੇ ਹਨ, ਪਰ ਖੁੱਲ੍ਹੇਆਮ ਕਹਿਣ ਤੋਂ ਡਰ ਰਹੇ ਹਨ। ਬਠਿੰਡਾ, ਮਾਨਸਾ ਤੇ ਮੁਕਤਸਰ ਵਿਚ ਡੇਰਾ ਸਿਰਸਾ ਦੇ ਜ਼ਿਆਦਾ ਪ੍ਰਭਾਵ ਵਾਲੇ ਪਿੰਡਾਂ ਵਿਚ ਇਹ ਕੁਨੈਕਸ਼ਨ ਦਿੱਤੇ ਗਏ ਹਨ।

ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਸੀਨੀਅਰ ਮੈਂਬਰ ਬਲਰਾਜ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਲੋੜਵੰਦ ਡੇਰਾ ਪੈਰੋਕਾਰਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿਵਾਉਣ ਲਈ ਡਿਪਟੀ ਕਮਿਸ਼ਨਰ ਨੂੰ ਕੁਝ ਸਮਾਂ ਪਹਿਲਾਂ ਡੇਰਾ ਪੈਰੋਕਾਰਾਂ ਦੀ ਸੂਚੀ ਸੌਂਪੀ ਸੀ। ਇਨ੍ਹਾਂ ਦੇ ਲਾਏ ਇਕ-ਦੋ ਇਤਰਾਜ਼ਾਂ ਨੂੰ ਵੀ ਹੁਣ ਦੂਰ ਕਰ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਬਠਿੰਡਾ ਨੂੰ 300 ਡੇਰਾ ਪੈਰੋਕਾਰਾਂ ਦੀ ਸੂਚੀ ਦਿੱਤੀ ਹੈ। ਬਲਾਕ ਸੰਗਤ 'ਚ ਡੇਰਾ ਸਿਰਸਾ ਦੇ ਪੈਰੋਕਾਰਾਂ ਨੂੰ ਕਾਫੀ ਕੁਨੈਕਸ਼ਨ ਵੰਡੇ ਗਏ ਹਨ। ਬਠਿੰਡਾ ਜ਼ਿਲ੍ਹੇ ਵਿਚ ਅਸਲਾ ਲਾਇਸੈਂਸ ਬਣਾਉਣ 'ਚ ਵੀ ਡੇਰਾ ਸਿਰਸਾ ਦੇ ਇਕ ਆਗੂ ਨੂੰ ਵੱਖਰਾ ਕੋਟਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ 17 ਜਨਵਰੀ, 2015 ਨੂੰ ਡੇਰਾ ਸਿਰਸਾ ਦੇ ਮੁਖੀ ਦੀ ਫਿਲਮ ਨੂੰ ਪੰਜਾਬ ਵਿਚ ਦਿਖਾਏ ਜਾਣ 'ਤੇ ਪਾਬੰਦੀ ਲਗਾ ਦਿੱਤੀ ਸੀ। ਉਦੋਂ ਹੋਰ ਪੰਥਕ ਧਿਰਾਂ ਨੇ ਇਸ ਫਿਲਮ ਦਾ ਵਿਰੋਧ ਕੀਤਾ ਸੀ।

ਹੁਣ ਡੇਰਾ ਮੁਖੀ ਦੀ ਨਵੀਂ ਫਿਲਮ 'ਲਾਇਨ ਹਾਰਟ' 7 ਅਕਤੂਬਰ ਨੂੰ ਰਿਲੀਜ਼ ਹੋਈ ਹੈ, ਜਿਸ ਵਾਸਤੇ ਸਰਕਾਰ ਨੇ ਸਭ ਰਾਹ ਖੋਲ੍ਹ ਦਿੱਤੇ ਹਨ। ਸਰਕਾਰ ਨੇ ਸਿਨੇਮਾ ਘਰਾਂ ਅੱਗੇ ਸਪੈਸ਼ਲ ਪੈਟਰੋਲਿੰਗ ਗੱਡੀਆਂ ਖੜ੍ਹੀਆਂ ਕੀਤੀਆਂ ਹਨ। ਅਫਸਰਾਂ ਨੂੰ ਗੁਪਤ ਹਦਾਇਤਾਂ ਹਨ ਕਿ ਡੇਰਾ ਆਗੂਆਂ ਦੇ ਕੰਮ ਤਰਜੀਹੀ ਆਧਾਰ 'ਤੇ ਕੀਤੇ ਜਾਣ। ਥਾਣਿਆਂ ਵਿਚ ਡੇਰਾ ਪ੍ਰੇਮੀਆਂ ਦੀਆਂ ਸ਼ਿਕਾਇਤਾਂ ਦੀ ਝੱਟ ਸੁਣਵਾਈ ਹੋ ਰਹੀ ਹੈ।

ਮੱਖਣ ਬੈਂਸ ਨੂੰ ਸਦਮਾ, ਸਹੁਰਾ ਸਾਹਿਬ ਸੁਰਗਵਾਸ

ਯੂਨੀਅਨ ਸਿਟੀ (ਬਿਊਰੋ): ਇਥੋਂ ਦੀ ਇਕ ਮੋਹਤਬਰ ਸ਼ਖਸੀਅਤ ਸ. ਪਰਮਜੀਤ ਸਿੰਘ ਸੰਧੂ ਲੰਘੇ ਸ਼ੁੱਕਰਵਾਰ ਸਦੀਵੀ ਵਿਛੋੜਾ ਦੇ ਗਏ। ਉਹ ਬੇਏਰੀਆ ਦੀ ਜਾਣੀ-ਪਛਾਣੀ

ਸ਼ਖਸੀਅਤ ਅਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਤੇ ਰਾਜਾ ਸਵੀਟਸ ਦੇ ਮਾਲਕ ਸ. ਮੱਖਣ ਸਿੰਘ ਬੈਂਸ ਦੇ ਸਹੁਰਾ ਸਾਹਿਬ ਸਨ। ਉਹ ਕਰੀਬ 86 ਸਾਲਾਂ ਦੇ ਸਨ ਅਤੇ ਪਿਛਲੇ ਦੋ ਕੁ ਸਾਲਾਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਨੂੰ ਸਾਹ ਦੀ ਤਕਲੀਫ ਕਰ ਕੇ ਵੀਰਵਾਰ ਹਸਪਤਾਲ ਦਾਖਲ ਕਰਾਇਆ ਗਿਆ ਅਤੇ ਅਗਲੇ ਦਿਨ ਹੀ ਉਹ ਚੱਲ ਵੱਸੇ। ਉਹ ਪਿਛਲੇ 36 ਵਰ੍ਹਿਆਂ ਤੋਂ ਇਥੇ ਰਹਿੰਦੇ ਸਨ। ਮਰਹੂਮ ਸ. ਸੰਧੂ ਪੰਜਾਬ ਦੇ ਪਿੰਡ ਸੰਧਵਾਂ, ਜਿਲ੍ਹਾ ਨਵਾਂ ਸ਼ਹਿਰ ਤੋਂ ਸਨ। ਉਹ ਹਰਦੇਵ ਗਰੇਵਾਲ ਦੇ ਜੀਜਾ ਜੀ ਸਨ।

ਉਹ ਆਪਣੇ ਪਿਛੇ ਪਤਨੀ ਸਤਵੰਤ ਕੌਰ ਸੰਧੂ ਤੋਂ ਇਲਾਵਾ ਦੋ ਧੀਆਂ-ਪ੍ਰਭਜੋਤ ਚਾਹਲ ਤੇ ਬਲਜੀਤ ਬੈਂਸ ਅਤੇ ਜਵਾਈ-ਜਰਨੈਲ ਚਾਹਲ ਤੇ ਮੱਖਣ ਸਿੰਘ ਬੈਂਸ; ਤਿੰਨ ਪੁੱਤਰ-ਸੁਖਬੀਰ ਸਿੰਘ, ਰਘਬੀਰ ਸਿੰਘ ਤੇ ਮਨਮੋਹਨ ਸਿੰਘ ਅਤੇ ਨੂੰਹਾਂ-ਰਾਜਵਿੰਦਰ ਕੌਰ, ਭੁਪਿੰਦਰ ਕੌਰ ਤੇ ਮਨਜੀਤ ਕੌਰ ਛੱਡ ਗਏ ਹਨ। ਇਸ ਤੋਂ ਬਿਨਾ ਉਹ 7 ਦੋਹਤਰੇ-ਪੋਤਰੇ ਛੱਡ ਗਏ ਹਨ।

ਸਵਰਗੀ ਸ. ਸੰਧੂ ਦਾ ਅੰਤਿਮ ਸਸਕਾਰ ਆਉਂਦੇ ਸਨਿਚਰਵਾਰ 15 ਅਕਤੂਬਰ ਨੂੰ ਸਵੇਰੇ 10 ਵਜੇ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ) ਹੇਵਰਡ ਵਿਖੇ ਹੋਵੇਗਾ।

ਮਾਇਆਵਤੀ ਦੀ ਰੈਲੀ ਮਗਰੋਂ ਭਾਜੜ

ਲਖਨਊ: ਬਹੁਜਨ ਸਮਾਜ ਪਾਰਟੀ ਦੇ ਬਾਨੀ ਕਾਂਸ਼ੀ ਰਾਮ ਦੀ 10ਵੀਂ ਬਰਸੀ ਮੌਕੇ ਮੁਖੀ ਮਾਇਆਵਤੀ ਵੱਲੋਂ ਕੀਤੀ ਗਈ ਵੱਡੀ ਰੈਲੀ ਪਿਛੋਂ ਭੀੜ 'ਚ ਭਾਜੜ ਮੱਚਣ ਕਾਰਨ ਦੋ ਔਰਤਾਂ ਦੀ ਮੌਤ ਹੋ ਗਈ ਅਤੇ 12 ਹੋਰ ਜਖ਼ਮੀ ਹੋ ਗਏ।

ਪੁਲਿਸ ਮੁਤਾਬਕ ਦੋ ਗੇਟਾਂ 'ਚੋਂ ਇਕ ਗੇਟ ਦੀਆਂ ਪੌੜੀਆਂ 'ਤੇ ਤਵਾਜ਼ਨ ਗੁਆਉਣ ਕਰ ਕੇ ਲੋਕ ਇਕ-ਦੂਜੇ ਉਪਰ ਡਿੱਗ ਗਏ। ਅਚਾਨਕ ਮੱਚੀ ਭਾਜੜ ਕਾਰਨ ਬਿਜਨੌਰ ਦੀ ਸ਼ਾਂਤੀ ਦੇਵੀ (68) ਅਤੇ ਇਕ ਅਣਪਛਾਤੀ ਮਹਿਲਾ ਦੀ ਦਮ ਘੁੱਟਣ ਕਰ ਕੇ ਮੌਤ ਹੋ ਗਈ। ਬਸਪਾ ਦੇ ਤਰਜਮਾਨ ਨੇ ਕਿਹਾ ਕਿ ਰੈਲੀ ਤੋਂ ਬਾਅਦ ਬਿਜਲੀ ਦੀ ਨੰਗੀ ਤਾਰ ਤੋਂ ਕਰੰਟ ਲੱਗਣ ਦੀ ਅਫਵਾਹ ਫੈਲਣ ਕਾਰਨ ਭਾਜੜ ਮੱਚੀ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ।

ਬਸਪਾ ਨੇ ਵੀ ਦੋਵੇਂ ਮਹਿਲਾਵਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਬਸਪਾ ਮੁਖੀ ਮਾਇਆਵਤੀ ਨੇ ਕਿਹਾ ਕਿ ਪੁਲਿਸ ਰੈਲੀ ਲਈ ਢੁਕਵੇਂ ਪ੍ਰਬੰਧ ਕਰਨ 'ਚ ਨਾਕਾਮ ਰਹੀ। ਜ਼ਿਕਰਯੋਗ ਹੈ ਕਿ 2002 'ਚ ਵੀ ਬਸਪਾ ਦੀ ਰੈਲੀ ਤੋਂ ਬਾਅਦ ਚਾਰਬਾਗ ਰੇਲਵੇ ਸਟੇਸ਼ਨ 'ਤੇ ਭਗਦੜ ਮੱਚਣ ਕਾਰਨ 12 ਪਾਰਟੀ ਵਰਕਰ ਮਾਰੇ ਗਏ ਸਨ ਅਤੇ 22 ਹੋਰ ਜਣੇ ਜ਼ਖ਼ਮੀ ਹੋਏ ਸਨ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India,
KLM, Lufthansa,
Delta, Qatar Airlines.
For Emergency
Call anytime at
847-673-3825
EARLY BIRD SALE!!!!
Domestic fares available

ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ
ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਕਿਚਨ ਹੈਲਪਰ ਅਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼
ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ
ਫੋਨ: 757-240-9348
41-43

ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ

ਅਮਰੀਕ ਸਿੰਘ
ਹਾਰਡਵੁੱਡ ਫਲੋਰ, ਕਿਚਨ ਕੈਬਨਿਟ ਹਰ ਤਰ੍ਹਾਂ ਦੇ ਫਲੋਰ ਉਪਲਬਧ

ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

Punjab Times
Established in 2000
17th Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@gmail.com
www.punjabtimesusa.com

Editor:
Amolak Singh Jammu
Astt. Editors:
Jaspreet Kaur
Kuljeet Singh

Photographer
Kamaljit Singh Virdi
Ph. 847-502-2703

Our Columnists
Ashok Bhaura
Tarlochan Singh Dupalpur
Baljit Basi
Major Kular
Corrspondents
Detroit, MI
Rajinder Syan
734-261-0936
New York
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

Distributed in:
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 100 ਡਾਲਰ
ਪੰਜ ਸਾਲ ਲਈ: 450 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

Disclaimer

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

All disputes subject to Chicago jurisdiction.

ਕਲਰਕ ਭਰਤੀ ਘੁਟਾਲੇ ਵਿਚ ਤੋਤਾ ਸਿੰਘ ਨੂੰ ਬਰੀ ਕਰਾਉਣ ਦੀ ਤਿਆਰੀ

ਮੁਹਾਲੀ: ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਦਰਜ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਜ਼ਮੀਨ ਘੁਟਾਲੇ ਦੇ ਕੇਸ ਨੂੰ ਬੰਦ ਕਰਨ ਦੀ ਕੀਤੀ ਅਪੀਲ ਤੋਂ ਬਾਅਦ ਹੁਣ ਚੁੱਪ-ਚੁਪੀਤੇ ਸੂਬੇ ਦੇ ਖੇਤੀ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਤੋਤਾ ਸਿੰਘ ਵਿਰੁੱਧ ਮੁਹਾਲੀ ਅਦਾਲਤ ਵਿਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਕੇਸ ਨੂੰ ਵਾਪਸ ਲੈਣ ਲਈ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪੁਨੀਤ ਮੋਹਨ ਸ਼ਰਮਾ ਦੀ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਹੈ। ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ 5 ਨਵੰਬਰ ਨੂੰ ਰੱਖੀ ਹੈ। ਵਿਜੀਲੈਂਸ ਦੀ ਇਸ ਕਾਰਵਾਈ ਨੂੰ ਬਾਦਲਾਂ ਅਤੇ ਕੈਪਟਨ ਵਿਚਕਾਰ ਸਿਆਸੀ ਦੋਸਤਾਨਾ ਮੈਚ ਵਜੋਂ ਦੇਖਿਆ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਵਿਜੀਲੈਂਸ ਬਿਊਰੋ ਰਾਹੀਂ ਤੋਤਾ ਸਿੰਘ ਸਮੇਤ ਸਿੱਖਿਆ ਬੋਰਡ ਦੇ ਕਈ ਮੌਜੂਦਾ ਤੇ ਸੇਵਾਮੁਕਤ ਅਧਿਕਾਰੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ



ਦੀਆਂ ਵੱਖ-ਵੱਖ ਧਰਾਵਾਂ ਤਹਿਤ ਵਿਜੀਲੈਂਸ ਥਾਣਾ ਫੇਜ਼-8, ਮੁਹਾਲੀ ਵਿਚ ਕੇਸ ਦਰਜ ਕੀਤਾ ਗਿਆ ਸੀ। ਤੋਤਾ ਸਿੰਘ 'ਤੇ ਇਸ ਤੋਂ ਪਹਿਲੀ ਅਕਾਲੀ-ਭਾਜਪਾ ਸਰਕਾਰ ਵੇਲੇ ਸਿੱਖਿਆ ਮੰਤਰੀ ਹੁੰਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਕਥਿਤ ਭ੍ਰਿਸ਼ਟ ਤਰੀਕੇ ਰਾਹੀਂ 134 ਕਲਰਕ ਅਤੇ ਹੈਲਪਰ ਭਰਤੀ ਕਰਨ ਦਾ ਦੋਸ਼ ਹੈ। ਇਸ ਮਾਮਲੇ ਵਿਚ ਤੋਤਾ ਸਿੰਘ ਅਤੇ ਸਕੂਲ ਬੋਰਡ ਦੇ ਅਧਿਕਾਰੀਆਂ ਖ਼ਿਲਾਫ਼ ਦੋਸ਼ ਆਇਦ ਹੋ ਚੁੱਕੇ ਹਨ, ਪਰ ਹੁਣ ਵਿਜੀਲੈਂਸ ਨੇ ਸਰਕਾਰੀ ਵਕੀਲ ਰਾਹੀਂ ਸੀ.ਆਰ.ਪੀ.ਸੀ. ਦੀ ਧਾਰਾ 321 ਤਹਿਤ ਅਕਾਲੀ ਆਗੂ ਖ਼ਿਲਾਫ਼ ਕੇਸ ਵਾਪਸ ਲੈਣ ਦੀ ਅਰਜ਼ੀ ਦਾਇਰ ਕਰ ਦਿੱਤੀ ਹੈ। ਪਤਾ ਲੱਗਿਆ ਹੈ ਕਿ ਵਿਜੀਲੈਂਸ ਨੇ ਸਿਰਫ਼ ਤੋਤਾ ਸਿੰਘ ਵਿਰੁੱਧ ਹੀ ਕੇਸ ਵਾਪਸ ਲੈਣ ਦੀ ਅਰਜ਼ੀ ਦਿੱਤੀ ਹੈ, ਜਦੋਂਕਿ ਬਾਕੀ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਖੇਤੀ ਮੰਤਰੀ ਖ਼ਿਲਾਫ਼ ਕੇਸ ਵਾਪਸ ਲੈਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਵਿਜੀਲੈਂਸ ਬਿਊਰੋ ਨੇ ਸੂਬਾ ਸਰਕਾਰ ਕੋਲ ਪੇਸ਼ ਕੀਤੀ ਰਿਪੋਰਟ ਵਿਚ ਸਪਸ਼ਟ ਕੀਤਾ ਹੈ ਕਿ ਹੁਣ ਤੱਕ ਦੀ ਪੜਤਾਲ ਦੌਰਾਨ ਖੇਤੀ ਮੰਤਰੀ ਖ਼ਿਲਾਫ਼ ਕੋਈ ਠੋਸ ਸਬੂਤ ਨਹੀਂ ਮਿਲੇ ਹਨ। ਲਿਹਾਜ਼ਾ ਇਸ ਕੇਸ ਨੂੰ ਵਾਪਸ ਲੈਣ ਦੀ ਪ੍ਰਵਾਨਗੀ ਦਿੱਤੀ ਜਾਵੇ।

ਬੜਬੋਲੇ ਟਰੰਪ ਨੇ ਵਿਗਾੜੀ ਆਪਣੀ ਹੀ ਖੇਡ

(ਸਫਾ ਇਕ ਦੀ ਬਾਕੀ)

ਹੋਇਆ ਹੈ ਕਿ ਦੋਵਾਂ ਪਾਰਟੀਆਂ (ਡੈਮੋਕਰੈਟਿਕ ਅਤੇ ਰਿਪਬਲੀਕਨ) ਦੇ ਉਮੀਦਵਾਰਾਂ ਨੂੰ ਨਾ-ਪਸੰਦ ਕਰਨ ਵਾਲੇ ਲੋਕਾਂ ਦੀ ਗਿਣਤੀ ਉਨ੍ਹਾਂ ਨੂੰ ਪਸੰਦ ਕਰਨ ਵਾਲਿਆਂ ਨਾਲੋਂ ਜ਼ਿਆਦਾ ਹੈ। ਉਦਾਹਰਣ ਵਜੋਂ 60 ਫੀਸਦੀ ਲੋਕ ਇਹ ਮਹਿਸੂਸ ਕਰਦੇ ਹਨ ਕਿ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਹਿਲੇਰੀ ਕਲਿੰਟਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

67 ਫੀਸਦੀ ਲੋਕਾਂ ਨੂੰ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਦੇ ਤੌਰ-ਤਰੀਕੇ ਪਸੰਦ ਨਹੀਂ। ਦੋਵੇਂ ਉਮੀਦਵਾਰ ਆਪਣੀਆਂ ਖੂਬੀਆਂ ਦੱਸਣ ਦੀ ਬਜਾਏ ਦੂਜੇ ਉਮੀਦਵਾਰ ਦੀਆਂ ਕਮਜ਼ੋਰੀਆਂ ਦੱਸਣ 'ਤੇ ਜ਼ੋਰ ਦੇ ਰਹੇ ਹਨ। ਹਿਲੇਰੀ ਕਲਿੰਟਨ ਕਹਿ ਰਹੀ ਹੈ ਕਿ ਟਰੰਪ ਨੇ ਟੈਕਸ ਨਾ ਭਰ ਕੇ ਇਕ ਤਰ੍ਹਾਂ ਨਾਲ ਟੈਕਸ ਦੀ ਚੋਰੀ ਕੀਤੀ ਹੈ। ਉਸ ਨੇ ਔਰਤਾਂ ਨਾਲ ਵਿਤਕਰਾ ਕੀਤਾ ਹੈ ਅਤੇ ਔਰਤਾਂ ਦਾ ਸ਼ੋਸ਼ਣ ਕੀਤਾ ਹੈ। ਟਰੰਪ ਦਾ ਹਿਲੇਰੀ ਬਾਰੇ ਕਹਿਣਾ ਹੈ ਕਿ ਉਸ ਨੇ 30,000 ਹਜ਼ਾਰ ਈ-ਮੇਲ ਗਾਇਬ ਕਰ ਦਿੱਤੀਆਂ ਹਨ। ਇਹ ਉਸ ਵੇਲੇ ਦੀਆਂ ਸਨ ਜਦੋਂ ਉਹ ਅਮਰੀਕਾ ਦੀ ਵਿਦੇਸ਼ ਮੰਤਰੀ ਸੀ। ਉਸ ਦਾ ਇਹ ਵੀ ਕਹਿਣਾ ਹੈ ਕਿ ਉਹ ਆਪਣੇ ਪਤੀ ਬਿਲ ਕਲਿੰਟਨ ਵੱਲੋਂ ਔਰਤਾਂ ਦਾ ਕਾਮੁਕ ਸ਼ੋਸ਼ਣ ਵਾਲੇ ਮਾਮਲਿਆਂ ਵਿਚ ਉਸ ਦੇ ਹੱਕ ਵਿਚ ਹੀ ਭੁਗਤੀ।

ਭਾਰਤੀ ਭਾਈਚਾਰੇ ਨੇ ਬਣਾਈ ਟਰੰਪ ਤੋਂ ਦੂਰੀ

ਟਰੰਪ ਹੱਥੋਂ ਇਥੇ ਵੱਸੇ ਵਿਦੇਸ਼ੀ ਭਾਈਚਾਰੇ ਦਾ ਸਮਰਥਨ ਵੀ ਖੁੱਸਦਾ ਨਜ਼ਰ ਆ ਰਿਹਾ ਹੈ। ਅਮਰੀਕਾ ਵਿਚ ਵਸਦੇ ਭਾਰਤੀ ਅਮਰੀਕੀਆਂ ਨੇ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਉਮੀਦਵਾਰ ਹਿਲੇਰੀ ਕਲਿੰਟਨ ਦਾ ਸਮਰਥਨ ਕਰ ਦਿੱਤਾ ਹੈ। ਅਜਿਹਾ ਵਿਰੋਧ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਵੱਲੋਂ ਔਰਤਾਂ ਵਿਰੁੱਧ ਕੀਤੀ ਗਈ ਭੱਦੀ ਟਿੱਪਣੀ ਕਾਰਨ ਹੋਇਆ ਹੈ। ਆਮ ਕਰ ਕੇ ਅਮਰੀਕਾ ਵਿਚ ਵਸਦੇ ਭਾਰਤੀ ਡੈਮੋਕਰੈਟਿਕ ਪਾਰਟੀ ਦੇ ਸਮਰਥਕ ਹਨ, ਪਰ ਅਤਿਵਾਦ ਤੇ ਪਾਕਿਸਤਾਨ ਬਾਰੇ ਸਟੈਂਡ ਕਾਰਨ ਇਸ ਭਾਈਚਾਰੇ ਦਾ ਕੁਝ ਹਿੱਸਾ ਡੋਨਲਡ ਟਰੰਪ ਨਾਲ ਖੜ੍ਹਾ ਨਜ਼ਰ ਆ ਰਿਹਾ ਸੀ। ਅਮਰੀਕੀ ਸੈਨੇਟ ਲਈ ਕੈਲੀਫੋਰਨੀਆ ਤੋਂ ਜ਼ੋਰ ਲਗਾ ਰਹੀ ਕਮਲਾ ਹੈਰਿਸ ਨੇ ਕਿਹਾ ਕਿ ਟਰੰਪ ਦੇ ਬਿਆਨ ਕਾਰਨ ਉਹ ਬੇਚੈਨ ਹੋ ਗਈ ਹੈ ਜਿਸ ਲਈ ਟਰੰਪ ਦਾ ਰਾਹ ਰੋਕਣਾ ਲਾਜ਼ਮੀ ਬਣ ਗਿਆ ਹੈ। ਭਾਈਚਾਰੇ ਦਾ ਕਹਿਣਾ ਹੈ ਕਿ ਰਿਪਬਲੀਕਨ ਉਮੀਦਵਾਰ ਨੂੰ ਮਾਂਵਾਂ, ਧੀਆਂ ਤੇ ਭੈਣਾਂ ਦਾ ਸਨਮਾਨ ਕਰਨ ਬਾਰੇ ਭੋਰਾ ਵੀ ਪਤਾ ਨਹੀਂ। ਟਰੰਪ ਨੂੰ ਉਸ ਵੇਲੇ ਝਟਕਾ ਲੱਗਿਆ ਜਦੋਂ ਉਨ੍ਹਾਂ ਨੇ ਰਿਪਬਲੀਕਨ ਉਮੀਦਵਾਰ ਨੂੰ ਸਪਸ਼ਟ ਕਹਿ ਦਿੱਤਾ ਕਿ ਉਹ ਉਨ੍ਹਾਂ ਦਾ ਫੰਡ ਵਾਪਸ ਕਰ ਦੇਵੇ।

ਗੁਰੂ ਗ੍ਰੰਥ ਸਾਹਿਬ ਦਾ ਬਰੇਲ ਲਿਪੀਅੰਤਰ ਰਿਲੀਜ਼

ਪਟਿਆਲਾ: ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਵੱਲੋਂ ਇਥੇ ਗੁਰਮਤਿ ਸੰਗੀਤ ਭਵਨ ਵਿਚ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਦਾ ਬਰੇਲ ਲਿਪੀਅੰਤਰ ਰਿਲੀਜ਼ ਕੀਤਾ ਗਿਆ। ਇਹ ਕਾਰਜ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਵੱਲੋਂ ਕੀਤਾ ਗਿਆ ਹੈ।

ਇਸ ਮੌਕੇ ਡਾ. ਜਸਪਾਲ ਸਿੰਘ ਨੇ ਇਸ ਨਾਲ ਗੁਰੂ ਗ੍ਰੰਥ ਸਾਹਿਬ ਪੜ੍ਹਨ ਵਿਚ ਸਹੂਲਤ ਮਿਲੇਗੀ। ਭਾਈ ਗੁਰਮੇਜ ਸਿੰਘ ਦੇ ਇਸ ਕਾਰਜ ਤੋਂ ਬਿਨਾ ਸਿੱਖ ਇਤਿਹਾਸ ਦਾ ਭਵਿੱਖ ਅਧੂਰਾ ਅਤੇ ਦਿਸ਼ਾਹੀਣ ਹੋਣਾ ਸੀ। ਇਸ ਮੌਕੇ ਡਾ. ਜਸਪਾਲ ਸਿੰਘ ਨੇ ਗੁਰਮਤਿ ਸੰਗੀਤ ਅਤੇ ਗੁਰਮਤਿ ਸੰਗੀਤ ਚੇਅਰ ਦੇ ਮੁਖੀ ਡਾ. ਗੁਰਨਾਮ ਸਿੰਘ ਨੂੰ ਸਿੱਖ ਰੂਹਾਨੀ ਸੰਗੀਤ ਦਾ ਵੱਖ ਵੱਖ ਮਾਧਿਅਮਾਂ ਰਾਹੀਂ ਵਿਕਾਸ ਕਰਨ 'ਤੇ ਵਧਾਈ ਦਿੱਤੀ। ਇਸ ਤੋਂ ਪਹਿਲਾਂ ਡਾ. ਗੁਰਨਾਮ ਸਿੰਘ ਨੇ ਸਵਾਗਤੀ ਭਾਸ਼ਣ ਵਿਚ ਇਸ ਕਾਰਜ ਨੂੰ ਸਿੱਖ ਪ੍ਰੰਪਰਾ ਅਤੇ ਸਭਿਆਚਾਰ ਦੇ ਪ੍ਰਸੰਗ ਵਿਚ ਵੱਡੀ ਪ੍ਰਾਪਤੀ ਦੱਸਿਆ। ਉਨ੍ਹਾਂ ਕਿਹਾ ਕਿ ਗੁਰਮਤਿ ਪ੍ਰੰਪਰਾ ਦੇ ਮਾਮਲੇ ਵਿਚ ਗੁਰਮਤਿ ਸੰਗੀਤ ਵਿਭਾਗ ਫਿਰ ਅੱਗੇ ਆਇਆ ਹੈ। ਇਸ ਕਾਰਜ ਨਾਲ ਸਿੱਖ ਪਰੰਪਰਾ ਨੂੰ ਹੋਰ ਹਰਮਨ-ਪਿਆਰਾ ਬਣਾਉਣ ਵਿਚ ਮਦਦ ਮਿਲੇਗੀ। ਇਸ ਮੌਕੇ ਡਾ. ਜਸਪਾਲ ਸਿੰਘ ਵੱਲੋਂ ਸੈਂਟਰ ਫ਼ਾਰ ਐਡਵਾਂਸਡ ਮੀਡੀਆ ਸਟੱਡੀਜ਼ (ਕੈਮਜ਼) ਦੇ ਵਿਦਿਆਰਥੀ ਗੁਰਪ੍ਰੀਤ ਸਿੰਘ ਚੀਮਾ ਵੱਲੋਂ ਤਿਆਰ ਕੀਤੀ ਗਈ ਦਸਤਾਵੇਜ਼ੀ ਫ਼ਿਲਮ ਵੀ ਰਿਲੀਜ਼ ਕੀਤੀ ਜਿਸ ਦੀ ਸਕ੍ਰਿਪਟ ਅਤੇ ਵੀ.ਓ. ਮੀਡੀਆ ਸੈਂਟਰ ਦੇ ਪ੍ਰੋਡਿਊਸਰ ਤੇਜਿੰਦਰ ਸ਼ਰਮਾ ਵੱਲੋਂ ਬਣਾਈ ਗਈ ਹੈ।

ਚੀਨ 'ਚ ਸਾਬਕਾ ਸੰਸਦ ਮੈਂਬਰ ਨੂੰ ਸਜ਼ਾ-ਏ-ਮੌਤ

ਪੇਈਚਿੰਗ: ਚੀਨ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਇਕ ਸਾਬਕਾ ਸੰਸਦ ਮੈਂਬਰ ਨੂੰ ਸਜ਼ਾ-ਏ-ਮੌਤ ਸੁਣਾਈ ਗਈ ਹੈ। 70 ਸਾਲਾ ਬੇਈ ਐਪੇਈ ਉਪਰ ਵੱਡੇ ਪੱਧਰ 'ਤੇ ਰਿਸ਼ਵਤ ਲੈਣ ਦੇ ਮਾਮਲੇ ਸਨ। ਉਹ ਚੀਨੀ ਕਮਿਊਨਿਸਟ ਪਾਰਟੀ ਦੀ ਕੁਇੰਗਹਾਈ ਅਤੇ ਉਨਾਨ ਸੂਬਾਈ ਕਮੇਟੀਆਂ ਦਾ ਮੁਖੀ ਵੀ ਰਹਿ ਚੁੱਕਿਆ ਹੈ। ਸਜ਼ਾ ਨਾਲ ਉਸ ਦੇ ਸਾਰੇ ਸਿਆਸੀ ਤੇ ਸੰਪਤੀ ਹੱਕ ਖਤਮ ਹੋ ਗਏ ਹਨ। ਬੀਤੇ ਤਿੰਨ ਸਾਲਾ ਵਿਚ ਚੀਨ ਅੰਦਰ ਹਜ਼ਾਰਾਂ ਸਿਆਸਤਦਾਨਾਂ ਤੇ ਅਫਸਰਾਂ ਨੂੰ ਭ੍ਰਿਸ਼ਟਾਚਾਰ ਕਾਰਨ ਸਜ਼ਾ ਹੋ ਚੁੱਕੀ ਹੈ।

ਨਵਾਂ ਤਜਰਬਾ ਹਾਸਲ ਕਰਨਗੇ ਹਰਿਮੰਦਰ ਸਾਹਿਬ ਆਉਣ ਵਾਲੇ ਯਾਤਰੀ

ਅੰਮ੍ਰਿਤਸਰ: ਆਉਣ ਵਾਲੇ ਦਿਨਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਉਣ ਵਾਲੇ ਯਾਤਰੂਆਂ ਨੂੰ ਇਸ ਇਲਾਕੇ ਵਿਚ ਨਵੀਂ ਦਿਖ ਦੇਖਣ ਨੂੰ ਮਿਲੇਗੀ। ਇਥੇ ਚੱਲ ਰਹੀ ਸ੍ਰੀ ਹਰਿਮੰਦਰ ਸਾਹਿਬ ਸੁੰਦਰੀਕਰਨ ਯੋਜਨਾ ਹੇਠ ਇਸ ਇਲਾਕੇ ਨੂੰ ਨਵੀਂ ਦਿੱਖ ਦਿੱਤੀ ਜਾ ਰਹੀ ਹੈ। ਟਾਊਨ ਹਾਲ ਦੀ ਇਮਾਰਤ ਨੇੜਿਉਂ ਹੀ ਇਸ ਯੋਜਨਾ ਹੇਠ ਚਲ ਰਹੇ ਕੰਮ ਦਾ ਪ੍ਰਭਾਵ ਦਿਖਾਈ ਦੇਣ ਲੱਗ ਪੈਂਦਾ ਹੈ।

ਸੁੰਦਰੀਕਰਨ ਯੋਜਨਾ ਹੇਠ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਹਾਲ ਬਾਜ਼ਾਰ ਵਾਲੇ ਮੁੱਖ ਰਸਤੇ ਨੂੰ ਵਿਰਾਸਤੀ ਦਿੱਖ ਦਿੱਤੀ ਜਾ ਰਹੀ ਹੈ। ਪਹਿਲੇ ਪੜਾਅ ਵਿਚ ਟਾਊਨ ਹਾਲ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਦੇ ਰਸਤੇ ਦਾ ਸੁੰਦਰੀਕਰਨ ਕੀਤਾ ਜਾ ਰਿਹਾ ਹੈ ਜਦੋਂਕਿ ਦੂਜੇ ਪੜਾਅ ਵਿਚ ਟਾਊਨ ਹਾਲ ਤੋਂ ਹਾਲ ਗੇਟ ਤਕ ਦੇ ਰਸਤੇ ਦਾ ਸੁੰਦਰੀਕਰਨ ਹੋਵੇਗਾ। ਇਸ ਯੋਜਨਾ ਹੇਠ ਰਸਤੇ ਵਿਚ ਆਉਂਦੀਆਂ ਦੋਵੇਂ

ਪਾਸੇ ਦੀਆਂ ਦੁਕਾਨਾਂ ਨੂੰ ਪੁਰਾਤਨ ਤੇ ਵਿਰਾਸਤੀ ਦਿੱਖ ਦਿੱਤੀ ਗਈ ਹੈ। ਕੁਝ ਥਾਵਾਂ 'ਤੇ ਨਾਨਕਸ਼ਾਹੀ ਇੱਟਾਂ ਦੀ ਉਸਾਰੀ ਦਿਖਾਈ ਗਈ ਹੈ। ਦੁਕਾਨਾਂ ਦੇ ਬਾਹਰ ਇਕੋ ਰੰਗ ਕੀਤਾ ਗਿਆ ਹੈ ਅਤੇ ਇਕੋ ਆਕਾਰ ਦੇ ਬੋਰਡ ਲਾਏ ਗਏ ਹਨ। ਬੋਰਡਾਂ ਉਪਰ ਪੰਜਾਬੀ ਅਤੇ ਅੰਗਰੇਜ਼ੀ ਵਿਚ ਦੁਕਾਨਾਂ ਦੇ ਨਾਂ ਲਿਖੇ ਗਏ ਹਨ।

ਸ੍ਰੀ ਹਰਿਮੰਦਰ ਸਾਹਿਬ ਨੇੜੇ ਦੁਕਾਨਾਂ ਅਤੇ ਘਰਾਂ ਦੇ ਬਾਹਰ ਟੀਨ ਦੇ ਛੱਜੇ ਬਣਾਏ ਗਏ ਹਨ ਜੋ ਇਸ ਇਲਾਕੇ ਨੂੰ ਪੁਰਾਤਨ ਦਿੱਖ ਮੁਹੱਈਆ ਕਰਦੇ ਹਨ। ਟਾਊਨ ਹਾਲ ਦੀ ਇਮਾਰਤ ਨੂੰ ਵੀ ਨਵੀਂ ਦਿੱਖ ਦਿੱਤੀ ਜਾ ਰਹੀ ਹੈ। ਇਥੇ ਭਾਰਤ ਪਾਕਿਸਤਾਨ ਵੰਡ ਨਾਲ ਸਬੰਧਤ ਅਜਾਇਬ ਘਰ ਬਣਾਇਆ ਜਾ ਰਿਹਾ ਹੈ। ਪਹਿਲਾਂ ਇਥੇ ਨਗਰ ਨਿਗਮ ਦਾ ਦਫਤਰ ਸੀ ਜਿਸ ਨੂੰ ਤਬਦੀਲ ਕਰ ਦਿੱਤਾ ਗਿਆ ਹੈ। ਇਸ ਦੇ ਆਲੇ-ਦੁਆਲੇ ਦੀ ਚਾਰ ਦੀਵਾਰੀ ਨੂੰ ਤੋੜ ਕੇ ਲੋਹੇ ਦੀ ਗਰਿੱਲ ਲਾਈ ਗਈ ਹੈ। ਸਾਰਾਗੜੀ ਗੁਰਦੁਆਰੇ ਨੇੜਿਉਂ ਬੁਤ ਮਲਕਾਂ ਚੌਕ ਨੂੰ ਵੀ ਨਵੀਂ ਦਿੱਖ ਦਿੱਤੀ ਗਈ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਬੁੱਤ ਸਥਾਪਤ ਕੀਤਾ ਗਿਆ ਹੈ। ਇਤਿਹਾਸਕ ਜੱਲਿਆਂਵਾਲਾ ਬਾਗ ਦੇ ਬਾਹਰ ਵੀ ਬੁੱਤ ਸਥਾਪਤ ਕੀਤਾ ਗਿਆ ਹੈ ਜਿਸ ਰਾਹੀਂ ਅੰਗਰੇਜ਼ ਹਾਕਮ ਵਲੋਂ ਮਾਰੇ ਗਏ ਬੇਦੋਸ਼ੇ ਲੋਕਾਂ ਨੂੰ ਦਿਖਾਉਣ ਦਾ ਯਤਨ ਕੀਤਾ ਗਿਆ ਹੈ। ਇਸ ਸਾਰੇ ਰਸਤੇ ਵਿਚ ਵਧੀਆ ਪੱਥਰ ਲਾਇਆ ਗਿਆ ਹੈ ਅਤੇ ਆਉਂਦੇ ਦਿਨਾਂ ਵਿਚ ਇਸ ਨੂੰ ਪੈਦਲ ਰਸਤਾ ਬਣਾ ਦਿੱਤਾ ਜਾਵੇਗਾ।

ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ

ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ

ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਬਿਆੜਾ

ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

ਭਾਈ ਜਿੰਦਾ ਤੇ ਸੁੱਖਾ ਨੂੰ ਸ਼ਰਧਾਂਜਲੀ ਭੇਟ

ਸ਼ਿਕਾਗੋ (ਬਿਊਰੋ): ਸਥਾਨਕ ਗੁਰਦੁਆਰਾ ਪੈਲਾਟਾਈਨ ਵਿਚ ਲੰਘੇ ਐਤਵਾਰ ਦੇ ਹਫਤਾਵਾਰੀ ਦੀਵਾਨ ਦੌਰਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਭਾਈ ਜਿੰਦਾ ਤੇ ਸੁੱਖਾ ਦੀ ਸ਼ਹੀਦੀ ਉਤੇ ਚਾਨਣਾ ਪਾਉਂਦਿਆਂ ਉਨ੍ਹਾਂ ਵਲੋਂ ਸਿੱਖ ਸੰਘਰਸ਼ ਵਿਚ ਪਾਏ ਗਏ ਯੋਗਦਾਨ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਭਾਈ ਜਿੰਦਾ ਤੇ ਸੁੱਖਾ ਨੇ ਭਾਰਤ ਦੇ ਦੂਸਰੇ ਸੂਬੇ ਵਿਚ ਜਾ ਕੇ ਪੰਥ ਦੋਖੀਆਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦਿਤੀ ਅਤੇ 9 ਅਕਤੂਬਰ 1992 ਨੂੰ ਹੱਸ ਹੱਸ ਕੇ ਫਾਂਸੀ ਦੇ ਰੱਸੇ ਚੁੰਮ ਲਏ।

ਭਾਈ ਪਰਮਿੰਦਰਜੀਤ ਸਿੰਘ ਨੇ ਇਸ ਮੌਕੇ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਗੁਰੂ ਜੀ ਦੇ ਜੀਵਨ ਉਤੇ ਚਾਨਣਾ ਪਾਇਆ।

ਪੰਚਾਇਤੀ ਜ਼ਮੀਨ ਲਈ ਕਿਸਾਨਾਂ ਤੇ ਦਲਿਤਾਂ ਵਿਚਾਲੇ ਟਕਰਾਅ

ਲਹਿਰਾਗਾਗਾ (ਬਿਊਰੋ): ਪਿੰਡ ਜਲੂਰ ਦੇ ਕਿਸਾਨਾਂ ਤੇ ਦਲਿਤਾਂ ਵਿਚ ਪੰਚਾਇਤੀ ਜ਼ਮੀਨ ਦਾ ਝਗੜਾ ਹਿੰਸਕ ਰੂਪ ਧਾਰਨ ਕਰ ਗਿਆ। ਝਗੜੇ ਵਿਚ ਦਲਿਤ ਪਰਿਵਾਰ ਨਾਲ ਸਬੰਧਤ 14 ਤੇ ਦੂਜੀ ਧਿਰ ਦੇ ਤਿੰਨ ਵਿਅਕਤੀ ਗੰਭੀਰ ਜਖਮੀ ਹੋ ਗਏ।

ਝਗੜਾ ਉਸ ਸਮੇਂ ਹੋਇਆ ਜਦ ਦਲਿਤਾਂ ਵਰਗ ਦੇ ਪਰਿਵਾਰਾਂ ਨੇ ਐਸ.ਡੀ.ਐਮ ਦਫਤਰ ਲਹਿਰਾਗਾਗਾ ਵਿਖੇ ਧਰਨਾ ਦਿੱਤਾ, ਜਦੋਂ ਧਰਨਾਕਾਰੀ ਧਰਨਾ ਦੇਣ ਮਗਰੋਂ ਵਾਪਸ ਆਪਣੇ ਪਿੰਡ ਪਰਤੇ ਤਾਂ ਪਿੰਡ ਪਹੁੰਚਦਿਆਂ ਹੀ ਦਲਿਤਾਂ ਅਤੇ ਕਿਸਾਨਾਂ ਵਿਚਕਾਰ ਹੋਈ ਲੜਾਈ ਵਿਚ ਖੁੱਲ ਕੇ ਇੱਟਾਂ, ਰੋੜੇ, ਤੇਜ ਹਥਿਆਰਾਂ ਦੀ ਵਰਤੋਂ ਹੋਈ। ਇਸ ਟਕਰਾਅ ਪਿੱਛੋਂ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਵਿਚੋਂ ਦਲਿਤ ਭਾਈਚਾਰੇ ਲਈ ਤੀਜੇ ਹਿੱਸੇ ਦੀ ਰਾਖਵੀਂ ਜ਼ਮੀਨ ਨੂੰ ਠੇਕੇ 'ਤੇ ਦੇਣ ਸਬੰਧੀ ਉਠਿਆ ਵਿਵਾਦ ਮੁੜ ਭਖ ਗਿਆ ਹੈ। ਦਲਿਤ ਭਾਈਚਾਰੇ ਲਈ ਰਾਖਵੀਂ ਜ਼ਮੀਨ ਨੂੰ ਖੁੱਲ੍ਹੀ ਬੋਲੀ ਰਾਹੀਂ ਠੇਕੇ 'ਤੇ ਦਿੱਤੇ ਜਾਣ ਦਾ ਵਿਵਾਦ ਜਲੂਰ ਪਿੰਡ ਸਮੇਤ ਸੰਗਰੂਰ ਜ਼ਿਲ੍ਹੇ ਦੇ ਲਗਪਗ 42 ਪਿੰਡਾਂ ਤੱਕ ਫੈਲ ਚੁੱਕਿਆ ਹੈ।

ਪਿਛਲੇ ਸਾਲ ਵੀ ਇਸ ਮੁੱਦੇ ਨੂੰ ਲੈ ਕੇ ਕਈ ਪਿੰਡਾਂ ਵਿਚ ਸਥਿਤੀ ਕਾਫੀ ਤਣਾਅਪੂਰਨ ਬਣੀ ਰਹੀ ਸੀ। ਮਾਮਲਾ ਮੁੱਖ ਮੰਤਰੀ ਤੱਕ ਪਹੁੰਚਣ ਦੇ ਬਾਵਜੂਦ ਸਰਕਾਰ ਨੇ ਇਸ ਸੰਵੇਦਨਸ਼ੀਲ ਮੁੱਦੇ ਨੂੰ ਹੱਲ ਕਰਨ ਸਬੰਧੀ ਕੋਈ ਸੰਜੀਦਗੀ ਨਹੀਂ ਦਿਖਾਈ। ਇਸ ਵਿਵਾਦ ਦੇ ਚੱਲਦਿਆਂ ਕਈ ਪਿੰਡਾਂ ਵਿਚ ਜ਼ਿਮੀਂਦਾਰਾਂ ਵੱਲੋਂ ਦਲਿਤਾਂ ਦੇ ਸਮਾਜਿਕ ਬਾਈਕਾਟ ਕੀਤੇ ਜਾਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਦੂਜੇ ਪਾਸੇ ਦਲਿਤ ਭਾਈਚਾਰੇ ਵਿਚ ਵਧ ਰਹੀ ਚੇਤੰਨਤਾ ਉਨ੍ਹਾਂ ਨੂੰ ਆਪਣੇ ਹਿੱਸੇ ਦੀ ਜ਼ਮੀਨ ਲੈਣ ਲਈ ਪ੍ਰੇਰਿਤ ਕਰ ਰਹੀ ਹੈ।

68 ਸਾਲਾ ਦਾਦੇ ਨੇ ਭੁਲੇਖੇ ਨਾਲ ਕਰਵਾਇਆ 24 ਸਾਲਾ ਪੋਤੀ ਨਾਲ ਵਿਆਹ

ਫਲੋਰੀਡਾ: ਇਥੇ ਇਕ 24 ਸਾਲਾ ਲੜਕੀ ਨੇ ਉਸ ਸਮੇਂ ਭੁਲੇਖੇ ਵਿਚ ਇਕ ਅਨੋਖਾ ਕਾਰਾ ਕਰ ਦਿੱਤਾ ਜਦੋਂ ਉਸ ਨੇ ਆਪਣੇ ਹੀ ਦਾਦੇ ਨਾਲ ਵਿਆਹ ਕਰਾ ਲਿਆ। ਇਸ ਭੁਲੇਖੇ ਤੋਂ ਪਰਦਾ ਉਸ ਸਮੇਂ ਚੁੱਕਿਆ ਗਿਆ ਜਦੋਂ ਲੜਕੀ ਨੇ ਵਿਆਹ ਤੋਂ ਬਾਅਦ ਆਪਣੀ ਪਰਿਵਾਰਕ ਐਲਬਮ ਦੇਖੀ। ਐਲਬਮ ਵਿਚ ਲੜਕੀ ਦੇ ਪਤੀ ਦੇ ਨਾਲ ਉਸ ਦਾ ਪਿਤਾ ਵੀ ਨਜ਼ਰ ਆਇਆ। ਫੋਟੋ ਦੇਖ ਕੇ ਲੜਕੀ ਤੁਰਤ ਸਦਮੇ ਵਿਚ ਆ ਗਈ।

ਇਥੇ ਇਕ 68 ਸਾਲ ਦੇ ਕਾਰੋਬਾਰੀ ਨਾਲ ਇਕ 24 ਸਾਲ ਦੀ ਲੜਕੀ ਲਿਵਇਨ ਰਿਲੇਸ਼ਨ (ਇਕੱਠੇ ਰਹਿਣ) ਵਿਚ ਦੋ ਸਾਲ ਤੋਂ ਰਹਿ ਰਹੀ ਸੀ। ਇਸ ਪਿਛੋਂ ਦੋਵਾਂ ਨੇ ਪਿਛਲੇ ਮਹੀਨੇ ਵਿਆਹ ਕਰਾ ਲਿਆ ਤੇ ਮਿਆਮੀ 'ਚ ਰਹਿਣਾ ਸ਼ੁਰੂ ਕਰ ਦਿੱਤਾ। ਲੜਕੀ ਨੇ ਆਪਣੇ ਪਤੀ ਦੀ ਪਰਿਵਾਰਕ ਐਲਬਮ ਦੇਖਣ ਦੀ ਜਿੱਦ ਕੀਤੀ। ਐਲਬਮ ਵਿਚ ਉਸ ਦਾ ਪਤੀ ਆਪਣੇ ਪਰਿਵਾਰਕ ਮੈਂਬਰਾਂ ਨਾਲ ਸੀ। ਇਕ ਫੋਟੋ ਵਿਚ ਲੜਕੀ ਦਾ ਪਤੀ ਇਕ ਬਜ਼ੁਰਗ ਨਾਲ ਖੜ੍ਹਾ ਸੀ। ਲੜਕੀ ਨੇ ਆਖਿਆ ਕਿ ਇਹ ਤਾਂ ਉਸ ਦਾ ਪਿਤਾ ਹੈ ਤਾਂ ਉਸ ਦੇ ਪਤੀ ਨੇ ਜਵਾਬ ਦਿੱਤਾ ਫੋਟੋ ਵਿਚ ਉਸ ਨਾਲ ਦਿਖਾਈ ਦੇ ਰਿਹਾ ਇਨਸਾਨ ਉਸ ਦਾ ਬੇਟਾ ਹੈ। ਇਹ ਸੁਣ ਕੇ ਲੜਕੀ ਦੇ ਹੋਸ਼ ਉੱਡ ਗਏ, ਪਰ ਕੁਝ ਸਮੇਂ ਬਾਅਦ ਉਸ ਦੇ ਪਤੀ ਨੇ ਉਸ ਨੂੰ ਸਮਝਾਇਆ ਤੇ ਦੋਵਾਂ ਨੇ ਫਿਰ ਤੋਂ ਇਕੱਠੇ ਰਹਿਣ ਦਾ ਫੈਸਲਾ ਕਰ ਲਿਆ।

ਲੜਕੀ ਅਨੁਸਾਰ ਉਸ ਦੇ ਕਾਲਜ ਵਿਚ ਪੜ੍ਹਾਈ ਦੌਰਾਨ ਇਕ ਨੌਜਵਾਨ ਨਾਲ ਸਬੰਧ ਬਣ ਗਏ ਸਨ ਜਿਸ ਕਾਰਨ ਉਹ ਪ੍ਰੈਗਨੈਂਟ ਹੋ ਗਈ। ਇਸ ਤੋਂ ਬਾਅਦ ਉਸ ਦੇ ਪਿਤਾ ਨੇ ਉਸ ਨੂੰ ਘਰ ਤੋਂ ਬਾਹਰ ਕੱਢ ਦਿੱਤਾ। ਇਸ ਤੋਂ ਬਾਅਦ ਲੜਕੀ ਨੇ ਇਕ ਕਲੱਬ ਵਿਚ ਡਾਂਸਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਥੇ ਹੀ ਉਹਦਾ ਬਜ਼ੁਰਗ ਕਾਰੋਬਾਰੀ ਨਾਲ ਸਬੰਧ ਬਣ ਗਿਆ ਤੇ ਦੋਵਾਂ ਨੇ ਪਹਿਲਾਂ ਇਕੱਠਿਆਂ ਰਹਿਣਾ ਤੇ ਵਿਆਹ ਕਰ ਲਿਆ।

ਸਿੱਖ ਆਗੂ ਜੋਗਾ ਸਿੰਘ ਖਾਲਿਸਤਾਨੀ ਦੀ ਮੌਤ

ਲੁਧਿਆਣਾ: ਪਿੰਡ ਬੱਲੋਕੇ ਨੇੜੇ ਬੀਤੀ 30 ਜੂਨ ਨੂੰ ਹਮਲਾਵਰਾਂ ਵੱਲੋਂ ਕੀਤੇ ਹਮਲੇ ਵਿਚ ਜਖਮੀ ਹੋਏ ਸਿੱਖ ਆਗੂ ਜੋਗਾ ਸਿੰਘ ਖਾਲਿਸਤਾਨੀ ਦੀ ਦਿਆਨੰਦ ਹਸਪਤਾਲ 'ਚ ਮੌਤ ਹੋ ਗਈ। ਪੁਲਿਸ ਵੱਲੋਂ ਇਸ ਮਾਮਲੇ 'ਚ ਜਖਮੀ ਹੋਏ ਸੁਖਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਕਥਾ ਵਾਚਕ ਭਾਈ ਸੰਦੀਪ ਸਿੰਘ ਸਮੇਤ 9 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਸੀ। ਇਸ ਹਮਲੇ ਤੋਂ ਕੁਝ ਦਿਨ ਪਹਿਲਾਂ 12 ਜੂਨ ਨੂੰ ਵਿਸ਼ਵਕਰਮਾ ਕਾਲੋਨੀ ਸਥਿਤ ਗੁਰਦੁਆਰਾ ਸਾਹਿਬ ਦੀ ਕਮੇਟੀ ਨੂੰ ਲੈ ਕੇ ਚੱਲ ਰਹੇ ਵਿਵਾਦ ਵਿਚ ਭਾਈ ਸੰਦੀਪ ਦੀ ਕੁੱਝ ਲੋਕਾਂ ਵੱਲੋਂ ਖਿੱਚਧੂਹ ਕੀਤੀ ਗਈ ਸੀ।

ਇਸ ਮਾਮਲੇ 'ਚ ਪੁਲਿਸ ਵੱਲੋਂ ਜੋਗਾ ਸਿੰਘ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ, ਜਿਸ ਕਾਰਨ ਸੰਦੀਪ ਸਿੰਘ ਅਤੇ ਜੋਗਾ ਸਿੰਘ ਵਿਚਾਲੇ ਰੰਜਿਸ਼ ਚੱਲ ਰਹੀ ਸੀ। ਇਸ ਘਟਨਾ ਤੋਂ 18 ਦਿਨ ਬਾਅਦ ਜੋਗਾ ਸਿੰਘ 'ਤੇ ਹਮਲਾਵਰਾਂ ਵੱਲੋਂ ਹਮਲਾ ਕਰ ਦਿੱਤਾ ਗਿਆ।

ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿਚ ਜੋਗਾ ਸਿੰਘ ਦੀ ਹਾਲਤ ਗੰਭੀਰ ਬਣੀ ਹੋਈ ਸੀ, ਜਿਸ ਕਾਰਨ ਉਹ ਘਟਨਾ ਵਾਲੇ ਦਿਨ ਤੋਂ ਹੀ ਨੀਮ ਬੇਹੋਸ਼ੀ ਦੀ ਹਾਲਤ 'ਚ ਸਨ। ਪੁਲਿਸ ਵੱਲੋਂ ਜੋਗਾ ਸਿੰਘ ਦੀ ਮੌਤ ਤੋਂ ਬਾਅਦ ਇਸ ਮਾਮਲੇ ਵਿਚ ਧਾਰਾ 302 ਦਾ ਵਾਧਾ ਕੀਤਾ ਜਾ ਰਿਹਾ ਹੈ।

ਦੁੱਖ ਦਾ ਪ੍ਰਗਟਾਵਾ

ਸ਼ਿਕਾਗੋ (ਬਿਊਰੋ): ਅਕਾਲੀ ਦਲ ਅੰਮ੍ਰਿਤਸਰ ਦੀ ਅਮਰੀਕਾ ਇਕਾਈ ਨੇ ਭਾਈ ਜੋਗਾ ਸਿੰਘ ਖਾਲਿਸਤਾਨੀ ਦੇ ਪਿਛਲੇ ਦਿਨੀਂ ਹੋਏ ਦੇਹਾਂਤ ਉਤੇ ਦੁੱਖ ਪ੍ਰਗਟਾਉਂਦਿਆਂ ਕਿਹਾ ਹੈ ਕਿ ਉਨ੍ਹਾਂ ਦੇ ਵਿਛੋੜੇ ਨਾਲ ਨਾ ਸਿਰਫ ਪਰਿਵਾਰ ਨੂੰ ਹੀ ਸਗੋਂ ਸਿੱਖ ਪੰਥ ਨੂੰ ਵੀ ਵੱਡਾ ਘਾਟਾ ਪਿਆ ਹੈ।

ਜਥੇਬੰਦੀ ਦੇ ਆਗੂਆਂ-ਬੂਟਾ ਸਿੰਘ ਖੜੌਦ, ਸੁਰਜੀਤ ਸਿੰਘ ਕੁਲਾਰ, ਰੇਸ਼ਮ ਸਿੰਘ, ਜੀਤ ਸਿੰਘ ਆਲੋਅਰਖ, ਰਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਗੁਰਦੇਵ ਸਿੰਘ ਮਾਨ, ਅਮਨਦੀਪ ਸਿੰਘ, ਪਰਮਜੀਤ ਸਿੰਘ, ਸੁਖਵਿੰਦਰ ਸਿੰਘ ਗਿੱਲ, ਜੋਗਾ ਸਿੰਘ, ਸਰਬਜੀਤ ਸਿੰਘ, ਲਖਬੀਰ ਸਿੰਘ ਕੰਗ ਅਤੇ ਦਲਬੀਰ ਸਿੰਘ ਚੀਮਾ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਜਿਸ ਦਿਨ ਭਾਈ ਜੋਗਾ ਸਿੰਘ ਨੂੰ ਕੁਝ ਈਰਖਾਲੂ ਲੋਕਾਂ ਨੇ ਬੰਗਾ ਨੇੜੇ ਟੱਕਰ ਮਾਰ ਕੇ ਮਾਰਨਾ ਚਾਹਿਆ, ਉਸ ਦਿਨ ਵੀ ਉਹ ਬੰਗਾ ਸ਼ਹਿਰ ਵਿਚ ਰੋਸ ਮੁਜਾਹਰੇ ਵਿਚ ਸ਼ਾਮਲ ਹੋਣ ਪਿਛੋਂ ਆਪਣੇ ਪਿੰਡ ਵਾਪਸ ਜਾ ਰਹੇ ਸਨ।

ਇਨ੍ਹਾਂ ਆਗੂਆਂ ਨੇ ਕਿਹਾ ਕਿ ਭਾਈ ਜੋਗਾ ਸਿੰਘ ਕੋਈ ਤਿੰਨ ਮਹੀਨੇ ਹਸਪਤਾਲ ਵਿਚ ਜ਼ੇਰੇ ਇਲਾਜ ਰਹੇ ਅਤੇ ਦੋਸ਼ੀਆਂ ਦੀ ਪਛਾਣ ਵੀ ਹੋ ਗਈ ਪਰ ਪੰਜਾਬ ਪ੍ਰਸ਼ਾਸਨ ਨੇ ਉਨ੍ਹਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ। ਇਸ ਤੋਂ ਜ਼ਾਹਰ ਹੈ ਕਿ ਇਸ ਪਿਛੇ ਕੋਈ ਸਾਜਿਸ਼ ਸੀ। ਜੋਗਾ ਸਿੰਘ ਦੇ ਪਰਿਵਾਰ ਨੇ ਕਿਹਾ ਹੈ ਕਿ ਜਦੋਂ ਤੱਕ ਦੋਸ਼ੀਆਂ ਵਿਰੁਧ ਕਾਰਵਾਈ ਨਹੀਂ ਹੁੰਦੀ, ਉਨੀ ਦੇਰ ਉਨ੍ਹਾਂ ਦਾ ਸਸਕਾਰ ਨਹੀਂ ਕੀਤਾ ਜਾਵੇਗਾ। ਅਕਾਲੀ ਦਲ ਅੰਮ੍ਰਿਤਸਰ ਉਨ੍ਹਾਂ ਦੇ ਇਸ ਫੈਸਲੇ ਦੀ ਹਮਾਇਤ ਕਰਦਾ ਹੈ।

Matrimonial

ਕੰਨਿਆ ਦੀ ਲੋੜ ਹੈ

Looking match for Saini Sikh boy, 25 years, 5'-11" Computer Engineer, completing higher studies in Canada. Girl from California preferred. Contact, Ph: 510-557-6988 or email: Raj@gfbontime.com 42-45

ਇੰਡੀਆ ਰਹਿੰਦੇ ਸੋਹਣੇ ਸੁਨੱਖੇ ਜੱਟ ਸਿੱਖ, ਸ਼ੇਰਗਿੱਲ, 32, 6'-2", ਮਕੈਨਿਕਲ ਡਿਪਲੋਮਾ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਚਾਹੀਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ, ਫੋਨ: 209-483-0629 39-42

Wanted suitable match for US born Ramgariah Sikh boy, 33 years, 5'-10", Sr. Financial Analyst. Contact: jsnov1973@aol.com 40/4

ਵਰ ਦੀ ਲੋੜ ਹੈ

Wanted well educated, well settled businessman Jatt Sikh boy for US Green Card holder Jatt Sikh Gill, 25, 5'-4.5" Registered nurse in India. Send photo & bio data: harpreetsingh9922@yahoo.com 39-41

Suitable match required for US Green Card holder Jatt Sikh Gill girl 25, 5'-5'' Registered nurse from India. Send bio-data and photo at Parmindersingh824@yahoo.com 39-42

US citizen boy sought for US citizen Jatt Sikh girl, 27 years, 5'-4", CPA. Tax Manager. Master's degree. Boy should be Jatt Sikh well-educated, with a good job, Preferably from SF Bay Area. Contact: saabks500@gmail.com 39-42

Jatt Sikh Boy, 29 Year, 5'-11", looking Girl for Marriage in USA. He is Canadian Citizen and USA Green Card Holder, Well Settled in USA. Contact, Ph: 317-603-1000 or 317-979-4740, Email: jagbirsandhu86@yahoo.com 42-45

ਦੂਜੀ ਸੰਸਾਰ ਜੰਗ ਵੇਲੇ ਦੇ 11 ਬੰਬ ਬਰਾਮਦ

ਅੰਮ੍ਰਿਤਸਰ: ਦੂਜੀ ਵਿਸ਼ਵ ਜੰਗ ਵਿਚ ਵਰਤੇ ਜਾਣ ਵਾਲੇ 11 ਬੰਬ ਛੇਹਰਟਾ ਰੇਲਵੇ ਲਾਈਨਾਂ ਨੇੜਿਉਂ ਮਿਲੇ ਹਨ, ਜਿਨ੍ਹਾਂ ਨੂੰ ਰੇਲਵੇ ਪੁਲਿਸ ਵੱਲੋਂ ਸੈਨਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਮਿਲੇ ਵੇਰਵਿਆਂ ਅਨੁਸਾਰ ਛੇਹਰਟਾ ਨੇੜੇ ਪੈਂਦੀ ਸੰਧੂ ਕਾਲੋਨੀ ਦੇ ਪਿਛਲੇ ਪਾਸੇ ਜਿਥੋਂ ਅੰਮ੍ਰਿਤਸਰ-ਅਟਾਰੀ ਰੇਲਵੇ ਲਾਈਨਾਂ ਦੀ ਕਰਾਸਿੰਗ ਹੈ, ਇਕ ਫਟੀ ਪੁਰਾਣੀ ਬੋਰੀ 'ਚ ਪਏ ਬੰਬਾਂ ਦੀ ਪੁਲਿਸ ਨੂੰ ਸੂਚਨਾ ਮਿਲੀ। ਇਹ ਬੰਬ ਜੰਗ ਲੱਗੇ ਤੇ ਖਸਤਾ ਹਾਲਤ 'ਚ ਹਨ।

ਮੁਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਇਹ ਬੰਬ ਕਾਫੀ ਪੁਰਾਣੇ ਹਨ ਤੇ ਦੂਜੀ ਵਿਸ਼ਵ ਜੰਗ ਵਿਚ ਵਰਤੇ ਜਾਣ ਵਾਲੇ ਬੰਬਾਂ 'ਚ ਸ਼ੁਮਾਰ ਹੁੰਦੇ ਸਨ, ਜਿਨ੍ਹਾਂ ਦੀ ਉਸ ਵੇਲੇ ਵਰਤੋਂ ਇਮਾਰਤਾਂ ਢਾਹੁਣ ਲਈ ਕੀਤੀ ਜਾਂਦੀ ਸੀ। ਇਹ ਬੰਬ ਆਰਮੀ ਡਿਸਪੋਸਲ ਕਮੇਟੀ ਦੇ ਹਵਾਲੇ ਕਰ ਦਿੱਤੇ ਗਏ ਹਨ। ਦੱਸਣਯੋਗ ਹੈ ਕਿ ਸ਼ਹਿਰ 'ਚ ਪੁਰਾਣੇ ਬੰਬ ਮਿਲਣ ਦੀ ਇਹ ਥੋੜੇ ਸਮੇਂ 'ਚ ਵਾਪਰੀ ਤੀਜ਼ੀ ਘਟਨਾ ਹੈ, ਇਸ ਤੋਂ ਪਹਿਲਾਂ ਛਾਉਣੀ ਖੇਤਰ ਤੇ ਤਾਰਾਂ ਵਾਲਾ ਪੁਲ ਨੇੜਿਉਂ ਵੀ ਬੰਬ ਬਰਾਮਦ ਕੀਤੇ ਗਏ ਸਨ।

Freeway Travel Inc

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ

Call Raju

Tel: 773-973-0200

Fax: 773-973-0557

2542 W Devon Ave. Chicago IL 60659

KHALSA USA INC.

ਡਰਾਈਵਰ ਅਤੇ ਓਨਰ ਆਪਰੇਟਰ ਚਾਹੀਦੇ ਹਨ

Wanted Drivers & Owner Operators

From Midwest to all 48 states, Tanker, Dry, Reefer & Flat Beds.

ਕਾਲ ਕਰੋ: 708-986-4155

847-477-9968

or e-mail: khalsausa55@gmail.com

ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ। ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ:

ਸੰਨੀ, ਫੋਨ: 608-630-0287 41-43

INDIAN BAZAAR

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।

ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ

Ph: 317-534-5151, 916-524-0045

ਸਰਜੀਕਲ ਕਾਰਵਾਈ ਪਿੱਛੋਂ ਭਾਰਤੀ ਸਿਆਸਤ ਵਿਚ ਖਿੱਚੋਤਾਣ

ਨਵੀਂ ਦਿੱਲੀ: ਮਕਬੂਜ਼ਾ ਕਸ਼ਮੀਰ ਵਿਚ ਭਾਰਤੀ ਫੌਜ ਵੱਲੋਂ ਦਹਿਸ਼ਤੀ ਠਿਕਾਣਿਆਂ ਖਿਲਾਫ ਕੀਤੀ ਸਰਜੀਕਲ ਕਾਰਵਾਈ ਨੂੰ ਲੈ ਕੇ ਸਿਆਸਤ ਭਖ ਗਈ ਹੈ। ਵਿਰੋਧੀ ਧਿਰਾਂ ਮੋਦੀ ਸਰਕਾਰ ਵੱਲੋਂ ਆਪਣੀ ਪਿੱਠ ਥਾਪੜਨ ਲਈ ਕੀਤੀ ਜਾ ਬਿਆਨਬਾਜ਼ੀ 'ਤੇ ਸਵਾਲ ਚੁੱਕ ਰਹੀਆਂ ਹਨ। ਇਸ ਤੋਂ ਇਲਾਵਾ ਇਸ ਫੌਜੀ ਕਾਰਵਾਈ ਨੂੰ ਵੀ ਕਈ ਸਿਆਸੀ ਧਿਰਾਂ ਸ਼ੱਕ ਦੀ ਨਿਗ੍ਹਾ ਨਾਲ ਵੇਖਦੇ ਹੋਏ ਕਾਰਵਾਈ ਦੀ ਵੀਡੀਓ ਜਾਰੀ ਕਰਨ ਦੀ ਮੰਗ ਕਰ ਰਹੀ ਹਨ। ਦੂਜੇ ਪਾਸੇ ਸੱਤਾਧਾਰੀ ਭਾਜਪਾ ਇਸ ਸ਼ੱਕ ਨੂੰ ਫੌਜ ਦਾ ਅਪਮਾਨ ਆਖ ਕੇ ਪੱਲਾ ਝਾੜਨ 'ਚ ਲੱਗੀ ਹੋਈ ਹੈ। ਇਹ ਵੀ ਚਰਚਾ ਹੈ ਕਿ ਭਾਜਪਾ ਇਸ ਫੌਜੀ ਕਾਰਵਾਈ ਰਾਹੀਂ ਕੁਝ ਸੂਬਿਆਂ ਦੀਆਂ ਅਗਲੇ ਵਰ੍ਹੇ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਲਾਹਾ ਲੈਣ ਦੀ ਤਿਆਰੀ ਕਰ ਰਹੀ ਹੈ। ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਪਹਿਲਾਂ ਸਰਜੀਕਲ ਸਟ੍ਰਾਈਕਸ ਦੀ ਖੁੱਲ੍ਹ ਕੇ ਹਮਾਇਤ ਕੀਤੀ, ਪਰ ਦੋ ਦਿਨਾਂ ਬਾਅਦ ਅਜਿਹੀ ਕਾਰਵਾਈ ਬਾਰੇ ਦਾਅਵੇ ਦਰੁਸਤ ਹੋਣ ਦੇ ਸਬੂਤ ਮੰਗਣੇ ਸ਼ੁਰੂ ਕਰ ਦਿੱਤੇ।

ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਤਾਂ ਪ੍ਰਧਾਨ ਮੰਤਰੀ ਉਤੇ 'ਜਵਾਨਾਂ ਦੇ ਖੂਨ ਦੀ ਦਲਾਲੀ' ਕਰਨ ਅਤੇ 'ਫੌਜੀ ਜਵਾਨਾਂ ਦੇ ਪਿੱਛੇ ਛੁਪ ਕੇ ਰਾਜਨੀਤੀ ਚਮਕਾਉਣ' ਵਰਗੇ ਦੋਸ਼ ਲਾ ਕੇ ਇਸ ਨੂੰ ਨਵੇਂ ਸਿਰਿਉਂ ਭਖਾ ਦਿੱਤਾ ਹੈ। ਪੰਜਾਬ ਵਿਚ ਵੀ ਸਰਹੱਦੀ ਇਲਾਕਿਆਂ ਨੂੰ ਖਾਲੀ ਕਰਵਾਏ ਜਾਣ ਦੇ ਮਾਮਲੇ 'ਤੇ ਰਾਜਨੀਤਕ ਪਾਰਟੀਆਂ, ਖਾਸ ਕਰ ਕੇ ਕਾਂਗਰਸ ਤੇ ਅਕਾਲੀ ਦਲ ਦਰਮਿਆਨ ਲਫਜ਼ੀ ਜੰਗ ਚੱਲ ਰਹੀ ਹੈ।

ਪਾਕਿਸਤਾਨੀ ਮੀਡੀਆ 'ਤੇ ਛਾਏ ਕੇਜਰੀਵਾਲ

ਨਵੀਂ ਦਿੱਲੀ: ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) 'ਚ ਭਾਰਤੀ ਫੌਜ ਵੱਲੋਂ ਕੀਤੇ ਗਏ ਸਰਜੀਕਲ ਸਟ੍ਰਾਈਕ ਨੂੰ ਲੈ ਕੇ ਪਾਕਿਸਤਾਨ ਵੱਲੋਂ ਕੀਤੇ ਜਾ ਰਹੇ ਇਨਕਾਰ 'ਤੇ ਮੋਦੀ ਨੂੰ ਜਵਾਬ ਦੇਣ ਦੀ ਸਲਾਹ ਦੇਣ ਕਰ ਕੇ ਅਰਵਿੰਦ ਕੇਜਰੀਵਾਲ ਪਾਕਿਸਤਾਨੀ ਮੀਡੀਆ ਦੀਆਂ ਸੁਰਖੀਆਂ 'ਚ ਹਨ। 'ਦ ਟ੍ਰਿਬਿਊਨ' ਨੇ ਆਪਣੀ ਰਿਪੋਰਟ 'ਚ ਲਿਖਿਆ ਕਿ ਦਿੱਲੀ ਦੇ ਮੁੱਖ ਮੰਤਰੀ ਨੇ ਮਹੱਤਵਪੂਰਨ ਮੁੱਦਾ ਚੁੱਕਿਆ ਹੈ। ਉਥੇ ਹੀ 'ਸਮਾ ਟੀਵੀ' ਨੇ ਕਿਹਾ ਕਿ ਹੁਣ ਭਾਰਤ ਦੇ ਲੀਡਰ ਹੀ ਮੋਦੀ ਸਰਕਾਰ ਤੋਂ ਜਵਾਬ ਮੰਗਣ ਲੱਗੇ ਹਨ। ਇਸ ਦੇ ਨਾਲ ਹੀ ਭਾਜਪਾ ਲੀਡਰ ਰਵੀਸ਼ੰਕਰ ਪ੍ਰਸਾਦ ਨੇ ਕੇਜਰੀਵਾਲ ਦੇ ਬਿਆਨ 'ਤੇ ਸਵਾਲ ਚੁੱਕਦੇ ਹੋਏ ਕਿਹਾ, "ਕੇਜਰੀਵਾਲ ਨੂੰ ਫੌਜ ਦੇ ਸਰਜੀਕਲ ਸਟ੍ਰਾਈਕ ਕਰਨ ਦੀ ਬਹਾਦਰੀ 'ਤੇ ਭਰੋਸਾ ਹੈ ਜਾਂ ਨਹੀਂ?" ਇੰਟਰਨੈਸ਼ਨਲ ਮੀਡੀਆ ਵੱਲੋਂ ਭਾਰਤ ਦੇ ਦਾਅਵੇ 'ਤੇ ਸਵਾਲ ਚੁੱਕਣ ਮਗਰੋਂ ਹੁਣ ਸਰਹੱਦ ਦੇ ਦੋਵੇਂ ਪਾਸੇ ਦੇ ਲੀਡਰਾਂ ਨੇ ਸਰਜੀਕਲ ਸਟ੍ਰਾਈਕ 'ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ ਹਨ।

ਅਮਰਿੰਦਰ ਤੇ ਕੇਜਰੀਵਾਲ ਨੇ ਸੈਨਿਕਾਂ ਵਿਰੁੱਧ ਘਿਨਾਉਣਾ ਜੁਰਮ ਕੀਤਾ: ਬਾਦਲ

ਚੰਡੀਗੜ੍ਹ: ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਤੇ ਅਰਵਿੰਦ ਕੇਜਰੀਵਾਲ ਨੂੰ ਰਣਨੀਤਕ ਸੁਰੱਖਿਆ ਮਾਮਲਿਆਂ ਦੇ ਫੈਸਲੇ 'ਤੇ ਸਿਆਸਤ ਨਹੀਂ ਖੇਡਣੀ ਚਾਹੀਦੀ। ਕੈਪਟਨ ਅਮਰਿੰਦਰ ਸਿੰਘ ਅਤੇ ਅਰਵਿੰਦ ਕੇਜਰੀਵਾਲ ਨੇ ਭਾਰਤੀ ਫ਼ੌਜ ਦੀ ਸਮਰੱਥਾ ਤੇ ਇਰਾਦੇ ਨੂੰ ਦੁਨੀਆਂ ਦੀਆਂ ਨਜ਼ਰਾਂ ਵਿਚ ਸ਼ੱਕੀ ਬਣਾਇਆ ਹੈ। ਸ. ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਤੇ ਕਾਂਗਰਸ ਸਰਹੱਦੀ ਪੱਟੀ ਤੋਂ ਆਮ ਲੋਕਾਂ ਨੂੰ ਉਠਾਉਣ ਦੇ ਮਾਮਲੇ 'ਤੇ ਲੋਕ ਮਨਾਂ ਵਿਚ ਭੰਬਲਭੂਸਾ ਪੈਦਾ ਕਰ ਰਹੇ ਹਨ।

ਸਰਹੱਦੀ ਲੋਕਾਂ ਨੂੰ ਉਠਾਉਣ ਦੀ ਲੋੜ ਨਹੀਂ ਸੀ: ਕੈਪਟਨ

ਚੰਡੀਗੜ੍ਹ: ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਘਰ ਵਾਪਸ ਜਾਣ ਦੇ ਦਿੱਤੇ ਗਏ ਹੁਕਮਾਂ ਨੇ ਉਨ੍ਹਾਂ ਦੇ ਇਸ ਸਟੈਂਡ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਸਰਹੱਦ 'ਤੇ ਵਸੇ ਲੋਕਾਂ ਨੂੰ ਉਠਾਉਣ ਦੀ ਕੋਈ ਲੋੜ ਨਹੀਂ ਸੀ। ਸਰਹੱਦੀ ਲੋਕਾਂ ਨੂੰ ਇਨ੍ਹਾਂ ਹੁਕਮਾਂ ਕਾਰਨ ਜੋ ਨੁਕਸਾਨ ਝੱਲਣਾ ਪਿਆ ਹੈ, ਉਸ ਦੀ ਭਰਪਾਈ ਰਾਜ ਸਰਕਾਰ ਨੂੰ ਕਰਨੀ ਚਾਹੀਦੀ ਹੈ। ਲੋਕਾਂ ਨੂੰ ਉਠਾਉਣ ਦਾ ਫੈਸਲਾ ਜੰਗ ਦਾ ਹਊਆ ਖੜ੍ਹਾ ਕਰਨ ਲਈ ਕੀਤਾ ਗਿਆ ਸੀ, ਪਰ ਇਹ ਫੈਸਲਾ ਪੁੱਠਾ ਪੈਣਾ ਸ਼ੁਰੂ ਹੋ ਗਿਆ।

ਭਾਰਤ-ਪਾਕਿ ਸੀਮਾ 2018 ਤੱਕ

ਸੀਲ ਹੋਵੇਗੀ ਸੀਲ, ਜੈਸਲਮੇਰ: ਸਾਲ-2018 ਤੱਕ ਭਾਰਤ-ਪਾਕਿਸਤਾਨ ਸਰਹੱਦ ਸੀਲ ਕਰ ਦਿੱਤੀ ਜਾਵੇਗੀ। ਸਰਹੱਦ 'ਤੇ ਬਾਰਡਰ ਸਕਿਓਰਿਟੀ ਗਰਿੱਡ ਬਣਾਈ ਜਾਵੇਗੀ ਅਤੇ ਲਗਾਤਾਰ ਇਸ ਦੀ ਨਿਗਰਾਨੀ ਕੀਤੀ ਜਾਵੇਗੀ। ਬਾਰਡਰ ਸਕਿਓਰਿਟੀ ਗਰਿੱਡ ਦੀ ਹਰ ਪੱਧਰ 'ਤੇ ਨਿਗਰਾਨੀ ਹੋਵੇਗੀ ਅਤੇ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਉਪਰ ਕੰਮ ਕਰਨਾ ਹੋਵੇਗਾ। ਇਸ ਸਬੰਧੀ ਕੇਂਦਰੀ ਗ੍ਰਹਿ ਸਕੱਤਰ ਤੇ ਰਾਜਾਂ ਦੇ ਮੁੱਖ ਸਕੱਤਰਾਂ ਦੀ ਪੰਦਰਾਂ ਦਿਨਾਂ ਵਿਚ ਮੀਟਿੰਗ ਹੋਵੇਗੀ। ਸਰਹੱਦ ਸੀਲ ਕਰਨ ਵਿਚ ਉਚ ਪੱਧਰ ਦੀ ਤਕਨੀਕ ਦੀ ਵਰਤੋਂ ਵੀ ਕੀਤੀ ਜਾਵੇਗੀ।

'ਚਾਰ ਸਾਹਿਬਜ਼ਾਦੇ-2' ਨਵੰਬਰ ਵਿਚ ਹੋਵੇਗੀ ਰਿਲੀਜ਼

ਚੰਡੀਗੜ੍ਹ: ਬਾਲੀਵੁੱਡ ਦੇ ਪ੍ਰਸਿੱਧ ਨਿਰਮਾਤਾ ਨਿਰਦੇਸ਼ਕ ਹੈਰੀ ਬਵੇਜਾ ਦੇ ਨਿਰਦੇਸ਼ਨ ਹੇਠ ਨਵੀਂ ਆ ਰਹੀ ਐਨੀਮੇਸ਼ਨ ਫਿਲਮ 'ਚਾਰ ਸਾਹਿਬਜ਼ਾਦੇ 2-ਰਾਈਜ਼ ਆਫ਼ ਬੰਦਾ ਬਹਾਦਰ' ਹੁਣ 11 ਨਵੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਹੈਰੀ ਬਵੇਜਾ ਨੇ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਅਤੇ ਉਨ੍ਹਾਂ ਦੇ ਮੈਂਬਰਾਂ ਲਈ ਇਸ ਫਿਲਮ ਦਾ ਇਕ ਸਕਰੀਨਿੰਗ ਸ਼ੋਅ ਵਿਸ਼ੇਸ਼ ਤੌਰ 'ਤੇ ਕਰਵਾਇਆ ਗਿਆ। ਉਹ ਇਸ ਫਿਲਮ ਨੂੰ ਦਿਖਾ ਕੇ ਇਹ ਭਰੋਸਾ ਦਿਵਾਉਣਾ ਚਾਹੁੰਦੇ ਸਨ ਕਿ ਉਨ੍ਹਾਂ ਨੇ ਫਿਲਮ ਵਿਚ ਇਤਿਹਾਸ ਦਾ ਕੋਈ ਵੀ ਤੱਥ ਨਹੀਂ ਛੁਪਾਇਆ ਅਤੇ ਨਾ ਹੀ ਕੋਈ ਚੀਜ਼ ਇਸ ਫਿਲਮ ਦੀ ਕਹਾਣੀ ਵਿਚ ਜੋੜੀ ਗਈ ਹੈ। ਉਨ੍ਹਾਂ ਖੁਸ਼ੀ ਜ਼ਾਹਿਰ ਕੀਤੀ ਕਿ ਇਸ ਫਿਲਮ ਦੀ ਸਕਰੀਨਿੰਗ ਨੂੰ ਦੇਖਣ ਉਪਰੰਤ ਸਾਰਿਆਂ ਵੱਲੋਂ ਉਨ੍ਹਾਂ ਦੇ ਕਾਰਜ ਨੂੰ ਬਾਖੂਬੀ ਸਲਾਹਿਆ। ਹੈਰੀ ਬਵੇਜਾ ਨੇ ਕਿਹਾ ਕਿ ਇਹ ਫਿਲਮ ਦੇਸ਼ ਵਿਦੇਸ਼ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਦਰਸ਼ਕਾਂ ਦੇ ਸਨਮੁੱਖ ਪੇਸ਼ ਕੀਤੀ ਜਾਵੇਗੀ।

ਅਤਿਵਾਦ ਵਿਰੁਧ ਸੜਕਾਂ 'ਤੇ ਆਏ ਮਕਬੂਜ਼ਾ ਕਸ਼ਮੀਰ ਦੇ ਲੋਕ

ਨਵੀਂ ਦਿੱਲੀ: ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਅਤਿਵਾਦੀ ਕੈਂਪਾਂ ਤੋਂ ਪ੍ਰੇਸ਼ਾਨ ਸਥਾਨਕ ਲੋਕਾਂ ਦਾ ਗੁੱਸਾ ਪਾਕਿਸਤਾਨ ਸਰਕਾਰ ਅਤੇ ਉਥੋਂ ਦੀ ਫੌਜ ਦੇ ਨਾਲ-ਨਾਲ ਹੁਣ ਅਤਿਵਾਦੀਆਂ ਖਿਲਾਫ ਵੀ ਭੜਕ ਪਿਆ ਹੈ ਅਤੇ ਲੋਕ ਸੜਕਾਂ 'ਤੇ ਆ ਕੇ ਰੋਸ ਪ੍ਰਦਰਸ਼ਨ ਕਰਨ ਲੱਗ ਪਏ ਹਨ। ਗਿਲਗਿਤ, ਨੀਲਮ ਘਾਟੀ, ਕੋਟਲੀ, ਚਿਨਾਰੀ, ਮੁਜ਼ਫਰਾਬਾਦ, ਦਾਇਮਰ ਅਤੇ ਮੀਰਪੁਰ ਸਮੇਤ ਕਈ ਥਾਵਾਂ 'ਤੇ ਸਥਾਨਕ ਲੋਕ ਸੜਕਾਂ ਉਤੇ ਆ ਗਏ ਅਤੇ ਉਨ੍ਹਾਂ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤੇ। ਲੋਕਾਂ ਦਾ ਕਹਿਣਾ ਹੈ ਕਿ ਪਾਕਿਸਤਾਨੀ ਸਰਕਾਰ ਅਤਿਵਾਦੀਆਂ ਨੂੰ ਵੀ.ਵੀ.ਆਈ.ਪੀ. ਸਹੂਲਤਾਂ ਦੇ ਰਹੀ ਹੈ, ਪਰ ਉਨ੍ਹਾਂ ਦੀ ਜ਼ਿੰਦਗੀ ਨਰਕ ਬਣ ਗਈ ਹੈ।

ਲੋਕਾਂ ਦਾ ਕਹਿਣਾ ਹੈ ਕਿ ਸਕੂਲਾਂ ਵਿਚ ਬੱਚਿਆਂ ਨੂੰ ਅਤਿਵਾਦ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ। ਪ੍ਰਦਰਸ਼ਨ ਕਰ ਰਹੇ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਪ੍ਰਸ਼ਾਸਨ ਅਤਿਵਾਦੀ ਕੈਂਪਾਂ ਦਾ ਖਾਤਮਾ ਨਹੀਂ ਕਰਦਾ ਤਾਂ ਉਹ ਖੁਦ ਕਾਰਵਾਈ ਕਰਨਗੇ। ਇਥੇ ਦਾਇਮਰ, ਗਿਲਗਿਤ, ਬਸੀਨ ਅਤੇ ਕਈ ਹੋਰ ਇਲਾਕੇ ਅਜਿਹੇ ਹਨ ਜਿਥੇ ਅਤਿਵਾਦੀ ਕੈਂਪਾਂ ਦੀ ਮੌਜੂਦਗੀ ਕਾਰਨ ਆਮ ਲੋਕਾਂ 'ਤੇ ਮਨਾਹੀ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਪੋਟੇ ਪਾਬੰਦੀਸ਼ੁਦਾ ਸੰਗਠਨਾਂ ਅਤੇ ਅਤਿਵਾਦੀ ਕੈਂਪਾਂ ਨੂੰ ਖਾਣਾ, ਰਾਸ਼ਨ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਅਸੀਂ ਸਰਕਾਰ ਦੇ ਇਸ ਰਵੱਈਏ ਦੀ ਨਿਖੇਧੀ ਕਰਦੇ ਹਾਂ। ਉਨ੍ਹਾਂ ਦਾ ਕਹਿਣਾ ਹੈ ਕਿ ਅਤਿਵਾਦੀਆਂ ਨੂੰ ਪਨਾਹ ਦੇਣ ਨਾਲ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੋਵੇਗਾ।

ਜ਼ਿਕਰਯੋਗ ਹੈ ਕਿ ਹੁਣ ਤੱਕ ਪਾਕਿਸਤਾਨ ਵਿਸ਼ਵ ਦੇ ਬਾਕੀ ਦੇਸ਼ਾਂ ਕੋਲ ਅਤਿਵਾਦੀਆਂ ਨੂੰ ਪਨਾਹ ਦੇਣ ਅਤੇ ਭਾਰਤ ਵਿਰੋਧੀ ਗਤੀਵਿਧੀਆਂ ਲਈ ਆਪਣੀ ਜ਼ਮੀਨ ਦੀ ਵਰਤੋਂ ਕਰਨ ਦੇ ਦੋਸ਼ਾਂ ਤੋਂ ਇਨਕਾਰ ਕਰਦਾ ਰਿਹਾ ਹੈ ਅਤੇ ਖੁਦ ਨੂੰ ਅਤਿਵਾਦ ਤੋਂ ਪੀੜਤ ਦੇਸ਼ ਵਜੋਂ ਪੇਸ਼ ਕਰਦਾ ਰਿਹਾ ਹੈ। ਮਕਬੂਜ਼ਾ ਕਸ਼ਮੀਰ ਵਿਚ ਅਜਿਹੇ ਰੋਸ ਪ੍ਰਦਰਸ਼ਨ ਕੋਈ ਨਵੀਂ ਗੱਲ ਨਹੀਂ ਹਨ। ਇਸ ਤੋਂ ਪਹਿਲਾਂ ਵੀ ਲੋਕ ਪਾਕਿ ਫੌਜ ਦੀਆਂ ਵਧੀਕੀਆਂ ਅਤੇ ਸਰਕਾਰ ਖਿਲਾਫ ਪ੍ਰਦਰਸ਼ਨ ਕਰਦੀ ਰਹੀ ਹੈ। ਹਾਲ ਹੀ ਵਿਚ 2 ਅਕਤੂਬਰ ਨੂੰ ਵੀ ਮਕਬੂਜ਼ਾ ਕਸ਼ਮੀਰ ਦੇ ਕਈ ਇਲਾਕਿਆਂ ਵਿਚ ਵੀ ਅਤਿਵਾਦੀ ਕੈਂਪਾਂ ਖਿਲਾਫ ਲੋਕਾਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤੇ ਸਨ।

ਸ਼ਰੀਫ ਦੀ ਪਾਰਟੀ ਨੇ ਹਾਫਿਜ਼ 'ਤੇ ਚੁੱਕੇ ਸਵਾਲ

ਇਸਲਾਮਾਬਾਦ: ਕੌਮਾਂਤਰੀ ਪੱਧਰ ਉਤੇ ਦਹਿਸ਼ਤਵਾਦ ਨੂੰ ਲੈ ਕੇ ਪਾਕਿਸਤਾਨ ਦੀ ਹੋ ਰਹੀ ਅਲੋਚਨਾ ਕਾਰਨ ਨਵਾਜ਼ ਸ਼ਰੀਫ਼ ਸਰਕਾਰ ਬੁਰੀ ਤਰ੍ਹਾਂ ਘਿਰ ਗਈ ਹੈ। ਖਾਸ ਤੌਰ ਉਤੇ ਮੁੰਬਈ ਹਮਲੇ ਦੇ ਦੋਸ਼ੀ ਹਾਫ਼ਿਜ਼ ਸਈਦ ਖ਼ਿਲਾਫ਼ ਕਾਰਵਾਈ ਨਾ ਕਰਨ 'ਤੇ ਨਵਾਜ਼ ਦੀ ਪਾਰਟੀ ਹੀ ਉਨ੍ਹਾਂ ਦੀ ਅਲੋਚਨਾ ਕਰ ਰਹੀ ਹੈ। ਨਵਾਜ਼ ਦੀ ਪਾਰਟੀ ਪੀ.ਐਮ.ਐਲ.ਐਨ. ਦੇ ਸਾਂਸਦ ਰਾਣਾ ਮੁਹੰਮਦ ਅਫ਼ਜ਼ਲ ਨੇ ਕਿਹਾ ਕਿ ਹਾਫ਼ਿਜ਼ ਅਤੇ ਹੋਰ ਦਹਿਸ਼ਤਗਰਦਾਂ ਖਿਲਾਫ ਸਖਤ ਕਾਰਵਾਈ ਕਿਉਂ ਨਹੀਂ ਹੁੰਦੀ। ਉਨ੍ਹਾਂ ਆਖਿਆ ਕਿ ਹਾਫ਼ਿਜ਼ ਸਈਦ ਅਜਿਹੇ ਕਿਹੜੇ ਆਂਡੇ ਦਿੰਦਾ ਹੈ, ਜਿਸ ਕਾਰਨ ਅਸੀਂ ਉਸ ਨੂੰ ਪਾਲ ਕੇ ਰੱਖਿਆ ਹੈ। ਰਾਣਾ ਮੁਹੰਮਦ ਅਫ਼ਜ਼ਲ ਇਥੇ ਹੀ ਨਹੀਂ ਰੁਕੇ, ਉਨ੍ਹਾਂ ਆਖਿਆ ਕਿ ਪਾਕਿਸਤਾਨ ਦੀ ਵਿਦੇਸ਼ ਨੀਤੀ ਦਾ ਹਾਲ ਇਹ ਹੋ ਗਿਆ ਹੈ ਕਿ ਅਸੀਂ ਅੱਜ ਤੱਕ ਸਈਦ ਵਰਗੇ ਲੋਕਾਂ ਨੂੰ ਖਤਮ ਨਹੀਂ ਕਰ ਸਕੇ।

ਸਰਜੀਕਲ ਹਮਲੇ ਨੇ ਦਹਿਸ਼ਤੀ ਜਥੇਬੰਦੀ ਲਸ਼ਕਰ ਦਾ ਲੱਕ ਤੋੜਿਆ

ਨਵੀਂ ਦਿੱਲੀ: ਭਾਰਤੀ ਫੌਜ ਵੱਲੋਂ ਕੰਟਰੋਲ ਰੇਖਾ ਪਾਰ ਕੀਤੇ ਗਏ ਸਰਜੀਕਲ ਹਮਲਿਆਂ 'ਚ ਹਾਫ਼ਿਜ਼ ਸਈਦ ਦੀ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤੋਇਬਾ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਰੇਡੀਓ 'ਤੇ ਫੜੀ ਗਈ ਗੱਲਬਾਤ ਉਤੇ ਆਧਾਰਤ ਮੁਲਾਂਕਣ ਰਿਪੋਰਟਾਂ ਤੋਂ ਸੰਕੇਤ ਮਿਲੇ ਹਨ ਕਿ ਦਹਿਸ਼ਤੀ ਟਿਕਾਣਿਆਂ 'ਤੇ ਕੀਤੇ ਗਏ ਹਮਲਿਆਂ ਦੌਰਾਨ ਲਸ਼ਕਰ ਦੇ ਤਕਰੀਬਨ 20 ਦਹਿਸ਼ਤਗਰਦ ਹਲਾਕ ਹੋਏ ਹਨ।

ਭਾਰਤੀ ਫੌਜ ਦੀਆਂ ਫੀਲਡ ਇਕਾਈਆਂ ਤੋਂ ਮਿਲੀਆਂ ਮੁਲਾਂਕਣ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਪਾਬੰਦੀਸ਼ੁਦਾ ਦਹਿਸ਼ਤੀ ਜਥੇਬੰਦੀ ਲਸ਼ਕਰ ਨੂੰ ਆਪਣੇ ਮਕਬੂਜ਼ਾ ਕਸ਼ਮੀਰ ਵਿਚਲੇ ਡਡਨਿਆਲ ਕੈਂਪ 'ਚ ਭਾਰੀ ਨੁਕਸਾਨ ਸਹਿਣਾ ਪਿਆ ਹੈ। ਸੂਤਰਾਂ ਨੇ ਕਿਹਾ ਕਿ ਫੌਜੀ ਡਿਵੀਜ਼ਨ ਦੀਆਂ ਪੰਜ ਟੀਮਾਂ ਨੂੰ ਕੈਲ ਜਾਂ ਕੇਲ ਅਤੇ ਡਡਨਿਆਲ 'ਚ ਦਹਿਸ਼ਤੀ ਗੁੱਟਾਂ ਦੇ ਕੈਂਪਾਂ ਨੂੰ ਤਬਾਹ ਕਰਨ ਲਈ ਭੇਜਿਆ ਗਿਆ ਸੀ।

28 ਅਤੇ 29 ਸਤੰਬਰ ਦੀ ਦਰਮਿਆਨੀ ਰਾਤ ਨੂੰ ਕੀਤੇ ਗਏ ਹਮਲੇ 'ਚ ਭਾਰਤੀ ਫੌਜ ਨੇ ਕੰਟਰੋਲ ਰੇਖਾ ਤੋਂ 700 ਮੀਟਰ ਅੰਦਰ ਪਾਕਿਸਤਾਨੀ ਚੌਕੀ ਦੀ ਨਿਗਰਾਨੀ ਹੇਠ ਪੈਂਦੇ ਚਾਰ ਦਹਿਸ਼ਤੀ ਕੈਂਪਾਂ ਨੂੰ ਨਸ਼ਟ ਕਰ ਦਿੱਤਾ ਸੀ। ਰਿਪੋਰਟਾਂ ਮੁਤਾਬਕ ਜਦੋਂ ਹਮਲਾ ਹੋਇਆ ਤਾਂ ਦਹਿਸ਼ਤਗਰਦ ਪਾਕਿਸਤਾਨੀ ਚੌਕੀ ਵੱਲ ਭੱਜਦੇ ਦੇਖੇ ਗਏ, ਪਰ ਉਨ੍ਹਾਂ ਨੂੰ ਭਾਰਤੀ ਜਵਾਨਾਂ ਨੇ ਪਹਿਲਾਂ ਹੀ ਮਾਰ ਮੁਕਾਇਆ।

ਸੂਤਰਾਂ ਨੇ ਕਿਹਾ ਕਿ ਪਾਕਿਸਤਾਨੀ ਫੌਜ ਦੇ ਫੜੇ ਗਏ ਵਾਇਰਲੈੱਸ ਸੁਨੇਹਿਆਂ ਤੋਂ ਸੰਕੇਤ ਮਿਲੇ ਕਿ ਚਾਰ ਕੈਂਪਾਂ 'ਤੇ ਹਮਲਿਆਂ ਦੌਰਾਨ ਲਸ਼ਕਰ ਦੇ ਘੱਟੋ ਘੱਟ 10 ਦਹਿਸ਼ਤਗਰਦ ਮਾਰੇ ਗਏ। ਸਵੇਰ ਹੋਣ ਤੱਕ ਪਾਕਿਸਤਾਨੀ ਫੌਜ ਦੇ ਵਾਹਨ ਘੁੰਮਦੇ ਰਹੇ ਅਤੇ ਸਾਰੀਆਂ ਲਾਸ਼ਾਂ ਨੂੰ ਟਿਕਾਣੇ ਲਾ ਦਿੱਤਾ ਗਿਆ। ਸੂਤਰਾਂ ਮੁਤਾਬਕ ਦਹਿਸ਼ਤਗਰਦਾਂ ਦੀਆਂ ਲਾਸ਼ਾਂ ਨੂੰ ਨੀਲਮ ਵਾਦੀ 'ਚ ਦਫਨਾਇਆ ਗਿਆ। ਦਹਿਸ਼ਤਗਰਦਾਂ ਨੂੰ ਇਸੇ ਤਰ੍ਹਾਂ ਦਾ ਝਟਕਾ ਬਲੋਨੀ ਇਲਾਕੇ 'ਚ ਦਿੱਤਾ ਗਿਆ ਜਿਥੇ ਲਸ਼ਕਰ ਦੇ 9 ਦਹਿਸ਼ਤਗਰਦ ਮਾਰੇ ਗਏ। ਸੂਤਰਾਂ ਨੇ ਕਿਹਾ ਕਿ ਇਸੇ ਸੈਕਟਰ ਵਿਚ ਪਾਕਿਸਤਾਨ ਦੇ ਦੋ ਫੌਜੀ ਹਲਾਕ ਹੋਏ ਸਨ। ਇਸ ਦੌਰਾਨ ਚੌਕੀ 'ਤੇ ਜਿਹੜੇ ਸੁਨੇਹੇ ਫੜੇ ਜਾ ਰਹੇ ਸਨ, ਉਹ ਵੀ ਬੰਦ ਹੋ ਗਏ। ਖੁਫ਼ੀਆ ਰਿਪੋਰਟਾਂ ਮੁਤਾਬਕ ਅਤਿਵਾਦੀ ਕਸ਼ਮੀਰ ਅਤੇ ਜੰਮੂ ਦੀਆਂ ਵੱਖ-ਵੱਖ ਥਾਵਾਂ 'ਤੇ ਸਰਹੱਦ ਵਿਚ ਦਾਖਲ ਹੋਣ ਲਈ ਮੌਕੇ ਦੀ ਉਡੀਕ ਵਿਚ ਸਨ।

2011 ਵਿਚ ਵੀ ਹੋਈ ਸੀ ਸਰਜੀਕਲ ਕਾਰਵਾਈ

ਨਵੀਂ ਦਿੱਲੀ: ਹਾਲ ਹੀ ਵਿਚ ਹੋਏ ਸਰਜੀਕਲ ਸਟ੍ਰਾਈਕ ਤੋਂ ਬਾਅਦ ਖਬਰ ਆਈ ਹੈ ਕਿ 2011 'ਚ ਵੀ ਫੌਜ ਨੇ ਐਲ.ਓ. ਸੀ. ਪਾਰ ਕਰ ਕੇ ਸਰਜੀਕਲ ਸਟ੍ਰਾਈਕ ਕੀਤਾ ਸੀ। 'ਦਾ ਹਿੰਦੂ' ਅਖਬਾਰ ਵਿਚ ਛਪੀ ਖਬਰ ਅਨੁਸਾਰ ਉਸ ਸਰਜੀਕਲ ਸਟ੍ਰਾਈਕ ਨੂੰ 'ਅਪਰੇਸ਼ਨ ਜਿੰਜਰ' ਦਾ ਨਾਮ ਦਿੱਤਾ ਗਿਆ ਸੀ। ਭਾਰਤੀ ਫੌਜ ਦੀਆਂ ਤਿੰਨ ਟੁਕੜੀਆਂ ਅਪਰੇਸ਼ਨ ਲਈ ਗਈਆਂ ਸਨ। ਦੋ ਵਾਰ ਸਰਜੀਕਲ ਸਟ੍ਰਾਈਕ ਹੋਇਆ ਸੀ, ਜਿਸ 'ਚ ਲਗਭਗ 13 ਜਵਾਨਾਂ ਦੀ ਜਾਨ ਗਈ ਸੀ। ਇਨ੍ਹਾਂ ਵਿਚੋਂ ਪੰਜ ਜਵਾਨਾਂ ਦੇ ਸਿਰ ਵੀ ਕੱਟੇ ਗਏ ਸਨ। ਦੋਵਾਂ ਦੇਸ਼ਾਂ ਦੀ ਫੌਜ ਇਕ ਦੂਸਰੇ ਦੇ ਜਵਾਨਾਂ ਦੇ ਸਿਰ ਕੱਟ ਕੇ ਟਰਾਫੀ ਵਾਂਗ ਲੈ ਕੇ ਗਈ ਸੀ। ਖਬਰ ਅਨੁਸਾਰ ਪਾਕਿਸਤਾਨੀ ਫੌਜ ਦੋ ਸਿਰ ਕੱਟ ਕੇ ਲੈ ਗਈ ਸੀ, ਜਿਸ ਦੇ ਬਦਲੇ ਵਿਚ ਭਾਰਤੀ ਜਵਾਨ ਤਿੰਨ ਸਿਰ ਕੱਟ ਕੇ ਲਿਆਏ ਸਨ। 'ਦਾ ਹਿੰਦੂ' ਨੂੰ ਅਪਰੇਸ਼ਨ ਜਿੰਜਰ ਦੇ ਕਈ ਸਬੂਤ ਮਿਲੇ ਹਨ ਜਦਕਿ ਉਸ ਵੇਲੇ ਦੇ ਮੇਜਰ ਜਨਰਲ (ਰਿਟਾ.) ਐਸ.ਕੇ. ਚਕਰਵਰਤੀ, ਜਿਨ੍ਹਾਂ ਇਸ ਅਪਰੇਸ਼ਨ ਨੂੰ ਕੀਤਾ ਸੀ, ਨੇ ਵੀ ਗੱਲਬਾਤ 'ਚ ਇਹ ਗੱਲ ਕਬੂਲੀ ਹੈ। ਉਹ ਕੁਪਵਾੜਾ ਦੇ 28ਵੇਂ ਡਵੀਜਨ ਦੇ ਮੁਖੀ ਸਨ, ਹਾਲਾਂਕਿ ਉਨ੍ਹਾਂ ਇਸ ਮਾਮਲੇ 'ਚ ਜ਼ਿਆਦਾ ਜਾਣਕਾਰੀ ਨਹੀਂ ਦਿੱਤੀ

ਬਣੀ ਖੀਰ 'ਤੇ ਖੇਹ ਧੂੜਨ ਦੀ ਮਾਹਰ ਹੈ ਭਾਰਤੀ ਰਾਜਨੀਤੀ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਤੀਹ ਕੁ ਸਾਲ ਪਹਿਲਾਂ ਜਦੋਂ ਭਾਰਤੀ ਫੌਜ ਲਈ ਬੋਫੋਰਜ਼ ਕੰਪਨੀ ਦੀਆਂ ਹਾਵਿਟਜ਼ਰ ਤੋਪਾਂ ਖਰੀਦੀਆਂ ਤਾਂ ਭਾਰਤ ਦੀ ਰਾਜਨੀਤੀ ਵਿਚ ਇੱਕ ਭੁਚਾਲ ਜਿਹਾ ਆ ਗਿਆ ਸੀ। ਦੋਸ਼ ਇਹ ਲੱਗਦਾ ਸੀ ਕਿ ਤੋਪ ਸੌਦੇ ਦੀ ਦਲਾਲੀ ਦਾ ਪੈਸਾ ਜਿਨ੍ਹਾਂ ਲੋਕਾਂ ਕੋਲ ਗਿਆ, ਉਨ੍ਹਾਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਨਾਂ ਵੀ ਸ਼ਾਮਲ ਹੈ। ਫਿਰ ਇਸ ਰੌਲੇ 'ਚ ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰਾਂ ਨੇ ਅਸਤੀਫੇ ਦੇਣੇ ਸ਼ੁਰੂ ਕਰ ਦਿੱਤੇ। ਅਗਲੀ ਚੋਣ ਮੌਕੇ ਰਾਜੀਵ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਬੁਰੀ ਤਰ੍ਹਾਂ ਹਾਰ ਗਈ।

ਬਾਅਦ ਵਿਚ ਇਹ ਕੇਸ ਭਾਵੇਂ ਰੁਲ ਕੇ ਰਹਿ ਗਿਆ, ਪਰ ਇਸ ਵਿਵਾਦ ਦੌਰਾਨ ਇੱਕ ਸੀਨੀਅਰ ਪੱਤਰਕਾਰ ਦੀ ਟਿੱਪਣੀ ਬੜੀ ਮਜ਼ੇਦਾਰ ਸੀ। ਉਦੋਂ ਦੂਰਦਰਸ਼ਨ ਇੱਕੋ ਟੀ ਵੀ ਚੈਨਲ ਹੁੰਦਾ ਸੀ ਤੇ ਉਸ ਦੇ ਇੱਕ ਪ੍ਰੋਗਰਾਮ ਵਿਚ ਉਸ ਪੱਤਰਕਾਰ ਤੋਂ ਪੁੱਛਿਆ ਗਿਆ ਕਿ ਇਸ ਤੋਪ ਦੀ ਸਭ ਤੋਂ ਵੱਡੀ ਖੂਬੀ ਕੀ ਹੈ? ਜਵਾਬ ਵਿਚ ਉਸ ਨੇ ਹੱਸ ਕੇ ਕਿਹਾ ਸੀ, 'ਇਹ ਤੋਪ ਦੁਸ਼ਮਣ ਵੱਲ ਗੋਲੇ ਸੁੱਟਣ ਤੋਂ ਪਹਿਲਾਂ ਖਰੀਦਣ ਵਾਲੇ ਦਾ ਘਰ ਢਾਹ ਸਕਦੀ ਹੈ, ਓਨਾ ਅੱਗੇ ਨੂੰ ਨਹੀਂ, ਜਿੰਨਾ ਪਿੱਛੇ ਨੂੰ ਮਾਰ ਕਰਦੀ ਹੈ'। ਉਦੋਂ ਆਖੀ ਗਈ ਉਸ ਸੀਨੀਅਰ ਪੱਤਰਕਾਰ ਦੀ ਗੱਲ ਅੱਜ ਦੇ ਮਾਹੌਲ ਵਿਚ ਵੀ ਲਾਗੂ ਹੁੰਦੀ ਹੈ, ਕਿਉਂਕਿ ਇਹ ਗੱਲ ਉਸ ਤੋਪ ਬਾਰੇ ਹੀ ਨਹੀਂ, ਭਾਰਤ ਦੀ ਉਸ ਸਮੁੱਚੀ ਰਾਜਨੀਤੀ ਉਤੇ ਪੂਰੀ ਤਰ੍ਹਾਂ ਫਿੱਟ ਬੈਠਦੀ ਹੈ, ਜਿਸ ਵਿਚ ਹੋਰ ਕੋਈ ਗੁਣ ਬੇਸ਼ੱਕ ਨਾ ਹੋਣ, ਇੱਕ ਪੱਕਾ ਗੁਣ ਸਦਾ ਮੌਜੂਦ ਰਿਹਾ ਹੈ ਕਿ ਇਹ ਬਣੀ ਹੋਈ ਖੀਰ ਉਤੇ ਖੇਹ ਧੂੜ ਸਕਦੀ ਹੈ।

ਇਸ ਵਕਤ ਦਾ ਮਾਹੌਲ ਕੀ ਹੈ ਤੇ ਇਸ ਤੋਂ ਇੱਕ ਮਹੀਨਾ ਪਹਿਲਾਂ ਦਾ ਮਾਹੌਲ ਕੀ ਸੀ? ਇਹ ਵੇਖਣਾ ਬਣਦਾ ਹੈ। ਮਹੀਨਾ ਕੁ ਪਹਿਲਾਂ ਦੇਸ਼ ਦੇ ਲੋਕ ਇਸ ਗੱਲੋਂ ਦੁਖੀ ਸਨ ਕਿ ਪਾਕਿਸਤਾਨ ਦੇ ਹਮਲੇ ਵਧੀ ਜਾਂਦੇ ਹਨ ਤੇ ਭਾਰਤ ਸਰਕਾਰ ਇਸ ਦਾ ਮੁਕਾਬਲਾ ਕਰਨ ਵਿਚ ਨਿਤਾਣੀ ਸਾਬਤ ਹੋ ਰਹੀ ਹੈ। ਉੜੀ ਦੇ ਫੌਜੀ ਕੈਂਪ ਨੂੰ ਜਦੋਂ ਦਹਿਸ਼ਤਗਰਦਾਂ ਨੇ ਹਮਲੇ ਦਾ ਨਿਸ਼ਾਨਾ ਬਣਾਇਆ ਤਾਂ ਮੋਦੀ ਸਰਕਾਰ ਉਤੇ ਇਹ ਦਬਾਅ ਹੋਰ ਵੀ ਵਧ ਗਿਆ। ਫਿਰ ਇੱਕ ਦਿਨ ਇਹ ਖਬਰ ਆਈ ਕਿ ਭਾਰਤੀ ਫੌਜ ਦੇ ਕਮਾਂਡੋਆਂ ਨੇ ਅੱਧੀ ਰਾਤ ਬਾਅਦ ਕੰਟਰੋਲ ਰੇਖਾ ਟੱਪੀ ਤੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦੇ ਇਲਾਕੇ ਵਿਚ ਜਾ ਕੇ ਦਹਿਸ਼ਤਗਰਦਾਂ ਦੇ ਕੁਝ ਕੈਂਪ ਤਬਾਹ ਕਰਨ ਦੇ ਨਾਲ ਤਿੰਨ ਦਰਜਨ ਦੇ ਕਰੀਬ ਬੰਦੇ ਮਾਰੇ ਵੀ ਹਨ। ਇਸ ਖਬਰ ਨੂੰ ਝੂਠ ਕਹਿਣਾ ਬੇਵਕੂਫੀ ਜਾਪਦਾ ਹੈ। ਪਾਕਿਸਤਾਨੀ ਕਬਜ਼ੇ ਵਾਲੇ ਉਸ ਇਲਾਕੇ ਦੇ ਲੋਕ ਤਸਦੀਕ ਕਰਦੇ ਹਨ ਕਿ ਭਾਰਤੀ ਫੌਜ ਨੇ ਇਹ ਕਾਰਵਾਈ ਕੀਤੀ ਸੀ। ਉਸ ਦੇਸ਼ ਦੀ ਸਰਕਾਰ ਜਾਂ ਫੌਜ ਨਹੀਂ ਮੰਨਦੀ ਤਾਂ ਕੋਈ ਫਰਕ ਨਹੀਂ ਪੈਂਦਾ। ਉਂਜ ਉਸ ਦੇਸ਼ ਵਿਚ ਇਸ ਨਾਲ ਹੰਗਾਮਾ ਮੱਚਿਆ ਪਿਆ ਹੈ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਜਿੰਨੀ ਨਮੋਸ਼ੀ ਆਪਣੀ ਪਾਰਲੀਮੈਂਟ ਵਿਚ ਇਸ ਕਾਰਵਾਈ ਪਿੱਛੋਂ ਵੇਖਣੀ ਪਈ ਹੈ, ਕਦੇ ਵੇਖਣੀ ਨਹੀਂ ਸੀ ਪਈ।

ਸਾਰਾ ਕੁਝ ਠੀਕ ਹੋਣ ਪਿੱਛੋਂ ਇਹ ਮੁੱਦਾ ਫੌਜ ਤੱਕ ਸੀਮਤ ਰੱਖਣ ਦੀ ਥਾਂ ਭਾਰਤੀ ਰਾਜਨੀਤੀ ਨੇ ਇਦਾਂ ਦੇ ਛੱਜ ਵਿਚ ਪਾ ਕੇ ਛੱਟਿਆ ਹੈ ਕਿ ਸਾਰੀ ਖੇਹ ਆਪਣੇ ਉਤੇ ਪਵਾਉਣ ਤੁਰ ਪਈ ਹੈ।

ਪਹਿਲਾਂ ਤਾਂ ਨਰਿੰਦਰ ਮੋਦੀ ਸਰਕਾਰ ਨੂੰ ਇਸ ਦਾ ਸਿਹਰਾ ਲੈਣ ਦਾ ਢੰਗ ਨਹੀਂ ਆਇਆ। ਫੌਜੀ ਕਾਰਵਾਈ ਪਿੱਛੋਂ ਫੌਜ ਜਾਂ ਸਰਕਾਰ ਨੇ ਸਿੱਧਾ ਦਾਅਵਾ ਕਰਨ ਦੀ ਥਾਂ ਇਸ ਬਾਰੇ ਖਬਰ ਲੀਕ ਕਰਨ ਦਾ ਤਰੀਕਾ ਵਰਤਣ ਦੀ ਅਕਲ ਦਿਖਾਈ ਹੁੰਦੀ ਤਾਂ ਰੌਲਾ ਨਾ ਪੈਂਦਾ। ਜਦੋਂ ਇਸ ਬਾਰੇ ਸਵਾਲ ਪੁੱਛੇ ਜਾਂਦੇ ਤਾਂ ਮੁਸਕਰਾ ਕੇ ਟਿੱਪਣੀ ਕਰਨ ਤੋਂ ਨਾਂਹ ਕਰਨਾ ਵੀ ਕਈ ਕੁਝ ਕਹਿ ਜਾਂਦਾ ਹੈ। ਪਿਛਲੇ ਸਾਲ ਏਦਾਂ ਦਾ ਅਪਰੇਸ਼ਨ ਮਾਇਨਮਾਰ ਵਿਚ ਕਰਨ ਪਿੱਛੋਂ ਇੱਕ ਮੰਤਰੀ ਦੀ ਨਾਲਾਇਕੀ ਨੇ ਖੇਡ ਵਿਗਾੜ ਦਿੱਤੀ ਸੀ। ਉਸ ਤਜਰਬੇ ਤੋਂ ਵੀ ਅਕਲ ਨਹੀਂ ਸਿੱਖੀ। ਪ੍ਰਧਾਨ ਮੰਤਰੀ ਮੋਦੀ ਦੇ ਸਮੱਰਥਕਾਂ ਨੇ ਇਸ ਕਾਰਵਾਈ ਨੂੰ ਹੁਣ ਤੱਕ ਲੱਗ ਰਹੇ ਕਮਜ਼ੋਰੀ ਦੇ ਦੋਸ਼ਾਂ ਨੂੰ ਢੱਕਣ ਲਈ ਵਰਤਣਾ ਚਾਹਿਆ ਹੈ। ਵਿਰੋਧੀ ਧਿਰ ਦੇ ਕੁਝ ਸੂਝ ਸੱਖਣੇ ਆਗੂਆਂ ਨੇ ਵੀ ਕੁਚੱਜੀ ਬਿਆਨਬਾਜ਼ੀ ਕਰ ਕੇ ਆਪਣੇ ਆਪ ਨੂੰ ਫਸਾ ਲਿਆ। ਇਨ੍ਹਾਂ 'ਚ ਅਰਵਿੰਦ ਕੇਜਰੀਵਾਲ ਤੇ ਰਾਹੁਲ ਗਾਂਧੀ ਦਾ ਨਾਂ ਪ੍ਰਮੁੱਖਤਾ ਨਾਲ ਲਿਆ ਜਾ ਰਿਹਾ ਹੈ।

ਰਾਹੁਲ ਗਾਂਧੀ

ਕੇਜਰੀਵਾਲ ਨੇ ਪਹਿਲਾਂ ਇਸ ਸਰਜੀਕਲ ਸਟਰਾਈਕ ਦੀ ਹਮਾਇਤ ਕਰਨ ਮੌਕੇ ਨਰਿੰਦਰ ਮੋਦੀ ਲਈ ਸਲੂਟ ਕਰਨ ਤੱਕ ਦੀ ਉਹ ਹਰਕਤ ਕਰ ਦਿੱਤੀ, ਜਿਹੜੀ ਉਸ ਵੱਲੋਂ ਹਾਸੋਹੀਣੀ ਜਾਪਦੀ ਸੀ। ਨਾਲ ਇਹ ਗਲਤੀ ਕਰ ਲਈ ਕਿ ਸਰਕਾਰ ਨੂੰ ਇਸ ਕਾਰਵਾਈ ਦੇ ਸਬੂਤ ਪਾਕਿਸਤਾਨ ਨੂੰ ਪੇਸ਼ ਕਰਨ ਨੂੰ ਆਖ ਦਿੱਤਾ। ਏਹੋ ਜਿਹੀ ਕਾਰਵਾਈ ਦਾ ਸਬੂਤ ਦੇਣਾ ਜ਼ਰੂਰੀ ਨਹੀਂ ਹੁੰਦਾ। ਪਾਕਿਸਤਾਨ ਵਿਰੋਧੀ ਦੇਸ਼ ਹੈ, ਸੰਸਾਰ ਦੀ ਅਦਾਲਤ ਨਹੀਂ। ਭਾਰਤ ਵੱਲੋਂ ਹੁਣ ਤੱਕ ਦਿੱਤਾ ਕੋਈ ਵੀ ਸਬੂਤ ਉਸ ਨੇ ਨਹੀਂ ਮੰਨਿਆ। ਮੁੰਬਈ ਵਿਚ ਹੋਏ ਹਮਲੇ ਦੇ ਸਬੂਤ ਵੀ ਉਸ ਨੇ ਰੱਦ ਕਰ ਦਿੱਤੇ ਸਨ ਤੇ ਪਠਾਨਕੋਟ ਵਿਚ ਆਪਣੀ ਜਾਂਚ ਟੀਮ ਭੇਜਣ ਪਿੱਛੋਂ ਵੀ ਕੋਈ ਗੱਲ ਨਹੀਂ ਮੰਨੀ। ਕੇਜਰੀਵਾਲ ਦਾ ਸਬੂਤ ਪੇਸ਼ ਕਰਨ ਦੀ ਮੰਗ ਗਲਤ ਸੀ, ਪਰ ਇਸ ਨੂੰ ਲੈ ਕੇ ਭਾਜਪਾ ਤੇ ਅਕਾਲੀ ਆਗੂਆਂ ਨੇ ਜਿਵੇਂ ਉਸ ਨੂੰ 'ਪਾਕਿਸਤਾਨ ਦਾ ਏਜੰਟ' ਕਹਿ ਕੇ ਭੰਡਿਆ ਹੈ, ਉਹ ਵੀ ਸਿਰੇ ਦੀ ਸਿਆਸੀ ਬੇਹੂਦਗੀ ਸੀ।



ਨਵਾਜ਼ ਸ਼ਰੀਫ

ਦੂਸਰਾ ਆਗੂ ਰਾਹੁਲ ਗਾਂਧੀ ਹੈ। ਉਸ ਨੂੰ ਆਗੂ ਆਖਣਾ ਹੀ ਠੀਕ ਨਹੀਂ। ਵਿਚਾਰਾ ਆਪਣੇ ਨਾਲ ਲੱਗੇ ਸਲਾਹਾਂ ਦੇਣ ਵਾਲਿਆਂ ਦੇ ਦੱਸੇ ਟੋਟਕੇ ਬੋਲਦਾ ਹੈ ਤੇ ਹਰ ਵਾਰ ਫਸ ਜਾਂਦਾ ਹੈ। ਆਪ ਉਹ ਸੋਚਣ ਜੋਗਾ ਨਹੀਂ। ਬਹੁਤ ਚੰਗੀ ਗੱਲ ਇਹ ਕੀਤੀ ਕਿ ਫੌਜੀ ਕਾਰਵਾਈ ਦਾ ਸਵਾਗਤ ਕੀਤਾ, ਭਾਵੇਂ ਨਾਲ ਇਹ ਗੱਲ ਕਹਿ ਦਿੱਤੀ ਕਿ ਪ੍ਰਧਾਨ ਮੰਤਰੀ ਵਜੋਂ ਢਾਈ ਸਾਲਾਂ ਵਿਚ ਪਹਿਲੀ ਵਾਰ ਨਰਿੰਦਰ ਮੋਦੀ ਨੇ ਕੋਈ ਸਵਾਗਤਯੋਗ ਕੰਮ ਕੀਤਾ ਹੈ। ਇਸ ਦਾ ਵੀ ਕਿਸੇ ਨੇ ਬੁਰਾ ਨਹੀਂ ਸੀ ਮਨਾਇਆ, ਪਰ ਜਦੋਂ ਤਿੰਨ ਦਿਨ ਬਾਅਦ ਉਸ ਨੇ ਭਾਜਪਾ ਆਗੂਆਂ ਤੇ ਪ੍ਰਧਾਨ ਮੰਤਰੀ ਨੂੰ ਇਸ ਕਾਰਵਾਈ ਦਾ ਸਿਹਰਾ ਲੈਂਦੇ ਵੇਖ ਕੇ ਇਹ ਟਿੱਪਣੀ ਕਰ ਦਿੱਤੀ ਕਿ ਫੌਜੀ ਸ਼ਹੀਦਾਂ ਦੇ ਖੂਨ ਦੀ ਦਲਾਲੀ ਕੀਤੀ ਜਾ ਰਹੀ ਹੈ, ਇਸ ਨਾਲ ਉਹ ਬੁਰੀ ਤਰ੍ਹਾਂ ਫਸ ਗਿਆ। ਬਾਅਦ ਵਿਚ ਇਸ ਦੀ ਸਫਾਈ ਦੇਣੀ ਪਈ ਹੈ। ਭਾਜਪਾ ਆਗੂ ਇਸ ਸਫਾਈ ਨਾਲ ਤਸੱਲੀ ਕਰ ਜਾਂਦੇ ਤਾਂ ਦੇਸ਼ ਇੱਕ ਵਿਵਾਦ ਤੋਂ ਬਚ ਸਕਦਾ ਸੀ, ਪਰ ਵਿਵਾਦ ਤੋਂ ਦੇਸ਼ ਨੂੰ ਬਚਾਉਣ ਨਾਲੋਂ ਵੱਧ ਅਹਿਮ ਉਨ੍ਹਾਂ ਲਈ ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਹੋਣ ਕਰ ਕੇ ਉਹ ਵੀ ਮੁੱਦਾ ਨਹੀਂ ਛੱਡ ਰਹੇ। ਕਾਂਗਰਸੀ ਆਗੂ ਸੰਜੇ ਨਿਰੂਪਮ ਤੇ ਕੁਝ ਹੋਰਾਂ ਨੇ ਵੀ ਇਸ ਮਾਮਲੇ ਨੂੰ ਇਹੋ ਜਿਹੀ ਤੂਲ ਦਿੱਤੀ ਕਿ ਹੁਣ ਉਲਝਣ ਵਿਚੋਂ ਨਿਕਲਣ ਦਾ ਰਾਹ ਉਨ੍ਹਾਂ ਨੂੰ ਨਹੀਂ ਲੱਭਦਾ। ਇਸ ਚੱਕਰ ਵਿਚ ਨੁਕਸਾਨ ਅਸਲ ਵਿਚ ਭਾਰਤ ਦਾ ਹੋ ਰਿਹਾ ਹੈ।

ਅੱਜ ਦੀ ਘੜੀ ਜਿਹੜੀ ਗੱਲ ਨੋਟ ਕਰਨ ਵਾਲੀ ਹੈ, ਉਹ ਇਹ ਹੈ ਕਿ ਪਾਕਿਸਤਾਨ ਵਿਚ ਦਹਿਸ਼ਤਗਰਦੀ ਵਿਰੁੱਧ ਪਹਿਲੀ ਵਾਰੀ ਆਵਾਜ਼ ਉਠੀ ਹੈ ਤੇ ਇਹ ਆਵਾਜ਼ ਵਿਰੋਧੀ ਧਿਰ ਨੇ ਵੀ ਉਠਾਈ ਹੈ ਤੇ ਰਾਜ ਕਰਦੀ ਧਿਰ ਦੇ ਮੈਂਬਰਾਂ ਨੇ ਵੀ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਪਾਰਲੀਮੈਂਟ ਦੇ ਸਾਂਝੇ ਸਮਾਗਮ ਵਿਚ ਭਾਰਤ ਦੇ ਖਿਲਾਫ ਪੂਰਾ ਤਵਾ ਲਾਇਆ, ਕਿਉਂਕਿ ਫੌਜੀ ਕਮਾਂਡਰਾਂ ਤੇ ਖੁਫੀਆ ਏਜੰਸੀ ਆਈ ਐਸ ਆਈ ਵੱਲੋਂ ਇਹੋ ਹਦਾਇਤ ਸੀ। ਦਹਿਸ਼ਤਗਰਦੀ ਤੋਂ ਆਪਣਾ ਪੱਲਾ ਛੁਡਾਉਣ ਲਈ ਉਸ ਨੇ ਪੁਰਾਣਾ ਰਾਗ ਗਾਇਆ ਕਿ ਕਿਸੇ ਦਾ ਪਿੱਛਾ ਪਾਕਿਸਤਾਨ ਦਾ ਵੀ ਹੋਵੇ ਤਾਂ ਉਹ ਲੋਕ ਸਾਡੇ ਨਹੀਂ, ਉਹ 'ਨਾਨ-ਸਟੇਟ ਐਕਟਰ' (ਸਰਕਾਰ ਦੀ ਮਰਜ਼ੀ ਤੋਂ ਬਗੈਰ ਚੱਲਦੇ ਲੋਕ) ਹਨ, ਉਨ੍ਹਾ ਦੀ ਅਸੀਂ ਜ਼ਿੰਮੇਵਾਰੀ ਨਹੀਂ ਲੈ ਸਕਦੇ। ਜਦੋਂ ਬਹਿਸ ਦਾ ਮੌਕਾ ਆਇਆ ਤਾਂ ਪਾਰਲੀਮੈਂਟ ਦੇ ਸਾਂਝੇ ਸਮਾਗਮ ਵਿਚ ਵਿਰੋਧੀ ਧਿਰ ਦੇ ਆਗੂ ਐਤਜ਼ਾਜ਼ ਅਹਿਸਨ ਨੇ ਕਹਿ ਦਿੱਤਾ ਕਿ "ਇਹ 'ਨਾਨ-ਸਟੇਟ ਐਕਟਰ' ਜੇ ਤੁਹਾਡੇ ਕੁਝ ਲੱਗਦੇ ਨਹੀਂ ਤਾਂ ਫਿਰ ਪਾਕਿਸਤਾਨ ਵਿਚ ਖੁੱਲ੍ਹੇ ਕਿਵੇਂ ਤੁਰੇ ਫਿਰਦੇ ਹਨ? ਸਾਰੀ ਦੁਨੀਆਂ ਸਾਨੂੰ ਮਿਹਣੇ ਦੇਂਦੀ ਹੈ।" ਇਸ ਤੋਂ ਵੱਧ ਕੌੜੀ ਬੋਲੀ ਵਿਚ ਗ੍ਰਹਿ ਮਾਮਲਿਆਂ ਦੀ ਪਾਰਲੀਮੈਂਟਰੀ ਕਮੇਟੀ ਸਾਹਮਣੇ ਉਥੋਂ ਦੀ ਹਾਕਮ ਪਾਰਟੀ ਦਾ ਪਾਰਲੀਮੈਂਟ ਮੈਂਬਰ ਰਾਣਾ ਅਫਜ਼ਲ ਬੋਲਿਆ ਤੇ ਸਿੱਧੇ ਲਫਜ਼ਾਂ ਵਿਚ ਪੁੱਛਿਆ: 'ਇਹ ਹਾਫਿਜ਼ ਸਈਦ ਇਥੇ ਕਿਹੜੇ ਆਂਡੇ ਦਿੰਦਾ ਹੈ, ਇਸ ਨੂੰ ਕਾਹਦੇ ਲਈ ਰੱਖਿਆ ਹੈ?' ਨਵਾਜ਼ ਸ਼ਰੀਫ ਉਤੇ ਏਡਾ ਹਮਲਾ ਪਹਿਲਾਂ ਕਦੇ ਨਹੀਂ ਸੀ ਹੋਇਆ।



ਅਰਵਿੰਦ ਕੇਜਰੀਵਾਲ

ਹਾਕਮ ਤੇ ਵਿਰੋਧੀ ਧਿਰ ਦੇ ਇਨ੍ਹਾਂ ਆਗੂਆਂ ਤੋਂ ਪਹਿਲਾਂ ਸਾਬਕਾ ਫੌਜੀ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਇਹ ਗੱਲ ਇਕ ਪਾਕਿਸਤਾਨੀ ਟੀ ਵੀ ਚੈਨਲ ਨੂੰ ਇੰਟਰਵਿਊ ਦੌਰਾਨ ਕਹਿ ਚੁੱਕਾ ਸੀ ਕਿ ਸਾਰੇ ਸੰਸਾਰ ਵਿਚ ਪਾਕਿਸਤਾਨ ਇਸ ਵੇਲੇ ਜਿੰਨੀ ਬੁਰੀ ਤਰ੍ਹਾਂ ਕੱਟਿਆ ਪਿਆ ਹੈ, ਓਨਾ ਪਹਿਲਾਂ ਕਦੀ ਨਹੀਂ ਸੀ। ਭਾਰਤੀ ਪ੍ਰਧਾਨ ਮੰਤਰੀ ਮੋਦੀ ਇਹੋ ਕਹਿੰਦਾ ਸੀ ਕਿ ਪਾਕਿਸਤਾਨ ਨੂੰ ਦੁਨੀਆਂ ਤੋਂ ਨਿਖੇੜ ਦੇਣਾ ਹੈ। ਹੁਣ ਨਿੱਖੜ ਗਿਆ ਹੈ।

ਇਹੋ ਜਿਹੀ ਪਾਰਲੀਮੈਂਟਰੀ ਬਹਿਸ ਮਗਰੋਂ ਸਲਾਹੁਦੀਨ, ਮਸੂਦ ਅਜ਼ਹਰ ਅਤੇ ਹਾਫਿਜ਼ ਸਈਦ ਵਰਗੇ ਸਾਰਿਆਂ ਦੇ ਦੰਦ ਜੁੜੇ ਹੋਏ ਹਨ। ਕੋਈ ਵੀ ਪਾਰਲੀਮੈਂਟਰੀ ਬਹਿਸ ਪਿੱਛੋਂ ਬੋਲਿਆ ਨਹੀਂ। ਕਾਰਨ ਸਾਫ ਹੈ ਕਿ ਇਹ 'ਨਾਨ-ਸਟੇਟ ਐਕਟਰ' ਨਹੀਂ, ਅਸਲ ਵਿਚ ਪਾਕਿਸਤਾਨ ਦੀ ਫੌਜ ਦੀਆਂ ਆਊਟ ਸੋਰਸਿੰਗ ਏਜੰਸੀਆਂ ਚਲਾਉਣ ਵਾਲੇ ਹਨ। ਜਿਸ ਕੰਮ ਲਈ ਫੌਜ ਆਪਣਾ ਚਿਹਰਾ ਲੁਕਾਉਣਾ ਚਾਹੁੰਦੀ ਹੈ, ਆਪਣਾ ਫੌਜੀ ਮਰਨ ਉਤੇ ਉਸ ਦੀ ਵਿਧਵਾ ਨੂੰ ਸਾਰੀ ਉਮਰ ਪੈਨਸ਼ਨ ਤੇ ਹੋਰ ਖਰਚੇ ਦੇਣ ਤੋਂ ਬਚਣਾ ਚਾਹੁੰਦੀ ਹੈ, ਉਹ ਕੰਮ ਹਾਫਿਜ਼ ਸਈਦ ਤੇ ਸਲਾਹੁਦੀਨ ਦੀ ਆਊਟ ਸੋਰਸਿੰਗ ਏਜੰਸੀ ਖੋਲ੍ਹ ਕੇ ਕਰਵਾਏ ਜਾਂਦੇ ਹਨ। ਪਾਰਲੀਮੈਂਟ 'ਚ ਜਦੋਂ ਵਿਰੋਧੀ ਧਿਰ ਦੇ ਆਗੂ ਵੀ ਪੈ ਗਏ ਤੇ ਹਾਕਮ ਧਿਰ ਦੇ ਇੱਕ ਮੈਂਬਰ ਨੇ ਵੀ ਹਾਫਿਜ਼ ਸਈਦ ਦੇ ਮੁੱਦੇ ਤੋਂ ਪਾਕਿਸਤਾਨ ਸਰਕਾਰ ਨਾਲ ਫੌਜ ਤੇ ਖੁਫੀਆ ਏਜੰਸੀ ਦੇ ਅਫਸਰਾਂ ਦੀ ਝੰਡ ਕਰਨ ਵਿਚ ਕਸਰ ਨਾ ਛੱਡੀ ਤਾਂ 'ਆਊਟ ਸੋਰਸਿੰਗ ਏਜੰਸੀ' ਵਾਲੇ ਮੂੰਹ ਬੰਦ ਹਨ।

ਭਾਰਤ ਲਈ ਇਹ ਸੁਖਾਵਾਂ ਮੌਕਾ ਸੀ ਕਿ ਉਹ ਸੰਸਾਰ ਨੂੰ ਦੱਸੇ ਕਿ ਜਿਨ੍ਹਾਂ ਬਾਰੇ ਅਸੀਂ ਕਹਿ ਰਹੇ ਸਾਂ, ਹੁਣ ਅੱਕੇ ਹੋਏ ਉਸ ਦੇਸ਼ ਦੇ ਵਿਰੋਧੀ ਧਿਰ ਤੇ ਹਾਕਮ ਪਾਰਟੀ ਦੇ ਲੋਕ ਵੀ ਕਹਿਣ ਲੱਗੇ ਹਨ। ਸਿੱਧਾ ਕੰਮ ਕਰਨ ਦੀ ਥਾਂ ਭਾਰਤੀ ਰਾਜਨੀਤੀ ਇੱਕ ਵਾਰ ਫਿਰ ਏਦਾਂ ਦੀ ਤੋਪ ਲੱਭਣ ਤੁਰ ਪਈ, ਜੋ ਦੁਸ਼ਮਣ ਵੱਲ ਗੋਲੇ ਦਾਗਣ ਤੋਂ ਵੱਧ ਆਪਣਾ ਘਰ ਢਾਹੁਣ ਦੇ ਕੰਮ ਆ ਸਕਦੀ ਹੋਵੇ। ਰਾਹੁਲ ਗਾਂਧੀ ਤੇ ਕੇਜਰੀਵਾਲ ਦੇ ਕੁਚੱਜੇ ਬਿਆਨਾਂ ਦੀ ਇੱਕ ਵਾਰ ਨਿੰਦਾ ਕਰ ਕੇ ਗੱਲ ਖਤਮ ਕੀਤੀ ਜਾ ਸਕਦੀ ਸੀ, ਪਰ ਪ੍ਰਧਾਨ ਮੰਤਰੀ ਮੋਦੀ ਅਤੇ ਉਸ ਦੇ ਸਾਥੀ ਇਸ ਮੁੱਦੇ ਬਾਰੇ ਏਦਾਂ ਦੀ ਖੱਪ ਪਾਈ ਜਾਂਦੇ ਹਨ, ਜਿਵੇਂ ਏਦਾਂ ਕਰਨ ਨਾਲ ਸਲਾਹੁਦੀਨ ਤੇ ਹਾਫਿਜ਼ ਸਈਦ ਦੇ ਗਿੱਟੇ ਸੇਕ ਰਹੇ ਹੋਣ। ਪਾਕਿਸਤਾਨੀ ਰਾਜਨੀਤੀ ਨੇ ਭਾਰਤ ਨੂੰ ਇੱਕ ਮੌਕਾ ਬਖਸ਼ਿਆ, ਪਰ ਭਾਰਤ ਦੀ ਰਾਜਨੀਤੀ ਵਰਤ ਨਹੀਂ ਸਕੀ, ਕਿਉਂਕਿ ਉਹ ਸਿਰਫ ਬਣੀ ਹੋਈ ਖੀਰ ਉਤੇ ਖੇਹ ਧੂੜਨ ਦਾ ਸਵਾਦ ਲੈਣ ਦੀ ਆਦੀ ਹੋ ਚੁੱਕੀ ਹੈ।

ਖੁਦ ਕਰਵਾਏ ਸਰਵੇਖਣ ਨੇ ਵਧਾਏ ਸ਼੍ਰੋਮਣੀ ਅਕਾਲੀ ਦਲ ਦੇ ਹੌਸਲੇ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਚੋਣਾਂ ਸਬੰਧੀ ਖੁਦ ਕਰਵਾਏ ਸਰਵੇਖਣ ਨਾਲ ਹੌਸਲੇ ਵਿਚ ਲੱਗਦਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੀਨੀਅਰ ਅਕਾਲੀ ਆਗੂਆਂ ਨਾਲ ਸਰਵੇਖਣ ਦੇ ਨੁਕਤੇ ਸਾਂਝੇ ਕਰਦਿਆਂ ਦਾਅਵਾ ਕੀਤਾ ਹੈ ਕਿ ਮਾਝੇ ਵਿਚ ਦਲ ਲਈ ਰਾਹਤ ਦੀ ਰਿਪੋਰਟ ਹੈ, ਪਰ ਦੁਆਬਾ ਕਾਂਗਰਸ ਦੀ ਪਕੜ ਵਿਚ ਹੈ। ਅਕਾਲੀ ਦਲ ਨੂੰ ਮਾਲਵਾ ਹੱਥੋਂ ਖਿਸਕਦਾ ਨਜ਼ਰ ਆ ਹੈ। ਉਥੇ ਆਮ ਆਦਮੀ ਪਾਰਟੀ (ਆਪ) ਵੱਲੋਂ ਅਕਾਲੀ ਦਲ ਅਤੇ ਕਾਂਗਰਸ ਦੇ ਵੋਟ ਬੈਂਕ ਨੂੰ ਖੋਰਾ ਲਾਉਣ ਦੀ ਗੱਲ ਕਹੀ ਜਾ ਰਹੀ ਹੈ।

ਅਕਾਲੀ ਦਲ ਮੁਤਾਬਕ ਮਾਲਵੇ ਦੇ 6 ਜ਼ਿਲ੍ਹਿਆਂ ਸੰਗਰੂਰ, ਬਰਨਾਲਾ, ਮਾਨਸਾ, ਬਠਿੰਡਾ, ਮੋਗਾ ਅਤੇ ਫਰੀਦਕੋਟ ਵਿਚ 'ਆਪ' ਦਾ ਹੋਰ ਪਾਰਟੀਆਂ ਦੇ ਮੁਕਾਬਲੇ ਜ਼ਿਆਦਾ ਆਧਾਰ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਨੇ ਸੱਤਾ 'ਤੇ ਕਬਜ਼ਾ ਕਾਇਮ ਰੱਖਣ ਲਈ ਰਾਖਵੀਆਂ ਸੀਟਾਂ ਉਤੇ ਧਿਆਨ ਕੇਂਦਰਤ ਕਰ ਦਿੱਤਾ ਹੈ। ਇਸ ਤਹਿਤ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਰਾਖਵੇਂ ਵਿਧਾਨ ਸਭਾ ਹਲਕਿਆਂ ਦੀ ਨਿਗਰਾਨੀ ਕਰਨ ਲਈ ਕਿਹਾ ਗਿਆ ਹੈ। ਹਾਕਮ ਪਾਰਟੀ ਨੂੰ ਲੱਗਦਾ ਹੈ ਕਿ ਰਾਖਵੇਂ ਹਲਕੇ ਚੋਣਾਂ 'ਚ ਉਸ ਨੂੰ ਕੁਝ ਸਹਾਰਾ ਦੇ ਸਕਦੇ ਹਨ। ਅਕਾਲੀ ਸੂਤਰਾਂ ਮੁਤਾਬਕ ਸੁਖਬੀਰ ਸਿੰਘ ਬਾਦਲ ਵੱਲੋਂ ਕਰਵਾਏ ਤਾਜ਼ਾ ਸਰਵੇਖਣ ਰਾਹੀਂ ਅਕਾਲੀ ਦਲ ਆਪਣੇ ਆਪ ਨੂੰ 'ਮੁਕਾਬਲੇ' ਵਿਚ ਮੰਨਣ ਲੱਗਾ ਹੈ। ਰਾਜ ਦਾ ਸਭ ਤੋਂ ਵੱਡਾ ਖੇਤਰ ਮਾਲਵਾ ਹੈ, ਜਿਥੇ 67 ਸੀਟਾਂ ਹਨ। ਅਕਾਲੀ ਦਲ ਖੁਦ ਮੰਨਦਾ ਹੈ ਕਿ ਇਸ ਖਿੱਤੇ ਦੇ ਸੰਗਰੂਰ, ਬਰਨਾਲਾ, ਮਾਨਸਾ, ਬਠਿੰਡਾ, ਮੋਗਾ ਅਤੇ ਫਰੀਦਕੋਟ ਵਿਚ ਹੀ 'ਆਪ' ਪੱਕੇ ਪੈਰੀਂ ਹੈ। ਸੂਤਰਾਂ ਮੁਤਾਬਕ ਇਹ ਤੱਥ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਰਵਾਏ ਗਏ ਇਕ ਸਰਵੇਖਣ 'ਚ ਸਾਹਮਣੇ ਆਏ ਹਨ ਜੋ ਸੀਨੀਅਰ ਆਗੂਆਂ ਦੇ ਸਾਹਮਣੇ ਰੱਖੇ ਗਏ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਇਨ੍ਹਾਂ ਤੱਥਾਂ ਦੀ ਪੁਸ਼ਟੀ ਕੀਤੀ ਹੈ।

ਹਾਕਮ ਧਿਰ ਨੂੰ ਰਾਖਵੀਆਂ ਸੀਟਾਂ ਦਾ ਸਹਾਰਾ

ਚੰਡੀਗੜ੍ਹ: ਹਾਕਮ ਧਿਰ ਨੂੰ ਰਾਖਵੀਆਂ ਸੀਟਾਂ ਦੇ ਸਹਾਰੇ ਸੱਤਾ 'ਤੇ ਕਬਜ਼ਾ ਬਣਾਈ ਰੱਖਣ ਦੀ ਉਮੀਦ ਹੈ। ਪੰਜਾਬ ਵਿਚ ਇਸ ਸਮੇਂ ਰਾਖਵੇਂ ਵਿਧਾਨ ਸਭਾ ਹਲਕਿਆਂ ਦੀ ਗਿਣਤੀ 34 ਹੈ। ਸ਼੍ਰੋਮਣੀ ਅਕਾਲੀ ਦਲ ਨੇ ਰਣਨੀਤੀ ਬਣਾਈ ਹੈ ਕਿ ਇਨ੍ਹਾਂ ਹਲਕਿਆਂ ਵਿਚੋਂ ਜ਼ਿਆਦਾ ਤੋਂ ਜ਼ਿਆਦਾ ਸੀਟਾਂ ਹਥਿਆਈਆਂ ਜਾਣ। ਅਕਾਲੀ ਆਗੂਆਂ ਦਾ ਇਹ ਵੀ ਮੰਨਣਾ ਹੈ ਕਿ ਹਾਕਮ ਧਿਰ ਦੇ ਉਮੀਦਵਾਰ ਹੋਰ ਪਾਰਟੀਆਂ ਦੇ ਮੁਕਾਬਲੇ ਚੋਣਾਂ ਵਿਚ ਪੈਸਾ ਵੀ ਜ਼ਿਆਦਾ ਖਰਚ ਕਰ ਸਕਦੇ ਹਨ।

ਹੁਣ ਸਰਕਾਰੀ ਰੂਟਾਂ 'ਤੇ ਬਾਦਲ ਦੀਆਂ ਬੱਸਾਂ

ਜਲੰਧਰ: ਪੰਜਾਬ ਦੇ ਸਭ ਤੋਂ ਵੱਡੇ ਟਰਾਂਸਪੋਰਟ ਵਜੋਂ ਜਾਣੇ ਜਾਂਦੇ ਬਾਦਲ ਪਰਿਵਾਰ ਉਤੇ ਇਕ ਵਾਰ ਫਿਰ ਆਪਣੀਆਂ ਬੱਸਾਂ ਨੂੰ ਮੁਨਾਫਾ ਦੇਣ ਦਾ ਇਲਜ਼ਾਮ ਲੱਗਿਆ ਹੈ। ਦਰਅਸਲ, ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਨੇ ਇਲਜ਼ਾਮ ਲਾਏ ਹਨ ਕਿ ਬਾਦਲ ਪਰਿਵਾਰ ਵੱਲੋਂ ਹਾਈ ਕੋਰਟ ਦੇ ਹੁਕਮਾਂ ਨੂੰ ਨਜ਼ਰਅੰਦਾਜ਼ ਕਰ ਆਪਣੀਆਂ ਪ੍ਰਾਈਵੇਟ ਬੱਸਾਂ ਦਾ ਟਾਈਮ ਵਧਾ ਦਿੱਤਾ ਗਿਆ ਹੈ, ਜਦਕਿ ਸਰਕਾਰੀ ਬੱਸਾਂ ਦਾ ਟਾਈਮ ਘਟਾਇਆ ਗਿਆ ਹੈ। ਪੰਜਾਬ ਰੋਡਵੇਜ਼ ਮੁਲਾਜ਼ਮ ਸਾਂਝੀ ਐਕਸ਼ਨ ਕਮੇਟੀ ਦੇ ਪ੍ਰਧਾਨ ਮੰਗਤ ਖਾਨ ਨੇ ਕਿਹਾ ਕਿ ਜੂਨ ਵਿਚ ਬਾਦਲ ਪਰਿਵਾਰ ਨੇ ਹੁਸ਼ਿਆਰਪੁਰ ਵਿਚ ਰਾਜਧਾਨੀ ਤੇ ਆਜ਼ਾਦ ਟਰਾਂਸਪੋਰਟ ਖਰੀਦੀ ਸੀ। ਇਨ੍ਹਾਂ ਕੰਪਨੀਆਂ ਨੂੰ ਫਾਇਦਾ ਦੇਣ ਲਈ ਜੁਲਾਈ ਦੇ ਪਹਿਲੇ ਹਫਤੇ ਹੀ ਪ੍ਰਾਈਵੇਟ ਬੱਸਾਂ ਦੇ ਰੂਟ ਵਧਾ ਦਿੱਤੇ ਗਏ। ਸਰਕਾਰੀ ਬੱਸਾਂ ਦਾ ਟਾਈਮ ਘਟ ਕਰ ਦਿੱਤਾ ਗਿਆ ਤੇ ਪ੍ਰਾਈਵੇਟ ਬੱਸਾਂ ਦਾ ਟਾਈਮ 7 ਤੋਂ 13 ਮਿੰਟ ਕਰ ਦਿੱਤਾ ਗਿਆ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 24 ਜੁਲਾਈ, 2015 ਨੂੰ ਫੈਸਲਾ ਦਿੰਦੇ ਹੋਏ ਸਰਕਾਰੀ ਰੂਟ ਪ੍ਰਾਈਵੇਟ ਬੱਸਾਂ ਨੂੰ ਦੇਣ 'ਤੇ ਰੋਕ ਲਾ ਦਿੱਤੀ ਸੀ। ਇਸ ਦੇ ਬਾਵਜੂਦ ਵੀ ਸਰਕਾਰ ਨੇ ਅਜਿਹਾ ਕੀਤਾ ਹੈ। ਸਰਕਾਰ ਦੇ ਇਸ ਫੈਸਲੇ ਨਾਲ ਪ੍ਰਾਈਵੇਟ ਕੰਪਨੀਆਂ ਨੂੰ ਕਰੋੜਾਂ ਦਾ ਮੁਨਾਫਾ ਹੋ ਰਿਹਾ ਹੈ, ਜਦਕਿ ਸਰਕਾਰੀ ਟਰਾਂਸਪੋਰਟ ਘਾਟੇ ਵਿਚ ਜਾ ਰਿਹਾ ਹੈ। ਪੰਜਾਬ ਵਿਚ ਧਾਰਮਿਕ ਯਾਤਰਾ 'ਤੇ ਸਰਕਾਰੀ ਬੱਸਾਂ ਨੂੰ ਭੇਜਣ ਦਾ ਵੀ ਪ੍ਰਾਈਵੇਟ ਬੱਸਾਂ ਨੂੰ ਫਾਇਦਾ ਹੋ ਰਿਹਾ ਹੈ ਕਿਉਂਕਿ ਜੋ ਬੱਸਾਂ ਯਾਤਰਾ 'ਤੇ ਜਾਂਦੀਆਂ ਹਨ, ਉਨ੍ਹਾਂ ਦੀ ਥਾਂ ਉਤੇ ਵੀ ਸਿਰਫ ਪ੍ਰਾਈਵੇਟ ਬੱਸਾਂ ਨੂੰ ਹੀ ਚਲਾਇਆ ਜਾ ਰਿਹਾ ਹੈ।

ਰੋਹਿਤ ਵੇਮੁਲਾ ਦੇ ਦਲਿਤ ਹੋਣ ਉਤੇ ਚੁੱਕੀ ਉਂਗਲ

ਨਵੀਂ ਦਿੱਲੀ: ਰੋਹਿਤ ਵੇਮੁਲਾ ਦੇ ਦਲਿਤ ਹੋਣ ਬਾਰੇ ਸਵਾਲ ਖੜ੍ਹੇ ਕਰਦਿਆਂ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਵੱਲੋਂ ਗਠਿਤ ਕਮਿਸ਼ਨ ਨੇ ਕਿਹਾ ਕਿ ਰਿਕਾਰਡ ਵਿਚ ਆਏ ਦਸਤਾਵੇਜ਼ਾਂ ਮੁਤਾਬਕ ਉਸ ਦੇ ਦਲਿਤ ਹੋਣ ਦੀ ਗੱਲ ਸਾਬਤ ਨਹੀਂ ਹੁੰਦੀ। ਕਮਿਸ਼ਨ ਨੇ ਹੈਦਰਾਬਾਦ ਯੂਨੀਵਰਸਿਟੀ ਦੇ ਇਸ ਖੋਜਾਰਥੀ ਦੀ ਖੁਦਕੁਸ਼ੀ ਲਈ ਵੀ ਨਿੱਜੀ ਕਾਰਨਾਂ ਨੂੰ ਜ਼ਿੰਮੇਵਾਰ ਦੱਸਿਆ।

ਪੰਜਾਬ ਟਾਈਮਜ਼

ਸਨਿਚਰਵਾਰ, 15 ਅਕਤੂਬਰ 2016

ਹਿੰਦੂਤਵਵਾਦੀਆਂ ਦਾ ਰੰਗ-ਢੰਗ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬਾਕਾਇਦਾ ਆਪਣੇ ਭਾਸ਼ਣ ਵਿਚ ਕਿਹਾ ਕਿ ਐਤਕੀਂ ਦਸਹਿਰਾ ਪਹਿਲਾਂ ਤਮਾਮ ਸਾਲਾਂ ਦੌਰਾਨ ਲੰਘੇ ਦਸਹਿਰਿਆਂ ਤੋਂ ਵੱਖਰਾ ਹੈ। ਉਨ੍ਹਾਂ ਦਾ ਸਿੱਧਾ ਇਸ਼ਾਰਾ ਉੜੀ (ਜੰਮੂ ਕਸ਼ਮੀਰ) ਵਿਚ ਦਹਿਸ਼ਤੀ ਹਮਲੇ ਤੋਂ ਬਾਅਦ ਭਾਰਤੀ ਫੌਜ ਵੱਲੋਂ ਮਕਬੂਜ਼ਾ ਕਸ਼ਮੀਰ ਵਿਚ ਕੀਤੀ ਸਰਜੀਕਲ ਕਾਰਵਾਈ ਤੋਂ ਸੀ। ਇਸ ਕਾਰਵਾਈ ਨੂੰ ਹਿੰਦੂਤਵੀ ਤਾਕਤਾਂ ਨੇ ਅੱਜ ਆਪਣੇ ਸੀਨੇ ਦਾ ਤਗਮਾ ਬਣਾਇਆ ਹੋਇਆ ਹੈ ਅਤੇ ਆਵਾਮ ਵਿਚ ਪਾੜਾ ਵਧਾਉਣ ਲਈ ਇਸ ਬਾਰੇ ਬਹੁਤ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਜ਼ਾਹਰ ਹੈ ਕਿ ਹਿੰਦੂਤਵੀ ਤਾਕਤਾਂ ਅੱਜ ਆਪਣੇ ਪੂਰੇ ਜਲੌਅ ਵਿਚ ਹਨ; ਦੇਸ਼ ਭਗਤੀ ਦਾ ਨਾਅਰਾ ਠਾਠਾਂ ਮਾਰ ਰਿਹਾ ਹੈ ਅਤੇ ਇਸ ਮਾਹੌਲ ਵਿਚ ਇਨ੍ਹਾਂ ਦੀ ਨੁਕਤਾਚੀਨੀ ਕਰਨ ਵਾਲਾ ਜਾਂ ਵਿਰੋਧੀ ਵਿਚਾਰ ਰੱਖਣ ਵਾਲਾ ਹਰ ਸ਼ਖਸ ਦੇਸ਼ ਵਿਰੋਧੀ ਗਰਦਾਨਿਆ ਜਾ ਰਿਹਾ ਹੈ। ਐਤਕੀਂ ਦਸਹਿਰੇ ਮੌਕੇ ਰਾਵਣ ਦੇ ਜਿਹੜੇ ਪੁਤਲੇ ਸਾੜੇ ਗਏ, ਉਨ੍ਹਾਂ ਉਤੇ ਪਾਕਿਸਤਾਨ ਜਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀਆਂ ਤਸਵੀਰਾਂ ਲਾਈਆਂ ਗਈਆਂ, ਭਾਵ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਉਪਰਲੇ ਪੱਧਰ ਉਤੇ ਜੰਗ ਵਾਲਾ ਮਾਹੌਲ ਸਿਰਜਣ ਦੇ ਯਤਨ ਕੀਤੇ ਗਏ। ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਲੱਖਾਂ ਲੋਕਾਂ ਨੂੰ ਕੁਝ ਘੰਟਿਆਂ ਵਿਚ ਹੀ ਘਰੋਂ ਉਜਾੜ ਦਿੱਤਾ ਗਿਆ। ਸਾਲ 2013 ਵਿਚ ਜਦੋਂ ਲੋਕ ਸਭਾ ਚੋਣਾਂ ਮੌਕੇ ਭਾਜਪਾ ਨੇ ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਉਮੀਦਵਾਰ ਬਣਾਇਆ ਸੀ ਤਾਂ ਪ੍ਰਸਿਧ ਲਿਖਾਰੀ ਤੇ ਕਾਰਕੁਨ ਅਰੁੰਧਤੀ ਰਾਏ ਨੇ ਇਸ ਨੂੰ ਮੁਲਕ ਦੀ 'ਤ੍ਰਾਸਦੀ' ਕਿਹਾ ਸੀ। ਹੁਣ ਮੁਲਕ ਅਤੇ ਦੇਸ਼ ਭਗਤੀ ਦੇ ਨਾਂ ਉਤੇ ਇਹ ਹਿੰਦੂਤਵੀ ਤਾਕਤਾਂ ਜੋ ਕੁਝ ਕਰ ਰਹੀਆਂ ਹਨ, ਉਸ ਤੋਂ ਸਾਫ ਜ਼ਾਹਰ ਹੋ ਰਿਹਾ ਹੈ ਕਿ ਉਸ ਵੇਲੇ ਅਰੁੰਧਤੀ ਰਾਏ ਵੱਲੋਂ ਪ੍ਰਗਟ ਕੀਤੇ ਵਿਚਾਰਾਂ ਦੇ ਅਰਥ ਕਿੰਨੇ ਡੂੰਘੇ ਸਨ!

ਕੋਈ ਵੀ ਸ਼ਾਂਤੀਪਸੰਦ ਬੰਦਾ ਕਸ਼ਮੀਰ ਵਿਚ ਦਹਿਸ਼ਤਪਸੰਦੀ ਦੇ ਹੱਕ ਵਿਚ ਨਹੀਂ ਭੁਗਤ ਸਕਦਾ, ਪਰ ਤਿੰਨ ਮਹੀਨਿਆਂ ਤੋਂ ਉਸ ਰਿਆਸਤ ਵਿਚ ਜੋ ਮਾਹੌਲ ਚੱਲ ਰਿਹਾ ਹੈ, ਉਸ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਦਸ ਜੁਲਾਈ ਨੂੰ ਹਿਜ਼ਬੁਲ ਮੁਜਾਹਿਦੀਨ ਦੇ ਕਮਾਂਡਰ ਬੁਰਹਾਨ ਵਾਨੀ ਦੀ ਮੌਤ ਤੋਂ ਬਾਅਦ ਕਸ਼ਮੀਰੀ ਲੋਕ ਸੜਕਾਂ ਉਤੇ ਆਏ ਹੋਏ ਹਨ। ਇਸ ਰਿਆਸਤ ਵਿਚ ਜਦੋਂ ਕਦੀ ਅਜਿਹੀ ਘਟਨਾ ਵਾਪਰਦੀ ਹੈ ਤਾਂ ਅਕਸਰ ਅਜਿਹੀ ਪ੍ਰਤੀਕ੍ਰਿਆ ਦੇਖਣ ਨੂੰ ਮਿਲਦੀ ਹੈ, ਪਰ ਐਤਕੀਂ ਇਹ ਪ੍ਰਤੀਕ੍ਰਿਆ ਪਹਿਲਾਂ ਨਾਲੋਂ ਉਕਾ ਹੀ ਵੱਖਰੀ ਸੀ। ਐਤਕੀਂ ਇਸ ਨੂੰ ਠੱਲ੍ਹ ਪੈਣ ਦੇ ਆਸਾਰ ਹੁਣ ਤਕ ਨਜ਼ਰ ਨਹੀਂ ਆ ਰਹੇ। ਕਸ਼ਮੀਰੀਆਂ ਦੀ ਨਵੀਂ ਪੀੜ੍ਹੀ ਕਿਸ ਕਦਰ ਬੇਗਾਨਗੀ ਦੀ ਸ਼ਿਕਾਰ ਹੈ ਤੇ ਬੇਜ਼ਾਰ ਹੈ, ਇਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਪਿਛਲੇ ਕਰੀਬ ਦੋ ਦਹਾਕਿਆਂ ਦੌਰਾਨ ਫੌਜ ਅਤੇ ਹੋਰ ਸੁਰੱਖਿਆ ਬਲਾਂ ਨੇ ਉਥੇ ਜੋ ਕਾਰਵਾਈਆਂ ਕੀਤੀਆਂ ਹਨ, ਉਸ ਤੋਂ ਅੱਕੇ ਲੋਕ ਹੁਣ ਕਰਫਿਊ ਦੇ ਬਾਵਜੂਦ ਸੜਕਾਂ ਉਤੇ ਨਿਕਲ ਕੇ ਛਾਤੀ ਗੋਲੀਆਂ ਅੱਗੇ ਡਾਹ ਰਹੇ ਹਨ। ਪੈਲੇਟ ਗੱਨਾਂ ਵਿਚੋਂ ਨਿਕਲਿਆ ਬਾਰੂਦ ਬੱਚਿਆਂ ਨੂੰ ਅੰਨ੍ਹੇ ਕਰ ਰਿਹਾ ਹੈ। ਇਹ ਕੋਈ ਸਾਧਾਰਨ ਹਾਲਾਤ ਨਹੀਂ ਹਨ, ਪਰ ਕੇਂਦਰ ਵਿਚ ਹਕੂਮਤ ਕਰ ਰਹੀ ਪਾਰਟੀ ਅਤੇ ਇਸ ਦੇ ਆਗੂ ਇਸ ਸਮੁੱਚੇ ਹਾਲਾਤ ਬਾਰੇ ਸੋਚਣ ਦੀ ਬਜਾਏ, ਬਲ ਦੀ ਵਰਤੋਂ ਕਰ ਕੇ ਹਾਲਾਤ ਨਾਲ ਨਜਿੱਠਣਾ ਚਾਹ ਰਹੇ ਹਨ; ਨਤੀਜਾ ਸਭ ਦੇ ਸਾਹਮਣੇ ਹੈ। ਆਪਣੇ ਹੀ ਲੋਕ ਪਹਿਲਾਂ ਨਾਲੋਂ ਹੋਰ ਦੂਰ ਜਾ ਰਹੇ ਹਨ। ਇਹ ਹਨ ਉਹ ਤੱਥ ਹਨ ਜੋ ਅੱਜ ਦੇ ਹਾਲਾਤ ਦੇ ਪਿਛੋਕੜ ਵਿਚ ਵਿਚਰ ਰਹੇ ਹਨ ਅਤੇ ਸੌੜੀ ਸਿਆਸਤ ਕਰ ਕੇ ਜਿਨ੍ਹਾਂ ਵੱਲ ਤਵੱਜੋ ਨਹੀਂ ਦਿੱਤੀ ਜਾ ਰਹੀ।

ਇਨ੍ਹਾਂ ਤੱਥਾਂ ਦੇ ਪਿਛੋਕੜ ਵਿਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਆਖੇ ਸ਼ਬਦਾਂ ਦੇ ਅਰਥ ਸਮਝ ਆਉਣ ਲਗਦੇ ਹਨ। ਸੱਚਮੁੱਚ ਐਤਕੀਂ ਦਸਹਿਰਾ ਪਹਿਲਾਂ ਲੰਘੇ ਦਸਹਿਰਿਆਂ ਤੋਂ ਵੱਖਰਾ ਹੈ; ਕਿਉਂਕਿ ਇਨ੍ਹਾਂ ਹਿੰਦੂਤਵੀ ਤਾਕਤਾਂ ਵੱਲੋਂ ਸ਼ਿਸ਼ਕੇਰੇ ਲੋਕਾਂ ਨੇ ਉਤਰ ਪ੍ਰਦੇਸ਼ ਵਿਚ ਮਸ਼ਹੂਰ ਅਦਾਕਾਰ ਨਵਾਜ਼ੂਦੀਨ ਸਿੱਦੀਕੀ ਨੂੰ ਰਾਮ ਲੀਲ੍ਹਾ ਵਿਚ ਅਦਾਕਾਰੀ ਕਰਨ ਤੋਂ ਰੋਕ ਦਿੱਤਾ; ਪਾਕਿਸਤਾਨੀ ਕਲਾਕਾਰਾਂ ਖਿਲਾਫ ਜੋ ਨਫਰਤੀ ਮੁਹਿੰਮ ਛੇੜੀ ਗਈ ਹੈ, ਉਸ ਦਾ ਤਾਂ ਕੋਈ ਅੰਤ ਹੀ ਨਹੀਂ ਹੈ। ਇਤਿਹਾਸ ਦੱਸਦਾ ਹੈ ਕਿ ਹਿੰਦੋਸਤਾਨ ਅਤੇ ਪਾਕਿਸਤਾਨ ਦਾ ਆਵਾਮ ਇਕ-ਦੂਜੇ ਦੇ ਹੋਰ ਨੇੜੇ ਆਉਣਾ ਚਾਹੁੰਦਾ ਹੈ। ਵੱਖ-ਵੱਖ ਸਮਿਆਂ ਦੌਰਾਨ ਅਜਿਹਾ ਪ੍ਰਤੱਖ ਰੂਪ ਵਿਚ ਦੇਖਣ ਨੂੰ ਵੀ ਮਿਲਦਾ ਰਿਹਾ ਹੈ, ਪਰ ਜਦੋਂ ਵੀ ਨਫਰਤ ਛੰਡ ਕੇ ਲੋਕ ਇਕ-ਦੂਜੇ ਦੇ ਨੇੜੇ ਆਉਂਦੇ ਹਨ, ਨਫਰਤ ਫੈਲਾਉਣ ਵਾਲੇ ਟੋਲੇ ਆਪਣੇ ਲਾਮ-ਲਸ਼ਕਰ ਸਮੇਤ ਹਾਜ਼ਰ ਹੋ ਜਾਂਦੇ ਹਨ। ਇਨ੍ਹਾਂ ਅਨਸਰਾਂ ਨੂੰ ਸਰਕਾਰੀ ਜਾਂ ਗੈਰ-ਸਰਕਾਰੀ ਪੱਧਰ ਉਤੇ ਪੂਰੀ ਹਵਾ ਦਿੱਤੀ ਜਾਂਦੀ ਹੈ ਅਤੇ ਸੰਜੀਦਾ ਲੋਕਾਂ ਵੱਲੋਂ ਮਿਹਨਤ ਨਾਲ ਕਮਾਈ ਸ਼ਾਂਤੀ ਪਲਾਂ-ਛਿਣਾਂ ਅੰਦਰ ਟੋਟੇ-ਟੋਟੇ ਕਰ ਦਿੱਤੀ ਜਾਂਦੀ ਹੈ। ਐਤਕੀਂ ਦਸਹਿਰੇ ਮੌਕੇ ਇਕ ਗੱਲ ਹੋਰ ਵੱਖਰੀ ਹੋਈ। ਨਾਗਪੁਰ ਵਿਚ ਉਚੇਚੇ ਸਮਾਗਮ ਦੌਰਾਨ ਆਰ.ਐਸ.ਐਸ. ਮੁਖੀ ਨੇ ਆਪਣਾ ਭਾਸ਼ਣ ਗੁਰੂ ਗੋਬਿੰਦ ਸਿੰਘ ਦੇ ਸ਼ਬਦ 'ਦੇਹ ਸਿਵਾ ਬਰੁ ਮੋਹਿ ਇਹੈ' ਨਾਲ ਸਮਾਪਤ ਕੀਤਾ। ਇਹੀ ਉਹ ਤ੍ਰਾਸਦੀ ਹੈ ਜਿਸ ਦਾ ਜ਼ਿਕਰ ਲਿਖਾਰੀ ਅਰੁੰਧਤੀ ਰਾਏ ਦੇ ਹਵਾਲੇ ਨਾਲ ਉਪਰ ਕੀਤਾ ਗਿਆ ਹੈ। ਇਹ ਇਕ ਭਾਈਚਾਰੇ ਨੂੰ ਨਿਖੇੜਨ ਅਤੇ ਦੂਜੇ ਨੂੰ ਪਲੋਸਣ ਦੀ ਕਹਾਣੀ ਹੈ। ਹਿੰਦੂਤਵਵਾਦੀਆਂ ਦੀ ਇਸ ਸੋਚ ਅਤੇ ਦਾਈਏ ਨੂੰ ਜਿੰਨੀ ਛੇਤੀ ਸਮਝ ਜਾਈਏ, ਉਤਨਾ ਹੀ ਬਿਹਤਰ ਹੈ; ਨਹੀਂ ਤਾਂ ਇਹ ਤਾਕਤਾਂ ਇੰਨੀ ਤੇਜ਼ੀ ਨਾਲ ਸਿਰ 'ਤੇ ਚੜ੍ਹੀਆਂ ਆ ਰਹੀਆਂ ਹਨ ਕਿ ਸੰਭਲਣ ਦਾ ਮੌਕਾ ਵੀ ਨਹੀਂ ਮਿਲਣਾ। ਇਸ ਵੇਲੇ ਮੁਲਕ ਵਿਸ਼ੇਸ਼ ਹਾਲਾਤ ਵਿਚੋਂ ਲੰਘ ਰਿਹਾ ਹੈ। ਸਭ ਸਿਆਸੀ ਧਿਰਾਂ ਤੇਜ਼ੀ ਨਾਲ ਰਸਾਤਲ ਵੱਲ ਜਾ ਰਹੀਆਂ ਹਨ ਅਤੇ ਖਾਲੀ ਹੋ ਰਹੀ ਸਪੇਸ ਹਿੰਦੂਤਵੀ ਤਾਕਤਾਂ ਉਸ ਤੋਂ ਕਿਤੇ ਵੱਧ ਤੇਜ਼ੀ ਨਾਲ ਮੱਲ ਰਹੀਆਂ ਹਨ। ਸੰਜੀਦਾ ਲੋਕਾਂ ਨੇ ਇਸ ਸਮੁੱਚੇ ਹਾਲਾਤ ਬਾਰੇ ਸਮਝ ਬਣਾ ਕੇ ਜੇ ਹੁਣ ਵੀ ਕੋਈ ਲਾਮਬੰਦੀ ਨਾ ਕੀਤੀ ਤਾਂ ਇਨ੍ਹਾਂ ਤਾਕਤਾਂ ਦੀ ਚੜ੍ਹ ਹੋਰ ਮੱਚੇਗੀ।

ਠਾਹ-ਸੋਟਾ

-ਚਾਚਾ ਬੇਲਿਹਾਜ਼

ਵਿਦੇਸ਼ 'ਚ ਵਿਰਾਸਤਾਂ?

ਰੱਖੇ ਮਾਣ ਔਲਾਦ ਨਾ 'ਬਾਹਰ' ਜਾ ਕੇ, ਮਿੱਲੀਆਂ ਵਿਰਸੇ ਦੇ ਨਾਲ ਸ਼ਰਾਫਤਾਂ ਦਾ।
ਹੁੰਦਾ ਭੋਰਾ ਵੀ ਅਸਰ ਨਾ ਬੱਚਿਆਂ 'ਤੇ, ਆਈਆਂ ਮਾਪਿਆਂ ਵਲੋਂ ਦਰਖਾਸਤਾਂ ਦਾ।
ਆਬੋ-ਹਵਾ ਵਿਦੇਸ਼ ਦੀ ਚਾੜ੍ਹ ਦਿੰਦੀ, ਰੰਗ ਭੈੜੀਆਂ 'ਕਾਮ-ਸ਼ਰਾਰਤਾਂ' ਦਾ
ਖੁੱਲ੍ਹਾਂ ਦੇਖ ਕੇ ਅਕਸਰ ਹੀ ਭੁੱਲ ਜਾਂਦੇ, ਚੇਤਾ ਅਣਖ ਤੇ ਸ਼ਰਮ ਦੀ ਦਾਸਤਾਂ ਦਾ।
ਅੱਗਾ ਦੌੜ ਤੇ ਪਿੱਛਾ ਫਿਰ ਚੌੜ ਹੁੰਦਾ, ਜੰਮਣ ਭੋਇੰ ਤੋਂ ਹੋਏ ਬਰਖਾਸਤਾਂ ਦਾ।
ਵਸ ਗਏ ਸੱਤ ਸਮੁੰਦਰੋਂ ਪਾਰ ਜਾ ਕੇ, ਸਮਝੋ ਪੈ ਗਿਆ 'ਭੋਗ' ਵਿਰਾਸਤਾਂ ਦਾ।

ਸਿਸਟਮ ਬਾਝੋਂ ਸਿਖਿਆ ਦੀ ਤ੍ਰਾਸਦੀ

ਧਰਮ, ਰਾਜਨੀਤੀ, ਸਭਿਆਚਾਰ ਅਤੇ ਸਿੱਖਿਆ, ਇਹ ਚਾਰੇ ਤਰਜੀਹਾਂ ਜੋ ਸਮਾਜ ਲਈ ਚੰਗਾ-ਮਾੜਾ ਸਿਰਜਣ ਦੀ ਤਾਕਤ ਰੱਖਦੀਆਂ ਹਨ, ਬਾਜ਼ਾਰ ਦੇ ਪ੍ਰਭਾਵ ਹੇਠ ਹਨ। ਬਾਜ਼ਾਰ ਦੇ ਇਸ ਯੁੱਗ ਵਿਚ ਮਨੁੱਖ ਨੂੰ ਮੰਡੀ ਦੀ ਜਿਣਸ ਸਮਝਿਆ ਜਾਣ ਲੱਗਿਆ ਹੈ। ਸਿੱਖਿਆ ਦੇ ਖੇਤਰ ਲਈ ਇਹ ਦੇਖਿਆ ਜਾ ਰਿਹਾ ਹੈ ਕਿ ਕਿਥੋਂ, ਕਿੰਨਾ ਪੈਸਾ ਕਿਵੇਂ ਕਮਾਇਆ ਜਾ ਸਕਦਾ ਹੈ।

ਗੁਰਚਰਨ ਸਿੰਘ ਨੂਰਪੁਰ
ਫੋਨ: +91-98550-51099

ਸਿੱਖਿਆ ਨੂੰ ਸਿਸਟਮ ਅਨੁਸਾਰ ਚਲਾਉਣ ਦੀ ਸ਼ੁਰੂਆਤ ਯੂਨਾਨੀ ਦਾਰਸ਼ਨਿਕ ਪਲੈਟੋ ਨੇ ਤਕਰੀਬਨ ਚੌਵੀ ਸੌ ਸਾਲ ਪਹਿਲਾਂ ਯੂਨਾਨ ਵਿਚ ਕੀਤੀ। ਪਲੈਟੋ ਨੇ ਰਵਾਇਤੀ ਸਿੱਖਿਆ ਨੂੰ ਤਿੰਨ ਭਾਗਾਂ ਵਿਚ ਵੰਡਿਆ- ਪ੍ਰਾਇਮਰੀ, ਮਾਧਮਿਕ ਸਿੱਖਿਆ ਅਤੇ ਉਚ ਸਿੱਖਿਆ। ਪਲੈਟੋ ਹੀ ਸੀ ਜਿਸ ਨੇ ਪਹਿਲੀ ਵਾਰ ਮਰਦਾਂ ਦੇ ਨਾਲ ਇਸਤਰੀ ਨੂੰ ਸਿੱਖਿਅਤ ਕਰਨ ਦਾ ਸਮਰਥਨ ਕੀਤਾ। ਪਲੈਟੋ ਜਿਸ ਨੂੰ ਅਫਲਾਤੂਨ ਵੀ ਕਿਹਾ ਜਾਂਦਾ ਹੈ, ਅਨੁਸਾਰ ਰਾਸ਼ਟਰ ਨਿਰਮਾਣ ਵਿਚ ਇਸਤਰੀ ਦਾ ਵੀ ਮਰਦ ਜਿੰਨਾ ਯੋਗਦਾਨ ਹੈ। ਪਲੈਟੋ ਦਾ ਸਿੱਖਿਆ ਸ਼ਾਸਤਰ ਜਿਸ ਦੀ ਵਕਾਲਤ ਉਹ ਆਪਣੇ ਗ੍ਰੰਥ 'ਰਿਪਬਲਿਕ' ਵਿਚ ਕਰਦਾ ਹੈ, ਦਾ ਵੱਡਾ ਦੋਸ਼ ਇਹ ਸੀ ਕਿ ਉਹ ਉਤਪਾਦਕਾਂ ਜਿਵੇਂ ਕਾਰੀਗਰ, ਕਿਸਾਨ ਅਤੇ ਮਜ਼ਦੂਰਾਂ ਦੀ ਸਿੱਖਿਆ ਦੇ ਹੱਕ ਵਿਚ ਨਹੀਂ ਸੀ। ਇਸ ਕਰ ਕੇ ਪਲੈਟੋ ਦੀ ਆਲੋਚਨਾ ਵੀ ਹੁੰਦੀ ਰਹੀ ਹੈ। ਅਜੋਕੀ ਸਿੱਖਿਆ ਦੀ ਸ਼ੁਰੂਆਤ ਪਲੈਟੋ ਦੀ ਸਭ ਤੋਂ ਪਹਿਲੀ ਉਸ ਅਕੈਡਮੀ ਤੋਂ ਹੋਈ ਮੰਨੀ ਜਾਂਦੀ ਹੈ ਜੋ ਉਸ ਨੇ ਏਥਨਜ਼ ਦੇ ਨਜ਼ਦੀਕ ਬਣਾਈ। ਅਰਸਤੂ ਵਰਗੇ ਦਾਰਸ਼ਨਿਕ ਇਸੇ ਅਕੈਡਮੀ ਦੇ ਵਿਦਿਆਰਥੀ ਸਨ। ਪਲੈਟੋ ਦੇ ਸਿੱਖਿਆ ਸ਼ਾਸਤਰ ਅਨੁਸਾਰ ਸਿੱਖਿਆ ਦਾ ਉਦੇਸ਼ ਉਤਮ ਨਾਗਰਿਕ ਪੈਦਾ ਕਰਨਾ ਹੈ। ਉਹ ਮੰਨਦਾ ਸੀ ਕਿ ਸਿੱਖਿਆ ਸਟੇਟ ਦੁਆਰਾ ਦਿੱਤੀ ਜਾਣੀ ਚਾਹੀਦੀ ਹੈ। ਪਲੈਟੋ ਦੀ ਵੱਡੀ ਖੂਬੀ ਇਹ ਸੀ ਕਿ ਉਹ ਸਮਝਦਾ ਸੀ ਕਿ ਸਿੱਖਿਆ ਦੁਆਰਾ ਯੋਗ ਬੰਦੇ, ਵਿਦਵਾਨ ਸ਼ਾਸਕ, ਅਰਥਾਤ 'ਦਾਰਸ਼ਨਿਕ ਰਾਜੇ' ਤਿਆਰ ਕੀਤੇ ਜਾਣ। ਉਹਦਾ ਮੰਨਣਾ ਸੀ ਕਿ ਜਿੰਨੀ ਦੇਰ ਰਾਜੇ ਦਾਰਸ਼ਨਿਕ ਨਹੀਂ ਹੋਣਗੇ, ਉਨੀ ਦੇਰ ਵਿਸ਼ਵ ਦੀਆਂ ਸਮੱਸਿਆਵਾਂ ਕਿਸੇ ਵੀ ਹਾਲਤ ਵਿਚ ਖ਼ਤਮ ਨਹੀਂ ਹੋ ਸਕਣਗੀਆਂ। ਪਲੈਟੋ ਦੀ ਸਿੱਖਿਆ ਪ੍ਰਣਾਲੀ ਵਿਚ ਖੇਡਾਂ 'ਤੇ ਜ਼ੋਰ ਦਿੱਤਾ ਜਾਂਦਾ ਸੀ। ਹਿਸਾਬ, ਭੂਗੋਲ, ਇਤਿਹਾਸ, ਨਾਗਰਿਕ ਸ਼ਾਸਤਰ ਅਤੇ ਗਿਆਨ ਵਿਗਿਆਨ ਦੀ ਸਿੱਖਿਆ ਤੋਂ ਇਲਾਵਾ ਹੋਰ ਵੀ ਵਿਸ਼ਿਆਂ ਨੂੰ ਪੜ੍ਹਾਇਆ ਜਾਂਦਾ ਸੀ। ਸਿੱਖਿਆ ਮਨੁੱਖ ਦੇ ਚਰਿੱਤਰ ਨਿਰਮਾਣ, ਸਰੀਰਕ ਤੰਦਰੁਸਤੀ ਅਤੇ ਬੌਧਿਕ ਵਿਕਾਸ ਲਈ ਦਿੱਤੀ ਜਾਂਦੀ ਸੀ।

ਉਹ ਸਿੱਖਿਆ ਪ੍ਰਣਾਲੀ ਜੋ ਮਨੁੱਖ ਦੇ ਚਰਿੱਤਰ, ਬੌਧਿਕ ਵਿਕਾਸ ਅਤੇ ਸਰੀਰਕ ਵਿਕਾਸ ਤੋਂ ਸ਼ੁਰੂ ਹੋਈ, ਅੱਜ ਕਿਥੇ ਖੜ੍ਹੀ ਹੈ? ਜਿਥੇ ਅੱਜ ਸਿੱਖਿਆ ਦੇ ਖੇਤਰ ਵਿਚ ਬਹੁਤ ਕੁਝ ਚੰਗਾ ਵਾਪਰਿਆ ਹੈ, ਉਥੇ ਸਿੱਖਿਆ ਤੇਜ਼ੀ ਨਾਲ ਵੱਡਾ ਕਾਰੋਬਾਰ ਬਣ ਗਈ ਹੈ। ਸਿੱਖਿਆ ਦਾ ਮਨੋਰਥ ਕੇਵਲ ਚੰਗੇ ਇਨਸਾਨ ਪੈਦਾ ਕਰਨਾ ਨਹੀਂ ਰਿਹਾ। ਅਸੀਂ ਉਸ ਪਾਸੇ ਵੱਲ ਵਧ ਰਹੇ ਹਾਂ ਕਿ ਸਿੱਖਿਆ ਰਾਹੀਂ ਚੰਗੇ ਖਪਤਵਾਦੀ ਪੈਦਾ ਕੀਤੇ ਜਾਣ। ਸਿੱਖਿਆ ਵਿਚ ਕੁਝ ਖ਼ਾਸ ਤਰ੍ਹਾਂ ਦੀਆਂ ਤਰਜੀਹਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਤਾਂ ਕਿ ਇਸ ਰਾਹੀਂ ਪਦਾਰਥਕ ਲੋੜਾਂ ਦੀ ਪੂਰਤੀ ਕਰਨ ਵਾਲੇ ਅਤੇ ਵਸਤਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਵਾਲੇ ਨਾਗਰਿਕ ਪੈਦਾ ਕੀਤੇ ਜਾਣ। ਇਸ ਸਿੱਖਿਆ ਦਾ ਵੱਡਾ ਦੋਸ਼ ਇਹ ਹੈ ਕਿ ਇਸ ਨੂੰ ਗ੍ਰਹਿਣ ਕਰ ਕੇ ਮਨੁੱਖ ਅੰਦਰਲੀ ਨਿਰਛਲਤਾ, ਭ੍ਰਿਸ਼ਟਤਾ ਘਟਣ ਦੀ ਬਜਾਏ ਵਧਦੀ ਹੈ। ਬਹੁਗਿਣਤੀ ਪੜ੍ਹਿਆ-ਲਿਖਿਆ ਵਰਗ ਭ੍ਰਿਸ਼ਟ ਢੰਗਾਂ ਨਾਲ ਵੱਧ ਤੋਂ ਵੱਧ ਕਮਾਉਣ ਨੂੰ ਆਪਣੀ ਪ੍ਰਾਪਤੀ ਮੰਨਣ ਲੱਗ ਪਿਆ ਹੈ। ਉਚ ਸਿੱਖਿਆ ਗ੍ਰਹਿਣ ਕਰ ਕੇ ਬਣੇ ਸਰਜਨ ਵੱਲੋਂ ਬਿਨਾ ਲੋੜ ਤੋਂ ਓਪਰੇਸ਼ਨ ਕਰਨ ਵਰਗੇ ਵਰਤਾਰੇ ਆਮ ਹੋ ਗਏ ਹਨ।

ਦੂਜਿਆਂ ਤੋਂ ਚਲਾਕੀ ਨਾਲ ਵੱਧ ਤੋਂ ਵੱਧ ਧਨ ਇਕੱਠਾ ਕਰਨ ਵਾਲੇ ਹੁਣ ਸਤਿਕਾਰਯੋਗ ਹਨ। ਅਸੀਂ ਪੜ੍ਹਦੇ ਹਾਂ ਕਿ ਪੇਂਡੂ ਅਤੇ ਘੱਟ ਪੜ੍ਹੇ ਇਲਾਕਿਆਂ ਦੇ ਮੁਕਾਬਲੇ ਸਿੱਖਿਅਤ ਇਲਾਕਿਆਂ ਵਿਚ ਭਰੂਣ ਹੱਤਿਆ ਵਧੇਰੇ ਹੁੰਦੀ ਹੈ। ਅਸੀਂ ਜਦੋਂ ਦੇਖਦੇ ਹਾਂ ਕਿ ਸੱਤਾ ਤਾਕਤ ਪ੍ਰਸ਼ਾਸਨਿਕ ਵਿਵਸਥਾ ਸੁਰੱਖਿਆ ਬਲਾਂ ਦੇ ਜ਼ੋਰ 'ਤੇ ਕਿਸੇ ਇਲਾਕੇ ਵਿਚ ਜਲ, ਜੰਗਲ ਅਤੇ ਜ਼ਮੀਨਾਂ ਨੂੰ ਤਬਾਹ ਕਰ ਕੇ ਉਥੋਂ ਦੇ ਬਸ਼ਿੰਦਿਆਂ ਨੂੰ ਹਾਸ਼ੀਆ ਗ੍ਰਸਤ ਕਰਦੀ ਹੈ। ਸਥਾਨਕ ਲੋਕ ਜੋ ਪੜ੍ਹੇ-ਲਿਖੇ ਨਹੀਂ ਹੁੰਦੇ ਜਾਂ ਘੱਟ ਪੜ੍ਹੇ ਹੁੰਦੇ ਹਨ, ਅਜਿਹਾ ਸਭ ਕੁਝ ਰੋਕਣ ਲਈ ਲੜਦੇ ਹਨ, ਮਰਦੇ ਹਨ, ਤਬਾਹ ਕਰ ਦਿੱਤੇ ਜਾਂਦੇ ਹਨ। ਸਾਧਨਾਂ ਵਾਲੇ ਲੋਕ ਭਾਵੇਂ ਪਹਿਲਾਂ ਵੀ ਅਜਿਹਾ ਕਰਦੇ ਸਨ, ਪਰ ਵਿਗਿਆਨਕ ਤਕਨੀਕ ਨੇ ਇਸ ਅਮਲ ਨੂੰ ਬੇਤਹਾਸ਼ਾ ਵਧਾ ਦਿੱਤਾ ਹੈ।

ਧਰਮ, ਰਾਜਨੀਤੀ, ਸਭਿਆਚਾਰ ਅਤੇ ਸਿੱਖਿਆ, ਇਹ ਚਾਰੇ ਤਰਜੀਹਾਂ ਜੋ ਸਮਾਜ ਲਈ ਚੰਗਾ-ਮਾੜਾ ਸਿਰਜਣ ਦੀ ਤਾਕਤ ਰੱਖਦੀਆਂ ਹਨ, ਬਾਜ਼ਾਰ ਦੇ ਪ੍ਰਭਾਵ ਹੇਠ ਹਨ। ਬਾਜ਼ਾਰ ਦੇ ਇਸ ਯੁੱਗ ਵਿਚ ਮਨੁੱਖ ਨੂੰ ਮੰਡੀ ਦੀ ਜਿਣਸ ਸਮਝਿਆ ਜਾਣ ਲੱਗਿਆ ਹੈ। ਸਿੱਖਿਆ ਦੇ ਖੇਤਰ ਲਈ ਇਹ ਦੇਖਿਆ ਜਾ ਰਿਹਾ ਹੈ ਕਿ ਕਿਥੋਂ, ਕਿੰਨਾ ਪੈਸਾ ਕਿਵੇਂ ਕਮਾਇਆ ਜਾ ਸਕਦਾ ਹੈ।

ਅੱਜ ਦੀ ਸਿੱਖਿਆ ਮਨੁੱਖ ਦੇ ਬੁਨਿਆਦੀ ਮਸਲਿਆਂ ਨੂੰ ਸੰਬੋਧਤ ਨਹੀਂ ਹੈ। ਸਾਡੀਆਂ ਮੁਸ਼ਕਿਲਾਂ ਸਮੱਸਿਆਵਾਂ ਕੁਝ ਹੋਰ ਹਨ, ਸਾਨੂੰ ਦੱਸਿਆ ਕੁਝ ਹੋਰ ਜਾ ਰਿਹਾ ਹੈ। ਅਜਿਹੇ ਧੁੰਦਲਕੇ ਵਾਲੀ ਸਥਿਤੀ ਵਿਚ ਅਧਿਆਪਕ ਦੇ ਫ਼ਰਜ਼ਾਂ ਦਾ ਦਾਇਰਾ ਵਿਸ਼ਾਲ ਹੋ ਜਾਂਦਾ ਹੈ। ਅੱਜ ਅਧਿਆਪਕ ਨੂੰ ਰੂਸੀ ਨਾਵਲ 'ਪਹਿਲਾ ਅਧਿਆਪਕ' ਦੇ ਨਾਇਕ ਵਰਗੀ ਭੂਮਿਕਾ ਨਿਭਾਉਣੀ ਪਵੇਗੀ। ਜਿਵੇਂ ਪਹਿਲਾਂ ਵਿਦਿਆਰਥੀ ਆਪਣੇ ਆਲੇ-ਦੁਆਲੇ ਅਤੇ ਸਮਾਜ ਤੋਂ ਸਿੱਖਦੇ ਸਨ, ਹੁਣ ਅਜਿਹਾ ਨਹੀਂ ਹੈ। ਉਸ ਕੋਲ ਸਿੱਖਣ ਦੇ ਹੋਰ ਵੀ ਸਾਧਨ ਹਨ; ਮੋਬਾਈਲ, ਟੀ.ਵੀ. ਤੇ ਇੰਟਰਨੈੱਟ ਦੇ ਸੰਸਾਰ ਨੇ ਵਿਦਿਆਰਥੀ ਨੂੰ ਉਹੋ ਜਿਹਾ ਨਹੀਂ ਰਹਿਣ ਦਿੱਤਾ ਜਿਹੋ ਜਿਹਾ ਉਹ ਵੀਹ ਸਾਲ ਪਹਿਲਾਂ ਸੀ।

ਸਮੇਂ ਦੀ ਮੰਗ ਹੈ ਕਿ ਸਿੱਖਿਆ ਵਿਦਿਆਰਥੀ ਨੂੰ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਆਰਥਿਕ ਪੱਖੋਂ ਸਮਝ ਬਣਾਉਣ ਲਈ ਉਸ ਦੀ ਅਗਵਾਈ ਕਰੇ। ਉਸ ਦੀ ਸ਼ਖਸੀਅਤ ਦਾ ਵਿਕਾਸ ਕਰੇ। ਪੈਸੇ ਅਤੇ ਸਾਧਨਾਂ ਦੀ ਸਹੀ ਵਰਤੋਂ ਸਾਡੇ ਸਮਾਜ ਲਈ ਬਹੁਤ ਵੱਡਾ ਮਸਲਾ ਹੈ, ਇਸ ਸਬੰਧੀ ਪਾਠਕ੍ਰਮ ਬਣਾਏ ਜਾਣ ਦੀ ਲੋੜ ਹੈ। ਸਿੱਖਿਆ ਦੀ ਜਿਸ ਤਰਜੀਹ 'ਤੇ ਹੁਣ ਤੱਕ ਕੰਮ ਨਹੀਂ ਹੋਇਆ, ਉਹ ਇਹ ਹੈ ਕਿ ਸਿਖਾਉਣ ਲਈ ਇਹ ਬੜਾ ਜ਼ਰੂਰੀ ਹੈ ਕਿ ਬੱਚਿਆਂ ਨੂੰ ਸਿੱਖਣ ਲਈ ਉਤਸੁਕ ਕੀਤਾ ਜਾਵੇ। ਬੱਚੇ ਕਿਤਾਬਾਂ ਪੜ੍ਹ ਰਹੇ ਹਨ, ਪਰ ਉਨ੍ਹਾਂ ਵਿਚ ਨਵਾਂ ਸਿੱਖਣ ਦਾ ਰੁਝਾਨ ਬਹੁਤ ਘੱਟ ਹੈ। ਅੰਧਵਿਸ਼ਵਾਸ ਭਾਰਤੀ ਸਮਾਜ ਲਈ ਗੰਭੀਰ ਮਸਲਾ ਹੈ ਜੋ ਮਨੁੱਖੀ ਬੁੱਧੀ ਨੂੰ ਜੜ੍ਹ ਕਰੀ ਰੱਖਦਾ ਹੈ। ਸਾਡੀਆਂ ਕਿਤਾਬਾਂ ਵਿਚ ਵਿਗਿਆਨਕ ਸੋਚ ਅਤੇ ਤਰਕਸ਼ੀਲ ਵਿਸ਼ਿਆਂ ਵਾਲੇ ਪਾਠ ਹੋਣੇ ਚਾਹੀਦੇ ਹਨ। ਮਿਸਾਲ ਵਜੋਂ ਬੱਚਿਆਂ ਨੂੰ ਇਹ ਦੱਸਣ ਦੀ ਲੋੜ ਹੈ ਕਿ 'ਟੀ.ਵੀ., ਮੋਬਾਈਲ ਅਤੇ ਪੁਲਾੜ ਵਿਚ ਛੱਡੇ ਉਪਗ੍ਰਹਿ ਵਿਗਿਆਨ ਦੀ ਦੇਣ ਹਨ, ਪਰ ਇਨ੍ਹਾਂ ਦੀ ਮਦਦ ਨਾਲ ਜੋ ਬੰਦਾ ਟੀ.ਵੀ. ਚੈਨਲ 'ਤੇ ਕਰਾਮਾਤੀ ਨਗ ਮੁੰਦਰੀਆਂ ਵੇਚ ਕੇ ਮੁਨਾਫ਼ਾ ਬਟੋਰਦਾ ਹੈ, ਇਹ ਸਰਾਸਰ ਅੰਧਵਿਸ਼ਵਾਸ ਹੈ।' ਸਕੂਲਾਂ ਕਾਲਜਾਂ ਵਿਚ ਬੱਚਿਆਂ ਦੀ ਰੁਚੀ ਅਨੁਸਾਰ ਪਾਠਕ੍ਰਮ ਹੋਣ ਜਿਵੇਂ ਕੋਈ ਬੱਚਾ ਜੇ ਪੇਂਟਿੰਗ ਬਣਾਉਣ ਵਿਚ ਰੁਚੀ ਲੈਂਦਾ ਹੈ ਤਾਂ ਉਸ 'ਤੇ ਦੂਜੇ ਵਿਸ਼ਿਆਂ ਦਾ ਬੋਝ ਘੱਟ ਕਰ ਕੇ ਉਸ ਦੀ ਕਲਾਤਮਿਕ ਪ੍ਰਤਿਭਾ ਨੂੰ ਹੋਰ ਨਿਖਾਰਨ ਦਾ ਪ੍ਰਬੰਧ ਹੋਵੇ। ਸਮੇਂ ਦੀ ਮੰਗ ਅਨੁਸਾਰ ਵਿਦਿਆਰਥੀ ਇਕ ਤੋਂ ਵੱਧ ਬੋਲੀਆਂ ਸਿੱਖਣ ਪਰ ਇਸ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਉਸ ਦੀ ਮਾਂ ਬੋਲੀ ਤੋਂ ਦੂਰ ਕਰ ਦਿੱਤਾ ਜਾਵੇ।

ਸਿੱਖਿਆ ਦੇ ਖੇਤਰ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਇਸ ਕਰ ਕੇ ਹਨ ਕਿ ਅਨੇਕਾਂ ਸਕੂਲਾਂ ਵਿਚ ਬੱਚੇ ਨੂੰ ਮਾਂ-ਬੋਲੀ ਬੋਲਣ ਤੋਂ ਵਰਜਿਆ ਜਾਂਦਾ ਹੈ, ਜਦ ਕਿ ਬੱਚਾ ਸਭ ਤੋਂ ਵੱਧ ਆਪਣੀ ਮਾਂ-ਬੋਲੀ ਵਿਚ ਹੀ ਸਿੱਖ ਸਕਦਾ ਹੈ। ਅੱਜ ਮਾਪਿਆਂ ਲਈ ਇਹ ਵੱਡਾ ਮਸਲਾ ਹੈ ਕਿ ਦਸਵੀਂ ਕਰਨ ਤੋਂ ਬਾਅਦ ਉਨ੍ਹਾਂ ਦੇ ਬੱਚੇ ਕਿਹੜੇ ਵਿਸ਼ੇ ਪੜ੍ਹਨ ਅਤੇ ਕਿਥੋਂ ਪੜ੍ਹਨ। ਹਰ ਮਹੀਨੇ ਸਕੂਲਾਂ ਵਿਚ ਮਾਪਿਆਂ ਅਤੇ ਬੱਚਿਆਂ ਲਈ ਗਾਈਡੈਂਸ ਅਤੇ ਕਾਊਂਸਲਿੰਗ ਲਈ ਵਿਸ਼ੇਸ਼ ਸੈਮੀਨਾਰ ਲਗਾਏ ਜਾਣ। ਸਿੱਖਿਆ ਦੇ ਅਧਿਕਾਰ ਜਿਸ ਵਿਚ ਹਰ ਪ੍ਰਾਈਵੇਟ ਸਕੂਲ ਵਿਚ 25 ਫ਼ੀਸਦੀ ਗਰੀਬ ਮਾਪਿਆਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਲੈਣ ਦਾ ਅਧਿਕਾਰ ਹੈ, ਸਬੰਧੀ ਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਸਰਕਾਰ ਨੇ ਢਿਲਮੱਠ ਵਾਲੀ ਨੀਤੀ ਅਪਣਾਈ ਹੋਈ ਹੈ। ਇਸ ਨੂੰ ਯਕੀਨੀ ਬਣਾਉਣ ਲਈ ਸਾਰਥਕ ਕਦਮ ਚੁੱਕੇ ਜਾਣੇ ਚਾਹੀਦੇ ਹਨ। ਸਿੱਖਿਆ ਵਿਚ ਕਾਰੋਬਾਰ ਇਥੋਂ ਤੱਕ ਭਾਰੂ ਹੋ ਗਿਆ ਹੈ ਕਿ ਕੁਝ ਸਕੂਲਾਂ ਵਿਚ ਬੱਚਿਆਂ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਦਾਖਲੇ ਹੋਣ ਲੱਗੇ ਹਨ।

ਮੰਤਰੀਆਂ, ਕਿਸਾਨਾਂ, ਮਜ਼ਦੂਰਾਂ ਦੇ ਬੱਚਿਆਂ ਲਈ ਸਿੱਖਿਆ ਇਕੋ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਅਤੇ ਸਰਕਾਰ ਵੱਲੋਂ ਹੋਣੀ ਚਾਹੀਦੀ ਹੈ। ਸਿੱਖਿਆ ਅਦਾਰਿਆਂ ਨੂੰ ਰਾਜਨੀਤੀ ਦੇ ਅਖਾੜੇ ਬਣਨ ਤੋਂ ਰੋਕਣ ਦੀ ਲੋੜ ਹੈ। ਸਿੱਖਿਆ ਸਿੱਖਣ ਲਈ ਹੋਣੀ ਚਾਹੀਦੀ ਹੈ, ਤੋਤਾ ਰਟਣ ਲਈ ਨਹੀਂ। ਹੰਗਰੀ ਦੀ ਮਿਸਾਲ ਲੈ ਸਕਦੇ ਹਾਂ ਜਿਥੇ ਇਮਤਿਹਾਨ ਪਾਠਕ੍ਰਮ ਦੇ ਅਭਿਆਸ ਅਨੁਸਾਰ ਨਹੀਂ ਲਏ ਜਾਂਦੇ, ਬਲਕਿ ਇਮਤਿਹਾਨ ਇਸ ਸਬੰਧੀ ਲਿਆ ਜਾਂਦਾ ਹੈ ਕਿ ਵਿਦਿਆਰਥੀ ਨੇ ਪੂਰਾ ਸਾਲ ਕੀ ਅਤੇ ਕਿੰਨਾ ਸਿੱਖਿਆ ਹੈ। ਅਜਿਹੀਆਂ ਤਰਜੀਹਾਂ 'ਤੇ ਕੰਮ ਕੀਤਾ ਜਾਣਾ ਅਜੇ ਬਾਕੀ ਹੈ ਕਿ ਕਿਹੜੇ-ਕਿਹੜੇ ਵਿਸ਼ੇ ਅਤੇ ਕਿਤਾਬਾਂ ਪੜ੍ਹਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਚੰਗੇ ਇਨਸਾਨ ਬਣਾਇਆ ਜਾਵੇ।

ਮੰਤਰੀਆਂ, ਕਿਸਾਨਾਂ, ਮਜ਼ਦੂਰਾਂ ਦੇ ਬੱਚਿਆਂ ਲਈ ਸਿੱਖਿਆ ਇਕੋ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਅਤੇ ਇਹ ਜਿਵੇਂ ਪਲੈਟੋ ਨੇ ਕਿਹਾ ਸੀ, ਸਰਕਾਰ ਵੱਲੋਂ ਹੋਣੀ ਚਾਹੀਦੀ ਹੈ। ਸਿੱਖਿਆ ਅਦਾਰਿਆਂ ਨੂੰ ਰਾਜਨੀਤੀ ਦੇ ਅਖਾੜੇ ਬਣਨ ਤੋਂ ਰੋਕਣ ਦੀ ਤੁਰੰਤ ਲੋੜ ਹੈ। ਸਿੱਖਿਆ ਸਿੱਖਣ ਲਈ ਹੋਣੀ ਚਾਹੀਦੀ ਹੈ, ਤੋਤਾ ਰਟਣ ਲਈ ਨਹੀਂ; ਪਰ ਇਸ ਨੂੰ ਸਾਰਟੀਫਿਕੇਟ ਹਾਸਲ ਕਰਨ ਤੱਕ ਸੀਮਤ ਕਰ ਦਿੱਤਾ ਗਿਆ ਹੈ। ਇਥੇ ਹੰਗਰੀ ਦੀ ਮਿਸਾਲ ਲੈ ਸਕਦੇ ਹਾਂ। ਉਥੇ ਇਮਤਿਹਾਨ ਪਾਠਕ੍ਰਮ ਦੇ ਅਭਿਆਸ ਅਨੁਸਾਰ ਨਹੀਂ ਲਏ ਜਾਂਦੇ। ਉਥੇ ਸਿੱਖਿਆ ਨੂੰ ਘੜੇ-ਘੜਾਏ ਜਵਾਬਾਂ ਤੱਕ ਸੀਮਤ ਨਹੀਂ ਰੱਖਿਆ ਗਿਆ, ਬਲਕਿ ਇਮਤਿਹਾਨ ਇਸ ਸਬੰਧੀ ਲਿਆ ਜਾਂਦਾ ਹੈ ਕਿ ਵਿਦਿਆਰਥੀ ਨੇ ਪੂਰਾ ਸਾਲ ਕੀ ਕੀ ਅਤੇ ਕਿੰਨਾ ਕੁ ਸਿੱਖਿਆ ਹੈ। ਅਜਿਹੀਆਂ ਤਰਜੀਹਾਂ 'ਤੇ ਕੰਮ ਕੀਤਾ ਜਾਣਾ ਅਜੇ ਬਾਕੀ ਹੈ ਕਿ ਕਿਹੜੇ-ਕਿਹੜੇ ਵਿਸ਼ੇ ਅਤੇ ਕਿਤਾਬਾਂ ਪੜ੍ਹਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਚੰਗੇ ਇਨਸਾਨ ਬਣਾਇਆ ਜਾਵੇ। ਭਾਰਤੀ ਸਮਾਜ ਬੇਸ਼ੱਕ ਪਹਿਲਾਂ ਨਾਲੋਂ ਵਧੇਰੇ ਸਿੱਖਿਅਤ ਹੋ ਗਿਆ ਹੈ, ਪਰ ਜ਼ਿੰਦਗੀ ਦਾ ਸੁਹਜ-ਸਵਾਦ ਅਸੀਂ ਗੁਆ ਲਿਆ ਹੈ।

ਵੋਟ ਐਤਕੀਂ ਕਿਸ ਨੂੰ ਪਾਈਏ?

'ਪੰਜਾਬ ਟਾਈਮਜ਼' ਲਈ ਗਾਹੇ-ਬਗਾਹੇ ਲਿਖਣ ਵਾਲੇ ਸ. ਮਝੈਲ ਸਿੰਘ ਸਰਾਂ ਨੇ ਐਤਕੀਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਪ੍ਰਸੰਗ ਛੇੜਿਆ ਹੈ। ਪਿਛਲੇ ਕੁਝ ਮਹੀਨਿਆਂ ਦੌਰਾਨ ਪੰਜਾਬ ਦੀ ਸਿਆਸਤ ਵਿਚ ਕਈ ਤਿੱਖੇ ਮੋੜ ਆਏ ਹਨ। ਇਸ ਨੇ ਕਈ ਨਵੀਆਂ ਸਫਬੰਦੀਆਂ ਵੱਲ ਇਸ਼ਾਰੇ ਵੀ ਸੁੱਟੇ ਹਨ। ਲੇਖਕ ਨੇ ਇਨ੍ਹਾਂ ਸਾਰੇ ਹਾਲਾਤ ਦਾ ਲੇਖਾ-ਜੋਖਾ ਕਰਦਿਆਂ ਆਪਣੇ ਇਸ ਲੇਖ ਵਿਚ ਸਾਰਥਕ ਟਿੱਪਣੀਆਂ ਕੀਤੀਆਂ ਹਨ ਜੋ ਅਸੀਂ ਆਪਣੇ ਸੁਘੜ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ।



19ਵੀਂ ਸਦੀ ਦੇ ਅਮਰੀਕਨ ਲੇਖਕ ਮਾਰਕ ਟਵੇਨ ਨੇ ਲਿਖਿਆ ਹੈ, "ਜੇ ਵੋਟ ਪਾਉਣ ਨਾਲ ਕੋਈ ਫਰਕ ਪੈਣਾ ਹੁੰਦਾ ਤਾਂ ਇਨ੍ਹਾਂ ਨੇ ਸਾਨੂੰ ਵੋਟ ਦਾ ਹੱਕ ਦੇਣਾ ਹੀ ਨਹੀਂ ਸੀ।"

ਕਿੰਨਾ ਸੱਚ ਹੈ! ਸੰਸਾਰ ਦੇ ਤਕਰੀਬਨ ਹਰ ਮੁਲਕ ਦੇ ਹਾਕਮ ਉਥੋਂ ਦੇ ਲੋਕਾਂ ਦੀਆਂ ਵੋਟਾਂ ਨਾਲ ਹੀ ਤਾਂ ਚੁਣੇ ਜਾਂਦੇ ਹਨ। ਫਿਰ ਕਿਉਂ ਉਹੀ ਵੋਟਰ ਆਪਣੇ ਪਸੰਦੀਦਾ ਹਾਕਮਾਂ ਖਿਲਾਫ ਰਫਲਾਂ ਚੁੱਕਦੇ ਹਨ? ਕੀ ਖੂਨਾਮੀ ਵੋਟ ਪਾਉਣ ਵਾਲੇ ਹੱਥਾਂ ਵਿਚ ਹੁੰਦੀ ਹੈ ਜਾਂ ਤਖਤ 'ਤੇ ਬਿਠਾਏ ਹਾਕਮਾਂ ਦੀ ਨੀਅਤ ਵਿਚ? ਇਹੀ ਕੁਝ ਪਿਛਲੇ 70 ਸਾਲਾਂ ਤੋਂ 'ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ' ਭਾਰਤ ਵਿਚ ਹੋ ਰਿਹਾ ਹੈ। ਵੋਟਰ ਜਿੰਨਾ 1947 ਵਿਚ ਦੁਖੀ ਸੀ, ਉਸ ਤੋਂ ਵੀ ਵੱਧ 2016 ਵਿਚ ਦੁਖੀ ਹੋ ਗਿਆ! ਉਹ ਬਦਲ-ਬਦਲ ਕੇ ਬਟਨ ਵੀ ਦੱਬ ਕੇ ਦੇਖ ਚੁੱਕਾ, ਪਰ ਇਹ ਭੋਲਾ ਪੰਛੀ ਕੀ ਜਾਣੇ ਕਿ ਜਿਨ੍ਹਾਂ ਨਾਲ ਵਾਸਤਾ ਪਿਆ, ਉਹ ਕਿੰਨੇ ਸ਼ਾਤਰ-ਦਿਮਾਗ ਹਨ! ਰਾਸ਼ਟਰਵਾਦ ਦਾ ਨਾਅਰਾ ਲਾ ਕੇ ਅੰਦਰੋਂ ਉਸੇ ਰਾਸ਼ਟਰ ਨੂੰ ਲੁੱਟ ਕੇ ਖਾਣ ਵਾਲੇ ਹਾਕਮਾਂ ਲਈ ਗਰੀਬ ਵੋਟਰ ਕਿਸ ਦੇ

ਮਝੈਲ ਸਿੰਘ ਸਰਾਂ
singh.majhail@gmail.com

ਪਾਣੀਹਾਰ ਆ ਭਲਾ? ਇਹ ਹਾਕਮ ਇੰਨੇ ਨਿਰਦਈ ਹੁੰਦੇ ਕਿ ਵੋਟਾਂ ਪਾਉਣ ਵਾਲਿਆਂ ਦੀਆਂ ਵੰਡੀਆਂ ਪੁਆ ਕੇ ਇਕ-ਦੂਜੇ ਦੇ ਪੱਕੇ ਦੁਸ਼ਮਣ ਬਣਾ ਕੇ ਕਤਲੇਆਮ ਤਕ ਕਰਵਾ ਦਿੰਦੇ ਹਨ।

ਗੱਲ ਕਰਨੀ ਹੈ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ। ਪੰਜਾਬੀਆਂ ਲਈ ਮੁਸ਼ਕਿਲ ਇਮਤਿਹਾਨ ਸਿਰ 'ਤੇ ਹੈ। ਹਰ ਵਾਰ ਵਾਂਗ ਐਤਕੀਂ ਪੰਜਾਬੀ ਵੋਟਰ ਫੇਲ੍ਹ ਨਹੀਂ ਹੋਣਾ ਚਾਹੁੰਦਾ, ਪਰ ਇਕ ਵਾਰ ਫਿਰ ਡਰ ਖਾਣ ਲੱਗ ਪਿਆ ਕਿ ਕਿਤੇ ਉਹੀ ਗੱਲ ਨਾ ਹੋ ਜਾਵੇ! ਇਹ ਖਦਸ਼ਾ ਕਿਸੇ ਹੱਦ ਤੱਕ ਸਹੀ ਵੀ ਹੈ। ਰੈਲੀਆਂ ਵਾਲੇ ਬੜ੍ਹਕਾਂ ਮਾਰਨ ਲੱਗੇ ਹੋਏ ਆ, ਹੁਣ ਇਹੀ ਕੁਝ ਚੱਲਣਾ ਤਿੰਨ-ਚਾਰ ਮਹੀਨੇ। ਵੋਟਰ ਦੀ ਤਾਂ ਇਨ੍ਹਾਂ ਨੇ ਰਲ ਕੇ ਮੱਤ ਮਾਰ ਦੇਣੀ। ਫਿਰ ਵੋਟਰ ਕਿੱਦਾਂ ਪਾਸ ਹੋ ਜਾਊ ਭਲਾ ਇਸ ਪੇਚੀਦਾ ਇਮਤਿਹਾਨ ਵਿਚੋਂ?

ਹੁਣ ਜੇ ਮਾਰਕ ਟਵੇਨ ਦੇ ਕਥਨ ਮੁਤਾਬਕ, ਵੋਟ ਪਾਉਣ ਨਾਲ ਕੋਈ ਫਰਕ ਹੀ ਨਹੀਂ ਪੈਣਾ ਤਾਂ ਕੀ ਵੋਟ ਨਾ ਪਾ ਕੇ ਸਰ ਜਾਊਗਾ? ਪੰਜਾਬੀਆਂ ਨੇ ਇਹ ਵੀ ਅਜ਼ਮਾ ਕੇ ਦੇਖ ਲਿਆ। 1992 ਵਿਚ ਬਾਈਕਾਟ ਹੋਇਆ, ਪਰ ਬਾਈਕਾਟ ਦੇ ਬਾਵਜੂਦ ਜਿਹੜੇ 9 ਫੀਸਦ ਵੋਟਾਂ ਨਾਲ ਹਾਕਮ ਬਣੇ, ਉਨ੍ਹਾਂ ਦੇ ਦਿੱਤੇ ਜ਼ਖਮ ਨਾ-ਭੁੱਲਣਯੋਗ ਹਨ। ਉਨ੍ਹਾਂ ਹਾਕਮਾਂ ਦੀ ਹੀ ਪੈਦਾਇਸ਼ ਹੈ, ਕੇ.ਪੀ.ਐਸ. ਗਿੱਲ, ਇਜ਼ਹਾਰ ਆਲਮ ਸੈਨਾ, ਕੈਟ ਕਲਚਰ, ਪੁਲਿਸ ਵਿਚ ਬੁੱਚੜਪੁਣਾ ਜਿਨ੍ਹਾਂ ਨੇ ਖਾਲੜਾ ਵਰਗਿਆਂ ਨੂੰ ਅਣਪਛਾਤੀਆਂ ਲਾਸ਼ਾਂ ਵਿਚ ਬਦਲ ਦਿੱਤਾ। ਉਸੇ ਦੌਰ ਦੀ ਪੈਦਾਇਸ਼ ਹਨ, ਅਖੌਤੀ ਸਭਿਆਚਾਰਕ ਮੇਲੇ ਜੋ ਸਾਨੂੰ ਨਿਵਾਣਾਂ ਵੱਲ ਲੈ ਗਏ। ਹਾਕਮਾਂ ਦੀ ਸ਼ਹਿ 'ਤੇ ਅਜਿਹੇ ਮੇਲਿਆਂ ਦਾ ਰੁਝਾਨ ਅੱਜ ਵੀ ਕਾਇਮ ਹੈ। ਕਹਿਣ ਦਾ ਭਾਵ, ਵੋਟ ਨਾ ਪਾਉਣਾ ਵੀ ਹੱਕ ਵਿਚ ਨਹੀਂ ਜਾਂਦਾ। ਸਵਾਲ ਹੈ ਕਿ ਵੋਟ ਕਿਸ ਨੂੰ ਪਾਈਏ? ਕਿਉਂਕਿ ਹਰ ਵਾਰ ਮਜਬੂਰੀ ਵਿਚ ਬੁਰਾਈਆਂ ਵਿਚੋਂ ਹੀ ਕਿਸੇ ਇਕ ਨੂੰ ਰਾਜ ਤਖਤ 'ਤੇ ਬਿਠਾਉਣਾ ਪੈਂਦਾ ਹੈ।

ਕਿਸੇ ਪਾਰਟੀ ਨਾਲ ਸ਼ਿੱਦਤ ਨਾਲ ਬੱਝੇ ਕੁਝ ਵੀਰਾਂ ਨੂੰ ਲਫ਼ਜ਼ 'ਬੁਰਾਈ' ਚੁਭਿਆ ਹੋਣਾ! ਸੱਚ ਇਹੀ ਹੈ। ਪੰਜਾਬ ਦਾ ਹਰਮਨਪਿਆਰਾ ਮੁਖ ਮੰਤਰੀ ਸਿਰਫ ਇਕੋ ਹੀ ਹੈ ਜਿਸ ਨੂੰ ਪੰਜਾਬੀਆਂ ਨੇ ਪੰਜ ਵਾਰ ਤਖਤ 'ਤੇ ਇਹ ਸੋਚ ਕੇ ਬਿਠਾਇਆ ਕਿ ਇਹ ਨਿਆਂ ਕਰੇਗਾ ਅਤੇ ਪੰਜਾਬ ਨੂੰ ਖੁਸ਼ਹਾਲ ਸੂਬਾ ਬਣਾਏਗਾ। ਇਲਾਹੀ ਬਾਣੀ ਦਾ ਸਤਿਕਾਰ ਦਰਵੇਸ਼ ਸਿਆਸਤਦਾਨ ਬਣ ਕੇ ਕਰੇਗਾ। ਗੁਰੂ ਦੇ ਨਿਰਮਲ ਪੰਥ 'ਤੇ ਹੁੰਦੇ ਬਿਪਰ ਦੇ ਹਮਲਿਆਂ ਤੋਂ ਹਿਫਾਜ਼ਤ ਕਰੇਗਾ। ਇਹ ਪ੍ਰਕਾਸ਼ ਸਿੰਘ ਬਾਦਲ ਹਨ ਜਿਨ੍ਹਾਂ ਨੂੰ ਬਹੁਤ ਸਾਰੇ ਖਿਤਾਬਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਇੰਨੀਆਂ ਸਿਫਤਾਂ ਅਤੇ ਖਿਤਾਬਾਂ ਵਾਲੇ ਇਨਸਾਨ ਨੂੰ ਮੇਰੇ ਵਰਗੇ ਬੰਦੇ ਦਾ ਬੁਰਾਈ ਕਹਿਣਾ ਜਾਇਜ਼ ਭਲਾ ਕਿਵੇਂ ਹੈ!

ਬਾਦਲ ਸਰਕਾਰ ਦੀਆਂ ਪਿਛਲੀਆਂ ਦੋ ਵਾਰੀਆਂ ਦੇ 10 ਸਾਲਾਂ ਦਾ ਥੋੜ੍ਹਾ ਜਿਹਾ ਲੇਖਾ-ਜੋਖਾ ਕਰ ਲੈਂਦੇ ਹਾਂ। ਖੁਸ਼ਹਾਲੀ ਤੋਂ ਹੀ ਸ਼ੁਰੂ ਕਰਦੇ ਹਾਂ... ਖੁਸ਼ਹਾਲੀ ਦਾ ਸਿਧਾ ਜਿਹਾ ਮਤਲਬ ਹੁੰਦਾ, ਆਪਣਾ ਕੰਮ-ਕਾਰ ਕਰਦਿਆਂ ਕਿਸੇ ਦੀ ਜੇਬ ਵਿਚ ਜਿੰਨੇ ਪੈਸੇ ਬਚੇ, ਉਹ ਉਨਾ ਵੱਧ ਖੁਸ਼ਹਾਲ। ਜੇ ਆਮਦਨ ਨਾਲੋਂ ਖਰਚਾ ਵਧਦਾ ਦਿਸੇ, ਤਾਂ ਬੇਲੋੜੇ ਖਰਚੇ ਰੋਕ ਕੇ ਕਿਰਸ ਕਰਨੀ ਪੈਂਦੀ। ਸਾਰਾ ਕੁਝ ਕਰਨ ਦੇ ਬਾਵਜੂਦ ਜੇ ਸਿਰ ਕਰਜ਼ਾ ਚੜ੍ਹਦਾ ਜਾਵੇ, ਤੇ ਜ਼ਮੀਨ ਗਹਿਣੇ ਰੱਖਣ ਦੀ ਨੌਬਤ ਆ ਜਾਵੇ, ਤਾਂ ਉਹ ਘਰ ਖੁਸ਼ਹਾਲ ਨਹੀਂ, ਕਰਜ਼ਾਈ ਮੰਨਿਆ ਜਾਂਦਾ। ਬਾਦਲ ਜਦੋਂ ਚੌਥੀ ਵਾਰ 2007 ਵਿਚ ਤਖਤ 'ਤੇ ਬੈਠੇ ਤਾਂ ਪੰਜਾਬ ਸਿਰ ਕਰਜ਼ਾ 51,035 ਕਰੋੜ ਰੁਪਿਆ ਸੀ। ਨੌਂ ਸਾਲਾਂ ਬਾਅਦ ਮਾਰਚ 2016 ਵਿਚ ਇਹ ਕਰਜ਼ਾ ਹੋ ਗਿਆ 1,24,472 ਕਰੋੜ ਰੁਪਏ। ਇਕ ਹੋਰ ਸਾਲ ਬਾਅਦ ਮਾਰਚ 2017 ਤੱਕ ਤਕਰੀਬਨ 10,000 ਕਰੋੜ ਹੋਰ ਪਾ ਕੇ ਇਨ੍ਹਾਂ ਦਸਾਂ ਸਾਲਾਂ ਦਾ ਕਰਜ਼ਾ ਬਣ ਗਿਆ ਕੋਈ 1,85,507 ਕਰੋੜ ਰੁਪਏ। ਇਸ 'ਤੇ ਸਾਲਾਨਾ ਵਿਆਜ 10,000 ਕਰੋੜ ਰੁਪਏ ਦੇਣਾ ਪੈਂਦਾ। ਇਹ ਕਰਜ਼ਾ ਸਿਰਫ ਪੰਜਾਬ ਸਰਕਾਰ ਦਾ ਹੈ; ਕਿਸਾਨਾਂ, ਮਜ਼ਦੂਰਾਂ ਦਾ ਕਰਜ਼ਾ ਵੱਖਰਾ ਹੈ। 2016 ਵਿਚ ਪੰਜਾਬ ਦੀ ਕੁੱਲ ਆਬਾਦੀ ਬਣਦੀ ਹੈ ਤਕਰੀਬਨ 3 ਕਰੋੜ। ਹਰ ਪੰਜਾਬੀ ਸਿਰ 45,000/- ਰੁਪਏ ਕਰਜ਼ਾ ਬਣਦਾ, ਭਾਵੇਂ ਉਹਨੇ ਖੁਦ ਨਵਾਂ ਪੈਸਾ ਵੀ ਕਰਜ਼ੇ ਦਾ ਨਹੀਂ ਲਿਆ ਹੋਇਆ।

ਹੁਣ ਦੱਸੋ ਇਹਨੂੰ ਖੁਸ਼ਹਾਲੀ ਕਿਵੇਂ ਕਹਾਂਗੇ? ਪੰਜਾਬ ਦੀ ਕੋਈ ਸਰਕਾਰੀ ਜ਼ਮੀਨ, ਬਿਲਡਿੰਗ, ਬਸ ਅੱਡਾ, ਹਸਪਤਾਲ, ਰੈਸਟ ਹਾਊਸ ਨਹੀਂ ਛੱਡਿਆ ਜੋ ਗਿਰਵੀ ਨਹੀਂ ਰੱਖਿਆ। ਕਾਹਦੇ ਲਈ ਲਿਆ ਇੰਨਾ ਕਰਜ਼ਾ? ਬਾਦਲ ਜੀ ਕਹਿਣਗੇ, 'ਓ ਕਾਕਾ, ਵਿਕਾਸ ਲਈ ਸਾਰੇ ਕਰਜ਼ਾ ਲੈਂਦੇ ਆ', ਪਰ ਕਿਸੇ ਨੂੰ ਵਿਕਾਸ ਵਾਲਾ ਦੇਵਤਾ ਪ੍ਰਗਟ ਹੋਇਆ ਨਹੀਂ ਦਿਸਿਆ। ਜੇ ਵਿਕਾਸ ਲਈ ਇੰਨਾ ਕਰਜ਼ਾ ਪੰਜਾਬ ਲਈ ਲਿਆ, ਤਾਂ ਨਿੱਤ ਦਿਨ ਠੂਠਾ ਫੜ ਕੇ ਦਿੱਲੀ ਨੂੰ ਕੀ ਕਰਨ ਜਾਂਦੇ? ਸੱਚ ਇਹ ਹੈ ਕਿ ਵਿਕਾਸ ਲਈ ਕਰਜ਼ਾ ਨਹੀਂ ਲਿਆ, ਇਹ ਮੰਤਰੀਆਂ-ਸੰਤਰੀਆਂ ਦੇ ਗੁਲਛਰਿਆਂ ਲਈ ਜਾਂ ਸੰਗਤ ਦਰਸ਼ਨਾਂ ਦੇ ਨਾਮ 'ਤੇ ਆਪਣੇ ਚਹੇਤਿਆਂ ਨੂੰ ਫਾਇਦਾ ਪਹੁੰਚਾਉਣ ਖਾਤਰ ਹੈ। ਪਿਓ-ਪੁੱਤਰ ਅਤੇ ਰਿਸ਼ਤੇਦਾਰਾਂ ਨੇ ਕਰੋੜਾਂ ਰੁਪਏ ਚਿੜੀ ਦੇ ਪੰਜੇ ਜਿੰਨੇ ਪੰਜਾਬ ਵਿਚ ਘੁੰਮਣ ਲਈ ਹੈਲੀਕਾਪਟਰਾਂ ਦੇ ਝੂਟਿਆਂ 'ਤੇ ਖਰਚ ਦਿਤੇ। ਹੁਣ ਕਰਜ਼ਿਆਂ ਵਿਚੋਂ ਮੁਫ਼ਤ ਰੇਲ ਗੱਡੀਆਂ ਚਲਾ ਕੇ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਨੂੰ ਤੋਰ ਦਿੱਤਾ। ਕਿਹੜਾ ਵਿਕਾਸ ਹੈ ਇਹ? ਵੋਟਰ ਸਗੋਂ ਕਾਣੇ ਕਰ ਦਿੱਤੇ।

ਦੋਹਾਂ ਬਾਦਲਾਂ ਨੇ ਆਪਣੇ ਸਰਕਾਰੀ ਕੰਮ-ਕਾਜ ਲਈ ਦਰਜਨ ਤੋਂ ਵੱਧ ਸਲਾਹਕਾਰ ਰੱਖੇ ਹੋਏ ਹਨ। ਇਕ ਸਲਾਹਕਾਰ ਨੂੰ ਉਹ ਸੁਖ-ਸਹੂਲਤਾਂ ਮਿਲਦੀਆਂ ਜਿਹੜੀਆਂ ਮੰਤਰੀ ਨੂੰ ਦਿੱਤੀਆਂ ਜਾਂਦੀਆਂ। ਇਕ ਸਲਾਹਕਾਰ ਮਹੀਨੇ ਵਿਚ 5 ਤੋਂ 10 ਲੱਖ ਰੁਪਏ ਵਿਚ ਪੈਂਦਾ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵਾਲਾ ਮਨਜਿੰਦਰ ਸਿੰਘ ਸਿਰਸਾ ਭਲਾ ਕਾਹਦੀ ਸਲਾਹ ਦੇਊ ਪੰਥ ਅਤੇ ਪੰਜਾਬ ਦੇ ਭਲੇ ਦੀ? ਪਿਛਲੇ ਸਾਲ ਇਥੇ ਅਮਰੀਕਾ ਆ ਕੇ ਬਰਾਕ ਓਬਾਮਾ ਨੂੰ ਹੀ ਅਕਲਾਂ ਦੇਣ ਲੱਗ ਪਿਆ ਸੀ ਕਿ ਅਮਰੀਕਾ ਵਸਦੇ ਬਹੁਤੇ ਸਿੱਖ ਪਾਕਿਸਤਾਨ ਦੀ ਆਈ.ਐਸ.ਆਈ. ਦੇ ਏਜੰਟ ਹਨ, ਇਨ੍ਹਾਂ ਨੂੰ ਅੰਦਰ ਦਿਓ। ਇਹ ਵੀ ਬਾਦਲਾਂ ਦਾ ਸਰਕਾਰੀ ਸਲਾਹਕਾਰ ਹੈ।

ਹੁਣ ਦੂਜਾ ਪਹਿਲੂ ਦਰਵੇਸ਼ਪੁਣੇ ਦਾ ਵੀ ਦੇਖ ਲਈਏ! ਕਿਸਾਨ ਦਿਨ-ਰਾਤ ਕੰਮ 'ਚ ਖੁਭਿਆ ਕਰਜ਼ੇ ਦੀ ਮਾਰ ਨਾ ਝੱਲਦਾ ਹੋਇਆ ਜ਼ਮੀਨ ਗਹਿਣੇ ਕਰ ਕੇ ਮਰਨ ਕਿਨਾਰੇ ਪਿਆ ਹੈ, ਪਰ ਬਾਦਲ ਪਰਿਵਾਰ ਦੀ ਜਾਇਦਾਦ ਅਰਬਾਂ-ਖਰਬਾਂ ਨੂੰ ਪਹੁੰਚ ਗਈ। ਸਭ ਕੁਝ ਇਸ ਪਰਿਵਾਰ ਨੇ ਹਥਿਆ ਲਿਆ। ਕੀ ਟ੍ਰਾਂਸਪੋਰਟ, ਕੀ ਕੇਬਲ, ਕੀ ਟੈਲੀਵਿਜ਼ਨ, ਕੀ ਟੌਲ ਪਲਾਜ਼ੇ, ਕੀ ਹੋਟਲ, ਕੀ ਰੇਤੇ-ਬਜਰੀ ਦੇ ਠੇਕੇ, ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਸ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਦੀਆਂ ਗੋਲਕਾਂ ਤੇ ਹੋਰ ਜਾਇਦਾਦਾਂ! ਮੁਲਕ ਦੇ ਹੋਰ ਵੱਡੇ ਸ਼ਹਿਰਾਂ ਵਿਚ ਜਾਇਦਾਦਾਂ ਦੇ ਵੀ ਮਾਲਕ ਹਨ ਇਸ ਟੱਬਰ ਵਾਲੇ। ਦਰਵੇਸ਼ ਇੱਦਾਂ ਦੇ ਹੁੰਦੇ ਭਲਾ? ਸਾਰੀਆਂ ਵਜ਼ੀਰੀਆਂ ਆਪਣੇ ਟੱਬਰ ਤੇ ਰਿਸ਼ਤੇਦਾਰਾਂ ਨੂੰ ਦੇ ਕੇ ਵਾਧੂ ਬਚਦੀਆਂ ਆਪਣੇ ਚਾਪਲੂਸਾਂ ਨੂੰ ਬਖਸ਼ ਦਿਓ, ਤੇ ਫਿਰ ਕਰੋ ਸਰਕਾਰ ਦੇ ਖਜ਼ਾਨੇ ਨਾਲ ਮਨ-ਆਈਆਂ! ਕਰੋ ਪਾਰਟੀ ਦੀਆਂ ਮੀਟਿੰਗਾਂ ਗੋਆ ਦੀ ਬੀਚ ਉਤੇ ਜਾ ਕੇ?

ਛੋਟਾ ਬਾਦਲ ਕਹਿੰਦਾ, ਵਿਕਾਸ ਦੇ ਨਾਂ 'ਤੇ 2017 ਦੀਆਂ ਚੋਣਾਂ ਜਿੱਤਣਗੇ। ਵੋਟ ਪਾਉਣ ਵਾਲੇ ਭਰਾਵੋ! ਇਨ੍ਹਾਂ ਨੂੰ ਜ਼ਰੂਰ ਪੁੱਛਿਓ ਕਿ 10 ਸਾਲਾਂ ਵਿਚ ਕਿੰਨੀਆਂ ਛੋਟੀਆਂ ਤੇ ਦਰਮਿਆਨੇ ਦਰਜੇ ਦੀਆਂ ਯੂਨਿਟਾਂ ਸਰਕਾਰ ਦੀਆਂ ਗਲਤ ਨੀਤੀਆਂ ਕਰ ਕੇ ਪੰਜਾਬ ਤੋਂ ਬਾਹਰ ਗਈਆਂ? ਸਰਕਾਰੀ ਰਿਪੋਰਟਾਂ ਦੱਸਦੀਆਂ ਕਿ ਇਨ੍ਹਾਂ ਸਾਲਾਂ ਵਿਚ ਕੋਈ 15000 ਕਾਰਖਾਨੇ ਪੰਜਾਬ ਤੋਂ ਬਾਹਰ ਗਏ। ਇਹ ਜਿਹੜਾ ਹੁੱਬ ਕੇ ਕਹਿੰਦੇ ਕਿ ਹੁਣ ਬਿਜਲੀ ਵਾਧੂ ਹੋ ਗਈ, ਇਸ ਦਾ ਇਕ ਕਾਰਨ ਇਹ ਬੰਦ ਫੈਕਟਰੀਆਂ ਹਨ। ਉਪ ਮੁੱਖ ਮੰਤਰੀ ਨੇ ਸੈਮੀਨਾਰ ਕਰ ਕੇ ਕੰਪਨੀਆਂ ਨਾਲ ਅਰਬਾਂ ਦੇ ਸਮਝੌਤਿਆਂ 'ਤੇ ਦਸਤਖਤ ਕੀਤੇ, ਪਰ ਉਨ੍ਹਾਂ ਵਿਚੋਂ ਕੋਈ ਵੀ ਵੱਡਾ ਪ੍ਰਾਜੈਕਟ ਪੰਜਾਬ ਵਿਚ ਨਹੀਂ ਲੱਗਾ।

ਕੁਝ ਸਾਲਾਂ ਤੋਂ ਬੜਾ ਗੰਭੀਰ ਮਸਲਾ ਸਾਹਮਣੇ ਆਇਆ ਹੈ- ਗੈਂਗਸਟਰਾਂ ਦਾ ਮਸਲਾ। ਅੱਲ੍ਹੜ ਉਮਰ ਦੇ ਮੁੰਡੇ ਇਨ੍ਹਾਂ ਗੈਂਗਾਂ ਵਿਚ ਹਨ। ਜੱਗ ਜ਼ਾਹਰ ਹੈ ਕਿ ਇਹੋ ਜਿਹੇ ਗੈਂਗ ਉਥੇ ਬਣਦੇ, ਜਿਥੇ ਡਰੱਗ ਦਾ ਧੰਦਾ ਚੱਲਦਾ। ਇਹ ਭਾਵੇਂ ਲੱਖ ਦੁੱਧ ਧੋਤੇ ਕਹਾਈ ਜਾਣ, ਪਰ ਲੱਛਣ ਇਹੋ ਹਨ ਕਿ 10 ਸਾਲਾਂ ਵਿਚ ਪੰਜਾਬ ਨੂੰ ਇਹ ਸੁਗਾਤ ਦੇਣ ਵਾਲੇ ਕੋਈ ਹੋਰ ਨਹੀਂ, ਇਹੀ ਹਾਕਮ ਹਨ।

ਸ਼੍ਰੋਮਣੀ ਅਕਾਲੀ ਦਲ ਦਾ ਮਾਣਮੱਤਾ ਇਤਿਹਾਸ ਹੈ। ਬਜ਼ੁਰਗਾਂ ਨੇ ਆਪਣੇ ਘਰ-ਘਾਟ ਬਰਬਾਦ ਕਰ ਕੇ ਇਹ ਬੂਟਾ ਲਾਇਆ ਸੀ। ਜਦੋਂ ਦੀ ਇਹ ਪਾਰਟੀ ਹੋਂਦ ਵਿਚ ਆਈ, ਉਸ ਦਿਨ ਤੋਂ ਹੀ ਦਿੱਲੀ ਦੀ ਅੱਖ ਵਿਚ ਰੜਕ ਰਹੀ ਹੈ। ਇਕ ਤਾਂ ਪਾਰਟੀ ਨੇ ਓਟ ਰੱਖੀ ਸੀ ਆਪਣੇ ਗੁਰੂ 'ਤੇ, ਦੂਜਾ ਅਕਾਲੀਆਂ ਦਾ ਇਖਲਾਕ ਤੇ ਜ਼ਮੀਰ ਇੰਨੀ ਉਚੀ-ਸੁੱਚੀ ਹੁੰਦੀ ਸੀ ਕਿ ਕਿਸੇ ਦੀ ਜੁਰਅਤ ਨਹੀਂ ਸੀ ਪੈਂਦੀ ਉਂਗਲੀ ਕਰਨ ਦੀ! ਇਹਦੇ ਜਥੇਦਾਰ ਚੋਣਾਂ ਹਾਰ ਕੇ ਵੀ ਜਿੱਤਿਆਂ ਨਾਲੋਂ ਉਪਰ ਹੁੰਦੇ ਸਨ। ਜਿਸ ਦਿਨ ਦਾ ਇਹਦਾ ਬਾਦਲੀਕਰਨ ਹੋਇਆ, ਇਸ ਦੇ ਲੀਡਰਾਂ ਵਿਚੋਂ ਸੁੱਚਮ ਗਾਇਬ ਹੋ ਗਿਆ। ਅੱਜ ਉਸੇ ਪੰਥਕ ਪਾਰਟੀ ਨੂੰ ਵਿਰੋਧੀ ਤਾਂ ਕੀ, ਖੁਦ ਸਿੱਖ ਵੀ ਮਾਫੀਆ ਪਾਰਟੀ ਕਹਿਣ ਲੱਗ ਪਿਆ ਹੈ।

ਬਾਦਲ ਭਾਵੇਂ ਲੱਖ ਭਰੋਸਾ ਦਿਵਾਉਣ, ਯਕੀਨ ਨਾ ਕਰਿਓ! ਕੈਪਟਨ ਨੂੰ ਵੀ ਪੁੱਛੋ ਕਿ ਦਿੱਲੀ ਵਾਲਿਆਂ ਨੇ ਉਹਦੇ ਹੱਥ ਖੁੱਲ੍ਹੇ ਛੱਡੇ ਹਨ ਜਾਂ ਨਹੀਂ? ਹੁਣ ਰਹਿ ਗਈ ਆਮ ਆਦਮੀ ਪਾਰਟੀ। ਜੇ ਤਾਂ ਇਹ ਪਾਰਟੀ ਪੰਜਾਬ ਨੂੰ ਡਰੱਗ ਤੇ ਭ੍ਰਿਸ਼ਟਾਚਾਰ ਤੋਂ ਹੀ ਮੁਕਤ ਕਰਨ ਤੱਕ ਸੀਮਤ ਹੈ, ਤਾਂ ਇਹ ਕੋਈ ਮਾਅਰਕੇ ਵਾਲੀ ਗੱਲ ਨਹੀਂ। ਬਾਦਲਾਂ ਨੂੰ ਲਾਹ ਕੇ ਜਿਹਨੂੰ ਮਰਜ਼ੀ ਬਿਠਾ ਦਿਓ, ਇਹ ਕੰਮ ਤਾਂ ਉਹ ਵੀ ਕਰ ਦੇਊਗਾ। ਪੁੱਛਣ ਵਾਲੀ ਗੱਲ ਹੈ ਕਿ ਇਹ ਪਾਰਟੀ ਪੰਜਾਬ ਦੇ ਡਿੱਗੇ ਸਵੈਮਾਣ ਨੂੰ ਉਸੇ ਬੁਲੰਦੀ 'ਤੇ ਲਿਜਾਣ ਅਤੇ ਦਹਾਕਿਆਂ ਤੋਂ ਹੁੰਦੇ ਵਿਤਕਰੇ ਨੂੰ ਰੋਕਣ ਲਈ ਕੁਝ ਕਰੇਗੀ?

ਫਿਰ ਜੇ ਇਨ੍ਹਾਂ ਨੂੰ ਵੋਟ ਨਹੀਂ ਪਾਉਣੀ ਤਾਂ ਅਗਲੀ ਬੁਰਾਈ ਜਿਹੜੀ ਚੰਗੀ ਤਰ੍ਹਾਂ ਪਰਖੀ ਹੋਈ ਹੈ, ਉਸ ਦੀ ਵੀ ਚੱਲਵੀਂ ਜਿਹੀ ਗੱਲ ਕਰ ਲੈਂਦੇ ਹਾਂ। ਨਾਂ ਹੈ ਕਾਂਗਰਸ ਜਿਸ ਦੇ ਦਿੱਤੇ ਜ਼ਖਮ ਨਾਸੂਰ ਬਣੇ ਪਏ ਆ, ਸਿੱਖਾਂ ਲਈ ਖਾਸ ਕਰ ਕੇ। ਇਸ ਪਾਰਟੀ ਨੇ ਪੰਜਾਬ ਦੇ ਹਿੰਦੂਆਂ ਅੰਦਰ ਸਿੱਖ ਧਰਮ ਲਈ ਹੀ ਨਹੀਂ, ਪੰਜਾਬੀ ਜ਼ੁਬਾਨ ਨਾਲ ਨਫਰਤ ਭਰਨ ਦੀ ਕਸਰ ਨਹੀਂ ਛੱਡੀ। ਸਿੱਖਾਂ ਦੀਆਂ ਨਿਗੂਣੀਆਂ ਮੰਗਾਂ 'ਤੇ ਐਸੀ ਅੜੀ ਫੜੀ ਕਿ ਮੋਰਚੇ ਲਾਉਣੇ ਪਏ। ਸਿਰਫ ਇਕ ਮਿਸਾਲ ਹੀ ਕਾਫੀ ਹੈ। ਜਦੋਂ ਅੱਸੀਵਿਆਂ ਵਿਚ ਧਰਮ ਯੁੱਧ ਮੋਰਚਾ ਲੱਗਾ ਤਾਂ ਸਿੱਖਾਂ ਦੀ ਮੰਗ ਇਹ ਵੀ ਸੀ ਕਿ ਸ੍ਰੀ ਦਰਬਾਰ ਸਾਹਿਬ ਤੋਂ ਰੇਡੀਓ 'ਤੇ ਕੁਝ ਘੰਟੇ ਕੀਰਤਨ ਪ੍ਰਸਾਰਨ ਕਰਵਾ ਦਿੱਤਾ ਜਾਵੇ, ਪਰ ਕਾਂਗਰਸ ਸਰਕਾਰ ਨੇ ਬਹਾਨਾ ਘੜ ਕੇ ਇਹ ਮੰਗ ਵੀ ਨਹੀਂ ਮੰਨੀ। ਅੱਜ ਕਿੰਨੇ ਟੀ.ਵੀ. ਚੈਨਲ 24 ਘੰਟੇ ਉਸੇ ਦਰਬਾਰ ਸਾਹਿਬ ਤੋਂ ਸਿੱਧਾ ਪ੍ਰਸਾਰਨ ਕਰ ਕੇ ਕਰੋੜਾਂ ਦੀ ਕਮਾਈ ਕਰ ਰਹੇ ਹਨ। ਪੰਜਾਬ ਦੇ ਕਾਂਗਰਸੀ ਸਿੱਖਾਂ ਵਿਚ ਇੰਨਾ ਕੁ ਦਮ ਕਦੇ ਨਹੀਂ ਰਿਹਾ ਕਿ ਉਹ ਦਿੱਲੀ ਵਾਲਿਆਂ ਨੂੰ ਨਾਰਾਜ਼ ਕਰ ਲੈਣ। ਇਸੇ ਦਾ ਨਤੀਜਾ ਸੀ ਦਰਬਾਰ ਸਾਹਿਬ 'ਤੇ ਫੌਜ ਦਾ ਹਮਲਾ। ਜੇ ਇਨ੍ਹਾਂ ਨੇ ਥੋੜ੍ਹਾ ਜਿਹਾ ਵੀ ਦਮ ਰੱਖਿਆ ਹੁੰਦਾ, ਸਿੱਖਾਂ ਦੀਆਂ ਮੰਗਾਂ ਦਾ ਸੁਖਾਵਾਂ ਹੱਲ ਹੋ ਜਾਣਾ ਸੀ ਅਤੇ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਵੀ ਨਾ ਹੁੰਦਾ। ਅੱਜ ਭਾਵੇਂ ਕੈਪਟਨ ਅਮਰਿੰਦਰ ਸਿੰਘ ਦਿੱਲੀ ਵਾਲਿਆਂ ਨੂੰ ਅੱਖਾਂ ਦਿਖਾ ਕੇ ਸਟੇਟ ਇਕਾਈ ਦਾ ਪ੍ਰਧਾਨ ਬਣ ਗਿਆ, ਪਰ ਉਹਦੀਆਂ ਲਗਾਮਾਂ ਕੱਸ ਕੇ ਖਿੱਚੀਆਂ ਹੋਈਆਂ।

ਆਮ ਆਦਮੀ ਪਾਰਟੀ ਦੀ ਆਮਦ ਨਾਲ ਪੰਜਾਬੀਆਂ ਨੂੰ ਆਸ ਬੱਝਣ ਲੱਗੀ ਸੀ ਕਿ ਇਨ੍ਹਾਂ ਦੋਹਾਂ ਬੁਰਾਈਆਂ ਤੋਂ ਖਹਿੜਾ ਛੁੱਟ ਜਾਊ। ਪੰਜਾਬੀਆਂ ਨੇ ਛੋਟੇ-ਮੋਟੇ ਗਿਲੇ-ਸ਼ਿਕਵੇ ਛੱਡ ਕੇ ਇਸ ਪਾਰਟੀ ਨੂੰ ਹੁੰਗਾਰਾ ਭਰਿਆ। ਲੋਕ ਸਭਾ ਚੋਣਾਂ ਵਿਚ ਇਹ ਪਾਰਟੀ ਸਾਰੇ ਮੁਲਕ ਵਿਚ ਕੋਈ ਉਮੀਦਵਾਰ ਨਾ ਜਿਤਾ ਸਕੀ, ਪਰ ਪੰਜਾਬ ਵਿਚੋਂ ਆਸ ਤੋਂ ਕਿਤੇ ਵੱਧ 4 ਜਿੱਤੇ। ਦਰਅਸਲ, ਇਸ ਪਾਰਟੀ ਦੇ ਪੈਰ ਲਾਉਣ ਵਾਲੇ ਪੰਜਾਬੀ ਹਨ, ਦਿੱਲੀ ਵਾਲੇ ਨਹੀਂ। ਇਸੇ ਕਰ ਕੇ ਇਸ ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਉਹਦੀ ਟੀਮ ਨੇ ਆਪਣਾ ਸਾਰਾ ਧਿਆਨ ਪੰਜਾਬ 'ਤੇ ਲਾ ਦਿੱਤਾ। ਮੁੱਖ ਕਾਰਨ ਇਹ ਵੀ ਸੀ ਕਿ ਦਿੱਲੀ ਵਿਚ ਹੂੰਝਾ ਫੇਰੂ ਜਿੱਤ ਦੇ ਬਾਵਜੂਦ ਕੇਜਰੀਵਾਲ ਦੇ ਪਰ ਕੱਟੇ ਹੀ ਰਹੇ। ਉਥੇ ਜ਼ਿਆਦਾ ਤਾਕਤਵਰ ਲੈਫਟੀਨੈਂਟ ਗਵਰਨਰ ਹੈ ਜੋ ਪ੍ਰਧਾਨ ਮੰਤਰੀ ਮੋਦੀ ਦਾ ਮੋਹਰਾ ਹੈ। ਕੇਜਰੀਵਾਲ ਪੂਰਾ ਤਾਕਤਵਰ ਮੁੱਖ ਮੰਤਰੀ ਬਣ ਕੇ ਅਗਲਾ ਪੈਰ ਪ੍ਰਧਾਨ ਮੰਤਰੀ ਦੇ ਤਖਤ 'ਤੇ ਰੱਖਣਾ ਲੋਚਦਾ ਅਤੇ ਉਹਦੀ ਇਹ ਮਨਸ਼ਾ ਪੰਜਾਬ ਵਿਚ ਤਾਕਤ ਹਾਸਲ ਕਰ ਕੇ ਪੂਰੀ ਹੋਣ ਦੀ ਸੰਭਾਵਨਾ ਬਣਦੀ ਹੈ। ਅਗਲੀ ਗੱਲ ਇਹ ਕਿ ਜਦੋਂ ਉਹਨੇ ਦਿੱਲੀ ਵਿਚ ਚੋਣਾਂ ਲੜੀਆਂ ਸਨ, ਉਹਦੀ ਪਾਰਟੀ ਸੜਕ 'ਤੇ ਚਾਦਰ ਵਿਛਾ ਕੇ ਬੈਠਦੀ ਸੀ ਪੈਸੇ ਇਕੱਠੇ ਕਰਨ; ਇਸ ਦੇ ਉਲਟ ਪੰਜਾਬ ਦੇ ਲੋਕਾਂ, ਖਾਸ ਕਰ ਕੇ ਐਨ.ਆਰ.ਆਈਜ਼ ਨੇ ਦਿਲ ਖੋਲ੍ਹ ਕੇ ਡਾਲਰ ਦਿੱਤੇ ਇਸ ਪਾਰਟੀ ਨੂੰ। ਉਤੋਂ ਬਾਦਲਾਂ ਦੇ ਭ੍ਰਿਸ਼ਟਾਚਾਰ, ਡਰੱਗ ਮਾਫੀਏ, ਧਾਰਮਿਕ ਬੇਅਦਬੀਆਂ, ਬੇਰੁਜ਼ਗਾਰੀ, ਕਿਸਾਨ ਦੇ ਮਾੜੇ ਆਰਥਿਕ ਹਾਲਾਤ ਨੇ ਬਣੇ ਬਣਾਏ ਮੁੱਦੇ ਦੇ ਕੇ ਇਸ ਪਾਰਟੀ ਦਾ ਭਵਿਖ ਹੋਰ ਉਜਲਾ ਕਰ ਦਿੱਤਾ। ਇਹ ਸਾਰੇ ਹੀ ਮੁੱਦੇ ਤਤਕਾਲੀ ਹਨ। ਅਸਲੀ ਮੁੱਦੇ ਪੰਜਾਬ ਦਾ ਸਵੈਮਾਣ, ਦਹਾਕਿਆਂ ਤੋਂ ਹੋ ਰਿਹਾ ਵਿਤਕਰਾ ਹਨ ਜਿਸ ਬਾਰੇ ਕੇਜਰੀਵਾਲ ਦੀ ਚੁੱਪ ਵੀ ਇਹਨੂੰ ਦੂਜੀਆਂ ਪਾਰਟੀਆਂ ਦੇ ਬਰਾਬਰ ਹੀ ਖੜ੍ਹਾ ਕਰਦੀ ਹੈ। ਇਹ ਵੱਖਰੀ ਗੱਲ ਹੈ ਕਿ ਦੂਜੀਆਂ ਪਾਰਟੀਆਂ ਨੇ ਇਹ ਦਗਾ ਆਪ ਮੋਹਰੇ ਹੋ ਕੇ ਪੰਜਾਬ ਨਾਲ ਕੀਤਾ ਅਤੇ ਕੇਜਰੀਵਾਲ ਦੀ ਅਜੇ ਵਾਰੀ ਆਈ ਨਹੀਂ। ਕੱਲ੍ਹ ਨੂੰ ਉਹ ਕਿਵੇਂ ਕਰਦਾ ਹੈ, ਵਕਤ ਹੀ ਦੱਸੇਗਾ।

ਕੇਜਰੀਵਾਲ ਨੇ ਜਿਸ ਤਰ੍ਹਾਂ ਪੰਜਾਬ ਵਿਚ ਆਮ ਆਦਮੀ ਪਾਰਟੀ ਚਲਾਈ, ਉਹ ਪੰਜਾਬੀਕਰਨ ਨਾਲੋਂ ਦਿੱਲੀਕਰਨ ਜ਼ਿਆਦਾ ਹੈ। 50 ਬੰਦਿਆਂ ਦੀ ਟੀਮ ਦਿੱਲੀ ਤੋਂ ਪਿਛਲੇ ਇਕ ਸਾਲ ਤੋਂ ਪੰਜਾਬ ਵਿਚ ਭੇਜੀ ਹੋਈ ਸੀ। ਦਿੱਲੀ ਦੀ ਟੀਮ ਨੇ ਹੀ ਲੱਗਦਾ ਹੈ ਕਿ ਪੰਜਾਬ ਪਾਰਟੀ ਵਿਚ ਗੁੱਟਬੰਦੀ ਖੜ੍ਹੀ ਕਰ ਦਿੱਤੀ ਜਿਸ ਨੇ ਪੰਜਾਬ ਦੇ ਆਮ ਵੋਟਰਾਂ ਦੀਆਂ ਖਾਹਿਸ਼ਾਂ ਦੇ ਉਲਟ ਪਾਰਟੀ ਵਿਚ ਦੁਫੇੜ ਪੁਆ ਦਿੱਤੀ। ਇਥੇ ਕੇਜਰੀਵਾਲ ਦੀ ਸਮਝਦਾਰੀ ਕੰਮ ਆਉਣੀ ਚਾਹੀਦੀ ਸੀ, ਆਖਰ ਉਹ ਪਾਰਟੀ ਦੇ ਮੁਖੀ ਹਨ। ਜਦੋਂ ਹੁਣ ਇਸੇ ਪਾਰਟੀ ਵਿਚੋਂ ਨਿਕਲੇ ਜਾਂ ਕੱਢੇ ਲੀਡਰਾਂ ਨੇ ਚੌਥਾ ਫਰੰਟ ਬਣਾਇਆ ਅਤੇ ਸਾਰੀਆਂ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨ ਦਾ ਐਲਾਨ ਕੀਤਾ ਹੈ ਤਾਂ ਇਸ ਵੋਟ-ਵੰਡ ਦਾ ਫਾਇਦਾ ਸਾਰੇ ਜਾਣਦੇ ਹਨ ਕਿ ਕਿਸ ਨੂੰ ਹੋਣਾ ਹੈ। ਇਸ ਵੋਟ-ਵੰਡ ਲਈ ਕੇਜਰੀਵਾਲ ਵੀ ਜ਼ਿੰਮੇਵਾਰ ਹਨ। ਹੁਣ ਇੰਨਾ ਕੁਝ ਹੋਣ ਪਿਛੋਂ ਵੀ ਤਾਂ ਦਿੱਲੀ ਟੀਮ ਵਾਲੇ ਵਾਪਿਸ ਭੇਜੇ ਹੀ ਹਨ, ਜੇ ਸਮੇਂ ਸਿਰ ਇਹ ਕਾਰਵਾਈ ਕਰ ਦਿੰਦਾ ਤਾਂ ਬਿਹਤਰ ਹੋਣਾ ਸੀ। ਪੰਜਾਬ ਦੇ ਲੀਡਰਾਂ ਨੂੰ ਅੱਖੋਂ-ਪਰੋਖੇ ਕਰਨਾ ਕੇਜਰੀਵਾਲ ਦਾ ਫੈਸਲਾ ਦਰੁਸਤ ਨਹੀਂ ਲੱਗਾ। ਪਤਾ ਨਹੀਂ ਕਿਸ ਨੀਤੀ ਤਹਿਤ ਕੇਜਰੀਵਾਲ ਨੇ ਪੰਜਾਬ ਵਿਚ ਕੋਈ ਪਾਏਦਾਰ ਪਾਰਟੀ ਲੀਡਰ ਨਹੀਂ ਬਣਨ ਦਿੱਤਾ। ਉਂਜ, ਕੇਜਰੀਵਾਲ ਨੂੰ ਇਹ ਪਤਾ ਲੱਗ ਚੁੱਕਾ ਹੈ ਕਿ ਪੰਜਾਬ ਦਾ ਆਮ ਵੋਟਰ ਬਾਦਲਾਂ ਤੋਂ ਖਹਿੜਾ ਛੁਡਾਉਣ ਖਾਤਿਰ ਆਪ ਨੂੰ ਵੋਟ ਪਾਉਣ ਲਈ ਮਜਬੂਰ ਹੈ। ਇਸ ਮਜਬੂਰੀ ਨੂੰ ਸਿਆਸੀ ਜਿੱਤ ਸਮਝਣਾ ਬਹੁਤੀ ਸਮਝਦਾਰੀ ਨਹੀਂ। ਮਜਬੂਰ ਇਨਸਾਨ ਰਾਹ ਵੀ ਰੋਕ ਕੇ ਖੜ੍ਹ ਸਕਦਾ ਸ਼ਹੀਦ ਭਗਤ ਸਿੰਘ ਵਾਂਗ! ਅਜੇ ਤੱਕ ਕੇਜਰੀਵਾਲ ਮੁਲਕ ਵਿਚ ਵਸਦੀਆਂ ਘਟਗਿਣਤੀਆਂ ਬਾਰੇ ਵੀ ਕੋਈ ਸਪਸ਼ਟ ਨੀਤੀ ਨਹੀਂ ਅਪਨਾ ਸਕਿਆ। ਅਸਲ ਵਿਚ ਕੇਜਰੀਵਾਲ ਸਮੇਤ ਭਾਰਤ ਦੇ ਸਾਰੇ ਲੀਡਰਾਂ ਦੇ ਰਾਸ਼ਟਰਵਾਦ ਦੀ ਪਰਿਭਾਸ਼ਾ ਇਕੋ ਹੀ ਹੈ- ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਵਾਲੀ। ਇਹਦੇ ਅੰਦਰ ਰਹਿ ਕੇ ਵੀ ਜੇ ਕੋਈ ਆਪਣੇ ਹੱਕਾਂ ਦੀ ਗੱਲ ਕਰੇ ਤਾਂ ਉਹ ਸਿੱਧਾ ਰਾਸ਼ਟਰ ਵਿਰੋਧੀ, ਵੱਖਵਾਦੀ, ਅਤਿਵਾਦੀ ਮੰਨਿਆ ਜਾਂਦਾ ਹੈ।

ਸਵਾਲ ਫਿਰ ਉਹੀ ਹੈ ਕਿ ਵੋਟ ਕਿਸ ਨੂੰ ਪਾਈਏ? ਇਕ ਗੱਲ ਲੜ ਬੰਨ੍ਹਣੀ ਪੈਣੀ ਹੈ ਕਿ ਭਾਵੇਂ ਬਾਦਲ ਲੱਖ ਭਰੋਸਾ ਦਿਵਾਉਣ, ਯਕੀਨ ਨਾ ਕਰਿਓ! ਕੈਪਟਨ ਨੂੰ ਵੀ ਪੁੱਛੋ ਕਿ ਦਿੱਲੀ ਵਾਲਿਆਂ ਨੇ ਉਹਦੇ ਹੱਥ ਖੁੱਲ੍ਹੇ ਛੱਡੇ ਹਨ ਜਾਂ ਨਹੀਂ? ਉਹਦੀਆਂ ਲੱਤਾਂ ਤਾਂ ਦੂਲੋ ਹੋਰੀਂ ਹੀ ਖਿੱਚੀ ਫਿਰਦੇ ਆ, ਦਿੱਲੀ ਵਾਲੇ ਕਾਕੇ ਦੀ ਤਾਂ ਗੱਲ ਹੀ ਛੱਡੋ! ਹੁਣ ਰਹਿ ਗਈ ਆਮ ਆਦਮੀ ਪਾਰਟੀ ਜਿਸ ਲਈ ਪੰਜਾਬੀ ਤੱਤੇ ਹੋਏ ਪਏ ਆ। ਜੇ ਤਾਂ ਇਹ ਪਾਰਟੀ ਪੰਜਾਬ ਨੂੰ ਡਰੱਗ ਤੇ ਭ੍ਰਿਸ਼ਟਾਚਾਰ ਤੋਂ ਹੀ ਮੁਕਤ ਕਰਨ ਤੱਕ ਸੀਮਤ ਹੈ, ਤਾਂ ਇਹ ਕੋਈ ਮਾਅਰਕੇ ਵਾਲੀ ਗੱਲ ਨਹੀਂ। ਬਾਦਲਾਂ ਨੂੰ ਲਾਹ ਕੇ ਜਿਹਨੂੰ ਮਰਜ਼ੀ ਬਿਠਾ ਦਿਓ, ਇਹ ਕੰਮ ਤਾਂ ਉਹ ਵੀ ਕਰ ਦੇਊਗਾ। ਪੁੱਛਣ ਵਾਲੀ ਗੱਲ ਹੈ ਕਿ ਇਹ ਪਾਰਟੀ ਪੰਜਾਬ ਦੇ ਡਿੱਗੇ ਸਵੈਮਾਣ ਨੂੰ ਉਸੇ ਬੁਲੰਦੀ 'ਤੇ ਲਿਜਾਣ ਅਤੇ ਦਹਾਕਿਆਂ ਤੋਂ ਹੁੰਦੇ ਵਿਤਕਰੇ ਨੂੰ ਰੋਕਣ ਲਈ ਕੁਝ ਕਰੇਗੀ? ਪੰਜਾਬੀਆਂ ਨਾਲ ਪਹਿਲਾਂ ਵੀ ਵਾਅਦੇ ਕਰਨ ਵਾਲੇ ਮੁੱਕਰ ਚੁੱਕੇ ਹਨ। ਹੁਣ ਜੇ ਪੰਜਾਬੀਆਂ ਦਾ ਭਰੋਸਾ ਜਿੱਤਣਾ ਹੈ ਤਾਂ ਕੁਝ ਕਰ ਕੇ ਦੱਸਣਾ ਪੈਣਾ ਹੈ। ਇਨ੍ਹਾਂ ਸਵਾਲਾਂ ਦੇ ਜਵਾਬ ਤੋਂ ਬਾਅਦ ਵੋਟ ਪਾਉਣ ਬਾਰੇ ਫੈਸਲਾ ਕਰ ਲਓ; ਨਹੀਂ ਤਾਂ ਮਾਰਕ ਟਵੇਨ ਦਾ ਕਿਹਾ ਤਾਂ ਫਿਰ ਸੱਚ ਹੈ ਈ!

ਭਾਈ ਕਾਨ੍ਹ ਸਿੰਘ ਦੇ 'ਮਹਾਨ ਕੋਸ਼' ਦਾ ਇਤਿਹਾਸ

ਗੁਰਬਚਨ ਸਿੰਘ ਭੁੱਲਰ
ਫੋਨ: 011-42502364

ਭਾਈ ਕਾਨ੍ਹ ਸਿੰਘ ਦਾ 'ਮਹਾਨ ਕੋਸ਼' ਪੰਜਾਬੀ ਵਿਦਵਤਾ ਦੇ ਖੇਤਰ ਦੀ ਬੇਮਿਸਾਲ ਰਚਨਾ ਹੈ। ਸਿੱਖ ਧਰਮ ਲਈ ਇਸ ਦੀ ਖਾਸ ਅਹਿਮੀਅਤ ਹੈ ਕਿਉਂਕਿ ਇਹ ਟਕਸਾਲੀ ਸਿੱਖ ਗ੍ਰੰਥਾਂ ਵਿਚ ਸ਼ਾਮਲ ਸਾਧਾਰਨ ਪਾਠਕ ਦੀ ਸਮਝ ਤੋਂ ਬਾਹਰੇ ਸ਼ਬਦਾਂ ਦੇ ਵਿਆਖਿਆਈ ਅਰਥਾਂ ਦਾ ਭੰਡਾਰ ਹੈ। ਬਹੁਭਾਸ਼ਾਈ ਗਿਆਨ ਦੇ ਸੁਆਮੀ ਭਾਈ ਕਾਨ੍ਹ ਸਿੰਘ (1861-1938) ਨੇ ਕੋਈ ਡੇਢ ਦਰਜਨ ਪ੍ਰਕਾਸ਼ਿਤ-ਅਪ੍ਰਕਾਸ਼ਿਤ ਪੁਸਤਕਾਂ ਦੀ ਰਚਨਾ ਕੀਤੀ। ਉਹਨਾਂ ਦਾ ਮੁੱਖ ਖੇਤਰ ਭਾਵੇਂ ਸਿੱਖ ਧਰਮ ਅਤੇ ਗੁਰਬਾਣੀ ਰਿਹਾ, ਉਹਨਾਂ ਨੇ ਦੇਸ-ਪਰਦੇਸ ਦੀਆਂ ਯਾਤਰਾਵਾਂ ਦਾ ਹਾਲ ਵੀ ਲਿਖਿਆ ਅਤੇ ਪੰਜਾਬੀ ਤੇ ਹਿੰਦੀ ਵਿਚ ਕਵਿਤਾ ਵੀ ਰਚੀ। ਉਹਨਾਂ ਦੀ ਸਮੁੱਚੀ ਬਹੁਭਾਂਤੀ ਰਚਨਾ ਵਿਚੋਂ 'ਗੁਰਸ਼ਬਦ ਰਤਨਾਕਰ ਮਹਾਨ ਕੋਸ' ਨੂੰ, ਜਿਸ ਨੂੰ ਆਮ ਕਰ ਕੇ 'ਮਹਾਨ ਕੋਸ਼' ਕਿਹਾ ਜਾਂਦਾ ਹੈ, ਬਿਨਾ ਸ਼ੱਕ ਮੁੱਖ ਸਥਾਨ ਪ੍ਰਾਪਤ ਹੈ। ਗੁਰਮੁਖੀ ਅੱਖਰਾਂ ਵਿਚਲੇ ਇਹਦੇ ਨਾਂ ਹੇਠ ਅੰਗਰੇਜ਼ੀ ਵਿਚ 'ਐਨਸਾਈਕਲੋਪੀਡੀਆ ਆਫ਼ ਸਿੱਖ ਲਿਟਰੇਚਰ' ਛਪਿਆ ਹੋਇਆ ਹੈ।

ਮੇਰੇ ਬਚਪਨ ਵਿਚ ਸਾਡੇ ਘਰ ਪੜ੍ਹਿਆ ਜਾਂਦਾ 'ਮਹਾਨ ਕੋਸ਼' ਚਾਰ ਵਡ-ਆਕਾਰੀ ਸੈਂਚੀਆਂ ਵਿਚ ਸੀ। ਇਹਨਾਂ ਸੈਂਚੀਆਂ ਦੇ ਕੁੱਲ ਪੰਨੇ 3,338 ਸਨ। ਹਰ ਸੈਂਚੀ ਇੰਨੀ ਭਾਰੀ ਹੁੰਦੀ ਸੀ ਕਿ ਉਹਨੂੰ ਆਮ ਪੁਸਤਕ ਵਾਂਗ ਹੱਥਾਂ ਵਿਚ ਚੁੱਕ ਕੇ ਪੜ੍ਹਨਾ ਅਸੰਭਵ ਸੀ। ਇਸ ਲਈ ਇਹਨੂੰ ਧਰਮ-ਪੋਥੀਆਂ ਵਾਂਗ ਰੇਹਲ ਉਤੇ ਰੱਖ ਕੇ ਪੜ੍ਹਿਆ ਜਾਂਦਾ ਸੀ। ਇਹਦਾ ਸਤਿਕਾਰ ਵੀ ਧਾਰਮਿਕ ਪੋਥੀਆਂ ਵਾਂਗ ਹੀ ਕੀਤਾ ਜਾਂਦਾ ਸੀ ਅਤੇ ਚਾਰੇ ਸੈਂਚੀਆਂ ਰੁਮਾਲਿਆਂ ਵਿਚ ਲਪੇਟ ਕੇ ਰੱਖੀਆਂ ਜਾਂਦੀਆਂ ਸਨ। ਆਮ ਕਰ ਕੇ ਇਹਨੂੰ ਅਰਥਾਂ ਦੀ ਅਸਪਸ਼ਟਤਾ ਜਾਂ ਦੁਬਿਧਾ ਵਾਲੇ ਕਿਸੇ ਸ਼ਬਦ ਦਾ ਸਹੀ ਭਾਵ ਸਮਝਣ ਲਈ ਵਰਤਿਆ ਜਾਂਦਾ। ਬਚਪਨ ਵਿਚ ਮੇਰੀ ਇਹ ਹੈਰਾਨੀ ਸੁਭਾਵਿਕ ਸੀ ਕਿ ਇਕ ਆਦਮੀ ਨੇ ਇਕੱਲਿਆਂ ਇੰਨੀ ਵੱਡੀ ਪੁਸਤਕ ਕਿਵੇਂ ਲਿਖ ਲਈ, ਪਰ ਅੱਜ ਵੀ ਇਸ ਦੇ ਆਕਾਰ-ਪ੍ਰਕਾਰ ਬਾਰੇ ਸੋਚਿਆਂ ਮੇਰੀ ਇਹ ਹੈਰਾਨੀ ਘਟੀ ਨਹੀਂ ਕਿ ਵਿਦਵਾਨਾਂ ਨੂੰ ਅਜਿਹੇ ਕਾਰਜ ਵਾਸਤੇ ਹੁਣ ਹਾਸਲ ਬੇਅੰਤ ਸਹੂਲਤਾਂ ਤੋਂ ਪੂਰੀ ਤਰ੍ਹਾਂ ਵਿਰਵੇ ਉਸ ਜ਼ਮਾਨੇ ਵਿਚ ਉਹਨਾਂ ਨੇ ਇਹ ਕ੍ਰਿਸ਼ਮਾ ਕਿਵੇਂ ਕਰ ਦਿਖਾਇਆ! ਲੋਕਧਾਰਾ ਦੇ ਬਹੁਜਿਲਦੀ ਕੋਸ਼ਕਾਰ ਵਣਜਾਰਾ ਬੇਦੀ ਦੀ ਦੂਜੀ ਮਿਸਾਲ ਤੋਂ ਇਲਾਵਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਅਜਿਹੀ ਘਾਲਣਾ ਦੀ ਕੋਈ ਤੀਜੀ ਮਿਸਾਲ ਨਹੀਂ ਮਿਲਦੀ।

ਮਹਾਨ ਕੋਸ਼ ਵਿਚ 64,263 ਸ਼ਬਦਾਂ ਦੇ ਅਰਥ ਅਤੇ ਉਹਨਾਂ ਦੀ ਵਿਆਖਿਆ ਦਰਜ ਹੈ। ਬਹੁਤੇ ਲੋਕਾਂ ਦਾ ਇਹ ਵਿਚਾਰ ਗ਼ਲਤ ਹੈ ਕਿ ਇਸ ਵਿਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ। ਅਸਲ ਵਿਚ ਇਹ ਇਸ ਤੋਂ ਬਹੁਤ ਵੱਧ ਕੁਝ ਹੈ। ਭਾਈ ਸਾਹਿਬ ਲਿਖਦੇ ਹਨ ਕਿ ਪੰਡਿਤ ਤਾਰਾ ਸਿੰਘ ਦਾ 'ਗੁਰੂ ਗਿਰਾਰਥ ਕੋਸ਼' ਅਤੇ ਭਾਈ ਹਜ਼ਾਰਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼' ਪੜ੍ਹ ਕੇ ਉਹਨਾਂ ਨੇ ਸੋਚਿਆ, ਜੋ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਇਹਨਾਂ ਵਿਚ ਨਹੀਂ ਆਏ, ਉਹ ਵੀ ਲੈ ਕੇ ਉਤਮ ਕੋਸ਼ ਲਿਖਿਆ ਜਾਵੇ। ਪੰਜ ਸਾਲ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਪਾਠ ਦੇ ਸ਼ਬਦੀ ਹਵਾਲੇ ਲੈਂਦਿਆਂ ਲੱਗ ਗਏ। ਹਵਾਲਿਆਂ ਨੂੰ ਤਰਤੀਬ ਦੇਣ ਦੇ ਸੰਬੰਧ ਵਿਚ 'ਐਨਸਾਈਕਲੋਪੀਡੀਆ ਬ੍ਰਿਟੈਨਿਕਾ' ਦੇਖਦਿਆਂ ਉਹਨਾਂ ਨੂੰ ਖਿਆਲ ਆਇਆ ਕਿ ਇਹ ਗੁਰੂ ਗ੍ਰੰਥ ਸਾਹਿਬ ਦਾ ਹੀ ਨਹੀਂ ਸਗੋਂ ਸਿੱਖ ਸਾਹਿਤ ਦਾ ਕੋਸ਼ ਹੋਵੇ। ਇਸ ਆਸ਼ੇ ਨਾਲ ਉਹਨਾਂ ਨੇ ਦਸਮ ਗ੍ਰੰਥ, ਭਾਈ ਗੁਰਦਾਸ ਦੀ ਬਾਣੀ, ਭਾਈ ਨੰਦ ਲਾਲ ਦੀ ਰਚਨਾ, ਭਾਈ ਮਨੀ ਸਿੰਘ ਦੀਆਂ ਸਾਖੀਆਂ, ਭਾਈ ਬਾਲੇ ਵਾਲੀ ਜਨਮ ਸਾਖੀ, ਰਹਿਤਨਾਮੇ, ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਆਦਿ ਗ੍ਰੰਥ ਘੋਖ ਕੇ ਹਵਾਲੇ ਇਕੱਠੇ ਕੀਤੇ। ਅਰਥ ਅਤੇ ਵਿਆਖਿਆ ਨੂੰ ਵੱਧ ਤੋਂ ਵੱਧ ਸੰਪੂਰਨਤਾ ਦੇਣ ਦੇ ਮਨੋਰਥ ਨਾਲ ਉਹਨਾਂ ਨੇ ਹਉਮੈ ਤੋਂ ਮੁਕਤ ਰਹਿੰਦਿਆਂ ਸ਼ਬਦਾਂ ਨਾਲ ਸੰਬੰਧਿਤ ਖੇਤਰਾਂ ਦੇ ਸਿਆਣਿਆਂ ਨਾਲ ਸੰਪਰਕ ਅਤੇ ਵਿਚਾਰ-ਵਟਾਂਦਰਾ ਕਰਨ ਵਿਚ ਕੋਈ ਝਿਜਕ ਨਹੀਂ ਸੀ ਦਿਖਾਈ। ਮੇਰਾ ਇਹ ਸੋਚਣਾ ਵੀ ਨਿਰਾਧਾਰ ਨਹੀਂ ਕਿ ਗੁਰਮਤ ਦੀ ਵਿਆਖਿਆ ਦਾ ਉਹਨਾਂ ਦਾ ਆਪਣਾ ਪਹਿਲਾਂ ਦਾ ਕਾਰਜ ਵੀ ਜ਼ਰੂਰ ਕੋਸ਼-ਰਚਨਾ ਦੇ ਵਿਚਾਰ ਦਾ ਬੀ ਅਤੇ ਆਧਾਰ ਬਣਿਆ ਹੋਵੇਗਾ। ਉਹਨਾਂ ਦੀਆਂ ਪਹਿਲਾਂ ਲਿਖੀਆਂ ਤਿੰਨ ਪੁਸਤਕਾਂ 'ਗੁਰਮਤ ਪ੍ਰਭਾਕਰ' (1889), 'ਗੁਰਮਤ ਸੁਧਾਕਰ' (1899) ਅਤੇ ਉਸ ਸਮੇਂ ਕੁਝ ਕਾਰਨਾਂ ਕਰ ਕੇ ਅਣਛਪੀ ਰਹੀ 'ਗੁਰ ਗਿਰਾ ਕਸੌਟੀ' ਗੁਰਮਤ ਸਾਹਿਤ ਦੀ ਵਿਆਖਿਆ ਨਾਲ ਹੀ ਸੰਬੰਧਿਤ ਸਨ। ਸ਼ਬਦਾਂ ਨੂੰ ਤਰਤੀਬ ਦਿੰਦਿਆਂ ਉਹਨਾਂ ਨੇ ਅਜੋਕੇ ਸ਼ਬਦਕੋਸ਼ਾਂ ਵਾਂਗ ਅੱਖਰਮਾਲਾ ਨੂੰ ਅਤੇ ਅੱਗੋਂ ਹਰ ਅੱਖਰ ਦੇ ਸੰਬੰਧ ਵਿਚ ਲਗਾਂ-ਮਾਤਰਾਂ ਨੂੰ ਆਧਾਰ ਬਣਾਇਆ ਹੈ। ਭਾਈ ਸਾਹਿਬ ਦੀ ਲਿਖਤ ਦੀ ਇਕ ਦਿਲਚਸਪ ਗੱਲ ਵਾਕ ਦੇ ਅੰਤ ਉਤੇ ਆਮ ਪੰਜਾਬੀ ਲਿਖਾਈ ਵਾਲੀ ਡੰਡੀ ਦੀ ਥਾਂ ਅੰਗਰੇਜ਼ੀ ਵਾਂਗ ਫੁਲਸਟਾਪੀ ਬਿੰਦੀ ਪਾਉਣਾ ਹੈ। ਕੋਸ਼ ਵਿਚ ਅਤੇ ਉਥੇ ਦਿੱਤੇ ਗਏ ਸ਼ਮਸ਼ੇਰ ਸਿੰਘ ਅਸ਼ੋਕ ਦੇ ਨਾਂ ਉਹਨਾਂ ਦੀ ਹੱਥ-ਲਿਖਤ ਚਿੱਠੀ ਦੇ ਫ਼ੋਟੋ-ਉਤਾਰੇ ਵਿਚ ਡੰਡੀਆਂ ਦੀ ਥਾਂ ਫੁਲਸਟਾਪੀ ਬਿੰਦੀਆਂ ਹੀ ਹਨ।

ਜਿੰਨੀ ਹੈਰਾਨ ਕਰਨ ਵਾਲੀ 'ਮਹਾਨ ਕੋਸ਼' ਨੂੰ ਲਿਖੇ ਜਾਣ ਵਿਚ ਲੱਗੀ ਮਿਹਨਤ ਦੀ ਵਾਰਤਾ ਸੀ, ਉਨੀ ਹੀ ਮੁਸ਼ਕਲਾਂ ਭਰੀ ਇਹਦੇ ਛਪਣ ਦੀ ਕਹਾਣੀ ਸੀ। ਭਾਈ ਸਾਹਿਬ ਦੇ ਆਪਣੇ ਦੱਸਣ ਅਨੁਸਾਰ, ਕੁੱਲ ਮਿਲਾ ਕੇ ਇਸ ਕਾਰਜ ਦੇ ਲੇਖੇ ਉਹਨਾਂ ਦੇ 28 ਸਾਲ ਲੱਗ ਗਏ। 1911 ਵਿਚ ਉਹਨਾਂ ਦੇ ਕਦਰਦਾਨ ਨਾਭਾਪਤੀ ਮਹਾਰਾਜਾ ਹੀਰਾ ਸਿੰਘ ਗੁਜ਼ਰ ਗਏ। 1912 ਵਿਚ ਆਜ਼ਾਦ ਖ਼ਿਆਲ ਟਿੱਕਾ ਰਿਪੁਦਮਨ ਸਿੰਘ ਨੇ ਇੰਗਲੈਂਡ ਤੋਂ ਆ ਕੇ ਗੱਦੀ ਸੰਭਾਲੀ ਤਾਂ ਉਹਨੇ ਰਿਆਸਤ ਦੇ ਪ੍ਰਬੰਧਕ ਢਾਂਚੇ ਅਤੇ ਨੀਤੀਆਂ ਵਿਚ ਕਈ ਤਬਦੀਲੀਆਂ ਕੀਤੀਆਂ। ਭਾਈ ਸਾਹਿਬ ਦੇ ਆਪਣੇ ਕਹਿਣ ਅਨੁਸਾਰ 'ਕਈ ਕਾਰਨਾਂ ਕਰ ਕੇ ਉਹ ਨਾਭੇ ਦੀ ਨੌਕਰੀ ਤੋਂ ਵੱਖ ਹੋ ਗਏ, ਭਾਵੇਂ ਉਹ ਬਾਲ ਰਿਪੁਦਮਨ ਸਿੰਘ ਦੇ ਸਿੱਖਿਆਦਾਤਾ ਰਹੇ ਸਨ। ਇਸ ਵਿਹਲ ਨੂੰ ਗ਼ਨੀਮਤ ਸਮਝਦਿਆਂ ਉਹ ਕਸ਼ਮੀਰ ਚਲੇ ਗਏ ਅਤੇ '20 ਮਈ 1912 ਨੂੰ ਅਰਦਾਸਾ ਸੋਧ ਕੇ ਰਚਨਾ ਕਾਰਜ ਆਰੰਭ ਕਰ ਦਿੱਤਾ। 1915 ਵਿਚ ਉਹਨਾਂ ਨੇ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਦੀ ਨੌਕਰੀ ਦੀ ਪੇਸ਼ਕਸ਼ ਪਰਵਾਨ ਤਾਂ ਕਰ ਲਈ, ਪਰ 1917 ਵਿਚ ਬੁਲਾਵਾ ਆਉਣ ਸਦਕਾ ਫੇਰ ਨਾਭੇ ਚਲੇ ਗਏ। 1923 ਵਿਚ ਰਿਪੁਦਮਨ ਸਿੰਘ ਨੂੰ ਗੱਦੀਉਂ ਲਾਹੇ ਜਾਣ ਮਗਰੋਂ ਉਹ ਰਿਆਸਤੀ ਨੌਕਰੀ ਤੋਂ ਵੱਖ ਹੋ ਕੇ ਇਕ ਵਾਰ ਫੇਰ ਨਿਰੋਲ ਕੋਸ਼-ਰਚਨਾ ਨੂੰ ਸਮਰਪਿਤ ਹੋ ਗਏ। ਕੋਸ਼ ਦੇ ਖਰੜੇ ਦਾ ਅੰਤਲਾ ਸ਼ਬਦ ਉਹਨਾਂ ਨੇ 6 ਫ਼ਰਵਰੀ 1926 ਨੂੰ ਲਿਖਿਆ।

ਸਿੱਖ ਵਿਦਵਾਨਾਂ ਨੇ ਇਸ ਉਦਮ ਦੀ ਭਰਪੂਰ ਪ੍ਰਸੰਸਾ ਕੀਤੀ। ਕੋਸ਼ ਦੇ ਅੰਗਰੇਜ਼ੀ ਵਿਚ ਲਿਖੇ ਮੁੱਖਬੰਦ ਵਿਚਲੇ ਤੇਜਾ ਸਿੰਘ ਦੇ ਸ਼ਬਦ ਅਜਿਹੀ ਰਚਨਾ ਕਰਨ ਸੰਬੰਧੀ ਭਾਈ ਕਾਨ੍ਹ ਸਿੰਘ ਦੀ ਜੋਗਤਾ ਅਤੇ ਸਮਰੱਥਾ ਨੂੰ ਪ੍ਰਤੀਨਿਧ ਰੂਪ ਵਿਚ ਭਲੀਭਾਂਤ ਉਜਾਗਰ ਕਰਦੇ ਹਨ। ਓਰੀਐਂਟਲ ਕਾਲਜ ਲਾਹੌਰ ਦੇ ਪ੍ਰਿੰਸੀਪਲ ਏ.ਸੀ.ਵੂਲਨਰ ਨੇ ਕੋਸ਼ ਨੂੰ 'ਸਿੱਖ ਧਰਮ ਦਾ ਐਨਸਾਈਕਲੋਪੀਡੀਆ' ਅਤੇ 'ਸਿੱਖ ਸਾਹਿਤ ਦੀ ਡਿਕਸ਼ਨਰੀ' ਕਿਹਾ। 'ਭੂਮਿਕਾ' ਵਿਚ ਲਿਖੀ ਭਾਈ ਸਾਹਿਬ ਦੀ ਇਹ ਗੱਲ ਅੱਜ ਦੇ ਲੇਖਕਾਂ ਵੱਲੋਂ ਪਾਠਕਾਂ ਦੀ ਘਾਟ, ਬੇਰੁਖ਼ੀ ਅਤੇ ਅਗਿਆਨਤਾ ਸੰਬੰਧੀ ਅਕਸਰ ਕੀਤੇ ਜਾਂਦੇ ਗਿਲੇ-ਸ਼ਿਕਵੇ ਨਾਲ ਹੂਬਹੂ ਮੇਲ ਖਾਂਦੀ ਹੈ: "ਇਸ ਗ੍ਰੰਥ ਦੇ ਪੂਰਨ ਕਰਨ ਅਤੇ ਪ੍ਰਕਾਸ਼ਨ ਵਿਚ ਜੋ ਨਿਰਾਸਤਾ, ਔਖ ਅਤੇ ਵਿਘਨ ਹੋਏ ਹਨ, ਉਨ੍ਹਾਂ ਦਾ ਇਥੇ ਵਿਸਤਾਰ ਨਾਲ ਲਿਖਣਾ ਲੇਖਕਾਂ ਦੇ ਉਤਸਾਹ ਘਟਾਉਣ ਦਾ ਕਾਰਨ ਹੈ, ਪਰ ਸੰਖੇਪ ਨਾਲ ਇਤਨਾ ਪ੍ਰਗਟ ਕਰ ਦੇਣਾ ਭੀ ਜ਼ਰੂਰੀ ਹੈ ਕਿ ਅਜੇ ਅਸਾਡੀ ਕੌਮ ਦੇ ਸੱਜਨਾਂ ਨੂੰ ਅਜਿਹੇ ਕੰਮਾਂ ਨਾਲ ਬਹੁਤ ਹੀ ਘੱਟ ਪਿਆਰ ਹੈ, ਅਰ ਕਿਤਨਿਆਂ ਨੂੰ ਇਹ ਪਤਾ ਭੀ ਨਹੀਂ ਕਿ ਇਸ ਪ੍ਰਕਾਰ ਦੇ ਗ੍ਰੰਥ ਕਿਵੇਂ ਲਿਖੇ ਜਾਂਦੇ ਹਨ ਅਰ ਇਨ੍ਹਾਂ ਤੋਂ ਕੀ ਲਾਭ ਹੁੰਦਾ ਹੈ।"

ਉਹਨਾਂ ਦੀ ਇਸ ਨਿਰਾਸ਼ਾ ਦਾ ਕਾਰਨ ਵੀ ਜਾਣ ਲਵੋ। ਮਹਾਰਾਜਾ ਫ਼ਰੀਦਕੋਟ, ਬਰਜਿੰਦਰ ਸਿੰਘ ਨੇ ਕੋਸ਼ ਛਪਵਾਉਣ ਦਾ ਵਚਨ ਦਿੱਤਾ ਹੋਇਆ ਸੀ ਪਰ ਬਦਕਿਸਮਤੀ ਨੂੰ ਉਹ ਗੁਜ਼ਰ ਚੁਕਿਆ ਸੀ। ਮਹਾਰਾਜਾ ਨਾਭਾ, ਰਿਪੁਦਮਨ ਸਿੰਘ ਜਿਸ ਨੇ ਡੇਢ ਸਾਲ ਲਈ ਭਾਈ ਸਾਹਿਬ ਦੇ ਸਾਰੇ ਅਮਲੇ ਦਾ ਖਰਚ ਦਿੱਤਾ ਸੀ ਅਤੇ ਛਪਾਈ ਲਈ ਨਿੱਗਰ ਸਹਾਇਤਾ ਦਾ ਇਕਰਾਰ ਕੀਤਾ ਸੀ, ਨੂੰ ਗੱਦੀ ਛੱਡਣੀ ਪੈ ਗਈ ਸੀ। ਜਦੋਂ ਭਾਈ ਸਾਹਿਬ ਨੇ ਮਹਾਰਾਜਾ ਰਿਪੁਦਮਨ ਸਿੰਘ ਦੇ ਇਸ ਇਕਰਾਰ ਸੰਬੰਧੀ ਰਿਆਸਤ ਦੇ ਨਵੇਂ ਪ੍ਰਬੰਧਕ ਨਾਲ ਗੱਲ ਕੀਤੀ, ਉਹਨੇ ਖ਼ਜ਼ਾਨਾ ਖਾਲੀ ਦੱਸ ਕੇ ਕਿਸੇ ਮਦਦ ਤੋਂ ਇਨਕਾਰ ਕਰ ਦਿੱਤਾ। ਇਸ ਮਗਰੋਂ ਸ਼ੁਭਚਿੰਤਕਾਂ ਨਾਲ ਵਿਚਾਰ-ਚਰਚਾ ਦੇ ਸਿੱਟੇ ਵਜੋਂ ਸਲਾਹ ਬਣੀ ਕਿ ਕੋਸ਼ ਦੀ ਸੱਤਰ ਰੁਪਏ ਅੰਦਾਜ਼ਨ ਕੀਮਤ ਦਾ ਅੱਧ ਪੇਸ਼ਗੀ ਲੈ ਕੇ ਪੰਜ ਸੌ ਗਾਹਕ ਬਣਾਏ ਜਾਣ ਅਤੇ ਛਪਾਈ ਸ਼ੁਰੂ ਕਰ ਦਿੱਤੀ ਜਾਵੇ। ਇਸ ਮਨੋਰਥ ਨਾਲ ਕੋਸ਼ ਦੇ ਨਮੂਨੇ ਦਾ ਇਕ ਪੱਤਰਾ ਛਪਵਾ ਕੇ ਇਕ ਹਜ਼ਾਰ ਸਿੱਖ ਵਿਦਵਾਨਾਂ ਤੇ ਮੋਹਰੀਆਂ ਨੂੰ ਪੇਸ਼ਗੀ ਗਾਹਕ ਬਣਨ ਦੀ ਬੇਨਤੀ ਨਾਲ ਭੇਜਿਆ ਗਿਆ। ਇਸ ਦੇ ਨਾਲ ਹੀ ਇਹ ਬੇਨਤੀ ਅਖ਼ਬਾਰਾਂ ਵਿਚ ਵੀ ਛਪਵਾਈ ਗਈ। ਇਹਨਾਂ ਠੋਸ ਜਤਨਾਂ ਦੇ ਬਾਵਜੂਦ ਨੌਂ ਮਹੀਨਿਆਂ ਵਿਚ ਕੁੱਲ ਦੋ ਸੌ ਗਾਹਕ ਹੀ ਬਣੇ। ਇਹਨਾਂ ਵਿਚੋਂ ਵੀ ਸੱਤਰ ਕੋਸ਼ਾਂ ਦੀ ਪੇਸ਼ਗੀ ਇਕੱਲੇ ਸਰਦਾਰ ਬਹਾਦਰ ਧਰਮ ਸਿੰਘ ਨੇ ਭੇਜੀ ਸੀ ਜੋ ਦਿੱਲੀ ਦਾ ਪ੍ਰਸਿੱਧ ਠੇਕੇਦਾਰ ਸੀ। ਇਉਂ ਸਿਰਫ਼ 131 ਬੰਦਿਆਂ ਨੇ ਪੇਸ਼ਗੀ ਗਾਹਕ ਬਣਨ ਦੀ ਕਿਰਪਾ ਕੀਤੀ!

ਗਾਹਕਾਂ ਦੇ ਪੱਖੋਂ ਨਿਰਾਸ ਹੋ ਕੇ ਭਾਈ ਸਾਹਿਬ ਨੇ ਆਖ਼ਰ ਸਿੱਖ ਰਾਜਿਆਂ ਨੂੰ ਹੀ ਫਿਰ ਬੇਨਤੀ ਪੱਤਰ ਭੇਜਿਆ ਕਿ ਉਹ ਤਿੰਨ ਸੌ ਕੋਸ਼ ਪੇਸ਼ਗੀ ਖਰੀਦਣ। ਇਹ ਪੱਤਰ ਪੜ੍ਹ ਕੇ ਮਹਾਰਾਜਾ ਪਟਿਆਲਾ, ਭੂਪਿੰਦਰ ਸਿੰਘ ਮਦਦਗਾਰ ਬਣ ਕੇ ਨਿੱਤਰਿਆ। ਉਹਨੇ ਇਕ ਅਕਤੂਬਰ 1927 ਨੂੰ ਭਾਈ ਸਾਹਿਬ ਨੂੰ ਆਪਣੇ ਪਰਬਤੀ ਟਿਕਾਣੇ ਚਾਇਲ ਬੁਲਾਇਆ ਅਤੇ ਦੱਸਿਆ ਕਿ ਛਪਾਈ ਦਾ ਸਾਰਾ ਖ਼ਰਚ ਉਹ ਦੇਵੇਗਾ। ਉਹਨੇ ਇਹ ਵੀ ਕਿਹਾ ਕਿ ਲੋਕਾਂ ਦੀ ਪੇਸ਼ਗੀ ਮੋੜ ਦਿੱਤੀ ਜਾਵੇ। ਇਸ ਕਰ ਕੇ ਪੇਸ਼ਗੀ ਸਭ ਨੂੰ ਮੋੜ ਦਿੱਤੀ ਗਈ। ਇਕ ਵਿਚਾਰ ਇਹ ਵੀ ਹੈ ਕਿ ਮਹਾਰਾਜਾ ਭੂਪਿੰਦਰ ਸਿੰਘ ਦੇ ਸਖ਼ੀ-ਦਾਤੇ ਵਾਲੇ ਇਸ ਕਦਮ ਪਿਛੇ ਕੋਸ਼ ਦੇ ਪ੍ਰਕਾਸ਼ਨ ਦੇ ਪਰਤੱਖ ਉਦੇਸ਼ ਨਾਲੋਂ ਵਧੀਕ ਨਾਭਾ ਰਾਜ ਨੂੰ ਨੀਵਾਂ ਦਿਖਾਉਣ ਦਾ ਅਪਰਤੱਖ ਉਦੇਸ਼ ਕੰਮ ਕਰ ਰਿਹਾ ਸੀ, ਕਿਉਂਕਿ ਦੋਵਾਂ ਸਿੱਖ ਰਿਆਸਤਾਂ ਦੀ ਤਿੱਖੀ ਸ਼ਰੀਕੇਬਾਜ਼ੀ ਜੱਗ-ਜ਼ਾਹਿਰ ਸੀ। ਖ਼ੈਰ, ਉਦੇਸ਼ ਕੁਝ ਵੀ ਹੋਵੇ, ਇਸ ਤੱਥ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਕੋਸ਼ ਮਹਾਰਾਜਾ ਪਟਿਆਲਾ, ਭੂਪਿੰਦਰ ਸਿੰਘ ਦੀ ਮਿਹਰਬਾਨੀ ਨਾਲ ਹੀ ਛਪਿਆ।

ਭਾਈ ਸਾਹਿਬ ਨੇ ਪੰਜਾਬੀ ਸਾਹਿਤ ਦੇ ਉਸ ਸਮੇਂ ਦੇ ਪ੍ਰਸਿੱਧ ਛਾਪਕ, ਸੁਦਰਸ਼ਨ ਪ੍ਰੈੱਸ ਅੰਮ੍ਰਿਤਸਰ ਦੇ ਮਾਲਕ, ਮੁਹਰੈਲ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਕੋਲ ਪੁੱਜ ਕੇ ਕੋਸ਼ ਲਈ ਨਵਾਂ ਵਧੀਆ ਟਾਈਪ ਢਾਲਣ ਦੀ ਬੇਨਤੀ ਕੀਤੀ। ਉਹਨਾਂ ਦੇ ਆਪਣੇ ਸ਼ਬਦਾਂ ਵਿਚ, ਚਾਤ੍ਰਿਕ ਜੀ ਨੇ "ਮੇਰੀ ਇੱਛਾ ਅਨੁਸਾਰ ਨਵੇਂ ਟਾਈਪ ਤਿਆਰ ਕਰ ਕੇ 'ਮਹਾਨ ਕੋਸ਼' ਨੂੰ ਵਪਾਰੀਆਂ ਵਾਕਰ ਨਹੀਂ ਬਲਕਿ ਪ੍ਰੇਮੀ ਗੁਣੀਆਂ ਦੀ ਤਰ੍ਹਾਂ ਵੱਡੀ ਮਿਹਨਤ ਨਾਲ ਉੱਤਮ ਛਾਪਿਆ ਹੈ।" ਹਿੰਦੀ-ਸੰਸਕ੍ਰਿਤ, ਫ਼ਾਰਸੀ-ਅਰਬੀ, ਅੰਗਰੇਜ਼ੀ ਆਦਿ ਭਾਸ਼ਾਵਾਂ ਤੋਂ ਆਏ ਸ਼ਬਦਾਂ ਨੂੰ ਗੁਰਮੁਖੀ ਵਿਚ ਛਾਪਣ ਦੇ ਨਾਲ ਨਾਲ ਉਹਨਾਂ ਦੀਆਂ ਮੂਲ ਭਾਸ਼ਾਵਾਂ ਅਤੇ ਲਿਪੀਆਂ ਵਿਚ ਵੀ ਛਾਪਿਆ ਗਿਆ। ਛਾਪੇ ਦੇ ਉਸ ਜ਼ਮਾਨੇ ਦੇ ਪੱਧਰ ਦੇ ਸਹਾਰੇ ਇਹ ਕੰਮ ਚਾਤ੍ਰਿਕ ਜੀ ਲਈ ਕਿੰਨਾ ਔਖਾ ਸਗੋਂ ਮੁਸੀਬਤੀ ਰਿਹਾ ਹੋਵੇਗਾ, ਇਹ ਛਪਾਈ ਦੇ ਇਤਿਹਾਸ ਦਾ ਜਾਣਕਾਰ ਵਿਅਕਤੀ ਹੀ ਜਾਣ-ਸਮਝ ਸਕਦਾ ਹੈ। ਛਪਾਈ 26 ਅਕਤੂਬਰ 1927 ਨੂੰ ਆਰੰਭ ਹੋ ਕੇ ਲਗਭਗ ਢਾਈ ਸਾਲਾਂ ਮਗਰੋਂ ਵਿਸਾਖੀ ਵਾਲੇ ਦਿਨ 13 ਅਪਰੈਲ 1930 ਨੂੰ ਸਮਾਪਤ ਹੋਈ। ਕੁਝ ਖਰਚੇ ਅੰਦਾਜ਼ਿਉਂ ਵੱਧ ਨਿਕਲਣ ਕਾਰਨ ਲਾਗਤ ਆਸ ਤੋਂ ਵਧੀਕ 51,000 ਰੁਪਏ ਹੋ ਗਈ। ਇਹਦੇ ਨਾਲ ਹੀ ਸੋਚ ਸੋਚ ਕੇ ਇਹ ਫ਼ੈਸਲਾ ਵੀ ਕਰਨਾ ਪਿਆ ਕਿ ਛਾਪ ਕੇ ਢੇਰ ਲਾ ਰੱਖਣ ਦੀ ਥਾਂ ਛਪਣ-ਗਿਣਤੀ ਇਕ ਹਜ਼ਾਰ ਤੋਂ ਘਟਾ ਕੇ ਪੰਜ ਸੌ ਹੀ ਰੱਖੀ ਜਾਵੇ। ਇਸੇ ਹਿਸਾਬ ਪਟਿਆਲਾ ਦਰਬਾਰ ਨੇ ਕੋਸ਼ ਦਾ ਮੁੱਲ, ਕਿਸੇ ਨਫ਼ੇ ਤੋਂ ਬਿਨਾਂ, ਭਿਜਵਾਈ ਦਾ ਥੋੜ੍ਹਾ ਜਿਹਾ ਖਰਚ ਪਾ ਕੇ 110 ਰੁਪਏ ਰੱਖਿਆ। ਭਾਈ ਸਾਹਿਬ ਨੇ ਸਪਸ਼ਟ ਕੀਤਾ ਹੈ ਕਿ ਇਸ ਲੇਖੇ ਵਿਚ ਲੇਖਕ ਦੀ ਮਿਹਨਤ ਸ਼ਾਮਲ ਨਹੀਂ।

ਅਗਸਤ 1948 ਵਿਚ ਪੰਜਾਬ ਦੀਆਂ ਰਿਆਸਤਾਂ ਖ਼ਤਮ ਕਰ ਕੇ ਉਹਨਾਂ ਦੇ ਮਿਲਵੇਂ ਇਲਾਕੇ ਦਾ ਨਵਾਂ ਰਾਜ, ਪੈਪਸੂ ਸਿਰਜਿਆ ਗਿਆ ਜਿਸ ਨੇ 'ਮਹਿਕਮਾ ਪੰਜਾਬੀ' ਕਾਇਮ ਕੀਤਾ। ਇਕ ਹਜ਼ਾਰ ਦੀ ਥਾਂ ਪੰਜ ਸੌ ਕੋਸ਼ ਛਾਪਣ ਦਾ 1930 ਵਾਲਾ ਫ਼ੈਸਲਾ ਸਹੀ ਸਿੱਧ ਹੋਇਆ ਸੀ। ਅਠਾਰਾਂ ਸਾਲਾਂ ਮਗਰੋਂ ਵੀ ਇਕ ਸੌ ਦੇ ਕਰੀਬ ਕੋਸ਼ ਬਚੇ ਪਏ ਸਨ। ਇਹ ਕੋਸ਼ ਪਟਿਆਲਾ ਦਰਬਾਰ ਨੇ ਪੈਪਸੂ ਦੇ 'ਮਹਿਕਮਾ ਪੰਜਾਬੀ' ਨੂੰ ਸੌਂਪ ਦਿੱਤੇ ਜੋ ਤੁਰੰਤ ਵਿਕ ਗਏ। ਅੱਗੇ ਚੱਲ ਕੇ 'ਮਹਿਕਮਾ ਪੰਜਾਬੀ' ਤੋਂ ਬਣੇ 'ਭਾਸ਼ਾ ਵਿਭਾਗ, ਪੰਜਾਬ' ਦੇ ਡਾਇਰੈਕਟਰ, ਗਿਆਨੀ ਲਾਲ ਸਿੰਘ ਦੀ ਅਗਵਾਈ ਵਿਚ ਇਸ ਦਾ ਨਵਾਂ ਸੰਸਕਰਣ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਵਿਉਂਤ ਦੀ ਸੂਚਨਾ ਅਖ਼ਬਾਰਾਂ ਵਿਚ ਛਪਵਾ ਕੇ ਸਲਾਹਾਂ ਮੰਗੀਆਂ ਗਈਆਂ ਅਤੇ ਅੰਤ ਨੂੰ ਵਿਦਵਾਨਾਂ ਦੀ ਬੈਠਕ ਬੁਲਾਈ ਗਈ। ਕੁਝ ਵਿਦਵਾਨਾਂ ਨੇ ਕੋਸ਼ ਦੀ ਸੋਧ-ਸੁਧਾਈ ਦਾ ਸੁਝਾਅ ਦਿੱਤਾ ਜੋ ਖ਼ੁਸ਼ਕਿਸਮਤੀ ਨੂੰ ਇਸ ਸਹੀ ਦਲੀਲ ਨਾਲ ਰੱਦ ਹੋ ਗਿਆ ਕਿ ਰਚਨਾ ਲੇਖਕ ਵਾਲੇ ਰੂਪ ਵਿਚ ਹੀ ਰੱਖੀ ਜਾਣੀ ਚਾਹੀਦੀ ਹੈ, ਨਹੀਂ ਤਾਂ ਸੋਧਾਂ ਦਾ ਕੋਈ ਅੰਤ ਹੀ ਨਹੀਂ ਹੋਵੇਗਾ! ਹਾਂ, ਜੋ ਵਾਧੇ 1930-1938 ਦੇ ਸਮੇਂ ਵਿਚ ਭਾਈ ਸਾਹਿਬ ਨੇ ਆਪ ਕੀਤੇ ਸਨ, ਉਹਨਾਂ ਵਾਧਿਆਂ ਵਾਲੀਆਂ ਸੈਂਚੀਆਂ ਉਹਨਾਂ ਦੇ ਸਪੁੱਤਰ, ਭਗਵੰਤ ਸਿੰਘ ਹਰੀ ਜੀ ਤੋਂ ਲੈ ਕੇ ਉਹ ਵਾਧੇ ਅੰਤਕੇ ਦੇ ਰੂਪ ਵਿਚ ਜੋੜ ਦਿੱਤੇ ਜਾਣੇ ਚਾਹੀਦੇ ਹਨ। ਹਰੀ ਜੀ ਨੇ ਨਾ ਕੇਵਲ ਵਾਧਿਆਂ ਵਾਲੀਆਂ ਸੈਂਚੀਆਂ ਹੀ ਖ਼ੁਸ਼ੀ ਖ਼ੁਸ਼ੀ ਦੇ ਦਿੱਤੀਆਂ ਸਗੋਂ ਇਸ ਸੰਸਕਰਣ ਲਈ ਆਗਿਆ ਵੀ ਦਿੱਤੀ ਅਤੇ ਛਪਾਈ ਦੀ ਨਿਗਰਾਨੀ ਵਿਚ ਵੀ ਪੂਰੀ ਮਦਦ ਕੀਤੀ। ਸਿੱਟੇ ਵਜੋਂ 1960 ਵਿਚ ਪ੍ਰਕਾਸ਼ਿਤ ਹੋਏ ਇਸ ਸੰਸਕਰਣ ਵਿਚ ਇਹਨਾਂ ਵਾਧਿਆਂ ਦੇ 99 ਪੰਨੇ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਨਵੇਂ ਵਾਧੇ' ਸਿਰਲੇਖ ਹੇਠ ਅੰਤ ਵਿਚ ਜੋੜ ਦਿੱਤੇ ਗਏ।

ਇਸ ਸੰਸਕਰਣ ਦਾ ਆਕਾਰ ਪਹਿਲੇ, 1930 ਦੇ ਪਟਿਆਲਾ ਦਰਬਾਰੀ ਸੰਸਕਰਣ ਵਾਲਾ, ਭਾਵ ਪੌਣੇ ਤੇਰਾਂ ਇੰਚ ਅਤੇ ਸਾਢੇ ਨੌਂ ਇੰਚ ਹੀ ਰੱਖਿਆ ਗਿਆ। ਦੋ ਹਜ਼ਾਰ ਦੀ ਗਿਣਤੀ ਵਿਚ ਛਾਪੇ ਗਏ ਕੋਸ਼ ਦਾ ਮੁੱਲ ਕੇਵਲ 42 ਰੁਪਏ ਸੀ। ਇਸ ਸੰਸਕਰਣ ਦੀ ਛਪਾਈ ਲਈ ਚਾਰ ਸੈਂਚੀਆਂ ਵਾਲੇ ਮੂਲ ਸੰਸਕਰਣ ਦੇ ਦੋ ਪੰਨੇ ਪਹਿਲੇ ਕਾਲਮ ਵਿਚ ਅਤੇ ਦੋ ਪੰਨੇ ਦੂਜੇ ਕਾਲਮ ਵਿਚ ਹੇਠ-ਉਤੇ ਚੇਪ ਕੇ ਇਕ ਪੰਨਾ ਬਣਾਇਆ ਗਿਆ। ਚਾਰ ਪੰਨੇ ਚੇਪ ਕੇ ਬਣਾਏ ਗਏ ਵੱਡੇ ਆਕਾਰ ਦੇ ਇਸ ਦੋ-ਕਾਲਮੀ ਪੰਨੇ ਨੂੰ ਇਕ ਮੂਲ ਪੰਨੇ ਦੇ ਆਕਾਰ ਤੱਕ ਘਟਾਉਣਾ ਆਮ ਛਾਪਾਖਾਨਿਆਂ ਦੇ ਵੱਸ ਦੀ ਗੱਲ ਨਹੀਂ ਸੀ। ਇਸ ਕੰਮ ਵਾਸਤੇ ਗਵਰਨਮੈਂਟ ਸਰਵੇ ਆਫ਼ ਇੰਡੀਆ ਪ੍ਰੈੱਸ, ਡੇਹਰਾਦੂਨ ਦੀਆਂ ਸੇਵਾਵਾਂ ਹਾਸਲ ਕੀਤੀਆਂ ਗਈਆਂ। ਪ੍ਰੈੱਸ ਨੇ ਲਗਭਗ ਇਕ ਹਜ਼ਾਰ ਵਡ-ਆਕਾਰੀ ਪੰਨਿਆਂ ਨੂੰ ਫ਼ੋਟੋ-ਵਿਧੀ ਰਾਹੀਂ ਲੋੜੀਂਦੇ ਛੋਟੇ ਆਕਾਰ ਵਿਚ ਲਿਆਉਣ ਮਗਰੋਂ ਤੇਰਾਂ ਮਹੀਨਿਆਂ ਦੇ ਸਮੇਂ ਵਿਚ ਪੂਰਾ ਕੋਸ਼ ਛਾਪ ਦਿੱਤਾ। ਸਬੱਬ ਨਾਲ ਧਨੀ ਰਾਮ ਚਾਤ੍ਰਿਕ ਵਾਲੇ ਪਹਿਲੇ ਸੰਸਕਰਣ ਦੇ ਅੱਖਰ ਉਸ ਸਮੇਂ ਦੇ ਛਾਪੇ ਅਨੁਸਾਰ ਕਾਫ਼ੀ ਵੱਡੇ ਸਨ। ਇਸ ਕਾਰਨ ਆਕਾਰ ਮੂਲ ਨਾਲੋਂ ਚੌਥਾ ਹਿੱਸਾ ਕਰ ਕੇ ਛਾਪੇ ਗਏ ਇਸ ਭਾਸ਼ਾ ਵਿਭਾਗੀ ਸੰਸਕਰਣ ਦੇ ਅੱਖਰ ਅਜੋਕੇ ਸਾਧਾਰਨ ਪੁਸਤਕੀ ਅੱਖਰਾਂ ਤੋਂ ਕੁਝ ਛੋਟੇ ਤਾਂ ਹੋਏ ਪਰ ਇੰਨੇ ਛੋਟੇ ਨਹੀਂ ਕਿ ਪੜ੍ਹਨ ਵਿਚ ਔਖ ਹੋਵੇ। ਚਾਰ ਜਿਲਦਾਂ ਦੀ ਥਾਂ ਇਕ ਜਿਲਦ ਵਿਚ ਆ ਜਾਣ ਨਾਲ ਕੋਸ਼ ਯਕੀਨਨ ਹੀ ਵਧੇਰੇ ਵਰਤੋਂਜੋਗ ਹੋ ਗਿਆ, ਭਾਵੇਂ ਇਸਦਾ ਭਾਰ ਅਜੇ ਵੀ ਪੰਜ ਕਿਲੋ ਸੱਤ ਸੌ ਗਰਾਮ ਸੀ!

ਇਕ ਤੱਥ ਅਸਲੋਂ ਹੀ ਹੈਰਾਨ ਕਰਨ ਵਾਲਾ ਹੈ ਅਤੇ ਪਾਠਕਾਂ ਦੀ ਘਾਟ ਦੇ ਸ਼ਿਕਾਇਤੀ ਸਮਕਾਲੀ ਲੇਖਕਾਂ ਦੀਆਂ ਅੱਖਾਂ ਖੋਲ੍ਹਣ ਵਾਲਾ ਵੀ ਹੈ। ਸੋਚਦਾ ਹਾਂ, ਜੇ ਅੱਜ ਭਾਈ ਕਾਨ੍ਹ ਸਿੰਘ ਹੁੰਦੇ, ਇਹ ਜਾਣ ਕੇ ਕਿੰਨੇ ਗਦਗਦ ਹੁੰਦੇ! ਉਹਨਾਂ ਦੇ 1938 ਵਿਚ ਹੋਏ ਚਲਾਣੇ ਤੋਂ ਪੰਜਾਹ ਸਾਲ ਮਗਰੋਂ 1988 ਵਿਚ ਮਹਾਨ ਕੋਸ਼ ਦੇ ਕਾਪੀਰਾਈਟ ਦੀ ਸਮਾਂ-ਸੀਮਾ ਸਮਾਪਤ ਹੋਣ ਵਾਲੀ ਸੀ। ਭਾਪਾ ਪ੍ਰੀਤਮ ਸਿੰਘ ਨਵਯੁਗ ਆਯੂ ਸਦਕਾ ਉਸ ਸਮੇਂ ਤੱਕ ਪ੍ਰਕਾਸ਼ਨ ਦਾ ਕੰਮ ਲਗਭਗ ਸਮੇਟ ਹੀ ਰਹੇ ਸਨ। ਉਹਨਾਂ ਨੇ ਨੈਸ਼ਨਲ ਬੁੱਕ ਸ਼ਾਪ, ਦਿੱਲੀ ਦੇ ਮਾਲਕ ਰਾਜਿੰਦਰ ਸਿੰਘ ਨੂੰ ਬੁਲਾ ਕੇ ਇਹਦੇ ਪ੍ਰਕਾਸ਼ਨ ਲਈ ਪ੍ਰੇਰਿਆ। ਵਿਕਣ ਦੀ ਬੇਯਕੀਨੀ ਕਾਰਨ ਉਸਨੂੰ ਇੰਨੀ ਪੂੰਜੀ ਲਾਉਣ ਤੋਂ ਝਿਜਕ ਸੀ। ਪੁਸਤਕ ਮੰਡੀ ਦੇ ਮਾਹਿਰ ਭਾਪਾ ਜੀ ਬੋਲੇ, "ਮੇਰੇ ਉਤੇ ਭਰੋਸਾ ਰੱਖ, ਇਸ ਕੰਮ ਨਾਲ ਤੈਨੂੰ ਨੁਕਸਾਨ ਤਾਂ ਕੀ ਹੋਣਾ ਹੈ, ਤੇਰੀ ਉਮਰ ਭਰ ਦੀ ਆਮਦਨ ਬੱਝ ਜਾਣੀ ਹੈ।" ਰਾਜਿੰਦਰ ਸਿੰਘ ਨੇ ਉਹਨਾਂ ਦੀ ਗੱਲ ਦਾ ਵਿਸ਼ਵਾਸ ਕਰ ਕੇ 1990 ਵਿਚ 1,100 ਦੀ ਗਿਣਤੀ ਦਾ ਪਹਿਲਾ ਸੰਸਕਰਣ 160 ਰੁਪਏ ਮੁੱਲ ਰੱਖ ਕੇ ਪ੍ਰਕਾਸ਼ਿਤ ਕਰ ਦਿੱਤਾ ਜਿਸ ਨੂੰ ਭਾਪਾ ਜੀ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿਚ ਕਰਤਾਰ ਸਿੰਘ ਦੁੱਗਲ ਨੇ ਜਾਰੀ ਕੀਤਾ। ਇਹ ਸੰਸਕਰਣ ਕੁਝ ਮਹੀਨਿਆਂ ਵਿਚ ਹੀ ਪੂਰਾ ਵਿਕ ਗਿਆ। ਉਸ ਪਿੱਛੋਂ ਨੈਸ਼ਨਲ ਬੁੱਕ ਸ਼ਾਪ ਵਾਲੇ ਨਾਗਾ ਪਾਏ ਬਿਨਾਂ ਔਸਤਨ ਹਰ ਸਵਾ ਸਾਲ ਮਗਰੋਂ 1,100 ਦਾ ਸੰਸਕਰਣ ਛਾਪ ਰਹੇ ਹਨ ਅਤੇ 25 ਸਾਲਾਂ ਵਿਚ 19 ਸੰਸਕਰਣ ਛਾਪ ਚੁੱਕੇ ਹਨ। ਸੱਜਰੇ, 2015 ਵਿਚ ਛਪੇ ਸੰਸਕਰਣ ਦਾ ਮੁੱਲ 550 ਰੁਪਏ ਹੈ। ਇਹਦੇ ਮੁਕਾਬਲੇ 1960 ਵਾਲੇ ਪਹਿਲੇ ਸੰਸਕਰਣ ਤੋਂ ਮਗਰੋਂ ਦੇ 56 ਸਾਲਾਂ ਵਿਚ ਭਾਸ਼ਾ ਵਿਭਾਗ ਸਿਰਫ਼ ਛੇ ਹੋਰ ਸੰਸਕਰਣ ਛਾਪ ਸਕਿਆ ਹੈ। ਉਹਨਾਂ ਦੀ ਗਿਣਤੀ ਵੀ ਸ਼ਾਇਦ ਇਸ 1,100 ਦੀ ਥਾਂ 500 ਹੀ ਹੁੰਦੀ ਹੈ। ਇਧਰ ਨਵਾਂ ਸੰਸਕਰਣ ਛਾਪਣ ਲਈ ਭਾਸ਼ਾ ਵਿਭਾਗ ਦਾ ਖ਼ਜ਼ਾਨਾ ਮਸਤਾਨਾ ਹੋਇਆ ਪਿਆ ਹੈ, ਉਧਰ ਨੈਸ਼ਨਲ ਵਾਲੇ ਰਾਜਿੰਦਰ ਸਿੰਘ ਦਾ ਕਹਿਣਾ ਹੈ ਕਿ ਭਾਪਾ ਜੀ ਮੈਨੂੰ ਪ੍ਰੇਰ ਕੇ ਮਹਾਨ ਕੋਸ਼ ਛਾਪਣਾ ਹੀ ਸ਼ੁਰੂ ਨਹੀਂ ਕਰਵਾ ਗਏ, ਸਗੋਂ ਇਉਂ ਮੇਰੀ ਪੱਕੀ ਪੈਨਸ਼ਨ ਲੁਆ ਗਏ ਹਨ।

ਅੰਤ ਵਿਚ ਮਹਾਨ ਕੋਸ਼ ਬਾਰੇ ਸੱਚਾ ਟੋਟਕਾ ਜੋ ਪੁਸਤਕ ਪ੍ਰਕਾਸ਼ਨ ਦੇ ਮਿਆਰ ਵੱਲ ਸਰਕਾਰੀ ਸੰਸਥਾਵਾਂ, ਖਾਸ ਕਰ ਕੇ ਭਾਸ਼ਾ ਵਿਭਾਗ ਅਤੇ ਨਿੱਜੀ ਪ੍ਰਕਾਸ਼ਕਾਂ ਦੀ ਪਹੁੰਚ ਵਿਚਲੇ ਫ਼ਰਕ ਨੂੰ ਉਜਾਗਰ ਕਰਦਾ ਹੈ। ਪੰਜਾਬੋਂ ਆਏ ਭਾਸ਼ਾ ਵਿਭਾਗ ਦੇ ਇਕ ਸੇਵਾ-ਮੁਕਤ ਡਾਇਰੈਕਟਰ ਨੇ ਕੋਸ਼ ਮੰਗਿਆ ਤਾਂ ਨੈਸ਼ਨਲ ਬੁੱਕ ਸ਼ਾਪ ਦੇ ਮਾਲਕ ਨੇ ਹੈਰਾਨ ਹੋ ਕੇ ਕਿਹਾ, ਤੁਸੀਂ ਤਾਂ ਮਹਾਨ ਕੋਸ਼ ਦੇ ਘਰ, ਭਾਸ਼ਾ ਵਿਭਾਗ ਦੇ ਮਾਲਕ ਰਹੇ ਹੋ, ਫਿਰ ਕੋਸ਼ ਸਾਥੋਂ ਕਿਉਂ? ਉਤਰ ਮਿਲਿਆ, ਸਾਡੇ ਕੋਸ਼ ਦੀ ਜਿਲਦ ਤੇ ਦਿੱਖ ਸੁਹਣੀ ਨਹੀਂ ਹੁੰਦੀ ਤੇ ਮੈਂ ਇਹ ਕੋਸ਼ ਕਿਸੇ ਮਿੱਤਰ ਨੂੰ ਨਿਸ਼ਾਨੀ ਵਜੋਂ ਦੇਣਾ ਹੈ।



ਮਹਾਨ ਕੋਸ਼ ਵਿਚ 64,263 ਸ਼ਬਦਾਂ ਦੇ ਅਰਥ ਅਤੇ ਉਹਨਾਂ ਦੀ ਵਿਆਖਿਆ ਦਰਜ ਹੈ। ਬਹੁਤੇ ਲੋਕਾਂ ਦਾ ਇਹ ਵਿਚਾਰ ਗ਼ਲਤ ਹੈ ਕਿ ਇਸ ਵਿਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ। ਅਸਲ ਵਿਚ ਇਹ ਇਸ ਤੋਂ ਬਹੁਤ ਵੱਧ ਕੁਝ ਹੈ। ਭਾਈ ਸਾਹਿਬ ਲਿਖਦੇ ਹਨ ਕਿ ਪੰਡਿਤ ਤਾਰਾ ਸਿੰਘ ਦਾ 'ਗੁਰੂ ਗਿਰਾਰਥ ਕੋਸ਼' ਅਤੇ ਭਾਈ ਹਜ਼ਾਰਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼' ਪੜ੍ਹ ਕੇ ਉਹਨਾਂ ਨੇ ਸੋਚਿਆ, ਜੋ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਇਹਨਾਂ ਵਿਚ ਨਹੀਂ ਆਏ, ਉਹ ਵੀ ਲੈ ਕੇ ਉਤਮ ਕੋਸ਼ ਲਿਖਿਆ ਜਾਵੇ। ਪੰਜ ਸਾਲ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਪਾਠ ਦੇ ਸ਼ਬਦੀ ਹਵਾਲੇ ਲੈਂਦਿਆਂ ਲੱਗ ਗਏ।



CALL NOW
1-844-770-1313
IPTV
Internet Protocol Television
IPTV BOX SPECIAL
$299 FREE SHIPPING
Distributors Wanted
Services
ਘਰ ਬੈਠੇ 24 ਘੰਟੇ ਮਨਪਸੰਦ ਪ੍ਰੋਗਰਾਮ ਦੇਖੋ
*1000 English, Hindi, Punjabi, Live Chanels
*Sports Chanels
*ਕਬੱਡੀ
*ਸਿੱਧੇ ਗੁਰਬਾਣੀ ਦੇ ਪ੍ਰਸਾਰਣ ਦੇ ਚੈਨਲ
*Hindi Drama Series
*24/7 Weather Chanel
*ਬੱਚਿਆਂ ਲਈ ਵਿਸ਼ੇਸ਼ ਚੈਨਲ, 33 Cartoon Chanels
IPTV
SET TOP BOX
MAG254

DHILLON VIDEO & DVD
Also available
FM Gurbani Radio
ORDER ONLINE : www.dhillonvideo.com | sami@dhillonvideo.com

ਪੰਜਾਬ ਦੇ ਸਰਹੱਦੀ ਪਿੰਡਾਂ ਵਿਚ ਜ਼ਿੰਦਗੀ ਲੀਹ ਉਤੇ ਆਉਣ ਲੱਗੀ

ਅੰਮ੍ਰਿਤਸਰ: ਭਾਰਤ-ਪਾਕਿਸਤਾਨ ਵਿਚਾਲੇ ਜੰਗ ਦੀ ਅਨਿਸ਼ਚਿਤਤਾ ਭਾਵੇਂ ਬਰਕਰਾਰ ਹੈ, ਪਰ ਸਰਹੱਦੀ ਪਿੰਡਾਂ ਵਿਚ ਜ਼ਿੰਦਗੀ ਲੀਹ ਉਤੇ ਆਉਣ ਲੱਗੀ ਹੈ। ਘਰ-ਬਾਰ ਛੱਡ ਕੇ ਸੁਰੱਖਿਅਤ ਥਾਵਾਂ ਉਤੇ ਗਏ ਬਹੁਤੇ ਲੋਕ ਆਪਣੇ ਟਿਕਾਣਿਆਂ 'ਤੇ ਪਰਤ ਆਏ ਹਨ। ਸਰਹੱਦੀ ਖੇਤਰ ਦੇ ਸਕੂਲ ਵੀ ਖੁੱਲ੍ਹ ਗਏ ਹਨ ਤੇ ਕੰਡਿਆਲੀ ਤਾਰ ਤੋਂ ਪਾਰ ਫਸਲ ਦੀ ਵਾਢੀ ਸ਼ੁਰੂ ਹੋ ਗਈ ਹੈ।

ਦੱਸਣਯੋਗ ਹੈ ਕਿ ਭਾਰਤੀ ਫੌਜ ਵੱਲੋਂ ਮਕਬੂਜ਼ਾ ਕਸ਼ਮੀਰ ਵਿਚ ਅਤਿਵਾਦੀ ਟਿਕਾਣਿਆਂ 'ਤੇ ਕੀਤੀ ਸਰਜੀਕਲ ਕਾਰਵਾਈ ਤੋਂ ਬਾਅਦ 29 ਸਤੰਬਰ ਨੂੰ ਸਰਹੱਦ ਤੋਂ ਦਸ ਕਿਲੋਮੀਟਰ ਤੱਕ ਦੇ ਇਲਾਕੇ ਨੂੰ ਖਾਲੀ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਇਸ ਕਾਰਨ ਲੋਕਾਂ ਨੂੰ ਘਰ-ਬਾਰ ਛੱਡ ਕੇ ਸੁਰੱਖਿਅਤ ਥਾਵਾਂ ਉਤੇ ਜਾਣਾ ਪਿਆ ਸੀ। ਕੁਝ ਲੋਕ ਮਾਲ ਡੰਗਰ ਦੀ ਸਾਂਭ-ਸੰਭਾਲ ਅਤੇ ਫਸਲ ਦੀ ਰਾਖੀ ਲਈ ਰਹਿ ਗਏ ਸਨ। ਕੰਡਿਆਲੀ ਤਾਰ ਤੋਂ ਪਾਰ ਫਸਲ ਦੀ ਸਾਂਭ-ਸੰਭਾਲ ਲਈ ਕਿਸਾਨਾਂ ਨੂੰ ਜਾਣ ਤੋਂ ਰੋਕ ਦਿੱਤਾ ਗਿਆ ਸੀ ਤੇ ਸਰਹੱਦ 'ਤੇ ਝੰਡਾ ਉਤਾਰਨ ਦੀ ਰਸਮ ਵੀ ਲੋਕਾਂ ਲਈ ਬੰਦ ਸੀ।

ਹੁਣ ਲਗਪਗ ਇਕ ਹਫਤੇ ਮਗਰੋਂ ਸਰਹੱਦੀ ਖੇਤਰ ਵਿਚ ਜ਼ਿੰਦਗੀ ਲੀਹ ਉਤੇ ਆਉਣ ਲੱਗੀ ਹੈ। ਜੰਗ ਬਾਰੇ ਸ਼ੰਕੇ ਭਾਵੇਂ ਬਰਕਰਾਰ ਹਨ, ਪਰ ਸਰਹੱਦ 'ਤੇ ਅਜਿਹੇ ਹਾਲਾਤ ਨਾ ਹੋਣ ਕਾਰਨ ਲੋਕਾਂ ਨੂੰ ਅਜਿਹੀ ਸੰਭਾਵਨਾ ਨਜ਼ਰ ਨਹੀਂ ਆ ਰਹੀ।

ਘਰ-ਬਾਰ ਛੱਡ ਕੇ ਗਏ ਬਹੁਤੇ ਲੋਕ ਘਰੀਂ ਪਰਤੇ

ਇਸ ਲਈ ਉਹ ਘਰਾਂ ਨੂੰ ਪਰਤ ਆਏ ਹਨ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਕੋਈ ਅਜਿਹੀ ਹੰਗਾਮੀ ਸਥਿਤੀ ਆਈ ਤਾਂ ਉਹ ਤੁਰਤ ਆਪਣੇ ਵਾਹਨਾਂ ਰਾਹੀਂ ਪਰਿਵਾਰ ਦੇ ਜੀਆਂ ਨੂੰ ਲੈ ਕੇ ਸੁਰੱਖਿਅਤ ਥਾਵਾਂ ਵੱਲ ਚਲੇ ਜਾਣਗੇ, ਪਰ ਇਸ ਤਰ੍ਹਾਂ ਪਹਿਲਾਂ ਹੀ ਘਰ-ਬਾਰ, ਮਾਲ ਡੰਗਰ ਤੇ ਪੱਕੀਆਂ ਫਸਲਾਂ ਸੁੰਨੀਆਂ ਛੱਡਣੀਆਂ ਜਾਇਜ਼ ਨਹੀਂ ਹਨ। ਉਜਾੜੇ ਦੀ ਮਾਰ ਝੱਲ ਚੁੱਕੇ ਸਰਹੱਦੀ ਪਿੰਡ ਰਾਣੀਏ ਦੇ ਸਰਪੰਚ ਕੇਹਰ ਸਿੰਘ ਨੇ ਦੱਸਿਆ ਕਿ ਪਿੰਡ ਦੇ 80 ਫੀਸਦੀ ਲੋਕ ਘਰ-ਬਾਰ ਛੱਡ ਗਏ ਸਨ, ਉਹ ਹੁਣ ਪਰਤ ਆਏ ਹਨ। ਇਹ ਪਿੰਡ ਕੰਡਿਆਲੀ ਤਾਰ ਤੋਂ ਸਿਰਫ 700 ਮੀਟਰ ਪਿੱਛੇ ਹੈ। ਇਸੇ ਤਰ੍ਹਾਂ ਹੋਰ ਪਿੰਡਾਂ ਦੇ ਲੋਕ ਵੀ ਆਉਣੇ ਸ਼ੁਰੂ ਹੋ ਗਏ ਹਨ ਅਤੇ ਵਧੇਰੇ ਘਰਾਂ ਨੂੰ ਪਰਤ ਆਏ ਹਨ। ਜ਼ਿਲ੍ਹੇ ਦੇ ਸਰਹੱਦੀ ਪਿੰਡਾਂ ਦੇ ਦਸ ਕਿਲੋਮੀਟਰ ਘੇਰੇ ਵਿਚ ਵਿਚ ਲਗਪਗ 200 ਸਰਕਾਰੀ ਸਕੂਲ ਹਨ। ਇਨ੍ਹਾਂ ਸਕੂਲਾਂ ਵਿਚ ਵੀ ਵਿਦਿਆਰਥੀਆਂ ਆਉਣੇ ਸ਼ੁਰੂ ਹੋ ਗਏ ਹਨ। ਮਿਡਲ, ਹਾਈ ਤੇ ਸੈਕੰਡਰੀ ਸਕੂਲਾਂ ਵਿਚ ਲਗਪਗ 11300 ਬੱਚੇ ਪੜ੍ਹਦੇ ਹਨ।

ਭਾਰਤ-ਪਾਕਿ ਵਿਚਾਲੇ ਪੰਜ ਆਬ ਬੱਸ ਸੇਵਾ ਮੁੜ ਸ਼ੁਰੂ

ਅੰਮ੍ਰਿਤਸਰ: ਸਰਹੱਦ 'ਤੇ ਬਣੇ ਤਣਾਅ ਕਾਰਨ ਕੁਝ ਦਿਨ ਪਹਿਲਾਂ ਰੋਕੀ ਅੰਮ੍ਰਿਤਸਰ-ਲਾਹੌਰ-ਨਨਕਾਣਾ ਸਾਹਿਬ ਵਿਚਾਲੇ ਚਲਦੀ ਪੰਜ ਆਬ ਬੱਸ ਨੂੰ ਹੁਣ ਮੁੜ ਸ਼ੁਰੂ ਕਰ ਦਿੱਤਾ ਗਿਆ ਹੈ। ਸਰਜੀਕਲ ਅਪਰੇਸ਼ਨ ਕਾਰਨ 29 ਸਤੰਬਰ ਤੋਂ ਚੱਲ ਰਹੇ ਤਣਾਅ ਦੌਰਾਨ ਪੰਜਾਬ ਸਰਕਾਰ ਨੇ ਇਸ ਬੱਸ ਨੂੰ ਰੋਕ ਦਿੱਤਾ ਸੀ। ਮੁੜ ਇਸ ਹਫਤੇ ਦੇ ਸ਼ੁਰੂ ਵਿਚ ਇਹ ਬੱਸ ਸ਼ੁਰੂ ਕਰਨ ਬਾਰੇ ਸਥਿਤੀ 'ਤੇ ਵਿਚਾਰ ਕੀਤਾ ਗਿਆ ਅਤੇ ਇਸ ਨੂੰ ਹਰੀ ਝੰਡੀ ਦੇ ਦਿੱਤੀ ਗਈ। ਇਹ ਬੱਸ ਹਰ ਮੰਗਲਵਾਰ ਤੇ ਸ਼ੁੱਕਰਵਾਰ ਚੱਲਦੀ ਹੈ। ਇਸ ਬੱਸ ਨੂੰ ਪੰਜਾਬ ਰੋਡਵੇਜ਼ ਵੱਲੋਂ ਚਲਾਇਆ ਜਾ ਰਿਹਾ ਹੈ। ਜਦੋਂ ਇਸ ਬੱਸ ਦੀ ਮੁੜ ਸ਼ੁਰੂਆਤ ਹੋਈ ਤਾਂ ਇਥੋਂ ਤਿੰਨ ਯਾਤਰੀ ਲਾਹੌਰ ਗਏ ਸਨ ਅਤੇ ਉਸੇ ਦਿਨ ਲਾਹੌਰ ਤੋਂ ਦੋ ਯਾਤਰੀ ਅੰਮ੍ਰਿਤਸਰ ਆਏ ਸਨ। ਇਹ ਬੱਸ ਸੇਵਾ ਪਹਿਲਾਂ ਅੰਮ੍ਰਿਤਸਰ ਅਤੇ ਲਾਹੌਰ ਤੇ ਨਨਕਾਣਾ ਸਾਹਿਬ ਤੱਕ ਜਾਂਦੀ ਸੀ, ਪਰ 2 ਨਵੰਬਰ 2014 ਨੂੰ ਵਾਹਗਾ ਸਰਹੱਦ 'ਤੇ ਆਤਮਘਾਤੀ ਅਤਿਵਾਦੀ ਹਮਲੇ ਤੋਂ ਬਾਅਦ ਇਸ ਬੱਸ ਨੂੰ ਲਾਹੌਰ ਵਿਚ ਪ੍ਰਵੇਸ਼ ਕਰਨ ਤੋਂ ਰੋਕ ਦਿੱਤਾ ਗਿਆ। ਹੁਣ ਇਹ ਬੱਸ ਅੰਮ੍ਰਿਤਸਰ ਤੋਂ ਵਾਹਗਾ (ਪਾਕਿਸਤਾਨ) ਤੱਕ ਜਾਂਦੀ ਹੈ ਅਤੇ ਦੂਜੇ ਪਾਸਿਉਂ ਪਾਕਿਸਤਾਨ ਦੀ ਦੋਸਤੀ ਬੱਸ ਲਾਹੌਰ ਤੋਂ ਵਾਹਗਾ ਤੱਕ ਆਉਂਦੀ ਹੈ, ਜਿਥੇ ਦੋਵਾਂ ਬੱਸਾਂ ਦੇ ਯਾਤਰੂ ਮੁੜ ਵੱਖ-ਵੱਖ ਬੱਸਾਂ ਵਿਚ ਸਵਾਰ ਹੁੰਦੇ ਹਨ।

ਸ੍ਰੀ ਹਰਿਮੰਦਰ ਸਾਹਿਬ 'ਚ ਸੰਗਤ ਦੀ ਆਮਦ ਮੁੜ ਵਧੀ

ਅੰਮ੍ਰਿਤਸਰ: ਭਾਰਤ-ਪਾਕਿਸਤਾਨ ਦਰਮਿਆਨ ਪੈਦਾ ਹੋਈ ਤਣਾਅ ਭਰੀ ਸਥਿਤੀ ਵਿਚ ਸੁਧਾਰ ਹੋਣ ਦੇ ਨਾਲ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਸ਼ਰਧਾਲੂਆਂ ਦੀ ਤਦਾਦ 'ਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਹਰ ਰੋਜ਼ ਵੱਡੀ ਗਿਣਤੀ ਵਿਚ ਸ਼ਰਧਾਲੂ ਅਤੇ ਸੈਲਾਨੀ ਅੰਮ੍ਰਿਤਸਰ ਪੁੱਜ ਰਹੇ ਹਨ। ਅਚਾਨਕ ਬਣੇ ਤਣਾਅ ਭਰੇ ਮਾਹੌਲ ਦੇ ਚਲਦਿਆਂ ਪਿਛਲੇ ਕੁਝ ਦਿਨਾਂ ਦੌਰਾਨ ਗੁਰੂ ਨਗਰੀ 'ਚ ਆਏ ਸੈਲਾਨੀ ਇਥੋਂ ਨਿਕਲਣੇ ਸ਼ੁਰੂ ਹੋ ਗਏ ਸਨ ਅਤੇ ਹੋਰ ਸੈਲਾਨੀਆਂ ਦੀ ਆਮਦ ਰੁਕ ਗਈ ਸੀ। ਇਕ-ਦੋ ਦਿਨਾਂ ਬਾਅਦ ਸਥਿਤੀ ਦੇ ਆਮ ਵਾਂਗ ਹੁੰਦਿਆਂ ਹੀ ਸੈਲਾਨੀਆਂ ਅਤੇ ਸ਼ਰਧਾਲੂਆਂ ਦੀ ਆਮਦ ਲਗਾਤਾਰ ਵਧ ਹੀ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਉਣ ਵਾਲੀਆਂ ਸੰਗਤਾਂ ਦੀਆਂ ਲੰਮੀਆਂ ਕਤਾਰਾਂ ਲੱਗ ਰਹੀਆਂ ਹਨ। ਮੈਨੇਜਰ ਸ੍ਰੀ ਦਰਬਾਰ ਸਾਹਿਬ ਸੁਲੱਖਣ ਸਿੰਘ ਭੰਗਾਲੀ ਨੇ ਕਿਹਾ ਕਿ ਸਰਹੱਦੀ ਤਣਾਅ ਕਰ ਕੇ ਬਾਹਰਲੇ ਸੂਬਿਆਂ ਤੋਂ ਆਏ ਸੈਲਾਨੀਆਂ ਦੇ ਵਾਪਸ ਚਲੇ ਜਾਣ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਆਮਦ 'ਚ ਕੁਝ ਅਸਰ ਪਿਆ ਸੀ, ਪਰ ਇਹ ਪ੍ਰਭਾਵ ਜ਼ਿਆਦਾ ਦਿਨ ਨਹੀਂ ਚੱਲਿਆ। ਉਨ੍ਹਾਂ ਕਿਹਾ ਕਿ ਕਣਕ/ਝੋਨੇ ਦੀਆਂ ਫਸਲਾਂ ਦੀ ਕਟਾਈ ਦੇ ਸੀਜ਼ਨ 'ਚ ਪਿੰਡਾਂ ਦੀ ਸੰਗਤ ਆਪਣੇ ਕੰਮਕਾਜਾਂ 'ਚ ਰੁੱਝੇ ਹੋਣ ਕਰ ਕੇ ਸ਼ਰਧਾਲੂਆਂ ਦੀ ਗਿਣਤੀ ਵਿਚ ਮਾਮੂਲੀ ਕਮੀ ਆਉਂਦੀ ਹੈ। ਝੋਨੇ ਦੀ ਕਟਾਈ ਨੂੰ ਲੈ ਕੇ ਪਿੰਡਾਂ ਦੇ ਲੋਕਾਂ ਦੇ ਰੁਝੇਵੇਂ ਕਾਰਨ ਆਮਦ 'ਚ ਮਾਮੂਲੀ ਜਿਹਾ ਫਰਕ ਹੋ ਸਕਦਾ ਹੈ, ਪਰ ਤਣਾਅ ਭਰੇ ਮਾਹੌਲ ਦਾ ਸੰਗਤਾਂ 'ਤੇ ਕੋਈ ਅਸਰ ਨਹੀਂ ਹੈ।

ਹੁਣ ਵਿਦੇਸ਼ੀ ਮੋਹ ਵਾਲੇ ਬਾਬੂਆਂ ਦੀ ਆਈ ਸ਼ਾਮਤ

ਚੰਡੀਗੜ੍ਹ: ਨੌਕਰੀ ਛੱਡੇ ਬਿਨਾ ਸਰਕਾਰੀ ਛੁੱਟੀ 'ਤੇ ਵਿਦੇਸ਼ਾਂ 'ਚ ਮੌਜਾਂ ਮਾਣਦੇ ਅਫਸਰਾਂ ਵਿਰੁਧ ਸਰਕਾਰ ਸਖਤੀ ਦੇ ਰੌਂਅ 'ਚ ਹੈ। ਹੁਣ ਇਨ੍ਹਾਂ ਨੂੰ ਪੀ.ਆਰ. ਵੀਜ਼ਾ, ਗਰੀਨ ਕਾਰਡ ਅਤੇ ਇਮੀਗਰੇਸ਼ਨ ਦੇ ਦਰਜੇ ਬਾਰੇ ਵੇਰਵੇ ਦੇਣੇ ਪੈਣਗੇ।

ਪੰਜਾਬ ਸਕੂਲ ਸਿੱਖਿਆ ਵਿਭਾਗ ਇਸ ਮਾਮਲੇ ਵਿਚ ਸਭ ਤੋਂ ਸਖਤ ਹੈ। ਵਿਭਾਗ ਨੇ ਆਪਣੇ ਸਾਰੇ ਮੁਲਾਜ਼ਮਾਂ ਨੂੰ ਹੁਕਮ ਦਿੱਤੇ ਹਨ ਕਿ ਉਹ ਆਪਣੀ ਸਾਲਾਨਾ ਗੁਪਤ ਰਿਪੋਰਟ (ਏ.ਸੀ.ਆਰ.) ਅਤੇ ਸਾਲਾਨਾ ਕਾਰਗੁਜ਼ਾਰੀ ਮੁਲਾਂਕਣ ਰਿਪੋਰਟ (ਏ.ਪੀ.ਏ.ਆਰ.) ਵਿਚ ਪੱਕੇ ਰਿਹਾਇਸ਼ੀ ਵੀਜ਼ੇ, ਗਰੀਨ ਕਾਰਡ ਅਤੇ ਇਮੀਗਰੇਸ਼ਨ ਦੇ ਦਰਜੇ ਦੇ ਵੇਰਵੇ ਲਾਜ਼ਮੀ ਤੌਰ 'ਤੇ ਜਮ੍ਹਾਂ ਕਰਾਉਣ।

ਪੰਜਾਬ ਦੇ ਕਈ ਅਧਿਆਪਕ ਲੰਬੇ ਸਮੇਂ ਤੋਂ ਨੌਕਰੀ ਤੋਂ ਗੈਰਹਾਜ਼ਰ ਹਨ ਅਤੇ ਉਹ ਵਿਦੇਸ਼ ਜਾ ਕੇ ਵਸ ਚੁੱਕੇ ਹਨ। ਅਜਿਹੇ ਅਧਿਆਪਕਾਂ 'ਤੇ ਨਕੇਲ ਕੱਸਣ ਲਈ ਇਹ ਮੁਹਿੰਮ ਆਰੰਭੀ ਗਈ ਹੈ। ਸ਼ੁਰੂ ਵਿਚ ਜ਼ਿਆਦਾਤਰ ਅਧਿਆਪਕਾਂ ਨੇ ਵਿਦੇਸ਼ ਜਾਣ ਲਈ ਬਿਨਾਂ ਤਨਖਾਹ ਦੇ ਛੇ ਮਹੀਨਿਆਂ ਦੀ ਛੁੱਟੀ ਲੈ ਲਈ ਸੀ, ਪਰ ਬਾਅਦ ਵਿਚ ਉਹ ਪੰਜਾਬ ਨਹੀਂ ਪਰਤੇ ਅਤੇ ਕੋਈ ਨਾ ਕੋਈ ਬਹਾਨਾ ਬਣਾ ਕੇ ਛੁੱਟੀ ਵਧਾਉਂਦੇ ਰਹੇ। ਕਈਆਂ ਨੇ ਖਰਾਬ ਸਿਹਤ ਨੂੰ ਕਾਰਨ ਦੱਸਦਿਆਂ ਕਿਹਾ ਕਿ ਉਹ ਲੰਬਾ ਹਵਾਈ ਸਫਰ ਨਹੀਂ ਕਰ ਸਕਦੇ।

ਕਈ ਨੋਟਿਸਾਂ ਦੇ ਬਾਵਜੂਦ ਜਦੋਂ ਇਨ੍ਹਾਂ ਅਧਿਆਪਕਾਂ ਦੇ ਕੰਨ 'ਤੇ ਜੂੰ ਨਾ ਸਰਕੀ ਤਾਂ ਪੰਜਾਬ ਸਕੂਲ ਸਿੱਖਿਆ ਵਿਭਾਗ ਨੇ ਇਨ੍ਹਾਂ ਵਿਚੋਂ ਕੁਝ ਦੀ ਛੁੱਟੀ ਕਰ ਦਿੱਤੀ। ਵਿਭਾਗ ਨੇ 2015-16 ਵਿਚ 294 ਅਧਿਆਪਕਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਸਨ ਅਤੇ ਹੋਰ ਕਈਆਂ ਦੇ ਖੰਭ ਕੁਤਰਨ ਦੀ ਤਿਆਰੀ ਹੈ।

ਸਕੂਲ ਸਿੱਖਿਆ ਵਿਭਾਗ ਦੇ ਡੀ.ਪੀ.ਆਈ. ਸੈਕੰਡਰੀ ਬਲਬੀਰ ਸਿੰਘ ਢੋਲ ਨੇ ਦੱਸਿਆ ਕਿ ਇਹ ਅਧਿਆਪਕ ਲੰਬੇ ਸਮੇਂ ਤੋਂ ਡਿਊਟੀ ਤੋਂ ਗੈਰ ਹਾਜ਼ਰ ਹਨ ਅਤੇ ਕਈ ਤਾਂ ਵਿਦੇਸ਼ ਵਿਚ ਵਸ ਵੀ ਚੁੱਕੇ ਹਨ। ਹਰੇਕ ਮੁਲਾਜ਼ਮ ਦੇ ਵਿਦੇਸ਼ ਸਬੰਧੀ ਵੇਰਵੇ ਇਕੱਤਰ ਕਰਨੇ ਸੰਭਵ ਨਹੀਂ ਸਨ। ਇਸ ਕਰ ਕੇ ਪਰਸੋਨਲ ਵਿਭਾਗ ਨੇ ਸਾਰੇ ਮੁਲਾਜ਼ਮਾਂ ਤੋਂ ਵੇਰਵੇ ਲਾਜ਼ਮੀ ਤੌਰ 'ਤੇ ਮੰਗੇ ਹਨ।

ਸਿੱਖਿਆ ਵਿਭਾਗ ਨੇ ਵਿਦੇਸ਼ ਵਸ ਚੁੱਕੇ ਕਈ ਅਧਿਆਪਕਾਂ ਦੇ ਸੇਵਾ ਮੁਕਤੀ ਲਾਭ ਵੀ ਰੋਕ ਲਏ ਹਨ ਜਿਨ੍ਹਾਂ ਨੇ ਅਗਾਊਂ ਸੇਵਾ ਮੁਕਤੀ ਲੈ ਲਈ ਸੀ। ਅਗਾਊਂ ਸੇਵਾ ਮੁਕਤੀ ਲੈਣ ਵਾਲੇ ਅਧਿਆਪਕ ਦੀ ਵੀ ਬਾਰੀਕੀ ਨਾਲ ਪੜਤਾਲ ਹੋ ਰਹੀ ਹੈ।

ਜਨਾਜ਼ੇ 'ਤੇ ਹਵਾਈ ਹਮਲਾ: 150 ਮੌਤਾਂ

ਸਨਾ: ਯਮਨ ਵਿਚ ਹੋਏ ਹਵਾਈ ਹਮਲੇ ਵਿਚ 150 ਤੋਂ ਵੱਧ ਲੋਕ ਮਾਰੇ ਗਏ ਅਤੇ 525 ਲੋਕ ਜ਼ਖਮੀ ਹੋ ਗਏ। ਇਹ ਲੋਕ ਕਿਸੇ ਦੇ ਜਨਾਜ਼ੇ ਵਿਚ ਸ਼ਾਮਲ ਹੋਣ ਆਏ ਸਨ।

ਹੁਤੀ ਵਿਦਰੋਹੀਆਂ ਦਾ ਕਹਿਣਾ ਹੈ ਕਿ ਇਹ ਹਵਾਈ ਹਮਲਾ ਸਾਊਦੀ ਅਰਬ ਦੀ ਅਗਵਾਈ ਵਾਲੇ ਗਠਜੋੜ ਨੇ ਕੀਤਾ ਹੈ, ਪਰ ਸਾਊਦੀ ਅਰਬ ਦੀ ਅਗਵਾਈ ਵਾਲੇ ਗਠਜੋੜ ਨੇ ਕਿਹਾ ਹੈ ਕਿ ਉਸ ਨੇ ਇਸ ਥਾਂ 'ਤੇ ਅਜਿਹਾ ਕੋਈ ਹਮਲਾ ਨਹੀਂ ਕੀਤਾ। ਸੂਤਰਾਂ ਦਾ ਕਹਿਣਾ ਹੈ ਕਿ 150 ਵਿਅਕਤੀ ਮਾਰੇ ਜਾਣ ਦਾ ਅੰਕੜਾ ਸ਼ੁਰੂਆਤੀ ਡਾਕਟਰੀ ਰਿਪੋਰਟਾਂ ਦੇ ਅਧਾਰ 'ਤੇ ਜਾਰੀ ਕੀਤਾ ਗਿਆ ਹੈ।

ਹਵਾਰਾ ਦੇ ਦੋ ਸਾਥੀ ਖਾੜਕੂ ਬਰੀ

ਨਵੀਂ ਦਿੱਲੀ: ਇਕ ਵਿਸ਼ੇਸ਼ ਅਦਾਲਤ ਨੇ ਅਤਿਵਾਦੀ ਹਮਲਿਆਂ ਦੀ ਸਾਜਿਸ਼ ਰਚਣ ਲਈ ਗ੍ਰਿਫਤਾਰ ਬੱਬਰ ਖਾਲਸਾ ਦੇ ਖਾੜਕੂ ਭਾਈ ਜਗਤਾਰ ਸਿੰਘ ਹਵਾਰਾ ਦੇ ਦੋ ਸਹਿਯੋਗੀਆਂ ਨੂੰ ਬਰੀ ਕਰ ਦਿੱਤਾ।

ਅਦਾਲਤ ਨੇ ਕਿਹਾ ਕਿ ਉਨ੍ਹਾਂ ਖਿਲਾਫ਼ ਦੋਸ਼ਾਂ ਨੂੰ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਹੈ। ਅਦਾਲਤ ਨੇ ਕੁਲਵਿੰਦਰ ਸਿੰਘ ਖਾਨਪੁਰੀਆ ਅਤੇ ਬਲਜਿੰਦਰ ਸਿੰਘ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਇਨ੍ਹਾਂ ਦੋਵਾਂ ਨੂੰ 2013 ਵਿਚ ਇਥੇ ਦਿੱਲੀ ਪੁਲਿਸ ਦੀ ਵਿਸ਼ੇਸ਼ ਸ਼ਾਖਾ ਨੇ ਗ੍ਰਿਫਤਾਰ ਕੀਤਾ ਸੀ। ਪੁਲਿਸ ਦਾ ਦੋਸ਼ ਸੀ ਕਿ ਦੋਵੇਂ ਦਿੱਲੀ ਵਿਚ ਅਤਿਵਾਦੀ ਘਟਨਾਵਾਂ ਨੂੰ ਅੰਜ਼ਾਮ ਦੇਣ ਦੀ ਸਾਜਿਸ਼ ਰਚ ਰਹੇ ਸਨ ਅਤੇ ਉਨ੍ਹਾਂ ਦੇ ਕੋਲੋਂ ਇਕ ਰਿਵਾਲਵਰ, ਪੰਜਾਬ ਪੁਲਿਸ ਅਧਿਕਾਰੀਆਂ ਦੇ ਫਰਜ਼ੀ ਪਹਿਚਾਣ ਪੱਤਰ ਅਤੇ ਕੁਝ ਗੋਲੀਆਂ ਬਰਾਮਦ ਕੀਤੀਆਂ ਸਨ।

ਹੀਰ ਰਾਂਝਾ ਦੀ ਪ੍ਰੇਮ ਕਹਾਣੀ ਬਾਰੇ ਇਤਿਹਾਸਕਾਰਾਂ ਦੇ ਨਵੇਂ ਖੁਲਾਸੇ

ਅੰਮ੍ਰਿਤਸਰ: ਪਾਕਿਸਤਾਨ ਦੇ ਝੰਗ ਸਦਰ ਸ਼ਹਿਰ ਦੀ ਫੈਸਲਾਬਾਦ ਰੋਡ 'ਤੇ ਪੁਰਾਣੇ ਕਬਰਿਸਤਾਨ ਵਿਚ ਮੌਜੂਦ ਹੀਰ-ਰਾਂਝਾ ਦੇ ਦਰਬਾਰ ਸਬੰਧੀ ਪਾਕਿਸਤਾਨੀ ਇਤਿਹਾਸਕਾਰਾਂ ਨੇ ਖੁਲਾਸਾ ਕੀਤਾ ਹੈ ਕਿ ਉਪਰੋਕਤ ਦਰਬਾਰ ਪਸ਼ਤੂਨ ਬਾਦਸ਼ਾਹ ਬਹਿਲੋਲ ਲੋਧੀ ਨੇ ਹੀਰ ਦੀ ਮੌਤ ਦੇ ਛੇ ਮਹੀਨੇ ਬਾਅਦ 876 ਹਿਜਰੀ ਭਾਵ ਸੰਨ 1471 'ਚ ਤਿਆਰ ਕਰਵਾਇਆ ਸੀ। ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਝੰਗ ਸ਼ਹਿਰ ਤੋਂ 15 ਮੀਲ ਦੂਰ ਆਬਾਦੀ ਕੋਟਲੀ ਬਾਕਰ ਵਿਚ ਚੂਚਕ ਸਿਆਲ ਦੇ ਘਰ ਬੀਬੀ ਇੱਜ਼ਤ ਉਰਫ ਹੀਰ ਦਾ ਜਨਮ 830 ਹਿਜਰੀ ਭਾਵ ਸੰਨ 1426 'ਚ ਅਤੇ 45 ਸਾਲਾਂ ਦੀ ਉਮਰ ਵਿਚ ਉਸ ਦਾ ਦੇਹਾਂਤ ਹੋਇਆ।

ਇੱਜ਼ਤ ਬੀਬੀ ਦੇ ਧਾਰਮਿਕ ਕਿਰਦਾਰ ਅਤੇ ਕੁਰਾਨ ਮਜ਼ੀਦ ਦੀ ਹਾਫ਼ਜ਼ ਹੋਣ ਦੇ ਚਲਦਿਆਂ ਉਹ ਹੀਰ ਨਾਂ ਨਾਲ ਪ੍ਰਸਿੱਧ ਹੋਈ, ਜਿਸ ਦਾ ਅਰਥ ਪਾਕ-ਦਾਮਨ ਤੇ ਤਾਹਿਰਾ ਹੁੰਦਾ ਹੈ। ਇਤਿਹਾਸਕਾਰਾਂ ਅਨੁਸਾਰ ਹੀਰ ਦੀ ਮੌਤ ਤੋਂ ਬਾਅਦ ਮੁਰਾਦ ਬਖ਼ਸ਼ ਉਰਫ ਮੀਆਂ ਰਾਂਝਾ ਆਪਣੇ ਪਿੰਡ ਤਖਤ ਹਜ਼ਾਰੇ ਆ ਗਿਆ ਅਤੇ ਪੂਰੇ ਇਕ ਸਾਲ



ਬਾਅਦ ਉਸ ਦਾ ਦੇਹਾਂਤ ਹੋਣ 'ਤੇ ਉਸ ਦੀ ਵਸੀਅਤ ਮੁਤਾਬਕ ਉਸ ਨੂੰ ਹੀਰ ਦੇ ਪਹਿਲੂ ਵਿਚ ਦਫਨ ਕੀਤਾ ਗਿਆ। ਮੁਢਲੇ ਅਤੇ ਮੌਜੂਦਾ ਕਿੱਸਾਕਾਰਾਂ ਵੱਲੋਂ ਰਾਂਝੇ ਵੱਲੋਂ ਹੀਰ ਦੇ ਘਰ 12 ਵਰ੍ਹਿਆਂ ਤੱਕ ਮੱਝਾਂ-ਗਾਵਾਂ ਚਰਾਉਣ ਦੇ ਪ੍ਰਸੰਗ ਨੂੰ ਝੂਠ ਦੱਸਦਿਆਂ ਦਾਅਵੇ ਨਾਲ ਇਹ ਵੀ ਕਿਹਾ ਜਾ ਰਿਹਾ ਹੈ ਕਿ ਰਾਂਝਾ ਆਪਣੇ ਪੀਰ-ਮੁਰਸ਼ਦ ਸ਼ਾਹ ਕਬੀਰ ਦੇ ਆਦੇਸ਼ 'ਤੇ ਹੀਰ ਨੂੰ ਮਿਲਣ ਝੰਗ ਗਿਆ ਸੀ ਅਤੇ ਉਸ ਦੇ ਜੋਗੀ ਜਾਂ ਗਵਾਲਾ ਬਣਨ ਦਾ ਕੋਈ ਸਬੂਤ ਮੌਜੂਦ ਨਹੀਂ ਹੈ। ਹੀਰ-ਰਾਂਝੇ ਦੇ ਦਰਬਾਰ ਦੀ ਛੱਤ ਨਾ ਹੋਣ ਕਰ ਕੇ ਇਸ ਅਫਵਾਹ ਦਾ ਵੀ ਖੰਡਨ ਕੀਤਾ ਗਿਆ ਕਿ ਉਪਰੋਕਤ ਕਬਰ 'ਤੇ ਮੀਂਹ ਦਾ ਪਾਣੀ ਨਹੀਂ ਡਿੱਗਦਾ।

ਪੰਜਾਬੀਆਂ ਦੇ ਘਰਾਂ 'ਚ ਨਸਲੀ ਇਸ਼ਤਿਹਾਰ ਸੁੱਟਣੇ ਮਾੜੀ ਹਰਕਤ: ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬ੍ਰਿਟਿਸ਼ ਕੋਲੰਬੀਆ ਦੇ ਮਿਸ਼ਨ ਸ਼ਹਿਰ ਵਿਚ ਰਹਿ ਰਹੇ ਪੰਜਾਬੀਆਂ ਦੇ ਘਰਾਂ ਵਿਚ ਜਥੇਬੰਦੀ ਕੂ ਕਲੱਕਸ ਕਲਾਨ ਵੱਲੋਂ ਨਸਲੀ ਇਸ਼ਤਿਹਾਰ ਸੁੱਟਣ ਨੂੰ ਘਿਣਾਉਣੀ ਹਰਕਤ ਕਰਾਰ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ਼ਰਾਰਤੀ ਅਨਸਰਾਂ ਵੱਲੋਂ ਵਾਰ-ਵਾਰ ਅਜਿਹੀਆਂ ਕਾਰਵਾਈਆਂ ਸਿੱਖਾਂ ਦਾ ਅਕਸ ਖਰਾਬ ਕਰਨ ਦੇ ਉਦੇਸ਼ ਨਾਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਖਿਲਾਫ਼ ਭਰਮ-ਭੁਲੇਖੇ ਅਜੇ ਵੀ ਕਾਇਮ ਹਨ ਜਿਸ ਨੂੰ ਦੂਰ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਦੇਸ਼-ਵਿਦੇਸ਼ ਵਸਦੇ ਸਿੱਖਾਂ ਦੇ ਹਿਰਦਿਆਂ ਨੂੰ ਠੇਸ ਪੁੱਜੀ ਹੈ।

ਇਸ ਤੋਂ ਪਹਿਲਾਂ ਕੈਨੇਡਾ ਵਿਚ ਨਸਲੀ ਵਿਤਕਰੇ ਨੂੰ ਲੈ ਕੇ ਯੂਨੀਵਰਸਿਟੀ ਆਫ ਅਲਬਰਟਾ ਵਿਚ ਦਸਤਾਰਧਾਰੀ ਸਿੱਖਾਂ ਖਿਲਾਫ ਅੰਗਰੇਜ਼ੀ ਵਿਚ ਇਤਰਾਜ਼ਯੋਗ ਪੋਸਟਰ ਲਾਏ ਗਏ ਸਨ, ਜਿਸ ਦੀ ਹਰ ਪਾਸਿਉਂ ਨਿੰਦਾ ਹੋਈ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਸਿੱਖ ਜਥੇਬੰਦੀਆਂ ਵੱਲੋਂ ਸਿੱਖਾਂ ਦੀ ਪਛਾਣ ਸਬੰਧੀ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮ ਜਾਰੀ ਹੈ, ਪਰ ਇਸ ਦੇ ਬਾਵਜੂਦ ਕਿਤੇ ਨਾ ਕਿਤੇ ਯਤਨਾਂ ਦੀ ਘਾਟ ਨਜ਼ਰ

ਆ ਰਹੀ ਹੈ ਜਿਸ ਲਈ ਸਰਗਰਮ ਭੂਮਿਕਾ ਨਿਭਾਉਣ ਦੀ ਸਖਤ ਲੋੜ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਧਰਮ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਂਦਾ ਵਿਸ਼ੇਸ਼ ਦਸਤਾਵੇਜ਼ ਜਾਰੀ ਕੀਤਾ ਗਿਆ ਹੈ ਜੋ ਵਿਦੇਸ਼ਾਂ ਵਿਚ ਸਿੱਖਾਂ ਦੀ ਸਹੀ ਪਛਾਣ ਨੂੰ ਪੇਸ਼ ਕਰਦਿਆਂ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸਹਾਈ ਹੋਵੇਗਾ। ਉਨ੍ਹਾਂ ਕੈਨੇਡਾ ਸਰਕਾਰ ਨੂੰ ਸਬੰਧਤ ਘਟਨਾ ਦੇ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਕਰਦਿਆਂ ਸਿੱਖਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ।

ਖਾਲਿਸਤਾਨ ਨਾਲ ਜੁੜੀ ਪਟੀਸ਼ਨ ਖਾਰਜ

ਵਾਸ਼ਿੰਗਟਨ: ਖਾਲਿਸਤਾਨ ਲਈ ਹਮਾਇਤ ਦੀ ਮੰਗ ਨੂੰ ਲੈ ਕੇ ਦਾਖਲ ਕੀਤੀ ਗਈ ਆਨਲਾਈਨ ਪਟੀਸ਼ਨ ਉਤੇ ਵ੍ਹਾਈਟ ਹਾਊਸ ਨੇ ਕਿਸੇ ਵੀ ਤਰ੍ਹਾਂ ਦਾ ਪ੍ਰਤੀਕਰਮ ਦੇਣ ਤੋਂ ਇਨਕਾਰ ਕਰਦਿਆਂ ਪਿਛਲੇ ਸਾਲ ਦਿੱਲੀ ਦੀ ਯਾਤਰਾ 'ਤੇ ਗਏ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਉਸ ਬਿਆਨ ਦਾ ਸਮਰਥਨ ਕੀਤਾ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਧਾਰਮਿਕ ਪੱਧਰ ਉਤੇ ਵੰਡ ਨਾ ਹੋਣਾ ਹੀ ਭਾਰਤ ਦੀ ਸਫਲਤਾ ਦਾ ਆਧਾਰ ਹੈ।ਇਕ ਸਿੱਖ ਵੱਲੋਂ ਦਾਖਲ ਕੀਤੀ ਗਈ ਪਟੀਸ਼ਨ 'ਤੇ ਵ੍ਹਾਈਟ ਹਾਊਸ ਨੇ ਕਿਹਾ ਕਿ ਇਸ ਮੰਚ ਦੀ ਵਰਤੋਂ ਕਰਨ ਲਈ ਤੁਹਾਡੀ ਸ਼ਲਾਘਾ ਕਰਦੇ ਹਨ, ਪਰ ਪਟੀਸ਼ਨ 'ਚ ਚੁੱਕੇ ਗਏ ਮੁੱਦਿਆਂ ਉਤੇ ਅਸੀਂ ਟਿੱਪਣੀ ਨਹੀਂ ਕਰ ਸਕਦੇ। ਪਟੀਸ਼ਨ ਨੂੰ ਇਕ ਲੱਖ ਤੋਂ ਵੱਧ ਸਿੱਖਾਂ ਦੀ ਹਮਾਇਤ ਮਿਲੀ ਹੈ। ਵ੍ਹਾਈਟ ਹਾਊਸ ਨੇ ਕਿਹਾ ਕਿ ਅਮਰੀਕਾ ਨੇ ਭਾਰਤ 'ਚ 1984 ਵਿਚ ਸਿੱਖਾਂ ਵਿਰੁੱਧ ਹੋਏ ਜ਼ੁਲਮਾਂ ਸਮੇਤ ਮਨੁੱਖੀ ਹੱਕਾਂ ਦੇ ਘਾਣ ਨਾਲ ਜੁੜੇ ਵਿਸ਼ਿਆਂ ਦੀ ਨਿਗਰਾਨੀ ਕੀਤੀ ਹੈ ਅਤੇ ਜਨਤਕ ਤੌਰ 'ਤੇ ਇਸ ਸਬੰਧੀ ਆਪਣੀ ਰਾਇ ਵੀ ਜ਼ਾਹਰ ਕੀਤੀ ਹੈ।

ਡੀ ਐਫ ਡਬਲਿਊ ਸਪੋਰਟਸ ਕਲੱਬ ਦਾ ਖੇਡ ਮੇਲਾ 22 ਨੂੰ

ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਹਾਜ਼ਰ ਮੈਂਬਰ

ਡੈਲਸ, ਟੈਕਸਸ (ਬਿਊਰੋ): ਸਥਾਨਕ ਡੀ ਐਫ ਡਬਲਿਊ ਇੰਟਰਨੈਸ਼ਨਲ ਸਪੋਰਟਸ ਕਲੱਬ ਦਾ ਸਾਲਾਨਾ ਖੇਡ ਮੇਲਾ ਆਉਂਦੀ 22 ਅਕਤੂਬਰ, ਸਨਿਚਰਵਾਰ ਨੂੰ ਸਿੱਖ ਟੈਂਪਲ ਆਫ ਨਾਰਥ ਟੈਕਸਸ (506 ਗੋਟਵ੍ਡ ਰੋਡ, ਗਾਰਲੈਂਡ) ਵਿਖੇ ਹੋਵੇਗਾ ਅਤੇ ਸਵੇਰੇ 10 ਵਜੇ ਤੋਂ ਦੇਰ ਸ਼ਾਮ ਤੱਕ ਚੱਲੇਗਾ। ਪ੍ਰਬੰਧਕਾਂ ਅਨੁਸਾਰ ਮੇਲੇ ਵਿਚ ਮੁੱਖ ਤੌਰ 'ਤੇ ਕਬੱਡੀ ਅਤੇ ਵਾਲੀਬਾਲ ਦੇ ਮੁਕਾਬਲੇ ਹੋਣਗੇ ਜਿਨ੍ਹਾਂ ਵਿਚ ਚੋਟੀ ਦੀਆਂ ਟੀਮਾਂ ਹਿੱਸਾ ਲੈਣਗੀਆਂ। ਇਸ ਤੋਂ ਇਲਾਵਾ ਦੌੜਾਂ, ਗੋਲਾ ਸੁੱਟਣ, ਮਿਊਜ਼ੀਕਲ ਚੇਅਰ ਅਤੇ ਰੱਸਾਕਸ਼ੀ ਦੀਆਂ ਖੇਡਾਂ ਵੀ ਹੋਣਗੀਆਂ। ਦਰਸ਼ਕਾਂ ਲਈ ਖਾਣਾ ਮੁਫਤ ਹੋਵੇਗਾ ਅਤੇ ਜਲੇਬੀਆਂ, ਪਾਣੀ ਪੂਰੀ ਤੇ ਸਾਫਟ ਡਰਿੰਗ ਦੇ ਸਟਾਲ ਲਾਏ ਜਾਣਗੇ।

ਕਲੱਬ ਨੇ ਸਮੂਹ ਖੇਡ ਪ੍ਰੇਮੀਆਂ ਅਤੇ ਭਾਈਚਾਰੇ ਨੂੰ ਇਸ ਖੇਡ ਮੇਲੇ ਵਿਚ ਪਹੁੰਚਣ ਦੀ ਅਪੀਲ ਕੀਤੀ ਹੈ। ਪ੍ਰਬੰਧਕਾਂ ਨੇ ਤਾੜਨਾ ਕੀਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਇਸ ਮੇਲੇ ਦੌਰਾਨ ਕੋਈ ਵੀ ਨਸ਼ਾ ਕਰ ਕੇ ਜਾਂ ਨਾਲ ਲੈ ਕੇ ਨਾ ਆਵੇ। ਇਸ ਤੋਂ ਇਲਾਵਾ ਕਿਸੇ ਵੀ ਕਿਸਮ ਦਾ ਹਥਿਆਰ ਲੈ ਕੇ ਆਉਣਾ ਦੀ ਵੀ ਸਖਤ ਮਨਾਹੀ ਹੈ। ਹੋਰ ਜਾਣਕਾਰੀ ਲਈ ਫੋਨ: 972-800-4040 ਜਾਂ 469-222-4038 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਸਰਕਾਰੀ ਭਲਾਈ ਬੋਰਡ ਨਾ ਕਰ ਸਕੇ ਲੋੜਵੰਦਾਂ ਦਾ ਭਲਾ

ਚੰਡੀਗੜ੍ਹ: ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਜਾਤਾਂ ਅਤੇ ਵਰਗਾਂ 'ਤੇ ਆਧਾਰਿਤ ਬੋਰਡ ਵਿਚ ਬਣਾਏ ਗਏ ਭਲਾਈ ਬੋਰਡ ਮਹਿਜ਼ ਚਹੇਤਿਆਂ ਦੀ ਭਲਾਈ ਤੱਕ ਸੀਮਤ ਹਨ। ਇਨ੍ਹਾਂ ਬੋਰਡਾਂ ਵਿਚ ਫੰਡਾਂ ਅਤੇ ਸਟਾਫ ਦੀ ਅਣਹੋਂਦ ਕਾਰਨ ਇਹ ਕਾਗਜ਼ੀ ਕਾਰਵਾਈ ਤੋਂ ਅੱਗੇ ਨਹੀਂ ਵਧਦੇ ਹਨ। ਗੈਰ-ਸਰਕਾਰੀ ਸੰਸਥਾ 'ਹੈਲਪ' ਦੇ ਮੁਖੀ ਪਰਵਿੰਦਰ ਸਿੰਘ ਕਿੱਤਣਾ ਵੱਲੋਂ ਪੰਜਾਬ ਦਲਿਤ ਵਿਕਾਸ ਬੋਰਡ ਕੋਲੋਂ ਆਰ.ਟੀ.ਆਈ. ਤਹਿਤ ਹਾਸਲ ਕੀਤੀ ਜਾਣਕਾਰੀ ਦੌਰਾਨ ਅਜਿਹੇ ਬੋਰਡਾਂ ਦੇ ਮਹਿਜ਼ ਕਾਗਜ਼ੀ ਕਾਰਵਾਈ ਤੱਕ ਸੀਮਤ ਹੋਣ ਦਾ ਖੁਲਾਸਾ ਹੋਇਆ ਹੈ।

ਦਲਿਤ ਵਿਕਾਸ ਬੋਰਡ 24 ਜਨਵਰੀ 2014 ਵਿਚ ਹੋਂਦ 'ਚ ਆਇਆ ਸੀ, ਪਰ ਢਾਈ ਸਾਲਾਂ ਦੌਰਾਨ ਇਸ ਦਾ ਕੋਈ ਵੀ ਮੈਂਬਰ ਨਿਯੁਕਤ ਨਹੀਂ ਕੀਤਾ ਅਤੇ ਇਹ ਬੋਰਡ ਸਿਰਫ ਚੇਅਰਮੈਨ ਵਿਜੈ ਦਾਨਵ ਇੱਕਲੇ ਚਲਾ ਆ ਰਹੇ ਹਨ। ਅੱਜ ਤੱਕ ਇਸ ਬੋਰਡ ਨੂੰ ਇਕ ਧੇਲਾ ਵੀ ਫੰਡ ਨਹੀਂ ਮਿਲਿਆ ਅਤੇ ਨਾ ਹੀ ਬੋਰਡ ਨੇ ਆਪਣੇ ਮੋਹਾਲੀ ਸਥਿਤ ਦਫਤਰ 'ਤੇ ਅੱਜ ਤੱਕ ਇੱਕ ਪੈਸਾ ਖਰਚ ਕੀਤਾ ਹੈ। ਬੋਰਡ ਕੋਲ ਹੁਣ ਤੱਕ ਦਲਿਤ ਭਲਾਈ ਲਈ ਕੀਤੇ ਕੰਮਾਂ ਦੇ ਵੀ ਕੋਈ ਵੇਰਵੇ ਨਹੀਂ ਹਨ। ਬੋਰਡ ਨੇ ਇਹੋ ਦੱਸਿਆ ਕਿ ਇਸ ਦਫਤਰ ਵਿਚ ਆਉਂਦੇ ਪੱਤਰਾਂ ਉਪਰ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ। ਬੋਰਡ ਦੇ ਚੇਅਰਮੈਨ ਸ੍ਰੀ ਦਾਨਿਵ ਨੇ ਦੱਸਿਆ ਕਿ ਉਨ੍ਹਾਂ ਨੂੰ ਦਫਤਰ ਵਿਚ ਇਕ-ਇਕ ਕਲਰਕ, ਟਾਈਪਿਸਟ ਤੇ ਪੀਅਨ ਮਿਲਿਆ ਹੈ।

ਉਨ੍ਹਾਂ ਸਰਕਾਰੀ ਖਰਚੇ 'ਤੇ ਕਿਲੋਮੀਟਰ ਸਕੀਮ ਤਹਿਤ ਕਾਰ ਹਾਸਲ ਕੀਤੀ ਹੈ ਪਰ ਵਾਹਨ ਦੇ ਖਰਚੇ ਦੇ ਬਿੱਲ ਲੰਮਾ ਸਮਾਂ ਪੈਂਡਿੰਗ ਰਹਿੰਦੇ ਹਨ। ਉਸ ਨੂੰ 25 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਤੇ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਕਾਨ ਕਿਰਾਇਆ ਭੱਤਾ ਮਿਲਦਾ ਹੈ। ਸ੍ਰੀ ਦਾਨਿਵ ਅਨੁਸਾਰ ਸਰਕਾਰ ਵੱਲੋਂ ਕੋਈ ਮੈਂਬਰ ਨਾਮਜ਼ਦ ਨਾ ਕਰਨ ਕਾਰਨ ਉਹ ਹੀ ਬੋਰਡ ਚਲਾ ਰਹੇ ਹਨ। ਪਰਵਾਸੀ ਭਲਾਈ ਬੋਰਡ ਦੇ ਚੇਅਰਮੈਨ ਰਾਮ ਚਰਨ ਯਾਦਵ ਨੇ ਕਿਹਾ ਕਿ ਉਨ੍ਹਾਂ ਨੂੰ ਜਿਥੇ ਬਕਾਇਦਾ ਦਫਤਰ ਮਿਲਿਆ ਹੈ, ਉਥੇ ਸੁਪਰਡੈਂਟ, ਸੀਨੀਅਰ ਸਹਾਇਕ ਤੇ ਡਰਾਈਵਰ ਵੀ ਦਿੱਤਾ ਗਿਆ ਹੈ। ਭਾਵੇਂ ਰੈਗੂਲਰ ਕੋਈ ਫੰਡ ਨਹੀਂ ਮਿਲਦਾ, ਪਰ ਜਦ ਵੀ ਲੋੜ ਪੈਂਦੀ ਹੈ ਤਾਂ ਮੁੱਖ ਮੰਤਰੀ ਮਦਦ ਕਰ ਦਿੰਦੇ ਹਨ। ਦੱਸਣਯੋਗ ਹੈ ਕਿ ਇਸੇ ਤਰ੍ਹਾਂ ਸਰਕਾਰ ਵੱਲੋਂ ਮੁਲਾਜ਼ਮ ਭਲਾਈ ਬੋਰਡ, ਮੁਸਲਿਮ ਭਲਾਈ ਤੇ ਵਿਕਾਸ ਬੋਰਡ, ਸਫਾਈ ਕਰਮਚਾਰੀ ਭਲਾਈ ਬੋਰਡ ਸਮੇਤ ਪਿਛਲੇ ਸਮੇਂ ਹੀ ਸੈਣੀ ਭਲਾਈ ਆਦਿ ਵੀ ਬਣਾਏ ਗਏ ਹਨ।

ਦਿੱਲੀ ਸਰਕਾਰ ਜਿਸਤ ਟਾਂਕ ਮੁੜ ਲਾਗੂ ਕਰਨ ਦੇ ਰੌਂਅ 'ਚ

ਨਵੀਂ ਦਿੱਲੀ: ਦਿੱਲੀ ਵਿਚ ਠੰਢ ਦਾ ਮੌਸਮ ਸ਼ੁਰੂ ਹੋਣ ਨਾਲ ਸ਼ਹਿਰ ਦੀ ਆਬੋ-ਹਵਾ ਵਿਚ ਗੰਧਲਾਪਣ ਛਾ ਜਾਂਦਾ ਹੈ, ਜਿਸ ਨੂੰ ਲੈ ਕੇ ਦਿੱਲੀ ਸਰਕਾਰ ਨੇ ਇਸ ਸਾਲ ਖਾਸੀ ਗੰਭੀਰਤਾ ਦਿਖਾਈ ਹੈ। ਜਿਸਤ-ਟਾਂਕ ਵਾਹਨ ਫਾਰਮੂਲੇ ਨੂੰ ਲਾਗੂ ਕਰ ਕੇ ਬਿਹਤਰ ਕਦਮ ਪੁੱਟਿਆ ਸੀ। ਹੁਣ ਫਿਰ ਦਿੱਲੀ ਸਰਕਾਰ ਵੱਲੋਂ ਜਿਸਤ-ਟਾਂਕ ਫਾਰਮੂਲਾ ਲਾਗੂ ਕਰਨ ਲਈ ਦਿੱਲੀ ਦੀ ਜਨਤਾ ਤੋਂ ਰਾਇ ਲਈ ਜਾਵੇਗੀ ਕਿ ਇਹ ਯੋਜਨਾ ਮੁੜ ਲਾਗੂ ਕੀਤੀ ਜਾਵੇ ਕਿ ਨਾ।

ਦਿੱਲੀ ਦੇ ਵਾਤਾਵਰਣ ਮੰਤਰੀ ਇਮਰਾਨ ਹਾਸ਼ਮੀ ਨੇ ਸੰਕੇਤ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਦਿੱਲੀ ਵਾਸੀਆਂ ਤੋਂ ਜਿਸਤ-ਟਾਂਕ ਸਕੀਮ ਲਾਗੂ ਕਰਨ ਬਾਬਤ ਪਹਿਲਾਂ ਵਾਂਗ ਹੀ ਪੁੱਛਿਆ ਜਾਵੇਗਾ ਤੇ ਫਿਰ ਫੈਸਲਾ ਕੀਤਾ ਜਾਵੇਗਾ।

ਸਰਕਾਰ ਨੇ ਗੁਆਂਢੀ ਸੂਬਿਆਂ ਨੂੰ ਚਿੱਠੀ ਲਿਖੀ ਹੈ ਕਿ ਉਹ ਆਉਣ ਵਾਲੇ ਦਿਨਾਂ ਦੌਰਾਨ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੇ ਕਿਸਾਨਾਂ ਦੇ ਰੁਝਾਨ ਨੂੰ ਠੱਲ੍ਹਣ ਵਿਚ ਯੋਗਦਾਨ ਪਾਉਣ। ਸ੍ਰੀ ਹੁਸੈਨ ਨੇ ਕਿਹਾ ਕਿ ਅਕਤੂਬਰ ਦੇ ਪਹਿਲੇ ਹਫਤੇ ਤੋਂ ਕਿਸਾਨ ਝੋਨਾ ਤੇ ਹੋਰ ਫਸਲਾਂ ਕੱਟਣ ਲੱਗਦੇ ਹਨ ਅਤੇ ਰਹਿੰਦ-ਖੂੰਹਦ ਨੂੰ ਸਾੜਦੇ ਹਨ। ਦਿੱਲੀ ਸਰਕਾਰ ਨੇ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਦਿੱਲੀ ਦੀ ਆਬੋ-ਹਵਾ ਨੂੰ ਸ਼ੁੱਧ ਰੱਖਣ ਵਿਚ ਮਦਦ ਕਰਨ।

ਹੈਡ ਰੈਪ ਐਕਸਪੋ ਵਿਚ ਸਿੱਖਾਂ ਨੇ ਦਸਤਾਰ ਬਾਰੇ ਜਾਣਕਾਰੀ ਦਿੱਤੀ

ਡੀਅਰਬੌਰਨ, ਮਿਸ਼ੀਗਨ (ਬਿਊਰੋ): ਲੰਘੇ ਹਫਤੇ ਇਥੇ 'ਹੈਡ ਰੈਪ ਐਕਸਪੋ 2016' ਹੋਇਆ ਜਿਸ ਵਿਚ ਵੱਖ ਵੱਖ ਧਰਮਾਂ ਵਿਚ ਸਿਰ 'ਤੇ ਕੱਪੜਾ ਬੰਨਣ ਜਾਂ ਦਸਤਾਰ ਸਜਾਉਣ ਦੀ ਕੀ ਅਹਿਮੀਅਤ ਹੈ? ਬਾਰੇ ਜਾਣਕਾਰੀ ਦਿੱਤੀ ਗਈ। ਇਸ ਐਕਸਪੋ ਵਿਚ ਡਿਟਰਾਇਟ ਮੈਟਰੋ ਇਲਾਕੇ ਦੀਆਂ ਸਿੱਖ ਸੰਗਤਾਂ ਨੇ ਵੀ ਇਕ ਸਟਾਲ ਲਾਇਆ ਜਿਸ ਰਾਹੀਂ ਸਿੱਖ ਧਰਮ ਬਾਰੇ ਜਾਣਕਾਰੀ ਦੇ ਨਾਲ ਨਾਲ ਸਿੱਖਾਂ ਲਈ ਪਟਕੇ, ਦਸਤਾਰ, ਕੇਸਕੀ ਅਤੇ ਦੁਮਾਲਾ ਬੰਨਣ ਦੀ ਅਹਿਮੀਅਤ ਬਾਰੇ ਉਥੇ ਆਏ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਹੋਰਨਾਂ ਧਰਮਾਂ ਦੇ ਲੋਕਾਂ ਨੇ ਇਸ ਸਭ ਵਿਚ ਬਹੁਤ ਦਿਲਚਸਪੀ ਦਿਖਾਈ ਅਤੇ ਆਪਣੇ ਮਨ ਦੇ ਸਵਾਲ ਵੀ ਉਠਾਏ ਜਿਨ੍ਹਾਂ ਦੇ ਤਸੱਲੀਬਖਸ਼ ਤਰੀਕੇ ਨਾਲ ਜਵਾਬ ਦਿੱਤੇ ਗਏ।

ਇਸ ਮੌਕੇ ਕਈ ਗੈਰ ਸਿੱਖਾਂ ਨੇ ਆਪਣੇ ਸਿਰ ਦਸਤਾਰ ਜਾਂ ਕੇਸਕੀ ਸਜਾਉਣ ਦੀ ਇੱਛਾ ਜ਼ਾਹਰ ਕੀਤੀ ਤਾਂ ਸਿੱਖ ਟੀਮ ਦੇ ਮੈਂਬਰਾਂ ਨੇ ਉਨ੍ਹਾਂ ਦੇ ਸਿਰਾਂ ਉਤੇ ਨਵੀਆਂ ਦਸਤਾਰਾਂ ਤੇ ਕੇਸਕੀਆਂ ਸਜਾਈਆਂ। ਦਸਤਾਰਾਂ ਤੇ ਕੇਸਕੀਆਂ ਸਜਾਉਣ ਪਿਛੋਂ ਇਹ ਗੈਰ ਸਿੱਖ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਸਿੱਖ ਟੀਮ ਨੂੰ ਸਟੇਜ 'ਤੇ ਆ ਕੇ ਦਸਤਾਰ ਸਜਾਉਣ ਬਾਰੇ ਦੱਸਣ ਦਾ ਮੌਕਾ ਦਿੱਤਾ ਗਿਆ ਜਿਸ 'ਤੇ ਸਿੱਖ ਟੀਮ ਦੇ ਮੈਂਬਰਾਂ ਨੇ ਦਸਤਾਰ ਦੀ ਪੂਣੀ ਕਰ ਕੇ ਦਰਸ਼ਕਾਂ ਵਿਚੋਂ ਦੋ ਮੈਂਬਰਾਂ ਦੇ ਸਿਰਾਂ ਉਤੇ ਦਸਤਾਰ ਸਜਾ ਕੇ ਦੱਸਿਆ ਅਤੇ ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਸਿੱਖ ਟੀਮ ਦੇ ਮੈਂਬਰਾਂ ਅਨੁਸਾਰ ਹੋਰਨਾਂ ਧਰਮਾਂ ਦੇ ਲੋਕਾਂ ਨੇ ਸਿੱਖ ਧਰਮ ਬਾਰੇ ਦੱਸਣ ਅਤੇ ਹੋਰਨਾਂ ਧਰਮਾਂ ਬਾਰੇ ਜਾਣਨ ਦਾ ਇਹ ਇਕ ਬਹੁਤ ਵਧੀਆ ਪਲੈਟਫਾਰਮ ਸੀ।

ਭਾਰਤ ਵਿਚ ਨਵਾਂ ਚੀਨੀ ਰਾਜਦੂਤ ਨਿਯੁਕਤ

ਪੇਈਚਿੰਗ: ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਚੀਨ ਵੱਲੋਂ ਪਾਕਿਸਤਾਨ ਤੇ ਕੈਨੇਡਾ ਵਿਚ ਸੀਨੀਅਰ ਕੂਟਨੀਤਕ ਰਹਿ ਚੁੱਕੇ ਲਾਓ ਝਾਓਹੁਈ ਨੂੰ ਭਾਰਤ ਦਾ ਨਵਾਂ ਰਾਜਦੂਤ ਨਿਯੁਕਤ ਕੀਤਾ ਹੈ। 2014 ਤੋਂ 2016 ਤੱਕ ਪਾਕਿਸਤਾਨ ਤੇ ਕੈਨੇਡਾ 'ਚ ਚੀਨ ਦੇ ਰਾਜਦੂਤ ਵਜੋਂ ਸੇਵਾ ਕਰ ਚੁੱਕੇ 54 ਸਾਲਾ ਲਾਓ ਭਾਰਤ ਬਾਰੇ ਚੰਗੀ ਤਰ੍ਹਾਂ ਜਾਣੂ ਹਨ ਕਿਉਂਕਿ ਉਹ 1989 ਤੋਂ 1993 ਤੱਕ ਭਾਰਤ ਦੇ ਚੀਨੀ ਦੂਤਘਰ 'ਚ ਤਿੰਨ ਵਾਰ ਸਕੱਤਰ ਵਜੋਂ ਕੰਮ ਕਰ ਚੁੱਕੇ ਹਨ।

ਸਪਰਿੰਗਫੀਲਡ ਮੇਲੇ 'ਚ ਪੰਜਾਬੀ ਸਭਿਆਚਾਰ ਦੇ ਰੰਗ ਪੇਸ਼

ਸਪਰਿੰਗਫੀਲਡ, ਓਹਾਇਓ (ਬਿਊਰੋ): ਸਪਰਿੰਗਫੀਲਡ ਦੇ ਸਿਟੀ ਹਾਲ ਪਲਾਜ਼ਾ ਵਿਖੇ 20ਵਾਂ ਸਭਿਆਚਾਰਕ ਮੇਲਾ ਬੜੇ ਧੂਮ ਧਾਮ ਨਾਲ ਮਨਾਇਆ ਗਿਆ। ਅਮਰੀਕਾ ਵਿਚ ਦੁਨੀਆਂ ਦੇ ਵੱਖ-ਵੱਖ ਮੁਲਕਾਂ ਤੋਂ ਆ ਕੇ ਵੱਸੇ ਲੋਕਾਂ ਵਿਚ ਭਿੰਨਤਾ ਦੇ ਬਾਵਜੂਦ ਉਨ੍ਹਾਂ ਵਿਚ ਇਕ ਸਾਂਝ ਪੈਦਾ ਕਰਨ ਲਈ ਇਹ ਮੇਲਾ ਲੱਗਦਾ ਹੈ। ਮੇਲੇ ਵਿਚ ਸਟੇਜ 'ਤੇ ਵੱਖ-ਵੱਖ ਸੰਗੀਤ ਅਤੇ ਨਾਚ ਵਗੈਰਾ ਪੇਸ਼ ਕਰਕੇ ਜਿਥੇ ਅਮਰੀਕੀ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਹੈ, ਉਥੇ ਲੋਕਾਂ ਨੂੰ ਵਿਭਿੰਨ ਦੇਸ਼ਾਂ ਦੇ ਸੰਗੀਤ ਅਤੇ ਨਾਚਾਂ ਵਿਚ ਸਾਂਝਾਂ ਤੇ ਵਖਰੇਵੇਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਮੇਲਿਆਂ ਵਿਚ ਆਪੋ-ਆਪਣੇ ਦੇਸ਼ ਦਾ ਪਹਿਰਾਵਾ, ਖਾਣਾ, ਰਹਿਣੀ-ਬਹਿਣੀ ਆਦਿ ਬਾਰੇ ਵੀ ਵੱਖ-ਵੱਖ ਦੇਸ਼ਾਂ ਦੇ ਲੋਕਾਂ ਨੂੰ ਪ੍ਰਦਰਸ਼ਿਤ ਕਰਨ ਦਾ ਮੌਕਾ ਮਿਲਦਾ ਹੈ। ਇਸ ਤਰ੍ਹਾਂ ਜਿਥੇ ਇਹ ਮੇਲੇ ਅਮਰੀਕਨਾਂ ਨੂੰ ਜਾਣਕਾਰੀ ਦਿੰਦੇ ਹਨ, ਉਥੇ ਅਮਰੀਕਾ ਵਿਚ ਵੱਸਦੇ ਲੋਕਾਂ ਨੂੰ ਆਪੋ-ਆਪਣੇ ਮੁਲਕ ਨਾਲ ਜੁੜੇ ਰਹਿਣ ਦਾ ਮੌਕਾ ਮਿਲਦਾ ਹੈ।

ਸਟੇਜ 'ਤੇ ਵੱਖ-ਵੱਖ ਦੇਸ਼ਾਂ ਤੋਂ ਆਏ ਲੋਕਾਂ ਜਿਨ੍ਹਾਂ ਵਿਚ ਪੰਜਾਬੀ, ਚੀਨੀ, ਜਪਾਨੀ, ਆਇਰਲੈਂਡ ਆਦਿ ਸ਼ਾਮਲ ਸਨ, ਨੇ ਆਪੋ-ਆਪਣੇ ਸੰਗੀਤ ਨਾਲ ਦਰਸ਼ਕਾਂ ਦਾ ਮਨ ਮੋਹਿਆ। ਇਥੋਂ ਦੇ ਅਫਰੀਕੀ ਅਮਰੀਕੀਆਂ, ਚੀਨੀਆਂ, ਆਈਰਿਸ਼, ਮੈਕਸੀਕਨਾਂ ਨੇ ਵੀ ਆਪਣੇ ਰਵਾਇਤੀ ਸੰਗੀਤ ਨਾਲ ਖੂਬ ਰੌਣਕਾਂ ਲਾਈਆਂ। ਇਸੇ ਸਟੇਜ ਉਪਰ ਸਪਰਿੰਗਫੀਲਡ ਤੇ ਨਾਲ ਵਸਦੇ ਸ਼ਹਿਰ ਡੇਅਟਨ ਵਿਚ ਰਹਿੰਦੇ ਪੰਜਾਬੀਆਂ ਨੇ ਪੰਜਾਬ ਦੇ ਲੋਕ ਨਾਚ ਭੰਗੜਾ ਤੇ ਗਿੱਧੇ ਨਾਲ ਖੂਬ ਰੰਗ ਬੰਨਿਆ ਤੇ ਅਮਰੀਕਨਾਂ ਨੇ ਤਾੜੀਆਂ ਮਾਰ ਮਾਰ ਕੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ।

ਪੰਜਾਬੀ ਸਭਿਆਚਾਰ ਤੋਂ ਜਾਣੂ ਕਰਾਉਣ ਲਈ ਲਾਈ ਗਈ ਪ੍ਰਦਰਸ਼ਨੀ ਵਿਚ ਹਾਰਮੋਨੀਅਮ, ਢੋਲ, ਚਿਮਟਾ, ਬੀਨ, ਸੁਰਾਹੀ, ਚਰਖਾ, ਮਧਾਣੀ, ਪੀੜ੍ਹੀ, ਆਟਾ ਪੀਣ ਵਾਲੀ ਚੱਕੀ, ਪੱਖੀਆਂ ਆਦਿ ਰੱਖੀਆਂ ਗਈਆਂ ਸਨ। ਸਿੱਖਾਂ ਅਤੇ ਉਨ੍ਹਾਂ ਦੀ ਨਿਵੇਕਲੀ ਪਛਾਣ ਤੋਂ ਜਾਣੂ ਕਰਾਉਣ ਲਈ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਵਿਚ ਸਿੱਖ ਫੌਜੀਆਂ, ਸਿੱਖਾਂ ਦੀ ਦਸਤਾਰ, ਕੇਸਾਂ ਤੇ ਸਿੱਖ ਧਰਮ ਨਾਲ ਸਬੰਧਤ ਹੋਰ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਸਿੱਖ ਧਰਮ, ਸ੍ਰੀ ਹਰਿਮੰਦਰ ਸਾਹਿਬ, ਸਿੱਖ ਵਿਆਹਾਂ ਨਾਲ ਸਬੰਧਤ ਪੁਸਤਕਾਂ ਵੀ ਰੱਖੀਆਂ ਗਈਆਂ। ਅਮਰੀਕਨਾਂ ਨੇ ਇਨ੍ਹਾਂ ਵਿਚ ਕਾਫੀ ਦਿਲਚਸਪੀ ਦਿਖਾਈ ਅਤੇ ਸਿੱਖਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਸਿੱਖ ਕੋਲੀਸ਼ਨ ਨਾਂ ਦੀ ਜਥੇਬੰਦੀ ਵਲੋਂ 'ਦਾ ਸਿੱਖਸ' ਅਤੇ 'ਹੂ ਆਰ ਦਾ ਸਿੱਖਸ' ਸਿਰਲੇਖ ਹੇਠ ਤਿਆਰ ਕੀਤੇ ਗਏ ਦੋ ਹਜ਼ਾਰ ਦੇ ਕਰੀਬ ਪੈਂਫਲਿਟ ਵੰਡੇ ਗਏ। ਸਿੱਖ ਰਿਸਰਚ ਇੰਸਟੀਚਿਊਟ ਵਲੋਂ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਕਿਤਾਬਚਾ 'ਸਿੱਖੀ: ਦਾ ਫੇਥ ਐਂਡ ਫਾਲੋਅਰਜ਼' ਸ਼ਹਿਰ ਦੇ ਪਤਵੰਤੇ ਸੱਜਣਾਂ ਨੂੰ ਭੇਟ ਕੀਤਾ ਗਿਆ।

ਇਸ ਮੇਲੇ ਵਿਚ ਜਿਨ੍ਹਾਂ ਨੇ ਸਟਾਲ 'ਤੇ ਵਾਲੰਟੀਅਰ ਦੀ ਸੇਵਾ ਨਿਭਾਈ, ਉਨ੍ਹਾਂ ਵਿਚ ਗੁਰਦੁਆਰੇ ਦੇ ਹੈਡ ਗ੍ਰੰਥੀ ਗਿਆਨੀ ਦਰਸ਼ਨ ਸਿੰਘ ਤੇ ਉਨ੍ਹਾਂ ਦੀ ਸੁਪਤਨੀ, ਗੁਰਤੇਜ ਸਿੰਘ ਤੇ ਉਨ੍ਹਾਂ ਦੀ ਸੁਪਤਨੀ ਇਕਨੂਰ ਕੌਰ, ਸਮੀਪ ਸਿੰਘ ਗੁਮਟਾਲਾ, ਡਾ. ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ ਤੇ ਸੁਪਤਨੀ ਸਰਬਜੀਤ ਕੌਰ ਤੇ ਉਨ੍ਹਾਂ ਦੇ ਬੱਚੇ ਸ਼ਾਮਲ ਸਨ। ਲਾਗਲੇ ਸ਼ਹਿਰਾਂ-ਡੇਅਟਨ, ਗਰੀਨਵਿਲ, ਸਿਨਸਿਨੈਟੀ ਤੋਂ ਇਲਾਵਾ ਮਿਸ਼ੀਗਨ ਤੇ ਨਿਊ ਯਾਰਕ ਸਟੇਟ ਤੋਂ ਕਾਫੀ ਪੰਜਾਬੀ ਅਤੇ ਸੰਸਥਾਵਾਂ ਦੇ ਮੈਂਬਰ ਮੇਲੇ ਦੀ ਰੌਣਕ ਵਧਾਉਣ ਲਈ ਪਹੁੰਚੇ ਹੋਏ ਸਨ। ਇਨ੍ਹਾਂ ਵਿਚ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ ਅਤੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸਿਨਸਿਨੈਟੀ ਦੇ ਮੈਂਬਰਾਂ ਤੋਂ ਇਲਾਵਾ ਨਿਊ ਯਾਰਕ ਤੋਂ ਕੁਲਦੀਪ ਸਿੰਘ ਭੋਗਲ, ਜੱਸੀ ਸਿੰਘ, ਭਜਨ ਸਿੰਘ ਅਤੇ ਮਿਸ਼ੀਗਨ ਤੋਂ ਚਾਨਾ ਤੇ ਮਾਨ ਪਰਿਵਾਰ ਸ਼ਾਮਲ ਸਨ। ਜੀਤ ਇੰਡੀਆ ਵਲੋਂ ਲਾਏ ਗਏ ਸਟਾਲ ਤੋਂ ਪੰਜਾਬੀ ਖਾਣੇ ਦਾ ਲੁਤਫ ਵੀ ਮੇਲੇ ਵਿਚ ਆਏ ਲੋਕਾਂ ਨੇ ਖੂਬ ਉਠਾਇਆ। ਜ਼ਿਕਰਯੋਗ ਹੈ ਕਿ ਮਿਡਵੈਸਟ ਦੇ ਸਮਾਜਿਕ, ਸਭਿਆਚਾਰਕ ਅਤੇ ਖੇਡ ਖੇਤਰ ਦੀ ਇਕ ਮੋਹਤਬਰ ਸ਼ਖਸੀਅਤ ਅਵਤਾਰ ਸਿੰਘ ਸਪਰਿੰਗਫੀਲਡ ਦਾ ਸਾਰਾ ਪਰਿਵਾਰ ਸਰਦਾਰਨੀ ਸਰਬਜੀਤ ਕੌਰ ਦੀ ਅਗਵਾਈ ਵਿਚ ਪਿਛਲੇ 16 ਸਾਲਾਂ ਤੋਂ ਮੇਲੇ ਵਿਚ ਸਟਾਲ ਲਾਉਣ ਅਤੇ ਸਭਿਆਚਾਰ ਪ੍ਰੋਗਰਾਮ ਪੇਸ਼ ਕਰ ਰਿਹਾ ਹੈ।

(ਹੋਰ ਤਸਵੀਰਾਂ ਅਗਲੇ ਸਫੇ 'ਤੇ)

ਪੰਜਾਬ ਯੂਨੀਵਰਸਿਟੀ ਵਿਚ ਬਲਬੀਰ ਸਿੰਘ ਚੇਅਰ ਕਾਇਮ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ 'ਬਲਬੀਰ ਸਿੰਘ ਚੇਅਰ' ਦੀ ਸਥਾਪਨਾ ਕਰ ਕੇ ਆਈਕੋਨਿਕ ਓਲੰਪੀਅਨ ਬਲਬੀਰ ਸਿੰਘ ਦਾ ਸਹੀ ਸਨਮਾਨ ਕੀਤਾ ਹੈ। ਇਸ ਲਈ ਪੰਜਾਬ ਯੂਨੀਵਰਸਿਟੀ ਤੇ ਬਲਬੀਰ ਸਿੰਘ ਦੋਹਾਂ ਨੂੰ ਮੁਬਾਰਕਾਂ। ਚੇਅਰ ਦੇ ਮੁਢਲੇ ਮੁਖੀ ਓਲੰਪਿਕ ਚੈਂਪੀਅਨ ਅਭਿਨਵ ਬਿੰਦਰਾ ਨੂੰ ਵੀ ਵਧਾਈਆਂ। ਮੇਰੀਆਂ ਬਲਬੀਰ ਸਿੰਘ ਨਾਲ ਮੁਲਾਕਾਤਾਂ ਹੁੰਦੀਆਂ ਹੀ ਰਹਿੰਦੀਆਂ ਨੇ। ਉਨ੍ਹਾਂ ਮੁਲਾਕਾਤਾਂ 'ਚੋਂ ਹੀ ਉਹਦੀ ਜੀਵਨੀ 'ਗੋਲਡਨ ਗੋਲ' ਨਿਕਲੀ ਸੀ। ਉਹ ਕਹਿੰਦਾ ਹੈ, "92 ਸਾਲ ਦੀ ਉਮਰ

ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਵਿਚ ਮੈਂ ਪਿੱਛਲਝਾਤ ਮਾਰਦਾਂ ਤਾਂ ਮੈਨੂੰ ਮੇਰਾ ਨਾਨਕਾ ਪਿੰਡ ਹਰੀਪੁਰ ਯਾਦ ਆ ਜਾਂਦੈ। ਉਥੇ ਮੈਂ ਮੁੰਡੇ ਖਿੱਦੋ-ਖੂੰਡੀ ਖੇਡਦੇ ਦੇਖੇ। ਪੰਜ ਕੁ ਸਾਲ ਦਾ ਸਾਂ ਜਦੋਂ ਮੋਗੇ ਗਿਆ। ਉਥੇ ਮੇਰੇ ਪਿਤਾ ਜੀ ਅਧਿਆਪਕ ਸਨ। ਮੈਂ ਮੁੰਡਿਆਂ ਨੂੰ ਸਕੂਲ ਦੇ ਮੈਦਾਨ ਵਿਚ ਹਾਕੀ ਖੇਡਦੇ ਦੇਖੀ ਜਾਂਦਾ। ਹਾਕੀ ਮੈਨੂੰ ਕੀਲ ਲੈਂਦੀ, ਮੈਨੂੰ ਸੁਰਤ ਨਾ ਰਹਿੰਦੀ ਕਿ ਧੁੱਪੇ ਬੈਠਾਂ ਜਾਂ ਛਾਂਵੇਂ? ਫਿਰ ਮੇਰਾ ਜਨਮ ਦਿਨ ਆਇਆ। ਪਿਤਾ ਜੀ ਨੇ ਪੁੱਛਿਆ, ਕਿਹੜਾ ਖਿਡਾਉਣਾ ਲੈਣਾ? ਮੈਂ ਹਾਕੀ ਦੀ ਮੰਗ ਕੀਤੀ ਜੋ ਮੈਨੂੰ ਜਨਮ ਦਿਨ ਦੇ ਤੋਹਫੇ ਵਜੋਂ ਮਿਲੀ। ਉਹ ਦਿਨ ਤੇ ਆਹ ਦਿਨ, ਹਾਕੀ ਮੇਰਾ ਇਸ਼ਕ ਹੈ...।

ਮੇਰੇ 'ਤੇ ਰੱਬ ਦੀ ਰਹਿਮਤ ਹੈ ਜਿਸ ਨੇ ਮੈਨੂੰ ਮਿਹਨਤ ਕਰਨੀ ਤੇ ਵੱਡਿਆਂ ਦੀ ਇੱਜਤ ਕਰਨੀ ਸਿਖਾਈ। ਜਾਬਤਾ ਸਿਖਾਇਆ, ਹਾਰ ਸਹਿਣੀ ਤੇ ਜਿੱਤ ਪਚਾਉਣੀ ਸਿਖਾਈ। ਮੈਂ ਜੋ ਕੁਝ ਹਾਂ ਆਪਣੇ ਮਾਪਿਆਂ, ਅਧਿਆਪਕਾਂ, ਕੋਚਾਂ, ਟੀਮ ਸਾਥੀਆਂ, ਦੋਸਤਾਂ ਤੇ ਪਰਿਵਾਰ ਦੇ ਸਹਿਯੋਗ ਸਦਕਾ ਹਾਂ। ਮੇਰੀਆਂ ਵੱਡੀਆਂ ਜਿੱਤਾਂ ਸਰਦਾਰਨੀ ਸੁਸ਼ੀਲ ਕੌਰ ਨਾਲ ਵਿਆਹ ਕਰਾਉਣ ਤੋਂ ਬਾਅਦ ਦੀਆਂ ਹਨ। ਮੈਂ ਅਕਸਰ ਆਖਦਾਂ ਮੇਰੀ ਇਕ ਪਤਨੀ ਸੁਸ਼ੀਲ ਸੀ, ਦੂਜੀ ਹਾਕੀ; ਪਰ ਸੁਸ਼ੀਲ ਨੇ ਹਾਕੀ ਨੂੰ ਸੌਂਕਣ ਸਮਝਣ ਦੀ ਥਾਂ ਭੈਣ ਸਮਝਿਆ।"

ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿੱਕ' ਵਾਲਾ ਬਲਬੀਰ ਕਿਹਾ ਜਾਂਦੈ। ਹੈਲਿੰਸਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਅਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ 'ਚੋਂ 8 ਗੋਲ ਉਸ ਦੀ ਮੁਬਾਰਕ ਹਾਕੀ ਨਾਲ ਹੋਏ ਸਨ। ਉਥੇ ਹਾਲੈਂਡ ਵਿਰੁਧ ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ 'ਚੋਂ 5 ਗੋਲ ਉਸ ਦੇ ਸਨ ਜੋ ਓਲੰਪਿਕ ਖੇਡਾਂ ਦਾ 64 ਸਾਲ ਪੁਰਾਣਾ ਰਿਕਾਰਡ ਹੈ।

ਬਲਬੀਰ ਸਿੰਘ ਦਾ ਜਨਮ 31 ਦਸੰਬਰ 1923 ਨੂੰ ਆਪਣੇ ਨਾਨਕੇ ਪਿੰਡ ਹਰੀਪੁਰ ਵਿਚ ਹੋਇਆ ਸੀ। ਉਸ ਦਾ ਦਾਦਕਾ ਪਿੰਡ ਪਵਾਦੜਾ ਹੈ। ਦੋਵੇਂ ਪਿੰਡ ਤਹਿਸੀਲ ਫਿਲੌਰ ਵਿਚ ਹਨ। ਉਹਦਾ ਦਾਦਕਾ ਗੋਤ ਦੁਸਾਂਝ ਹੈ, ਨਾਨਕਾ ਧਨੋਆ। ਉਹਦੇ ਸਹੁਰੇ ਲਹੌਰੀਏ ਸੰਧੂ ਹਨ ਜਿਨ੍ਹਾਂ ਦਾ ਪਿਛਲਾ ਪਿੰਡ ਪਢਾਣਾ ਸੀ। ਉਹਦੇ ਪੁਰਖਿਆਂ ਦੀ ਬੰਸਾਵਲੀ ਵਿਚ ਦਸਵਾਂ ਪੁਰਖਾ ਭਾਈ ਬਿਧੀ ਚੰਦ ਸੀ। ਇਹ ਬੰਸਾਵਲੀ ਬਲਬੀਰ ਸਿੰਘ ਤੋਂ ਉਪਰ ਤੁਰਦੀ ਦਲੀਪ ਸਿੰਘ, ਬਸੰਤ ਸਿੰਘ, ਜੈਮਲ ਸਿੰਘ, ਦਲ ਸਿੰਘ, ਚੜ੍ਹਤ ਸਿੰਘ, ਗੁਰ ਸਿੰਘ, ਜੱਸੂ, ਦਲਪਤ, ਬਿਧੀ ਚੰਦ, ਡੱਲਾ, ਰਜਾਣੀਆਣ, ਸਾਬਾ ਤੇ ਦੁਸਾਂਝ ਤੋਂ ਹੁੰਦੀ ਹੋਈ ਸਰੋਇਆ ਤਕ ਜਾਂਦੀ ਹੈ।

ਲੰਡਨ ਓਲੰਪਿਕ-2012 ਦੀ ਨੁਮਾਇਸ਼ ਲਈ ਓਲੰਪਿਕ ਸਫਰ 'ਚੋਂ ਜਿਹੜੇ 16 'ਆਈਕੋਨਿਕ ਓਲੰਪੀਅਨ' ਚੁਣੇ ਗਏ, ਉਨ੍ਹਾਂ ਵਿਚ ਬਲਬੀਰ ਸਿੰਘ ਵੀ ਸ਼ਾਮਲ ਹੈ। ਸਾਰੀ ਦੁਨੀਆਂ 'ਚੋਂ ਹਾਕੀ ਦਾ ਉਹ ਇਕੋ ਇਕ ਖਿਡਾਰੀ ਹੈ ਜਿਸ ਨੂੰ ਇਹ ਮਾਣ ਮਿਲਿਆ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਤਾਂ ਉਸ ਨੂੰ ਓਲੰਪਿਕ ਰਤਨ ਬਣਾ ਦਿੱਤੈ, ਭਾਰਤ ਸਰਕਾਰ ਪਤਾ ਨਹੀਂ ਕਦੋਂ

ਓਲੰਪੀਅਨ ਬਲਬੀਰ ਸਿੰਘ

ਭਾਰਤ ਰਤਨ ਬਣਾਵੇ?

ਉਹ ਕਹਿੰਦਾ ਹੈ, "ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਟਰਾ ਟਾਈਮ ਵਿਚ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ। ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ।" ਕੀ ਸਰਕਾਰ ਬਲਬੀਰ ਸਿੰਘ ਦੇ 'ਗੋਲਡਨ ਗੋਲ' ਦੀ ਉਡੀਕ ਵਿਚ ਹੈ? ਪੰਜਾਬ ਯੂਨੀਵਰਸਿਟੀ ਨੇ ਤਾਂ ਆਪਣਾ ਫਰਜ਼ ਪਛਾਣ ਲਿਐ, ਭਾਰਤ ਸਰਕਾਰ ਪਤਾ ਨਹੀਂ ਕਦੋਂ ਪਛਾਣੇਗੀ?

ਓਲੰਪਿਕ ਖੇਡਾਂ ਦੇ ਤਿੰਨ, ਏਸ਼ੀਆਈ ਖੇਡਾਂ ਦਾ ਇਕ ਤੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਭਾਰਤ ਨੂੰ ਸੱਤ ਮੈਡਲ ਜਿਤਾਉਣ ਵਾਲੇ ਬਲਬੀਰ ਸਿੰਘ ਨੂੰ ਹਾਲੇ ਤਕ ਕਿਸੇ ਸਰਕਾਰ ਨੇ ਕੋਈ ਵੱਡਾ ਮਾਣ ਸਨਮਾਨ ਨਹੀਂ ਦਿੱਤਾ। ਉਲਟਾ ਉਹਦੀਆਂ ਸਪੋਟਰਸ ਅਥਾਰਟੀ ਆਫ ਇੰਡੀਆ ਨੂੰ ਭੇਂਟ ਕੀਤੀਆਂ ਅਨਮੋਲ ਖੇਡ ਨਿਸ਼ਾਨੀਆਂ 'ਗੁਆ' ਦਿੱਤੀਆਂ ਗਈਆਂ ਹਨ। ਹਿੰਦ-ਚੀਨ ਜੰਗ ਸਮੇਂ ਉਸ ਨੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਪ੍ਰਧਾਨ ਮੰਤਰੀ ਫੰਡ ਲਈ ਦਾਨ ਕਰ ਦਿੱਤੇ ਸਨ। ਇਹ ਤਾਂ ਉਦੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਦੂਰਅੰਦੇਸ਼ੀ ਸੀ ਕਿ ਉਸ ਨੇ ਮੈਡਲ ਸੰਭਾਲ ਰੱਖੇ ਤੇ ਬਲਬੀਰ ਸਿੰਘ ਨੂੰ ਮੋੜ ਦਿੱਤੇ।

ਓਲੰਪਿਕ ਖੇਡਾਂ ਦਾ ਗੋਲਡ ਮੈਡਲ ਭਾਰਤੀ ਹਾਕੀ ਟੀਮ ਨੇ ਭਾਵੇਂ ਅੱਠ ਵਾਰ ਜਿੱਤਿਆ ਪਰ ਵਿਸ਼ਵ ਹਾਕੀ ਕੱਪ ਕੇਵਲ ਇਕ ਵਾਰ ਹੀ ਜਿੱਤਿਆ ਜੋ 1975 ਵਿਚ ਕੁਆਲਾਲੰਪੁਰ ਖੇਡਿਆ ਗਿਆ ਸੀ। ਉਦੋਂ ਹਾਕੀ ਟੀਮ ਤਿਆਰ ਕਰਨ ਦੀ ਮੁੱਖ ਜ਼ਿੰਮੇਵਾਰੀ ਬਲਬੀਰ ਸਿੰਘ ਦੀ ਸੀ।

ਬਲਬੀਰ ਸਿੰਘ ਨੂੰ ਅੱਖੋਂ ਪਰੋਖੇ ਕਰ ਕੇ ਧਿਆਨ ਚੰਦ ਨੂੰ ਪਦਮ ਭੂਸ਼ਨ ਅਵਾਰਡ ਦਿੱਤਾ ਗਿਆ। ਪਟਿਆਲੇ ਦੇ ਕੌਮੀ ਖੇਡ ਸੰਸਥਾਨ ਵਿਚ ਧਿਆਨ ਚੰਦ ਹੋਸਟਲ ਤੇ ਦਿੱਲੀ ਨੈਸ਼ਨਲ ਸਟੇਡੀਅਮ ਦਾ ਨਾਂ ਧਿਆਨ ਚੰਦ ਹਾਕੀ ਸਟੇਡੀਅਮ ਰੱਖਿਆ ਗਿਆ। ਧਿਆਨ ਚੰਦ ਦੇ ਨਾਂ ਉਤੇ ਭਾਰਤ ਦਾ ਨਾਮੀ ਖੇਡ ਪੁਰਸਕਾਰ ਦਿੱਤਾ ਜਾ ਰਿਹੈ ਤੇ ਉਹਦੇ ਜਨਮ ਦਿਨ ਨੂੰ ਭਾਰਤ ਦੇ ਖੇਡ ਦਿਵਸ ਵਜੋਂ ਮਨਾਇਆ ਜਾ ਰਿਹੈ। ਪਰ ਬਲਬੀਰ ਸਿੰਘ ਦਾ ਨਾਮ ਕੁਝ ਦਿਨ ਪਹਿਲਾਂ ਤਕ ਕਿਤੇ ਵੀ ਨਹੀਂ ਸੀ ਜੋੜਿਆ ਗਿਆ। ਮੁਹਾਲੀ ਦੇ ਹਾਕੀ ਸਟੇਡੀਅਮ ਨਾਲ ਵੀ ਨਹੀਂ।

ਖਿਡਾਰੀਆਂ ਦਾ ਆਪਸੀ ਮੁਕਾਬਲਾ ਕਰਨਾ ਵਾਜਬ ਨਹੀਂ ਪਰ ਜੇ ਨਿਰਪੱਖਤਾ ਨਾਲ ਘੋਖਿਆ ਜਾਵੇ ਤਾਂ ਬਲਬੀਰ ਸਿੰਘ ਦੀਆਂ ਖੇਡ ਪ੍ਰਾਪਤੀਆਂ ਧਿਆਨ ਚੰਦ ਨਾਲੋਂ ਵੱਧ ਹਨ। ਬਤੌਰ ਖਿਡਾਰੀ, ਟੀਮ ਕੈਪਟਨ, ਕੋਚ/ਮੈਨੇਜਰ, ਖੇਡ ਪ੍ਰਬੰਧਕ, ਖੇਡ ਲੇਖਕ ਤੇ ਜੈਂਟਲਮੈਨ ਸਪੋਰਟਸਮੈਨ ਵਜੋਂ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਧਿਆਨ ਚੰਦ ਨੂੰ ਨਹੀਂ, ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ ਦਾ ਆਈਕੋਨ ਚੁਣਿਆ।

ਇਹਦੇ ਬਾਵਜੂਦ ਬਲਬੀਰ ਸਿੰਘ ਦੇ ਮਨ ਵਿਚ ਧਿਆਨ ਚੰਦ ਲਈ ਸਤਿਕਾਰ ਹੈ ਕਿਉਂਕਿ ਬਚਪਨ ਵਿਚ ਉਹ ਉਸ ਦਾ ਰੋਲ ਮਾਡਲ ਸੀ। ਉਦੋਂ ਨਹੀਂ ਸੀ ਪਤਾ ਕਿ ਹਾਕੀ ਦੀ ਖੇਡ ਵਿਚ ਉਸ ਦੀਆਂ ਪ੍ਰਾਪਤੀਆਂ ਉਸ ਦੇ ਰੋਲ ਮਾਡਲ ਤੋਂ ਵੀ ਵਧ ਜਾਣਗੀਆਂ। 1948 ਦੇ ਆਸ-ਪਾਸ ਫਿਰੋਜ਼ਪੁਰ ਹਾਕੀ ਦੇ ਮੈਚ ਹੁੰਦੇ ਤਾਂ ਧਿਆਨ ਚੰਦ ਆਰਮੀ ਦੀ ਟੀਮ ਦਾ ਕੈਪਟਨ ਹੁੰਦਾ ਤੇ ਬਲਬੀਰ ਸਿੰਘ ਸਿਵਲੀਅਨ ਟੀਮ ਦਾ। ਦੋਵੇਂ ਸੈਂਟਰ ਫਾਰਵਰਡ ਖੇਡਦੇ ਤੇ ਮੈਚ ਅਕਸਰ ਬਲਬੀਰ ਸਿੰਘ ਦੀ ਟੀਮ ਜਿੱਤਦੀ।

ਕਈ ਵਾਰ ਤੱਥਾਂ ਤੋਂ ਬਿਨਾਂ ਖਿਡਾਰੀਆਂ ਬਾਰੇ ਦੰਦ ਕਥਾਵਾਂ ਚੱਲ ਪੈਂਦੀਆਂ ਤੇ ਘੱਟ ਪ੍ਰਾਪਤੀਆਂ ਵਾਲੇ ਖਿਡਾਰੀ ਵੱਧ ਪ੍ਰਾਪਤੀਆਂ ਵਾਲੇ ਖਿਡਾਰੀਆਂ ਨਾਲੋਂ ਵੱਡੇ ਦਰਸਾ ਦਿੱਤੇ ਜਾਂਦੇ ਨੇ। ਧਿਆਨ ਚੰਦ ਤੇ ਬਲਬੀਰ ਸਿੰਘ ਦੇ ਕੇਸ ਵਿਚ ਵੀ ਅਜਿਹਾ ਹੀ ਹੋਇਐ। ਕੀ ਅਜੋਕੀ ਸਰਕਾਰ ਏਧਰ ਧਿਆਨ ਦੇਵੇਗੀ?

('ਗੋਲਡਨ ਗੋਲ' ਸੰਗਮ ਪਬਲੀਕੇਸ਼ਨਜ਼, ਸਮਾਣਾ ਨੇ ਪ੍ਰਕਾਸ਼ਿਤ ਕੀਤੀ ਹੈ ਜਿਨ੍ਹਾਂ ਦਾ ਫੋਨ: 91-92090-00001 ਹੈ)

ਸਪਰਿੰਗਫੀਲਡ ਦਾ ਮੇਲਾ

Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

Professional HD Video & Digital Photo Production

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights

ਰਾਜਿੰਦਰ ਸਿੰਘ

Call Toll Free:
1-800-RAJ-SYAN
(with 17 years Experienced)

Call:734-261-0936
734-890-1767

e-mail: raj@syanvideo.com
visit at: www.syanvideo.com

ਨਿਠਾਰੀ ਕਾਂਡ: ਸੁਰਿੰਦਰ ਕੋਲੀ ਨੂੰ ਇਕ ਹੋਰ ਮਾਮਲੇ 'ਚ ਫਾਂਸੀ

ਨਵੀਂ ਦਿੱਲੀ: ਨਿਠਾਰੀ ਕਾਂਡ ਦੇ ਮੁੱਖ ਦੋਸ਼ੀ ਸੁਰਿੰਦਰ ਕੋਲੀ ਨੂੰ ਨੰਦਾ ਦੇਵੀ ਕਤਲ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਐਲਾਨ ਹੋਇਆ ਹੈ। ਨਰ ਪਿਸ਼ਾਚ ਦੇ ਨਾਂ ਨਾਲ ਜਾਣੇ ਜਾਂਦੇ ਸੁਰਿੰਦਰ ਕੋਹਲੀ 'ਤੇ ਇਸ ਸਮੇਂ 16 ਮਾਮਲੇ ਚੱਲ ਰਹੇ ਹਨ, ਜਿਨ੍ਹਾਂ ਵਿਚੋਂ 6ਵੇਂ ਮਾਮਲੇ 'ਚ ਸੀ.ਬੀ.ਆਈ. ਅਦਾਲਤ ਨੇ ਕੋਹਲੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਦੱਸਣਯੋਗ ਹੈ ਕਿ ਸੁਰਿੰਦਰ ਕੋਹਲੀ ਉਤੇ ਜਬਰ ਜਨਾਹ, ਅਗਵਾ ਕਰਨ, ਕਤਲ ਦੇ ਵੱਖ-ਵੱਖ ਮਾਮਲੇ ਦਰਜ ਹਨ, ਜਿਨ੍ਹਾਂ 'ਚ ਸਬੰਧਤ 5 ਮਾਮਲਿਆਂ ਵਿਚ ਉਸ ਨੂੰ ਫਾਂਸੀ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ।

ਇਸ ਮਾਮਲੇ ਦੀ ਸੁਣਵਾਈ ਕਰਦੇ ਹੋਏ ਸੀ.ਬੀ.ਆਈ. ਦੇ ਜੱਜ ਪਵਨ ਤਿਵਾੜੀ ਨੇ ਉਸ ਨੂੰ ਮਾਲਕ ਮਨਿੰਦਰ ਸਿੰਘ ਪੰਧੇਰ ਦੇ ਘਰ 'ਚ ਕੰਮ ਕਰਨ ਵਾਲੀ ਨੰਦਾ ਦੇਵੀ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੰਦੇ ਹੋਏ ਫਾਂਸੀ ਦੀ ਸਜ਼ਾ ਸੁਣਾਈ ਹੈ। ਸੁਰਿੰਦਰ 'ਤੇ ਨੰਦਾ ਨੂੰ ਅਗਵਾ ਕਰਨ, ਕਤਲ, ਜਬਰ ਜਨਾਹ ਅਤੇ ਸਬੂਤ ਖਤਮ ਕਰਨ ਦਾ ਦੋਸ਼ ਹੈ। ਦੱਸਣਯੋਗ ਹੈ ਕਿ ਨੰਦਾ 31 ਅਕਤੂਬਰ 2006 ਨੂੰ ਲਾਪਤਾ ਹੋਈ ਸੀ। ਵਰਨਣਯੋਗ ਹੈ ਕਿ ਸੀ.ਬੀ.ਆਈ. ਅਦਾਲਤ ਵੱਲੋਂ ਸਾਲ 2014 'ਚ ਹੀ ਸੁਰਿੰਦਰ ਕੋਹਲੀ ਨੂੰ ਨਿਠਾਰੀ ਕਾਂਡ 'ਚ ਦੋਸ਼ੀ ਕਰਾਰ ਦਿੰਦੇ ਹੋਏ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਉਸ ਸਮੇਂ ਕੋਹਲੀ ਨੂੰ ਮੇਰਠ ਜੇਲ੍ਹ 'ਚ 12 ਸਤੰਬਰ 2014 ਨੂੰ ਫਾਂਸੀ ਦਿੱਤੀ ਜਾਣੀ ਸੀ, ਪਰ ਦੇਸ਼ ਦੀ ਚੋਟੀ ਦੀ ਅਦਾਲਤ ਨੇ ਉਸ ਦੀ ਫਾਂਸੀ 'ਤੇ ਰੋਕ ਲਗਾ ਦਿੱਤੀ ਸੀ।

ਪੰਜਾਬ ਸਰਕਾਰ ਨੇ ਚੋਣ ਕਮਿਸ਼ਨ ਨਾਲ ਲਾਇਆ ਆਢਾ

ਚੰਡੀਗੜ੍ਹ: ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਦਰਮਿਆਨ ਖਿੱਚੋਤਾਣ ਵਧਦੀ ਜਾ ਰਹੀ ਹੈ। ਪੰਜਾਬ ਸਰਕਾਰ ਦੇ ਸਿਵਲ ਅਤੇ ਪੁਲਿਸ ਅਧਿਕਾਰੀਆਂ ਦੇ ਤਬਾਦਲਿਆਂ ਸਬੰਧੀ ਅਖਤਿਆਰ ਕੀਤੇ ਰੁਖ ਤੋਂ ਚੋਣ ਕਮਿਸ਼ਨ ਕਾਫੀ ਔਖਾ ਹੈ। ਚੋਣਾਂ ਨਾਲ ਸਬੰਧਤ ਅਧਿਕਾਰੀਆਂ ਦੀਆਂ ਤਾਇਨਾਤੀਆਂ ਸਬੰਧੀ 27 ਅਗਸਤ ਦੇ ਹੁਕਮਾਂ ਨੂੰ ਦਰਕਿਨਾਰ ਕਰਨ ਤੋਂ ਬਾਅਦ ਕਮਿਸ਼ਨ ਨੇ ਕੁਝ ਦਿਨ ਪਹਿਲਾਂ ਹੀ ਤਬਾਦਲਿਆਂ ਸਬੰਧੀ ਹਫਤੇ ਦੀ ਮੋਹਲਤ ਦਿੰਦਿਆਂ ਸਰਕਾਰ ਨੂੰ ਹੁਕਮਾਂ ਦਾ ਪਾਲਣਾ ਕਰਨ ਲਈ ਕਿਹਾ ਹੈ। ਸਰਕਾਰ ਨੇ ਕਮਿਸ਼ਨ ਦੇ ਤਾਜ਼ਾ ਹੁਕਮਾਂ ਦੀ ਵੀ ਪਰਵਾਹ ਨਹੀਂ ਕੀਤੀ।

ਸਰਕਾਰ ਨੇ ਕੌਮਾਂਤਰੀ ਸਰਹੱਦ 'ਤੇ ਪੈਦਾ ਹੋਏ ਜੰਗੀ ਹਾਲਾਤ ਦੇ ਮੱਦੇਨਜ਼ਰ ਅਫਸਰਾਂ ਦੇ ਰੁੱਝੇ ਹੋਣ ਦਾ ਤਰਕ ਦੇ ਕੇ ਤਬਾਦਲਿਆਂ ਦੇ ਨਿਰਦੇਸ਼ਾਂ ਤੋਂ ਮੂੰਹ ਮੋੜ ਲਿਆ ਹੈ। ਸਰਕਾਰ ਵੱਲੋਂ ਚੋਣ ਦਫਤਰ ਨਾਲ ਤਾਇਨਾਤ ਕੀਤੇ ਜਾਣ ਵਾਲੇ ਵਧੀਕ ਡੀ.ਜੀ.ਪੀ. ਰੈਂਕ ਦੇ ਅਧਿਕਾਰੀਆਂ ਦਾ ਪੈਨਲ ਭੇਜੇ ਜਾਣ ਦੇ ਮਾਮਲੇ 'ਤੇ ਅਪਣਾਏ ਰਵੱਈਏ ਨੇ ਵੀ ਕਮਿਸ਼ਨ ਦੀ ਨਾਰਾਜ਼ਗੀ ਵਧਾਈ ਹੈ। ਵਿਧਾਨ ਸਭਾ ਚੋਣਾਂ ਦਾ ਜਾਇਜ਼ਾ ਲੈਣ ਲਈ ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਸਮੇਤ ਹੋਰ ਚੋਣ ਕਮਿਸ਼ਨਰ 20 ਅਕਤੂਬਰ ਦੇ ਆਸ-ਪਾਸ ਚੰਡੀਗੜ੍ਹ ਆ ਰਹੇ ਹਨ। ਚੋਣ ਕਮਿਸ਼ਨ ਵੱਲੋਂ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਪੁਲਿਸ ਮੁਖੀ ਸੁਰੇਸ਼ ਅਰੋੜਾ ਸਮੇਤ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਨਾਲ ਮੀਟਿੰਗ ਕੀਤੀ ਜਾਣੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਤਬਾਦਲਿਆਂ ਦੇ ਮੁੱਦੇ 'ਤੇ ਮੁੱਖ ਸਕੱਤਰ ਤੇ ਡੀ.ਜੀ.ਪੀ. ਦੀ ਖਿਚਾਈ ਵੀ ਹੋ ਸਕਦੀ ਹੈ ਕਿਉਂਕਿ ਸਿਵਲ ਅਫਸਰਾਂ ਦੀਆਂ ਨਿਯੁਕਤੀਆਂ ਨਾ ਹੋਣ ਕਾਰਨ ਚੋਣ ਅਮਲ ਉਤੇ ਅਸਰ ਪੈ ਰਿਹਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਉਪ ਚੋਣ ਕਮਿਸ਼ਨਰ ਵੱਲੋਂ 27 ਅਗਸਤ ਨੂੰ ਲਿਖੇ ਪੱਤਰ ਰਾਹੀਂ ਈ.ਆਰ.ਓਜ਼. ਦੀਆਂ ਤਾਇਨਾਤੀਆਂ ਅਤੇ ਜਿਨ੍ਹਾਂ ਅਫਸਰਾਂ ਨੂੰ ਇਕੋ ਥਾਂ 'ਤੇ ਬੈਠਿਆਂ ਤਿੰਨ ਸਾਲ ਦਾ ਸਮਾਂ ਹੋ ਗਿਆ ਹੈ, ਨੂੰ ਤਬਦੀਲ ਕਰਨ ਲਈ ਕਿਹਾ ਸੀ। ਇਸ ਪੱਤਰ ਰਾਹੀਂ ਕਮਿਸ਼ਨ ਨੇ ਚੋਣਾਂ ਨਾਲ ਜੁੜੇ ਅਫਸਰਾਂ ਦੇ ਤਬਾਦਲਿਆਂ ਉਤੇ ਵੀ ਪਾਬੰਦੀ ਲਗਾ ਦਿੱਤੀ ਸੀ। ਕਮਿਸ਼ਨ ਨੇ ਤਾਇਨਾਤੀਆਂ ਦਾ ਅਮਲ 7 ਸਤੰਬਰ ਤੱਕ ਮੁਕੰਮਲ ਕਰਨ ਲਈ ਕਿਹਾ ਸੀ ਕਿਉਂਕਿ 7 ਸਤੰਬਰ ਤੋਂ ਵੋਟਰ ਸੂਚੀਆਂ ਦੀ ਸੁਧਾਈ ਦਾ ਅਮਲ ਸ਼ੁਰੂ ਹੋਣਾ ਸੀ।

ਚੋਣ ਅਧਿਕਾਰੀਆਂ ਮੁਤਾਬਕ ਸਰਕਾਰ ਨੇ ਕਮਿਸ਼ਨ ਦੇ ਨਿਰਦੇਸ਼ਾਂ ਉਤੇ ਸਤੰਬਰ ਦੇ ਅੰਤ ਤੱਕ ਕੋਈ ਅਮਲ ਨਾ ਕੀਤਾ ਤਾਂ ਕੁਝ ਦਿਨ ਪਹਿਲਾਂ ਹੀ ਹਫਤੇ ਦੀ ਮੋਹਲਤ ਦਿੰਦਿਆਂ ਮੁੜ ਪੱਤਰ ਲਿਖਿਆ ਸੀ। ਮਹੱਤਵਪੂਰਨ ਹੈ ਕਿ ਸਰਕਾਰ ਨੇ ਕਮਿਸ਼ਨ ਦੇ ਤਾਜ਼ਾ ਪੱਤਰ ਦੀ ਵੀ ਪਰਵਾਹ ਨਹੀਂ ਕੀਤੀ ਤੇ ਇਹ ਮਾਮਲਾ ਚੋਣ ਕਮਿਸ਼ਨ ਦੀ 20 ਅਕਤੂਬਰ ਦੇ ਨਜ਼ਦੀਕ ਚੰਡੀਗੜ੍ਹ ਵਿਚ ਹੋਣ ਵਾਲੀ ਮੀਟਿੰਗ ਦੌਰਾਨ ਭਾਰੂ ਰਹਿਣ ਦੇ ਆਸਾਰ ਬਣ ਗਏ ਹਨ। ਸਰਕਾਰ ਦਾ ਤਰਕ ਹੈ ਕਿ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਉਹ ਕਮਿਸ਼ਨ ਦੇ ਨਿਰਦੇਸ਼ ਮੰਨਣ ਲਈ ਪਾਬੰਦ ਨਹੀਂ ਹੈ। ਕਮਿਸ਼ਨ ਦੇ ਅਧਿਕਾਰੀਆਂ ਮੁਤਾਬਕ ਚੋਣਾਂ ਦਾ ਅਮਲ ਸ਼ੁਰੂ ਹੋ ਚੁੱਕਾ ਹੈ, ਇਸ ਲਈ ਸਰਕਾਰੀ ਅਫਸਰਾਂ ਤੋਂ ਹੀ ਚੋਣਾਂ ਦਾ ਕੰਮ ਲੈਣਾ ਹੈ।

ਪੰਜਾਬੀ ਦਾ ਨਵਾਂ ਫੌਂਟ 'ਸੁਨੇਹਾ' ਤਿਆਰ

ਮਾਲੇਰਕੋਟਲਾ: ਇਥੋਂ ਦੇ ਇਕ ਗ੍ਰਾਫਿਕਸ ਡਿਜ਼ਾਈਨਰ ਅਬਦੁਲ ਗੱਫਾਰ ਨੇ ਪੰਜਾਬੀ ਦਾ ਨਵਾਂ ਫੌਂਟ 'ਸੁਨੇਹਾ' ਤਿਆਰ ਕੀਤਾ ਹੈ। ਇਸ ਵਿਚ ਸਤਲੁਜ ਫੌਂਟ ਵਿਚ ਪਾਈਆਂ ਜਾਂਦੀਆਂ ਖਾਮੀਆਂ ਦੂਰ ਕੀਤੀਆਂ ਗਈਆਂ ਹਨ। ਸਤਲੁਜ ਫੌਂਟ ਵਿਚ ਕਨੌੜੇ ਨਾਲ ਬਿੰਦੀ ਲਾ ਕੇ ਇਸ ਨੂੰ ਬੋਲਡ ਕਰਨ 'ਤੇ ਬਿੰਦੀ ਕਨੌੜੇ ਅੰਦਰ ਚਲੀ ਜਾਂਦੀ ਸੀ ਜਾਂ ਕੁਆਰਕ ਐਕਸਪ੍ਰੈਸ ਵਿਚ ਇਸ ਫੌਂਟ ਨੂੰ ਸਿੱਧਾ ਟਾਈਪ ਕਰਨ ਸਮੇਂ ਇਸ ਦਾ ਉਪਰਲਾ ਕੁੱਝ ਹਿੱਸਾ ਟੈਕਸਟ ਬਾਕਸ ਵਿਚ ਲੁਕ ਜਾਂਦਾ ਸੀ। ਨਵੇਂ ਫੌਂਟ ਵਿਚ ਇਹ ਖਾਮੀਆਂ ਦੂਰ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਇਸ ਵਿਚ ਨਵੇਂ ਚਿੰਨ੍ਹ ਸ਼ਾਮਲ ਕੀਤੇ ਗਏ ਹਨ, ਜਿਹੜੇ ਟਾਈਪਿੰਗ ਜਾਂ ਡਿਜ਼ਾਈਨਿੰਗ ਸਮੇਂ ਮਦਦਗਾਰ ਸਾਬਤ ਹੋਣਗੇ ਅਤੇ ਇਨ੍ਹਾਂ ਚਿੰਨ੍ਹਾਂ ਲਈ ਹੋਰ ਫੌਂਟਾਂ 'ਤੇ ਨਿਰਭਰ ਨਹੀਂ ਹੋਣਾ ਪਵੇਗਾ।

ਅਬਦੁਲ ਗੱਫਾਰ ਨੇ ਦੱਸਿਆ ਕਿ ਭਾਵੇਂ ਪ੍ਰਿੰਟ ਮੀਡੀਆ ਨੂੰ ਯੂਨੀਕੋਡ 'ਰਾਵੀ' ਫੌਂਟ ਉਤੇ ਆਧਾਰਤ ਫੌਂਟਸ ਦੀ ਵਰਤੋਂ ਵੱਲ ਜਾਣ ਲਈ ਪ੍ਰੇਰਿਆ ਜਾ ਰਿਹਾ ਹੈ, ਪਰ ਪੰਜਾਬੀ ਪ੍ਰਿੰਟ ਮੀਡੀਆ ਦੀ ਵੱਡੀ ਸਮੱਸਿਆ ਇਹ ਹੈ ਕਿ ਕੁਆਰਕ ਐਕਸਪ੍ਰੈਸ ਦਾ ਹੁਣ ਤੱਕ ਦਾ ਕੋਈ ਵੀ ਵਰਜ਼ਨ ਯੂਨੀਕੋਡ ਨੂੰ ਪੂਰੀ ਤਰ੍ਹਾਂ ਸਪੋਰਟ ਕਰਨ ਦੇ ਯੋਗ ਨਹੀਂ ਹੈ, ਇਹੋ ਹਾਲ ਅਡੋਬ ਇਨ ਡਿਜ਼ਾਈਨ ਦਾ ਹੈ।

ਘਰੇਲੂ ਹਿੰਸਾ ਕਾਨੂੰਨ ਦਾ ਦਾਇਰਾ ਵਧਾਇਆ

ਨਵੀਂ ਦਿੱਲੀ: ਘਰੇਲੂ ਹਿੰਸਾ ਕਾਨੂੰਨ ਬਾਰੇ ਸੁਪਰੀਮ ਕੋਰਟ ਨੇ ਇਕ ਇਤਿਹਾਸਕ ਫੈਸਲਾ ਦਿੰਦਿਆਂ ਇਸ ਵਿਚ 'ਬਾਲਗ ਪੁਰਸ਼' ਸ਼ਬਦ ਹਟਾ ਕੇ ਇਸ ਦਾ ਖੇਤਰ ਹੋਰ ਵਿਸ਼ਾਲ ਬਣਾ ਦਿੱਤਾ ਹੈ ਅਤੇ ਹੁਣ ਔਰਤਾਂ ਖਿਲਾਫ ਘਰੇਲੂ ਹਿੰਸਾ ਵਿਚ ਸ਼ਾਮਲ ਔਰਤਾਂ ਅਤੇ ਨਾਬਾਲਗਾਂ 'ਤੇ ਵੀ ਇਸੇ ਕਾਨੂੰਨ ਤਹਿਤ ਕੇਸ ਚਲਾਉਣ ਦਾ ਰਾਹ ਪੱਧਰਾ ਹੋ ਗਿਆ ਹੈ। ਅਦਾਲਤ ਨੇ ਇਹ ਫੈਸਲਾ 'ਔਰਤਾਂ ਦੀ ਘਰੇਲੂ ਹਿੰਸਾ ਤੋਂ ਸੁਰੱਖਿਆ ਸਬੰਧੀ ਕਾਨੂੰਨ 2005' ਦੀ ਧਾਰਾ 2 (ਕਿਊ) ਵਿਚਲੇ ਦੋ ਸ਼ਬਦਾਂ ਨੂੰ ਹਟਾਉਂਦਿਆਂ ਦਿੱਤਾ ਜੋ ਘਰੇਲੂ ਹਿੰਸਾ ਦੇ ਕੇਸ ਦਾ ਸਾਹਮਣਾ ਕਰਨ ਵਾਲੇ ਨਾਲ ਸਬੰਧਤ ਹੈ। ਆਪਣੇ ਪਹਿਲੇ ਫੈਸਲਿਆਂ ਦਾ ਜ਼ਿਕਰ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਕਾਨੂੰਨ ਵਿਚ ਔਰਤ ਅਤੇ ਪੁਰਸ਼, ਬਾਲਗ ਅਤੇ ਨਾਬਾਲਗ ਵਿਚਲੇ ਸੂਖਮ ਅੰਤਰ ਨਾ ਤਾਂ ਅਸਲੀ ਹਨ, ਨਾ ਠੋਸ ਅਤੇ ਨਾ ਹੀ ਇਸ ਦਾ ਕਾਨੂੰਨ ਬਣਾਉਣ ਦੇ ਮਕਸਦ ਨਾਲ ਇਸ ਦਾ ਕੋਈ ਤਰਕਸੰਗਤ ਸਬੰਧ ਹੈ।

ਜ਼ਿਕਰਯੋਗ ਹੈ ਕਿ ਕਾਨੂੰਨ ਦੀ ਧਾਰਾ 2 (ਕਿਊ) ਅਨੁਸਾਰ ਜਵਾਬਦੇਹ ਦਾ ਭਾਵ ਬਾਲਗ ਪੁਰਸ਼ ਤੋਂ ਹੈ ਜਿਸ ਦੇ ਪੀੜਤ ਨਾਲ ਵਿਆਹ ਸਬੰਧ ਹਨ। ਸੁਪਰੀਮ ਕੋਰਟ ਨੇ ਡੀ.ਵੀ. ਕਾਨੂੰਨ ਤਹਿਤ ਬਿਨਾ ਲਿੰਗ ਭੇਦ ਕੀਤੇ ਕੇਸ ਚਲਾਉਣ ਦਾ ਰਾਹ ਪੱਧਰਾ ਕਰਦਿਆਂ ਕਾਨੂੰਨ 'ਚੋਂ 'ਬਾਲਗ ਪੁਰਸ਼' ਸ਼ਬਦ ਹਟਾਉਣ ਦੇ ਆਦੇਸ਼ ਦੇ ਦਿੱਤੇ। ਬੈਂਚ ਨੇ ਇਹ ਵੀ ਕਿਹਾ ਕਿ ਕਾਨੂੰਨ ਵਿਚਲੇ 'ਬਾਲਗ ਪੁਰਸ਼' ਸ਼ਬਦ ਕਾਨੂੰਨ ਬਣਾਉਣ ਦੇ ਉਦੇਸ਼ ਦੇ ਬਿਲਕੁਲ ਖਿਲਾਫ ਹੈ। ਇਸ ਲਈ ਇਨ੍ਹਾਂ ਸ਼ਬਦਾਂ ਨੂੰ ਹਟਾ ਰਹੇ ਹਾਂ।

ਹੇਤੀ 'ਚ ਮਰਨ ਵਾਲਿਆਂ ਦੀ ਗਿਣਤੀ 900 ਤੋਂ ਟੱਪੀ

ਸੰਯੁਕਤ ਰਾਸ਼ਟਰ: ਕੈਰੇਬਿਆਈ ਸਾਗਰ ਤੋਂ ਉਠੇ ਤਾਕਤਵਰ ਸਮੁੰਦਰੀ ਤੂਫਾਨ ਮੈਥਿਊ ਕਾਰਨ ਇਕੱਲੇ ਹੇਤੀ 'ਚ 900 ਤੋਂ ਵੱਧ ਲੋਕ ਮਾਰੇ ਗਏ ਹਨ, ਜਦੋਂ ਕਿ ਤੂਫਾਨ ਦਾ ਕਹਿਰ ਹੁਣ ਅਮਰੀਕਾ ਤੇ ਕਿਊਬਾ ਨੂੰ ਵੀ ਆਪਣੀ ਲਪੇਟ 'ਚ ਲੈ ਚੁੱਕਾ ਹੈ।

ਅਮਰੀਕਾ ਦੇ ਫਲੋਰੀਡਾ, ਜਾਰਜੀਆ, ਦੱਖਣੀ ਤੇ ਉਤਰੀ ਕੈਰੋਲੀਨਾ ਇਸ ਤੂਫਾਨ ਦੀ ਲਪੇਟ 'ਚ ਆ ਗਏ ਹਨ ਜਿਥੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ ਤੇ ਲੱਖਾਂ ਲੋਕ ਹੋਰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ। ਅਮਰੀਕਾ ਦਾ ਫਲੋਰੀਡਾ ਜਿਥੇ ਤੂਫਾਨ ਕਾਰਨ 4 ਲੋਕ ਮਾਰੇ ਗਏ ਹਨ, ਉਥੇ 25 ਲੱਖ ਦੇ ਕਰੀਬ ਲੋਕ ਬਿਜਲੀ ਦੀ ਕਿੱਲਤ ਤੋਂ ਪ੍ਰੇਸ਼ਾਨ ਹਨ। ਅਮਰੀਕੀ ਰਾਸ਼ਟਰੀ ਤੂਫਾਨ ਕੇਂਦਰ ਵੱਲੋਂ ਦੱਸਿਆ ਗਿਆ ਹੈ ਕਿ ਤੂਫਾਨ ਦਾ ਦਰਜਾ ਪੱਧਰ 4 ਸੀ ਜੋ ਹੁਣ 3 ਹੋ ਗਿਆ ਹੈ ਤੇ ਪੱਛਮ-ਉਤਰ ਵੱਲ ਨੂੰ 120 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਹਵਾ ਵਗ ਰਹੀ।

ਫਲੋਰਿਡਾ ਦੇ ਗਵਰਨਰ ਰਿਕ ਸਕਾਟ ਨੇ ਚਿਤਾਵਨੀ ਦਿੱਤੀ ਹੈ ਕਿ ਤੂਫਾਨ ਦਾ ਵਧੇਰੇ ਖਤਰਨਾਕ ਪ੍ਰਭਾਵ ਅਜੇ ਆਉਣਾ ਬਾਕੀ ਹੈ।

ਉਧਰ, ਤੂਫਾਨ ਦੀ ਬੁਰੀ ਤਰ੍ਹਾਂ ਮਾਰ ਹੇਠ ਆਏ ਹੇਤੀ 'ਚ 62 ਹਜ਼ਾਰ ਦੇ ਕਰੀਬ ਲੋਕਾਂ ਨੂੰ ਰਾਹਤ ਕੈਂਪਾਂ ਵਿਚ ਰੱਖਿਆ ਗਿਆ ਹੈ ਤੇ ਸੰਯੁਕਤ ਰਾਸ਼ਟਰ ਦੀ ਏਜੰਸੀ ਵਿਸ਼ਵ ਖਾਧ ਪ੍ਰੋਗਰਾਮ ਵੱਲੋਂ ਹੇਤੀ ਤੇ ਕਿਊਬਾ 'ਚ ਭੋਜਨ ਸਮੱਗਰੀ ਭੇਜਣ ਦੇ ਨਾਲ-ਨਾਲ ਬਚਾਅ ਕਾਰਜ ਵੀ ਸਥਾਨਕ ਸਰਕਾਰਾਂ ਦੀ ਮਦਦ ਨਾਲ ਸ਼ੁਰੂ ਕਰ ਦਿੱਤੇ ਗਏ ਹਨ। ਰਾਹਤ ਏਜੰਸੀ ਹੇਤੀ ਵਿਚ ਇਕ ਮਹੀਨੇ ਲਈ ਲੋੜੀਂਦੇ ਤਕਰੀਬਨ 3 ਲੱਖ ਤੇ ਕਿਊਬਾ ਵਿਚ 25 ਹਜ਼ਾਰ ਲੋਕਾਂ ਜੋਗੇ ਭੋਜਨ ਪਦਾਰਥ ਮੁਹੱਈਆ ਕਰਵਾ ਚੁੱਕੀ ਹੈ।

ਹੇਤੀ ਜੋ ਅਜੇ 2010 ਵਿਚ ਆਏ ਭੁਚਾਲ ਤੋਂ ਮਸਾਂ ਉਭਰ ਰਿਹਾ ਸੀ, ਇਸ ਤੂਫਾਨ ਨੇ ਉਸ ਦਾ ਮੁੜ ਵੱਡਾ ਨੁਕਸਾਨ ਕਰ ਦਿੱਤਾ ਹੈ, ਇਸ ਦੇ ਨਾਲ ਹੀ ਗਲੋਬਲ ਵਾਰਮਿੰਗ ਦਾ ਅਸਰ ਸਮੁੰਦਰੀ ਕੰਢਿਆਂ 'ਤੇ ਵਸੇ ਸ਼ਹਿਰਾਂ ਤੇ ਕਸਬਿਆਂ ਉਤੇ ਵੇਖਣ ਨੂੰ ਮਿਲਣ ਲੱਗ ਪਿਆ ਹੈ।

ਰਾਜੋਆਣਾ ਵੱਲੋਂ ਨਵੰਬਰ 'ਚ ਭੁੱਖ ਹੜਤਾਲ ਦਾ ਐਲਾਨ

ਪਟਿਆਲਾ: ਬੇਅੰਤ ਸਿੰਘ ਕਤਲ ਕਾਂਡ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਨਵੰਬਰ ਮਹੀਨੇ 'ਚ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਪਟਿਆਲਾ ਦੀ ਕੇਂਦਰੀ ਜੇਲ੍ਹ ਦੀ ਕੋਠੀ ਨੰਬਰ 16 ਵਿਚ ਫਾਂਸੀ ਦੀ ਸਜ਼ਾ ਦੀ ਉਡੀਕ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਨੂੰ ਪੰਜਾਬੀ ਵਿਚ ਲਿਖੇ ਪੱਤਰ ਵਿਚ ਕਿਹਾ ਹੈ ਉਹ ਤਕਰੀਬਨ 21 ਸਾਲ ਤੋਂ ਜੇਲ੍ਹ ਵਿਚ ਬੰਦ ਹੈ ਅਤੇ ਫਾਂਸੀ ਦੀ ਸਜ਼ਾ ਨੂੰ ਵੀ 10ਵਾਂ ਸਾਲ ਸ਼ੁਰੂ ਹੋ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਸ ਦੀ ਸਹਿਮਤੀ ਤੇ ਇਜਾਜ਼ਤ ਤੋਂ ਬਿਨਾਂ ਕੀਤੀ ਗਈ ਅਪੀਲ ਉਤੇ ਉਸ ਸਮੇਂ ਦੇ ਰਾਸ਼ਟਰਪਤੀ ਨੇ 28 ਅਗਸਤ 2012 ਨੂੰ ਉਸ ਦੀ ਫਾਂਸੀ ਸਜ਼ਾ 'ਤੇ ਅਣਮਿਥੇ ਸਮੇਂ ਲਈ ਰੋਕ ਲਗਾ ਦਿੱਤੀ ਸੀ। ਭਾਈ ਰਾਜੋਆਣਾ ਨੇ ਲਿਖਿਆ ਹੈ ਕਿ ਉਸ ਨੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਜੁਡੀਸ਼ਲ ਡਵੀਜ਼ਨ-2 ਨੂੰ ਆਰ.ਟੀ.ਆਈ ਰਾਹੀਂ ਇਸ ਪਟੀਸ਼ਨ 'ਤੇ ਫੈਸਲਾ ਲੈਣ ਵਿਚ ਹੋ ਰਹੀ ਦੇਰੀ ਦਾ ਕਾਰਨ ਵੀ ਪੁੱਛਿਆ ਤਾਂ ਕੋਈ ਤਸੱਲੀਬਖਸ਼ ਜੁਆਬ ਨਹੀਂ ਦਿੱਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਾਇਰ ਕੀਤੀ ਅਪੀਲ 'ਤੇ ਅੰਤਿਮ ਫੈਸਲਾ ਲੈਣ 'ਚ ਹੋ ਰਹੀ ਦੇਰੀ ਕਿਸੇ ਕਾਨੂੰਨੀ ਕਾਰਨਾਂ ਕਰ ਕੇ ਨਹੀਂ ਸਗੋਂ ਰਾਜਨੀਤਕ ਕਾਰਨਾਂ ਕਰ ਕੇ ਕੀਤੀ ਜਾ ਰਹੀ ਹੈ।

ਜੇਕਰ ਅਕਤੂਬਰ ਮਹੀਨੇ ਵਿਚ ਇਸ ਪਟੀਸ਼ਨ ਉਤੇ ਕੋਈ ਅੰਤਿਮ ਫੈਸਲਾ ਨਾ ਲਿਆ ਤਾਂ ਉਹ ਨਵੰਬਰ ਮਹੀਨੇ ਦੇ ਸ਼ੁਰੂ ਵਿਚ ਸਬੰਧਤ ਹੁਕਮਰਾਨਾਂ ਵੱਲੋਂ ਜਾਣਬੁਝ ਕੇ ਫੈਸਲਾ ਲੈਣ ਵਿਚ ਕੀਤੀ ਜਾ ਰਹੀ ਟਾਲ-ਮਟੋਲ ਅਤੇ ਇਸ ਬੇਇਨਸਾਫੀ ਦੇ ਖਿਲਾਫ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰਨਗੇ।

ਕੋਲੰਬੀਆ ਦੇ ਰਾਸ਼ਟਰਪਤੀ ਨੂੰ ਨੋਬੇਲ ਅਮਨ ਪੁਰਸਕਾਰ

ਓਸਲੋ: ਕੋਲੰਬੀਆ ਦੇ ਰਾਸ਼ਟਰਪਤੀ ਯੁਆਂ ਮੈਨੁਅਲ ਸਾਂਤੋਸ ਵੱਲੋਂ ਮੁਲਕ 'ਚ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੱਕ ਜੰਗ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਲਈ ਨੋਬੇਲ ਸ਼ਾਂਤੀ ਪੁਰਸਕਾਰ ਲਈ ਚੁਣਿਆ ਗਿਆ ਹੈ। ਉਂਜ ਇਤਿਹਾਸਕ ਸ਼ਾਂਤੀ ਸਮਝੌਤੇ ਨੂੰ ਉਸ ਸਮੇਂ ਵੱਡਾ ਝਟਕਾ ਲੱਗਿਆ ਹੈ ਜਦੋਂ ਵੋਟਰਾਂ ਨੇ ਰਾਇਸ਼ੁਮਾਰੀ 'ਚ ਇਸ ਨੂੰ ਨਕਾਰ ਦਿੱਤਾ। ਸਾਂਤੋਸ ਲਈ ਇਹ ਪੁਰਸਕਾਰ ਹੈਰਾਨੀ ਭਰਿਆ ਰਿਹਾ ਕਿਉਂਕਿ ਕਰੀਬ ਚਾਰ ਸਾਲਾਂ ਦੀ ਵਾਰਤਾ ਤੋਂ ਬਾਅਦ ਕੋਲੰਬੀਆ ਦੇ ਰਾਸ਼ਟਰਪਤੀ ਅਤੇ ਫਾਰਕ ਬਾਗੀ ਰੋਡਰਿਗੋ ਲੰਡੋਨੋ ਉਰਫ ਟਿਮੋਲਿਓਨ ਟਿਮੋਚੇਨਕੋ ਜਿਮੇਨੇਜ਼ ਵਿਚਕਾਰ ਇਤਿਹਾਸਕ ਸਮਝੌਤਾ ਹੋਇਆ ਸੀ, ਪਰ ਵੋਟਰਾਂ ਨੇ ਸਮਝੌਤੇ ਦੀਆਂ ਸ਼ਰਤਾਂ ਨੂੰ ਰੱਦ ਕਰ ਦਿੱਤਾ।

ਸਮਝੌਤੇ 'ਤੇ 26 ਸਤੰਬਰ ਨੂੰ ਦਸਤਖਤ ਹੋਏ ਸਨ ਅਤੇ 2 ਅਕਤੂਬਰ ਨੂੰ ਰਾਇਸ਼ੁਮਾਰੀ ਤੋਂ ਬਾਅਦ ਇਹ ਅਮਲ 'ਚ ਆਉਣਾ ਸੀ, ਪਰ ਵੋਟਰਾਂ ਨੇ ਸਮਝੌਤੇ ਨੂੰ ਸਵੀਕਾਰ ਨਹੀਂ ਕੀਤਾ ਅਤੇ ਕੋਲੰਬੀਆ ਦਾ ਭਵਿੱਖ ਫਿਰ ਅੱਧ ਵਿਚਾਲੇ ਲਟਕ ਗਿਆ। ਜ਼ਿਆਦਾਤਰ ਮਾਹਿਰਾਂ ਦਾ ਮੰਨਣਾ ਸੀ ਕਿ ਰਾਇਸ਼ੁਮਾਰੀ ਦਾ ਨਤੀਜਾ ਕੋਲੰਬੀਆ ਦੇ ਸ਼ਾਂਤੀ ਪੁਰਸਕਾਰ ਜਿੱਤਣ ਦੀਆਂ ਸੰਭਾਵਨਾਵਾਂ ਨੂੰ ਤਾਰਪੀਡੋ ਕਰਨ ਲਈ ਸੀ। ਨੋਬੇਲ ਪੁਰਸਕਾਰ ਕਮੇਟੀ ਦੀ ਮੁਖੀ ਕੈਸੀ ਕੁਲਮਾਨ ਫਾਈਵ ਨੇ ਆਸ ਜਤਾਈ ਕਿ ਸ਼ਾਂਤੀ ਪੁਰਸਕਾਰ ਨਾਲ ਸਾਰੀਆਂ ਧਿਰਾਂ ਨੂੰ ਉਤਸ਼ਾਹ ਮਿਲੇਗਾ ਅਤੇ ਕੋਲੰਬੀਆ 'ਚ ਸ਼ਾਂਤੀ ਦਾ ਮਾਹੌਲ ਬਣੇਗਾ। ਫਾਰਕ ਆਗੂ ਨਾਲ ਸਾਂਝੇ ਤੌਰ ਉਤੇ ਪੁਰਸਕਾਰ ਨਾ ਦਿੱਤੇ ਜਾਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਹ ਹੋਰ ਉਮੀਦਵਾਰਾਂ ਦੀਆਂ ਸੰਭਾਵਨਾਵਾਂ ਬਾਰੇ ਕੋਈ ਟਿੱਪਣੀ ਨਹੀਂ ਕਰ ਸਕਦੇ। ਉਧਰ, ਸਾਂਤੋਸ ਨੇ ਨੋਬੇਲ ਸ਼ਾਂਤੀ ਪੁਰਸਕਾਰ ਮਿਲਣ ਉਤੇ ਕਿਹਾ ਕਿ ਮੁਲਕ 'ਚ ਸ਼ਾਂਤੀ ਦੀਆਂ ਕੋਸ਼ਿਸ਼ਾਂ ਨੂੰ ਹੋਰ ਹੁਲਾਰਾ ਮਿਲੇਗਾ ਅਤੇ ਕੋਲੰਬੀਆ 'ਚ ਸ਼ਾਂਤੀ ਹੋ ਕੇ ਰਹੇਗੀ। ਸੰਯੁਕਤ ਰਾਸ਼ਟਰ ਨੇ ਵੀ ਕਿਹਾ ਹੈ ਕਿ ਕੋਲੰਬੀਆ ਵਿਚ ਸ਼ਾਂਤੀ ਬਹਾਲੀ ਦੀਆਂ ਕੋਸ਼ਿਸ਼ਾਂ 'ਚ ਇਹ ਪੁਰਸਕਾਰ ਸਹਾਈ ਹੋਵੇਗਾ।



ਫੋਰਬਸ ਦੀ ਸੂਚੀ ਵਿਚ ਭਾਰਤੀਆਂ ਦੀ ਬੱਲੇ-ਬੱਲੇ

ਨਿਊ ਯਾਰਕ: ਫੋਰਬਸ ਵੱਲੋਂ ਅਮਰੀਕਾ ਦੇ ਸਭ ਤੋਂ ਅਮੀਰਾਂ ਦੀ ਜਾਰੀ ਕੀਤੀ ਗਈ ਸੂਚੀ ਵਿਚ ਪੰਜ ਭਾਰਤੀ-ਅਮਰੀਕੀ ਸ਼ਾਮਲ ਹਨ। 400 ਵਿਅਕਤੀਆਂ ਦੀ ਇਸ ਸੂਚੀ ਵਿਚ ਮਾਈਕਰੋਸਾਫਟ ਦਾ ਸਹਿ-ਬਾਨੀ ਬਿਲ ਗੇਟਸ ਸਿਖਰਲੇ ਸਥਾਨ ਉਤੇ ਹੈ। ਫੋਰਬਸ ਦੀ 'ਦਿ ਰਿਚੈਸਟ ਪੀਪਲ ਇਨ ਅਮੈਰਿਕਾ 2016' ਸੂਚੀ ਵਿਚ ਸਿੰਫਨੀ ਟੈਕਨਾਲੋਜੀ ਦੇ ਬਾਨੀ ਰਮੇਸ਼ ਵਧਵਾਨੀ, ਆਊਟਸੋਰਸਿੰਗ ਫਰਮ ਸਿਨਟੈਲ ਭਾਰਤ ਦੀ ਸਹਿ-ਬਾਨੀ ਨੀਰਜਾ ਦੇਸਾਈ, ਏਅਰਲਾਈਨ ਵੈਟਰਨ ਰਾਕੇਸ਼ ਗੰਗਵਾਲ, ਉਦਮੀ ਜੌਹਨ ਕਪੂਰ ਅਤੇ ਸਿਲੀਕਾਨ ਵੈਲੀ ਏਂਜਲ ਨਿਵੇਸ਼ਕ ਕੇ. ਰਾਮ ਸ੍ਰੀਰਾਮ ਦਾ ਨਾਂ ਦਰਜ ਹੈ। ਇਸ ਸੂਚੀ ਵਿਚ ਪਹਿਲੇ ਸਥਾਨ ਉਤੇ 60 ਸਾਲਾ ਬਿਲ ਗੇਟਸ ਰਿਹਾ, ਜਿਸ ਕੋਲ 81 ਅਰਬ ਡਾਲਰ ਦੀ ਸੰਪਤੀ ਹੈ।

69 ਸਾਲਾ ਰਮੇਸ਼ ਵਧਵਾਨੀ ਨੂੰ ਇਸ ਸੂਚੀ ਵਿਚ 222ਵਾਂ ਸਥਾਨ ਮਿਲਿਆ ਹੈ, ਜਿਸ ਦੀ ਸੰਪਤੀ ਤਿੰਨ ਅਰਬ ਡਾਲਰ ਦੀ ਹੈ। 2.5 ਅਰਬ ਡਾਲਰ ਸੰਪਤੀ ਨਾਲ ਨੀਰਜਾ ਦੇਸਾਈ ਨੂੰ 274ਵਾਂ ਸਥਾਨ, 2.2 ਅਰਬ ਡਾਲਰ ਨਾਲ ਗੰਗਵਾਲ ਨੂੰ 321ਵਾਂ ਸਥਾਨ, 2.1 ਅਰਬ ਡਾਲਰ ਸੰਪਤੀ ਨਾਲ ਸ੍ਰੀ ਕਪੂਰ ਨੂੰ 335ਵਾਂ ਸਥਾਨ ਅਤੇ 1.9 ਅਰਬ ਡਾਲਰ ਸੰਪਤੀ ਵਾਲੇ ਸ੍ਰੀਰਾਮ ਨੂੰ 361ਵਾਂ ਸਥਾਨ ਦਿੱਤਾ ਗਿਆ ਹੈ।

ਭਾਰਤੀ ਨੇ 90 ਲੱਖ ਡਾਲਰ 'ਚ ਲਿਆ ਕਾਰ ਦਾ ਨੰਬਰ

ਦੁਬਈ: ਇਥੇ ਇਕ ਭਾਰਤੀ ਕਾਰੋਬਾਰੀ ਨੇ ਆਪਣੇ ਨੰਬਰ ਪਲੇਟਾਂ ਦੇ ਭੰਡਾਰ ਵਿਚ ਹੋਰ ਵਾਧਾ ਕਰਦਿਆਂ ਕਾਰ ਲਈ ਇਕ ਅੰਕ ਵਾਲੀ ਕਾਰ ਰਜਿਸਟ੍ਰੇਸ਼ਨ ਪਲੇਟ ਨੂੰ 90 ਲੱਖ ਅਮਰੀਕੀ ਡਾਲਰ ਦੀ ਭਾਰੀ ਅਦਾਇਗੀ ਕਰ ਕੇ ਖਰੀਦਿਆ ਹੈ। ਬਲਵਿੰਦਰ ਸਾਹਨੀ ਨੇ ਵਿਲੱਖਣ 'ਡੀ5' ਨੰਬਰ ਨੂੰ ਸੜਕੀ ਅਤੇ ਆਵਾਜਾਈ ਅਥਾਰਟੀ ਦੀ ਨੰਬਰ ਪਲੇਟ ਨਿਲਾਮੀ ਦੌਰਾਨ 33 ਕਰੋੜ ਦਰਾਮ ਵਿਚ ਖਰੀਦਿਆ। ਅਬੂ ਸਬਾਹ ਦੇ ਨਾਂ ਨਾਲ ਜਾਣਿਆ ਜਾਣ ਵਾਲਾ ਸਾਹਨੀ ਭਾਰਤ, ਕੁਵੈਤ, ਅਮਰੀਕਾ ਤੇ ਯੂ.ਏ.ਈ. ਦੀ ਇਕ ਜਾਇਦਾਦ ਪ੍ਰਬੰਧਨ ਕੰਪਨੀ ਆਰ.ਐਸ.ਜੀ. ਅੰਤਰਰਾਸ਼ਟਰੀ ਦਾ ਮਾਲਕ ਹੈ। ਗਲਫ ਨਿਊਜ਼ ਨੇ ਸਾਹਨੀ ਦੇ ਹਵਾਲੇ ਨਾਲ ਕਿਹਾ ਕਿ ਉਸ ਨੂੰ ਵਿਲੱਖਣ ਨੰਬਰ ਪਲੇਟਾਂ ਨੂੰ ਇਕੱਠਿਆਂ ਕਰਨਾ ਪਸੰਦ ਹੈ ਅਤੇ ਉਸ ਨੂੰ ਮਾਣ ਹੈ ਕਿ ਉਸ ਨੂੰ ਇਹ ਵਿਲੱਖਣ ਨੰਬਰ ਮਿਲਿਆ ਹੈ। ਉਸ ਨੂੰ 9 ਨੰਬਰ ਪਸੰਦ ਹੈ ਅਤੇ 'ਡੀ5' ਨੂੰ ਜੋੜਨ 'ਤੇ ਇਹ 9 ਅੰਕ ਬਣਦਾ ਹੈ, ਇਸ ਲਈ ਉਸ ਨੇ ਇਹ ਨੰਬਰ ਖਰੀਦਿਆ। ਉਸ ਨੇ ਕਿਹਾ ਕਿ ਪਿਛਲੇ ਸਾਲ ਉਸ ਨੇ 'ਓ9' ਨੰਬਰ ਨੂੰ 20 ਕਰੋੜ ਦਰਾਮ ਵਿਚ ਖਰੀਦਿਆ ਸੀ।

ਸਾਡੀਆਂ ਰਸਮਾਂ ਸਾਡੇ ਗੀਤ

ਨੀਲਮ ਸੈਣੀ
ਫੋਨ: 510-502-0551

ਸ਼ਗਨ ਤੇ ਵਟਣੇ ਦੇ ਗੀਤ

ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੱਚ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਲੇਖ ਵਿਚ ਸ਼ਗਨ, ਮਾਂਹ ਭਿਊਂਣ ਅਤੇ ਵਟਣਾ ਮਲਣ ਬਾਰੇ ਰਸਮਾਂ ਅਤੇ ਗੀਤਾਂ ਦੀ ਚਰਚਾ ਕੀਤੀ ਹੈ। -ਸੰਪਾਦਕ

ਵਿਆਹ ਤੋਂ 5-7 ਦਿਨ ਪਹਿਲਾਂ ਸ਼ਗਨ ਦੀ ਰਸਮ ਹੁੰਦੀ ਸੀ। ਇਸ ਦਿਨ ਕੜਾਹੀ ਚੜ੍ਹਦੀ ਸੀ। ਇਸ ਰਸਮ ਲਈ ਲਾਗੀ ਬੁਲਾਏ ਜਾਂਦੇ ਸਨ। ਉਹ ਇਸ ਰਸਮ ਨੂੰ ਸ਼ਗਨਾਂ ਨਾਲ ਸ਼ੁਰੂ ਕਰਦੇ ਸਨ। ਉਹ ਭੱਠੀ ਕੱਢਣ ਵੇਲੇ ਤੇਲ ਚੋਅ ਕੇ ਮਿੱਠਾ ਵੰਡ ਕੇ ਆਪਣਾ ਲਾਗ ਲੈਂਦੇ ਸਨ। ਘਰ ਵਾਲਿਆਂ ਦੇ ਸੱਦੇ ਤੇ ਵੱਡੇ ਤੜਕੇ ਸਭ ਸ਼ਰੀਕਣੀਆਂ ਮੱਠੀਆਂ ਵੇਲ ਜਾਂਦੀਆਂ ਸਨ ਅਤੇ ਟਿੱਕੀਆਂ ਘੜ ਜਾਂਦੀਆਂ ਸਨ। ਘੁੰਙਣੀਆਂ ਉਬਾਲੀਆਂ ਜਾਂਦੀਆਂ ਸਨ, ਲੱਡੂ ਵੱਟੇ ਜਾਂਦੇ ਸਨ। ਵਿਆਹ ਵਾਲੇ ਘਰ ਨਜ਼ਦੀਕੀ ਰਿਸ਼ਤੇਦਾਰ ਕੰਮ ਵਿਚ ਹੱਥ ਵਟਾਉਣ ਲਈ ਆ ਢੁੱਕਦੇ ਸਨ। ਇਸ ਰਸਮ ਦੇ ਨਾਲ ਹੀ ਵਿਆਂਹਦੜ ਕੁੜੀ ਅਤੇ ਮੁੰਡੇ ਦੇ ਘਰੋਂ ਬਾਹਰ ਜਾਣ ਤੇ ਪਾਬੰਦੀ ਲਗਾ ਦਿੱਤੀ ਜਾਂਦੀ ਸੀ ਜਿਸ ਦਾ ਮੁੱਖ ਕਾਰਨ ਉਨ੍ਹਾਂ ਨੂੰ ਕਿਸੇ ਸੱਟ-ਚੋਟ ਤੋਂ ਸੁਰੱਖਿਅਤ ਰੱਖਣਾ ਹੁੰਦਾ ਸੀ।

ਹੁਣ ਇਹ ਰਸਮ ਵਿਰਲੀ ਟਾਵੀਂ ਹੋ ਰਹੀ ਹੈ। ਵਿਆਹ ਵਾਲੇ ਘਰ ਹਲਵਾਈ ਬਿਠਾਇਆ ਜਾਂਦਾ ਹੈ। ਸਵੇਰ ਸਾਰ ਹੀ ਕੜਾਹੀ ਚਾੜ੍ਹ ਕੇ ਟਿੱਕੀਆਂ ਅਤੇ ਮੱਠੀਆਂ ਬਣਾਈਆਂ ਜਾਂਦੀਆਂ ਹਨ। ਸੀਰਨੀ, ਸ਼ਕਰਪਾਰੇ, ਗੁਲਗੁਲੇ ਅਤੇ ਪਕੌੜੀਆਂ ਆਦਿ ਵੀ ਕੱਢੇ ਜਾਂਦੇ ਹਨ। ਘੁੰਙਣੀਆਂ ਉਬਾਲੀਆਂ ਜਾਂਦੀਆਂ ਹਨ, ਲੱਡੂ ਵੱਟੇ ਜਾਂਦੇ ਹਨ। ਕੰਮ-ਕਾਜ ਨੂੰ ਤਰਜੀਹ ਦੇਣ ਕਾਰਨ, ਮੁੰਡੇ-ਕੁੜੀ ਦੇ ਬਾਹਰ ਜਾਣ 'ਤੇ ਕੋਈ ਰੋਕ ਨਹੀਂ ਲਗਾਈ ਜਾਂਦੀ। ਉਨ੍ਹਾਂ ਨੂੰ ਮਾਈਏਂ ਵਾਲੇ ਦਿਨ ਤੱਕ ਕੰਮ (ਨੌਕਰੀ) 'ਤੇ ਜਾਣ ਦੀ ਖੁੱਲ੍ਹ ਹੁੰਦੀ ਹੈ। ਵਿਆਹ ਵਾਲੇ ਘਰੋਂ ਮਿਲੇ ਸ਼ਗਨ ਦੇ ਸੱਦੇ ਤੋਂ ਬਾਅਦ ਮਿਥੇ ਸਮੇਂ 'ਤੇ ਪਿੰਡ ਵਿਚੋਂ ਔਰਤਾਂ ਇਕੱਠੀਆਂ ਹੁੰਦੀਆਂ ਹਨ। ਮੁੰਡੇ ਅਤੇ ਕੁੜੀ ਦੇ ਹੱਥਾਂ ਤੇ ਸ਼ਗਨਾਂ ਦੇ ਗਾਨੇ ਬੰਨ੍ਹੇ ਜਾਂਦੇ ਹਨ। ਕੁੜੀ ਦੀਆਂ ਸਹੇਲੀਆਂ ਉਸ ਨੂੰ ਸ਼ਗਨਾਂ ਵਾਲੀ ਚੌਂਕੀ ਤੇ ਬਿਠਾ ਕੇ ਵਾਰੋ-ਵਾਰੀ ਉਸ ਦੀ ਗੁੱਤ ਖੋਲ੍ਹਦੀਆਂ ਗੀਤ ਗਾਉਂਦੀਆਂ ਹਨ।

ਸ਼ਗਨ ਵੇਲੇ ਗਾਏ ਜਾਣ ਵਾਲੇ ਗੀਤ

ਮੇਰਾ ਪਲਕਾ ਨਾ ਖੋਲ੍ਹੋ ਨੀ ਸਹੇਲੜੀਓ!
ਮੇਰੇ ਬਾਬਲ ਨੂੰ ਪੁੱਛ ਲਓ ਨੀ ਸਹੇਲੜੀਓ!
ਜਿਨ ਮੇਰਾ ਕਾਜ ਰਚਾਇਆ ਨੀ ਸਹੇਲੜੀਓ!
ਮੇਰੇ ਮਾਮੇ ਨੂੰ ਪੁੱਛ ਲਓ ਨੀ ਸਹੇਲੜੀਓ!
ਮੇਰੇ ਵੀਰੇ ਨੂੰ ਪੁੱਛ ਲਓ ਨੀ ਸਹੇਲੜੀਓ!
ਜਿਨ ਮੇਰਾ ਕਾਜ ਰਚਾਇਆ ਨੀ ਸਹੇਲੜੀਓ!

0

ਇਸ ਤੋਂ ਬਾਅਦ ਗੁੱਟ 'ਤੇ ਔਟਾ ਬੰਨ੍ਹਦੇ ਇਹ ਗੀਤ ਗਾਇਆ ਜਾਂਦਾ ਹੈ:

ਤੂੰ ਧੰਨ ਆ ਨੀ ਨੈਣੇ!
ਤੂੰ ਧੰਨ ਆ ਨੀ ਨੈਣੇ!
ਕਾਜ ਸੁਣੇ ਘਰ ਆਈ ਆਂ।

ਵਿਆਹ ਵਾਲੀ ਕੁੜੀ ਦੇ ਔਟਾ ਬੰਨ੍ਹਣ ਤੋਂ ਬਆਦ ਸਭ ਦੇ ਗੁੱਟਾਂ ਤੇ ਗਾਨਾ (ਔਟਾ) ਬੰਨਿਆ ਜਾਂਦਾ ਹੈ। ਗਾਨਾ ਬੰਨ੍ਹਣ ਤੋਂ ਬਾਅਦ 7 ਸੁਹਾਗਣਾਂ ਵਾਰੀ-ਵਾਰੀ ਚੱਕੀ ਦੀ ਚੁੰਗ ਪਾ ਕੇ ਸੁੱਕੇ ਮਾਂਹ ਪੀਹਦੀਆਂ ਹਨ ਅਤੇ ਵਡੇਰਿਆਂ ਦੀ ਯਾਦ ਵਿਚ ਇਹ ਲੋਕ ਗੀਤ ਗਾਇਆ ਜਾਂਦਾ ਹੈ।

ਵੱਜ ਸੰਧੂਰਿਆ ਵੱਜ ਵਾਰੇ,
ਸਾਡੇ ਵੱਡਿਆਂ ਦੇ ਵਾਰੇ।
ਕਿਸ ਲੁਹਾਰੇ ਦੀਏ ਚੱਕੜੀਏ,
ਕਿਸ ਤਰਖਾਣੇ ਦਾ ਹੱਥਾ।
ਅਮਰੂ ਲੁਹਾਰੇ ਦੀਏ ਚੱਕੜੀਏ,
ਵਰਿਆਮੇ ਤਰਖਾਣੇ ਦਾ ਹੱਥਾ।

ਸੱਤ ਸੁਹਾਗਣਾਂ ਸੱਤ ਗਲ਼ੇ ਪਾ ਕੇ ਵਾਰੀ-ਵਾਰੀ ਚੱਕੀ ਪੀਹਦੀਆਂ ਹਨ ਅਤੇ ਨਾਲ ਹੀ ਇਹ ਗੀਤ ਗਾਉਣਾ ਸ਼ੁਰੂ ਕਰ ਦਿੰਦੀਆਂ ਹਨ:

ਕਿਥੋਂ ਲਿਆਂਦੀ ਚੱਕੀ ਨੀ ਰਾਣੀਏਂ,
ਕਿਥੋਂ ਲਿਆਂਦਾ ਹੱਥਾ।
ਕਿਸ ਸੁਦਾਗਰ ਚੱਕੀ ਲਿਆਂਦੀ,
ਕਿਸ ਲਿਆਂਦਾ ਹੱਥਾ।
ਵੀਰ ਸੁਦਾਗਰ ਚੱਕੀ ਲਿਆਂਦੀ,
ਵਣੋਂ ਕਰੀਰੋਂ ਹੱਥਾ।

ਮਾਂਹ ਭਿਊਂਣ ਦੀ ਰਸਮ ਅਤੇ ਗੀਤ

ਇਸ ਉਪਰੰਤ ਮਾਂਹ ਭਿਊਂਣ ਦੀ ਰਸਮ ਕੀਤੀ ਜਾਂਦੀ ਸੀ। ਵਿਆਹ ਵਾਲੇ ਘਰ ਇਕੱਠੀਆਂ ਹੋਈਆਂ ਔਰਤਾਂ ਵਿਚੋਂ ਪੰਜ ਸੁਹਾਗਣਾਂ ਵਲੋਂ ਵਾਰੀ-ਵਾਰੀ ਇਕ ਮੁੱਠੀ ਮਾਂਹ ਕੱਚੇ ਭਾਂਡੇ ਵਿਚ ਪਾ ਕੇ ਪਾਣੀ ਵਿਚ ਭਿਉਂ ਦਿੱਤੇ ਜਾਂਦੇ ਸਨ। ਇਸ ਰਸਮ ਦਾ ਅਸਲੀ ਮੰਤਵ ਤਾਂ ਵਿਆਹ ਵਾਲੇ ਘਰ 'ਕੱਠੀਆਂ ਹੋ ਕੇ ਵਿਆਹ ਦੇ ਕੰਮ-ਕਾਜ ਵਿਚ ਹੱਥ ਵਟਾਉਣਾ ਸੀ। ਇਸ ਰਸਮ ਤੋਂ ਬਾਅਦ ਸੁਹਾਗ/ਘੋੜੀਆਂ ਅਤੇ ਗੀਤ ਗਾਏ ਜਾਂਦੇ ਸਨ। ਟਿੱਕੀਆਂ ਅਤੇ ਘੁੰਙਣੀਆਂ ਵੰਡੀਆਂ ਜਾਂਦੀਆਂ ਸਨ। ਇਹ ਮਾਂਹ ਬਾਅਦ ਵਿਚ ਵੜੇ ਬਣਾਉਣ ਲਈ ਵਰਤੇ ਜਾਂਦੇ ਸਨ।

ਮੁੰਡੇ ਦੇ ਸ਼ਗਨ ਦੀ ਰਸਮ ਅਤੇ ਗੀਤ

ਵਿਆਂਹਦੜ ਮੁੰਡੇ ਵਾਲੇ ਘਰ ਵੀ ਪਲਕਾ ਖੋਲ੍ਹਣ ਦੀ ਰਸਮ ਨੂੰ ਛੱਡ ਕੇ ਬਾਕੀ ਸਾਰੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ। ਸ਼ਗਨਾਂ ਵਾਲੀ ਚੌਂਕੀ ਤੇ ਬਿਠਾ ਕੇ ਉਸ ਦੀ ਝੋਲੀ ਵਿਚ 5/7 ਟਿੱਕੀਆਂ ਪਾ ਕੇ ਸ਼ਗਨ ਕੀਤਾ ਜਾਂਦਾ ਸੀ। ਇਹ ਰਸਮ ਵੀ ਵਿਰਲੀ-ਟਾਵੀਂ ਹੋ ਰਹੀ ਹੈ।

ਸ਼ਗਨ ਵੇਲੇ ਗਾਏ ਜਾਣ ਵਾਲੇ ਗੀਤ
ਚੌਂਕੀ ਵੇ ਵੀਰਾ ਤੇਰੀ ਮੈਂ ਡਾਹੀ,
ਕੋਈ ਚਾਰੇ ਪਾਵੇ ਵੇ ਰੰਗੀਨ।
ਚੌਂਕੀ ਤੇ ਤੂੰ ਇਓਂ ਬੈਠਾ,
ਜਿਓਂ ਰਾਜੇ ਮੂਹਰੇ,
ਵੇ ਅੰਤੋਂ ਪਿਆਰਿਆ ਵਜੀਰ!

0

ਮਾਂ ਦੀਏ ਇੰਦਰੋ-ਨੀ ਬਿੰਦਰੋ,
ਬਿੰਦਰੋ ਨੀ ਬੱਤੀਏ।
ਆ ਕੇ ਸਾਹਾ ਨੀ ਸੁਧਾ,
ਰਾਜੇ ਦੀਏ ਨੀ ਬੇਟੀਏ।
ਸਾਹਾ ਸੁਧਾਵੇ ਤੇਰੀ ਮਾਂ,
ਮੱਲਾ ਤਾਈਆਂ ਵੇ ਚਾਚੀਆਂ।
ਸਕੀਆਂ ਵੇ ਭਾਬੀਆਂ,
ਨਣਦਾਂ ਵੇ ਸਾਡੀਆਂ।
ਜਿਨ੍ਹਾਂ ਦੇ ਮਨ ਚਾਅ,
ਰਾਜੇ ਦਿਆ ਵੇ ਬੇਟਿਆ।
ਮਾਂ ਦੀਏ ਇੰਦਰੋ ਨੀ ਬਿੰਦਰੋ,
ਬਿੰਦਰੋ ਨੀ ਬੱਤੀਏ।
ਆ ਕੇ ਵੜੀਆਂ ਟਿਕਾ,
ਰਾਜੇ ਦੀਏ ਨੀ ਬੇਟੀਏ।
ਵੜੀਆਂ ਟਿਕਾਵੇ ਤੇਰੀ ਮਾਂ,
ਮੱਲਾ ਤਾਈਆਂ ਵੇ ਚਾਚੀਆਂ।
ਸਕੀਆਂ ਵੇ ਭਾਬੀਆਂ,
ਨਣਦਾਂ ਵੇ ਸਾਡੀਆਂ।
ਜਿਨ੍ਹਾਂ ਦੇ ਮਨ ਚਾਅ,
ਰਾਜੇ ਦਿਆ ਵੇ ਬੇਟਿਆ।

0

ਸਾਡੇ ਤਾਂ ਮਹਿਲੀਂ ਤੈਨੂੰ ਸੱਦ ਹੋਈ,
ਸਾਲੂ ਵਾਲੀਏ ਨੀ।
ਆ ਕੇ ਤਾਂ ਸਾਹਾ ਨੀ ਸੁਧਾ,
ਦਿਲਾਂ ਵਿਚ ਵਸ ਰਹੀਏ।
ਸਾਹਾ ਸੁਧਾਵਣ ਤੇਰੇ ਦਾਦੇ-ਪੜਦਾਦੇ,
ਚੀਰੇ ਵਾਲਿਆ ਵੇ।
ਜਿਨ੍ਹਾਂ ਦੇ ਮਨ ਵਿਚ ਚਾਅ,
ਦਿਲਾਂ ਵਿਚ ਵਸ ਰਹੀਏ।

ਪਰਦੇਸਾਂ ਵਿਚ ਸ਼ਗਨ ਨਾਲ ਸੰਬੰਧਤ ਇਹ ਰਸਮਾਂ ਅਤੇ ਗੀਤ ਲੋਪ ਹੋ ਰਹੇ ਹਨ। ਇਥੇ ਵਰਣਨਯੋਗ ਹੈ ਕਿ ਸਾਡੇ ਸਭਿਆਚਾਰ ਵਿਚ ਇਕ ਸਮਾਜਿਕ ਬੁਰਾਈ ਵੀ ਪ੍ਰਚੱਲਿਤ ਰਹੀ ਹੈ। ਕਿਸੇ ਵੀ ਵਿਧਵਾ ਔਰਤ ਨੂੰ ਇਨ੍ਹਾਂ ਰਸਮਾਂ ਵਿਚ ਭਾਗ ਲੈਣ ਦੀ ਮਨਾਹੀ ਹੁੰਦੀ ਸੀ। ਇਸ ਨੂੰ ਅਸ਼ੁੱਭ ਮੰਨਿਆ ਜਾਂਦਾ ਸੀ। ਅਜੋਕੇ ਸਮੇਂ ਵਿਚ ਇਸ ਬੁਰਾਈ ਨੂੰ ਵੀ ਨੱਥ ਪਾਈ ਜਾ ਰਹੀ ਹੈ।

ਵਟਣੇ ਦੀ ਰਸਮ ਅਤੇ ਗੀਤ

ਕੁੜੀ ਵਾਲੇ ਘਰ ਵਟਣਾ ਅਤੇ ਗੀਤ: ਵਿਆਹ ਵਾਲੇ ਘਰੋਂ ਨਾਈ ਭੇਜ ਕੇ ਸ਼ਰੀਕੇ-ਭਾਈਚਾਰੇ ਨੂੰ ਮਾਈਏਂ ਅਤੇ ਰਾਤ ਦੇ ਗਾਉਣ ਦਾ ਸੱਦਾ ਇਕੱਠਾ ਭੇਜਿਆ ਜਾਂਦਾ ਸੀ। ਵਿਆਹ ਤੋਂ ਦੋ ਦਿਨ ਪਹਿਲਾਂ ਦੋਵੇਂ ਪਾਸੇ ਵਟਣਾ ਲੱਗਦਾ ਸੀ। ਇਸ ਨੂੰ ਮਾਈਆਂ ਲਾਉਣਾ ਵੀ ਕਹਿੰਦੇ ਹਨ। ਇਹ ਰਸਮ ਅੱਜ ਵੀ ਹਰ ਥਾਂ ਹਰਮਨਪਿਆਰੀ ਹੈ। ਤੇਲ, ਹਲਦੀ, ਵਟਣੇ ਦੇ ਫੁੱਲ, ਵੇਸਣ ਅਤੇ ਕੇਸਰ ਮਿਲਾ ਕੇ ਵਟਣਾ ਤਿਆਰ ਕੀਤਾ ਜਾਂਦਾ ਹੈ। ਮਾਈਆਂ ਲਗਾਉਣ ਲਈ ਮਾਂ, ਭਾਬੀਆਂ, ਭੈਣਾਂ, ਚਾਚੀਆਂ, ਤਾਈਆਂ ਅਤੇ ਹੋਰ ਸਭ ਮਿਥੇ ਹੋਏ ਸਮੇਂ ਤੇ ਇਕੱਠੀਆਂ ਹੋ ਜਾਂਦੀਆਂ ਹਨ। ਪਹਿਲਾ ਮਾਈਆਂ ਸਵੇਰ ਨੂੰ ਅਤੇ ਦੂਜਾ ਮਾਈਆਂ ਸ਼ਾਮ ਨੂੰ ਸੂਰਜ ਢਲਣ ਤੋਂ ਪਹਿਲਾਂ ਲਗਾਇਆ ਜਾਂਦਾ ਹੈ। ਇਹ ਵਟਣਾ ਕੁੜੀ ਅਤੇ ਮੁੰਡੇ ਦਾ ਰੂਪ ਨਿਖਾਰਨ ਲਈ ਲਗਾਇਆ ਜਾਂਦਾ ਹੈ। ਅੱਜ ਕਲ੍ਹ ਇਸ ਮਕਸਦ ਲਈ ਬਿਊਟੀ ਪਾਰਲਰ ਆਪਣੀ ਅਹਿਮ ਭੂਮਿਕਾ ਨਿਭਾਅ ਰਹੇ ਹਨ। ਵਿਆਹ ਵਾਲੀ ਕੁੜੀ ਦਾ ਪਾਰਲਰ ਵਿਚ ਬਕਾਇਦਾ ਚਿਹਰਾ ਬਲੀਚ ਕਰਨ ਉਪਰੰਤ ਫ਼ੇਸ਼ੀਅਲ ਅਤੇ ਵੈਕਸਿੰਗ ਕੀਤੀ ਜਾਂਦੀ ਹੈ। ਇਸ ਸਭ ਦੇ ਬਾਵਜੂਦ ਵਟਣੇ ਦੀ ਰਸਮ ਦਾ ਆਪਣਾ ਮਹੱਤਵ ਹੈ।

ਕੁੜੀ ਨੂੰ ਵਟਣਾ ਲਾਉਣ ਦੀ ਰਸਮ ਦੀ ਝਲਕ।

ਵਿਆਂਹਦੜ ਕੁੜੀ/ਮੁੰਡੇ ਨੂੰ ਮਾਈਆਂ ਲੱਗਣ ਤੋਂ ਬਾਅਦ ਨਹਾ-ਧੋ ਕੇ ਹੋਰ ਕੱਪੜੇ ਨਹੀਂ ਸੀ ਪਾਉਣ ਦਿੱਤੇ ਜਾਂਦੇ। ਇਸ ਨੂੰ 'ਮਾਈਏਂ ਪਾਉਣਾ' ਕਿਹਾ ਜਾਂਦਾ ਸੀ। ਇਹ ਸਮਝਿਆ ਜਾਂਦਾ ਸੀ ਕਿ ਦੋ ਦਿਨਾਂ ਤੋਂ ਬਾਅਦ ਇਸ ਤਰ੍ਹਾਂ ਕਰਨ ਨਾਲ ਵਿਆਹ ਵਾਲੇ ਦਿਨ ਵਾਹਵਾ ਰੂਪ ਚੜ੍ਹਦਾ ਹੈ।

ਮਾਈਆਂ ਲਗਾਉਣ ਤੋਂ ਪਹਿਲਾਂ ਆਟੇ ਨਾਲ ਚੌਕ ਪੂਰ ਕੇ ਉਸ ਉਪਰ ਔਟਾ ਬੰਨ੍ਹੀ ਚੌਂਕੀ (ਫੱਟੀ) ਰੱਖ ਜਾਂਦੀ ਸੀ। ਇਸ ਚੌਂਕੀ ਉਪਰ ਵਿਆਂਹਦੜ ਕੁੜੀ ਨੂੰ ਸ਼ਗਨਾਂ ਵਾਲੀ ਚੁੰਨੀ ਦੇ ਕੇ ਬਿਠਾ ਦਿੱਤਾ ਜਾਂਦਾ ਸੀ। ਕੁੜੀ ਦੇ ਹੱਥ ਉਤੇ 'ਕੰਙਣਾ' ਬੰਨ੍ਹਿਆ ਜਾਂਦਾ ਸੀ। ਕੁੜੀ ਤੇ ਮੁੰਡੇ ਦੇ ਪੈਰਾਂ ਦੀਆਂ ਤਲੀਆਂ ਹੇਠ ਰੁਪਈਏ ਰੱਖੇ ਜਾਂਦੇ ਸਨ। ਇਹ ਰੁਪਈਏ ਬਾਅਦ ਵਿਚ ਨੈਣ ਨੂੰ ਦੇ ਦਿੱਤੇ ਜਾਂਦੇ ਸਨ। ਚਾਰ ਜਣੀਆਂ ਉਸ ਦੇ ਸਿਰ ਉਪਰੋਂ ਸ਼ਗਨਾਂ ਵਾਲੀ ਚੁੰਨੀ ਜਾਂ ਫੁਲਕਾਰੀ ਵਿਚ 7 ਟਿੱਕੀਆਂ ਰੱਖ ਕੇ (ਚੰਦੋਆ) ਤਾਣਦੀਆਂ ਸਨ। ਮਾਂ ਪੀੜ੍ਹੀ ਤੇ ਬੈਠ ਕੇ ਵਿਆਂਹਦੜ ਦੇ ਵਟਣਾ ਮਲਣਾ ਸ਼ੁਰੂ ਕਰਦੀ ਸੀ ਅਤੇ ਬਾਕੀ ਸਭ ਦੁਆਲੇ ਘੇਰਾ ਬੰਨ੍ਹ ਕੇ ਗਾਉਣਾ ਸ਼ੁਰੂ ਕਰ ਦਿੰਦੀਆਂ ਸਨ। ਇਹ ਰਸਮ ਅਜੇ ਤੱਕ ਇਸੇ ਰੂਪ ਵਿਚ ਪ੍ਰਚਲਿਤ ਹੈ।

ਕੁੜੀ ਵਾਲੇ ਘਰ ਵਟਣੇ ਦੇ ਗੀਤ

ਮੇਰੇ ਪੱਟ ਦਾ ਬੱਧਾ, ਸੱਜੇ ਹੱਥ ਦਾ ਬੱਧਾ।
ਮਾਂ ਸੁਹਾਗਣ ਨੇ ਬੰਨ੍ਹਿਆ,
ਭਾਬੋ ਸੁਹਾਗਣ ਨੇ ਬੰਨ੍ਹਿਆ।
ਕੋਈ ਸਤਿਗੁਰਾਂ ਦੀ ਰੱਖ,
ਕੰਙਣਾ ਬੰਨ੍ਹਿਆਂ ਹੋ।

0

ਵਾਹ ਵਾਹ ਕਟੋਰਾ ਵਟਣੇ ਦਾ,
ਜਿੰਦੜੀ ਕਟੋਰਾ ਵਟਣੇ ਦਾ।
ਗੋ-ਗੋ ਕਟੋਰਾ ਵਟਣੇ ਦਾ,
ਜਿੰਦੜੀ ਕਟੋਰਾ ਵਟਣੇ ਦਾ।
ਵਾਹ ਵਾਹ ਕਿ ਗੋ ਰਹੀਆਂ ਦੋ ਜਣੀਆਂ,
ਜਿੰਦੜੀ ਕਿ ਗੋ ਰਹੀਆਂ ਦੋ ਜਣੀਆਂ।
ਵਾਹ ਵਾਹ ਮਲੇਂਦੀਆਂ ਦੋ ਜਣੀਆਂ,
ਜਿੰਦੜੀ ਕਿ ਮਲੇਂਦੀਆਂ ਦੋ ਜਣੀਆਂ।
ਵਾਹ ਵਾਹ ਕਿ ਆਮ੍ਹੋ-ਸਾਮ੍ਹਣੀਆਂ,
ਜਿੰਦੜੀ ਕਿ ਆਮ੍ਹੋ-ਸਾਮ੍ਹਣੀਆਂ।
ਵਾਹ ਵਾਹ ਕਿ ਜੇਠ ਜਠਾਨੜੀਆਂ,
ਜਿੰਦੜੀ ਕਿ ਜੇਠ ਜਠਾਨੜੀਆਂ।
ਵਾਹ ਵਾਹ ਕਿ ਦੇਰ ਦਰਾਨੜੀਆਂ,
ਜਿੰਦੜੀ ਕਿ ਦੇਰ ਦਰਾਨੜੀਆਂ।
ਵਾਹ ਵਾਹ ਕਿ ਸਕੀਆਂ ਭੈਨੜੀਆਂ,
ਜਿੰਦੜੀ ਕਿ ਸਕੀਆਂ ਭੈਨੜੀਆਂ।
ਵਾਹ! ਵਾਹ! ਕਿ ਚਾਦਰ ਚਿੜੀਆਂ ਦੀ,
ਜਿੰਦੜੀ ਕਿ ਚਾਦਰ ਚਿੜੀਆਂ ਦੀ।
ਵਾਹ! ਵਾਹ! ਕਿ ਰੌਣਕ ਕੁੜੀਆਂ ਦੀ,
ਜਿੰਦੜੀ ਕਿ ਰੌਣਕ ਕੁੜੀਆਂ ਦੀ।

0

ਰਾਮਾ! ਕਾਹੇ ਦਾ ਤੇਲ ਕਾਹੇ ਦਾ ਵਟਣਾ,
ਮੇਰੀ ਲਾਡੋ ਦੇ ਅੰਗ ਲਗਾਈਏ।
ਸਰੋਂ ਦਾ ਤੇਲ ਫੁੱਲਾਂ ਦਾ ਵਟਣਾ,
ਇਸ ਲਾਡੋ ਦੇ ਅੰਗ ਲਗਾਈਏ।
ਰਾ ਪੁਰ ਤੇਲਣ, ਰਾ ਪੁਰ ਤੇਲਣ,
ਉਸ ਕੋਲੋਂ ਤੇਲ ਮੰਗਾਈਏ।
ਰਾ ਪੁਰ ਮਾਲਣ, ਰਾ ਪੁਰ ਮਾਲਣ,
ਉਸ ਕੋਲੋਂ ਫੁੱਲ ਮੰਗਾਈਏ।

0

ਪਹਿਲੇ ਸਮਿਆਂ ਵਿਚ ਉਸ ਤੋਂ ਬਾਅਦ ਮਾਂ ਕੁੜੀ ਦੇ ਮੂੰਹ ਵਿਚ ਘਿਓ-ਖੰਡ ਦੀਆਂ 7 ਬੁਰਕੀਆਂ ਪਾਉਂਦੀ ਸੀ। ਮਾਂ ਵਲੋਂ ਵਿਦਾ ਹੋ ਰਹੀ ਧੀ ਨੂੰ ਘਿਉ ਕਰੂਲੀਆਂ ਕਰਾਉਣ ਲਈ ਇਹ ਢੁਕਵਾਂ ਸਮਾਂ ਪ੍ਰਤੀਤ ਹੁੰਦਾ ਸੀ। ਹੁਣ ਘਿਓ-ਖੰਡ ਦੀ ਥਾਂ ਤੇ ਬੂੰਦੀ ਜਾਂ ਕੋਈ ਹੋਰ ਮਠਿਆਈ ਰੱਖੀ ਜਾਂਦੀ ਹੈ।

ਫਿਰ ਸਭ ਤੋਂ ਪਹਿਲਾਂ ਮਾਂ ਵਾਰਨਾ ਕਰਦੀ ਸੀ ਅਤੇ ਫਿਰ ਮੌਕੇ ਤੇ ਹਾਜ਼ਰ ਸਭ ਚਾਚੀਆਂ, ਤਾਈਆਂ, ਮਾਮੀਆਂ, ਮਾਸੀਆਂ ਅਤੇ ਸ਼ਰੀਕਣੀਆਂ ਵੱਲੋਂ ਵਾਰਨੇ ਕਰ ਕੇ ਲਾਗਣ ਨੂੰ ਦੇ ਦਿੱਤੇ ਜਾਂਦੇ ਸਨ। ਵਿਆਂਹਦੜ ਕੁੜੀ ਘਿਓ-ਖੰਡ ਵਾਲੀ ਥਾਲੀ ਲੈ ਕੇ ਅੰਦਰ ਜਾ ਕੇ ਹੋਰ ਕੁਆਰੀਆਂ ਕੁੜੀਆਂ ਨੂੰ ਗਰਾਹੀਆਂ ਖਾਣ ਨੂੰ ਦਿੰਦੀ ਸੀ। ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਹ ਗਰਾਹੀਆਂ ਖਾਣ ਨਾਲ ਬਾਕੀ ਕੁਆਰੀਆਂ ਸਹੇਲੀਆਂ ਦਾ ਵਿਆਹ ਜਲਦੀ ਹੋਵੇਗਾ। ਮਾਂ ਮਲਿਆ ਹੋਇਆ ਵਟਣਾ 'ਕੱਠਾ ਕਰ ਕੇ ਪਟੜੀ ਟੱਪਦੀ ਸੀ। ਮਾਂ ਵਲੋਂ ਪਟੜੀ ਟੱਪਣਾ ਅਤੇ ਵਟਣੇ ਵਾਲੀ ਥਾਂ ਨੂੰ ਸਾਫ਼ ਕਰਨਾ ਉਸ ਦੇ ਰਿਸ਼ਤੇ ਦਾ ਮਾਣ ਹੀ ਹੁੰਦਾ ਸੀ। ਇਹ ਰਸਮ ਦੇਸ਼-ਵਿਦੇਸ਼ ਵਿਚ ਇਸ ਰੂਪ ਵਿਚ ਹੀ ਪ੍ਰਚਲਿਤ ਹੈ। ਪਰਦੇਸਾਂ ਵਿਚ ਵਾਰਨੇ ਧਰਮ ਸਥਾਨ ਤੇ ਚੜ੍ਹਾ ਦਿੱਤੇ ਜਾਂਦੇ ਹਨ ਜਾਂ ਬਾਅਦ ਵਿਚ ਵੇਟਰਾਂ ਨੂੰ ਟਿੱਪ ਦੇ ਰੂਪ ਵਿਚ ਦੇ ਦਿੱਤੇ ਜਾਂਦੇ ਹਨ।

ਪਟੜੀ ਟੱਪ ਪਿਆਰੀਏ ਨੀ,
ਸੱਤਾਂ ਪੁੱਤਾਂ ਦੀਏ ਮਾਏਂ।
ਪਟੜੀ ਟੱਪ ਪਿਆਰੀਏ ਨੀ,
ਸੱਤਾਂ ਪੁੱਤਾਂ ਦੀਏ ਮਾਏਂ।
ਪਟੜੀ ਟੱਪ ਨਾ ਸਕਦੀ ਨੀ,
ਬੁੱਢੂ ਬਾਬੇ ਦੀ ਪੋਤੀ।
ਪਟੜੀ ਟੱਪ ਨਾ ਸਕਦੀ ਨੀ,
ਬੁੱਢੂ ਬਾਬੇ ਦੀ ਪੋਤੀ।

ਇਸ ਤੋਂ ਬਾਅਦ ਸਭ ਨੂੰ ਟਿੱਕੀਆਂ ਅਤੇ ਘੁੰਙਣੀਆਂ ਆਦਿ ਵੰਡੀਆਂ ਜਾਂਦੀਆਂ ਸਨ, ਹੁਣ ਲੱਡੂ ਵੰਡੇ ਜਾਂਦੇ ਹਨ। ਇਸ ਦੇ ਨਾਲ ਹੀ ਵਧਾਈਆਂ ਦੇ ਗੀਤ ਸ਼ੁਰੂ ਹੋ ਜਾਂਦੇ ਹਨ:

ਚੜ੍ਹਿਆ ਮਹੀਨਾ ਫ਼ੱਗਣ,
ਕਿ ਘੁੰਙਣੀਆਂ ਦਾ ਚੱਬਣ।
ਕਿ ਮੀਤੋ ਕੁੜੀਏ ਦਾਰੀਏ,
ਕਿ ਚੁੱਕ ਪਤੀਲੇ ਦਾ ਢੱਕਣ।
ਕਿ ਇਕੋ ਫ਼ੱਕਾ ਮਾਰੀਏ...

0

ਮਾਮੇ ਨੇ ਮਾਮੀ ਕੁੱਟੀ,
ਦੋ ਦਾਣਿਆਂ ਬਦਲੇ।
ਚਾਚੇ ਨੇ ਚਾਚੀ ਕੁੱਟੀ,
ਦੋ ਦਾਣਿਆਂ ਬਦਲੇ।

0

ਆਈਆਂ ਨੀ ਸੰਤੀਏ ਤੇਰੇ ਚਾਅ,
ਤੇੜ ਦੀ ਘੱਗਰੀ ਥੱਲੇ ਵਿਛਾ।
ਤੇੜ ਦੀ ਘੱਗਰੀ ਛੋਟੀ ਆ,
ਸੰਤੀ ਮਨ ਦੀ ਖੋਟੀ ਆ।

0

ਦੁੱਧ ਕੜ੍ਹੇਂਦਿਆ ਵੇ
ਉਤੇ ਆਈ ਆ ਮਲਾਈ
ਭਾਬੋ ਰਾਣੀਏ ਨੀ ਸਾਡੀ ਮੰਨ ਲਾ ਵਧਾਈ।
ਦੁੱਧ ਕੜ੍ਹੇਂਦਿਆ ਵੇ
ਉਤੇ ਆਈ ਆ ਮਲਾਈ,
ਚਾਚੀ ਰਾਣੀਏ ਨੀ ਸਾਡੀ ਮੰਨ ਲਾ ਵਧਾਈ।

0

ਵਧਾਈਆਂ ਕਮਲਾ ਤੈਨੂੰ, ਵਧਾਈਆਂ ਲੈ।
ਜਣੇਂਦੇ ਨੂੰ ਬਣੇਂਦੇ ਨੂੰ,
ਜੰਮਣ ਘੁੱਟੀ ਦੇਂਦੇ ਨੂੰ।
ਦੀਵਾਲੀ ਵਾਲੇ ਦਿਨ ਨੂੰ,
ਵਸੋਏ (ਵਿਸਾਖੀ) ਵਾਲੀ ਰਾਤ ਨੂੰ।
ਜਿਨ ਰੱਖਿਆ ਕਮਲਾ ਨਾਂ, ਵਧਾਈਆਂ ਲੈ।

ਮੁੰਡੇ ਵਾਲੇ ਘਰ ਵਟਣਾ ਅਤੇ ਗੀਤ

ਵਿਆਂਹਦੜ ਮੁੰਡੇ ਲਈ ਵੀ ਪਲਕਾ ਖੋਲ੍ਹਣ ਨੂੰ ਛੱਡ ਕੇ ਬਾਕੀ ਸਭ ਰਸਮਾਂ ਉਸੇ ਤਰ੍ਹਾਂ ਹੀ ਕੀਤੀਆਂ ਜਾਂਦੀਆਂ ਸਨ। ਪਹਿਲਾ ਮਾਈਆਂ ਸਵੇਰੇ ਲੱਗਦਾ ਸੀ ਅਤੇ ਦੂਜਾ ਮਾਈਆਂ ਦੂਜੇ ਦਿਨ ਸ਼ਾਮ ਨੂੰ ਨਾਨਕਿਆਂ ਵਲੋਂ ਲਗਾਇਆ ਜਾਂਦਾ ਸੀ। ਮੁੰਡੇ ਲਈ ਗਾਏ ਜਾਣ ਵਾਲੇ ਗੀਤਾਂ ਵਿਚਲੀ ਸ਼ਬਦਾਵਲੀ ਬਦਲ ਦਿੱਤੀ ਜਾਂਦੀ ਸੀ। ਹੁਣ ਵੀ ਇਹ ਰਸਮ ਇਸ ਤਰ੍ਹਾਂ ਪ੍ਰਚੱਲਿਤ ਹੈ। ਪਰਦੇਸਾਂ ਵਿਚ ਜੇ ਨਾਨਕੇ ਕੋਲ ਨਾ ਹੋਣ ਤਾਂ ਇਹ ਮਾਈਆਂ ਕਿਸੇ ਨਜ਼ਦੀਕੀ ਦੋਸਤ ਦੇ ਘਰ ਵੀ ਲਗਾਇਆ ਜਾਂਦਾ ਹੈ।

ਰਾਮਾ! ਕਾਹੇ ਦਾ ਤੇਲ ਕਾਹੇ ਦਾ ਵਟਣਾ,
ਮੇਰੇ ਹਰ ਜੀ ਦੇ ਅੰਗ ਲਗਾਈਏ।
ਸਰੋਂ ਦਾ ਤੇਲ ਫੁੱਲਾਂ ਦਾ ਵਟਣਾ,
ਇਸ ਲਾੜੇ ਦੇ ਅੰਗ ਲਗਾਈਏ।
ਰਾ ਪੁਰ ਮਾਲਣ, ਰਾ ਪੁਰ ਤੇਲਣ,
ਉਸ ਕੋਲੋਂ ਤੇਲ ਮੰਗਾਈਏ।
ਰਾ ਪੁਰ ਮਾਲਣ, ਰਾ ਪੁਰ ਮਾਲਣ,
ਉਸ ਕੋਲੋਂ ਫੁੱਲ ਮੰਗਾਈਏ।

ਇਸ ਤੋਂ ਬਾਅਦ ਮਾਂ ਵਿਆਂਹਦੜ ਮੁੰਡੇ ਦੇ ਮੂੰਹ ਵਿਚ ਘਿਓ-ਖੰਡ ਦੀਆਂ 7 ਬੁਰਕੀਆਂ ਪਾਉਂਦੀ ਸੀ। ਹੁਣ ਬੂੰਦੀ, ਲੱਡੂ ਜਾਂ ਬਰਫ਼ੀ ਖੁਆਉਂਦੇ ਹਨ। ਵਿਆਂਹਦੜ ਮੁੰਡੇ ਦੀਆਂ ਭਾਬੀਆਂ ਇਹ ਬੁਰਕੀਆਂ ਉਸ ਦੇ ਮੂੰਹ ਵਿਚ ਜਾਣ ਤੋਂ ਪਹਿਲਾਂ ਹੀ ਖੋਂਹਦੀਆਂ ਹਨ ਅਤੇ ਵਿਆਂਹਦੜ ਮੁੰਡਾ ਆਪਣਾ ਜ਼ੋਰ ਦਿਖਾਉਂਦਾ ਉਨ੍ਹਾਂ ਦੀਆਂ ਬਾਹਾਂ ਫੜ ਕੇ ਪੂਰੀ ਚਤੁਰਾਈ ਨਾਲ ਬੁਰਕੀ ਖਾਣ ਵਿਚ ਕਾਮਯਾਬ ਹੋ ਜਾਂਦਾ ਹੈ। ਮਾਂ ਵੀ ਦਿਓਰ-ਭਾਬੀਆਂ ਦੇ ਇਸ ਸ਼ੁਗਲ ਵਿਚ ਆਪਣੇ ਘੋੜੀ ਚੜ੍ਹਨ ਜਾ ਰਹੇ ਪੁੱਤ ਦਾ ਸਾਥ ਹੀ ਦਿੰਦੀ ਹੈ। ਬੁਰਕੀਆਂ ਖੋਂਹਦੇ ਵਕਤ ਇਹ ਰਸਮ ਬਹੁਤ ਰੌਚਿਕ ਹੋ ਜਾਂਦੀ ਹੈ। ਬੁਰਕੀਆਂ ਖੋਹਣ ਦਾ ਮੰਤਵ ਭਾਬੀਆਂ ਵਲੋਂ ਸਹੁਰੇ ਘਰ ਵਿਚ ਆਪਣੀ ਸਥਾਪਿਤ ਹੋਂਦ ਦਾ ਅਹਿਸਾਸ ਕਰਵਾਉਣਾ ਹੁੰਦਾ ਹੈ। ਸਹੁਰੇ ਘਰ ਵਿਚ ਦਰਾਣੀ ਤੋਂ ਪਹਿਲਾਂ ਆਪਣਾ ਹੱਕ ਜਤਾ ਕੇ ਦਿਉਰ ਨਾਲ ਹਾਸਾ-ਠੱਠਾ ਕਰਨਾ ਹੁੰਦਾ ਹੈ।

ਮਾਈਏਂ ਦੀ ਰਸਮ ਤੋਂ ਬਾਅਦ ਸਭ ਨੂੰ ਟਿੱਕੀਆਂ-ਘੁੰਙਣੀਆਂ ਆਦਿ ਦੇ ਕੇ ਤੋਰਿਆ ਜਾਂਦਾ ਸੀ। ਪਰਦੇਸਾਂ ਵਿਚ ਇਸ ਦੀ ਥਾਂ ਮਿਠਿਆਈਆਂ ਨੇ ਲੈ ਲਈ ਹੈ।

ਅਰੁੰਧਤੀ ਦੀ ਅਗਲੀ ਉਡਾਣ

1997 ਵਿਚ ਪਹਿਲਾ ਨਾਵਲ 'ਦਿ ਗੌਡ ਆਫ ਸਮਾਲ ਥਿੰਗਜ਼' ਛਪਵਾਉਣ ਵਾਲੀ ਲਿਖਾਰੀ ਅਰੁੰਧਤੀ ਰਾਏ ਦਾ ਦੂਜਾ ਨਾਵਲ 'ਦਿ ਮਿਨਿਸਟਰੀ ਆਫ ਅੱਟਮੋਸਟ ਹੈਪੀਨੈੱਸ' ਅਗਲੇ ਸਾਲ ਜੂਨ ਵਿਚ ਛਪ ਰਿਹਾ ਹੈ...

ਮਸ਼ਹੂਰ ਲਿਖਾਰੀ ਅਤੇ ਕਾਰਕੁਨ ਅਰੁੰਧਤੀ ਰਾਏ ਨੇ ਐਲਾਨ ਕਰ ਦਿੱਤਾ ਹੈ। ਉਸ ਦਾ ਦੂਜਾ ਨਾਵਲ 'ਦਿ ਮਿਨਿਸਟਰੀ ਆਫ ਅੱਟਮੋਸਟ ਹੈਪੀਨੈੱਸ' ਅਗਲੇ ਸਾਲ ਜੂਨ ਮਹੀਨੇ ਹੈਮਿਸ਼ ਹੈਮਿਲਟਨ ਯੂ.ਕੇ. ਅਤੇ ਪੈਂਗੁਇਨ ਇੰਡੀਆ ਵੱਲੋਂ ਛਾਪਿਆ ਜਾ ਰਿਹਾ ਹੈ। ਇਸ ਨਾਵਲ ਬਾਰੇ ਉਤਸੁਕਤਾ ਜਾਗਣੀ ਸੁਭਾਵਕ ਹੈ। ਉਸ ਦੇ ਸਾਹਿਤਕ ਏਜੰਟ ਡੇਵਿਡ ਗੋਡਵਿਨ ਨੇ ਇਹ ਕਹਿ ਕੇ ਉਤਸੁਕਤਾ ਹੋਰ ਵਧਾ ਦਿੱਤੀ ਹੈ- ''ਅਜਿਹਾ ਨਾਵਲ ਅਰੁੰਧਤੀ ਰਾਏ ਹੀ ਲਿਖ ਸਕਦੀ ਹੈ। ਐਨ ਮੌਲਿਕ, ਨਿਵੇਕਲਾ ਅਤੇ ਨਿਆਰਾ। ਇਹ ਨਾਵਲ ਪਿਛਲੇ ਵੀਹ ਵਰ੍ਹਿਆਂ ਤੋਂ ਲਿਖਿਆ ਜਾ ਰਿਹਾ ਸੀ... ਪਲ ਪਲ! ਇੰਨੀ ਲੰਮੀ ਉਡੀਕ ਦਾ ਮੁੱਲ ਪੈ ਗਿਆ ਹੈ।''



ਅਰੁੰਧਤੀ ਦੇ ਨਾਵਲ 'ਦਿ ਗੌਡ ਆਫ ਸਮਾਲ ਥਿੰਗਜ਼' ਦਾ ਟਾਈਟਲ।

ਸਾਲ 1997 ਵਿਚ ਜਦੋਂ ਅਰੁੰਧਤੀ ਰਾਏ ਦਾ ਪਹਿਲਾ ਨਾਵਲ 'ਦਿ ਗੌਡ ਆਫ ਸਮਾਲ ਥਿੰਗਜ਼' ਛਪਿਆ ਸੀ ਤਾਂ ਉਸ ਨੇ ਸਮਝੋ ਇਕੋ ਡਗੇ ਨਾਲ ਪਿੰਡ ਲੁੱਟ ਲਿਆ ਸੀ। ਇਸ ਨਾਵਲ ਲਈ ਉਸ ਨੂੰ ਵੱਕਾਰੀ 'ਮੈਨ ਬੁੱਕਰ ਇਨਾਮ' ਮਿਲਿਆ। ਇਸ ਨਾਵਲ ਵਿਚ ਉਸ ਦੇ ਬਚਪਨ ਦਾ ਇਕ ਖਾਸ ਹਿੱਸਾ ਪਰੋਇਆ ਹੋਇਆ ਹੈ। ਉਂਜ ਇਸ ਨਾਵਲ ਦੇ ਬਿਰਤਾਂਤ ਨੇ ਸਭ ਨੂੰ ਕਾਇਲ ਕੀਤਾ ਅਤੇ ਦਿਨ-ਬਦਿਨ ਉਸ ਦੀਆਂ ਸਿਫਤਾਂ ਦਾ ਪੁਲ ਵੱਡਾ ਹੁੰਦਾ ਗਿਆ।

ਸਿਫਤਾਂ ਦਾ ਇਹ ਪੁਲ ਵੱਡਾ ਹੋਣ ਵਿਚ ਉਸ ਦੇ ਨਾਵਲ ਦਾ ਯੋਗਦਾਨ ਤਾਂ ਸੀ ਹੀ, ਉਸ ਦੇ ਐਕਵਿਜ਼ਿਮ ਨੇ ਵੀ ਉਸ ਲਈ ਜੱਸ ਖੱਟਿਆ। ਉਸ ਨੇ ਮਨੁੱਖੀ ਹੱਕਾਂ ਅਤੇ ਵਾਤਾਵਰਨ ਦੇ ਮੁੱਦਿਆਂ ਤੋਂ ਇਲਾਵਾ ਕਈ ਮਾਮਲਿਆਂ ਵਿਚ ਸਖਤ ਸਿਆਸੀ ਪੈਂਤੜੇ ਵੀ ਮੱਲੇ ਅਤੇ ਹਾਕਮਾਂ ਦਾ ਗੁੱਸਾ ਵੀ ਝੱਲਿਆ। ਇਸ ਨਾਲ ਉਸ ਦਾ ਕੱਦ-ਬੁੱਤ ਦਿਨਾਂ ਵਿਚ ਹੀ ਉਚ-ਦੁਮਾਲੜਾ ਹੋ ਗਿਆ। ਅਰੁੰਧਤੀ ਦਾ ਜਨਮ ਬੰਗਾਲੀ ਹਿੰਦੂ ਰਾਜੀਬ ਰਾਏ ਅਤੇ ਮਲਿਆਲੀ ਇਸਾਈ ਮੇਰੀ ਰਾਏ ਦੇ ਘਰ ਹੋਇਆ। ਉਹ ਮਸਾਂ ਦੋ ਵਰ੍ਹਿਆਂ ਦੀ ਹੋਈ ਸੀ ਕਿ ਰਾਜੀਬ ਅਤੇ ਮੇਰੀ ਅਲੱਗ ਹੋ ਗਏ। ਦਿੱਲੀ ਵਿਚ ਉਹਨੇ ਆਰਕੀਟੈਕਟ ਦੀ ਪੜ੍ਹਾਈ ਹਾਸਲ ਕੀਤੀ ਅਤੇ ਉਥੇ ਹੀ 1984 ਵਿਚ ਉਹ ਫਿਲਮਸਾਜ਼ ਪ੍ਰਦੀਪ ਕਿਸ਼ਨ ਨੂੰ ਮਿਲੀ। ਉਨ੍ਹਾਂ ਦਿਨੀ ਪ੍ਰਦੀਪ ਫਿਲਮ 'ਮੈਸੀ ਸਾਹਿਬ' ਬਣਾਉਣ ਦੀ ਤਿਆਰੀ ਕਰ ਰਿਹਾ ਸੀ। ਅਰੁੰਧਤੀ ਨੂੰ ਇਸ ਫਿਲਮ ਵਿਚ ਕੰਮ ਮਿਲ ਗਿਆ। ਇਸ ਤੋਂ ਬਾਅਦ ਅਰੁੰਧਤੀ ਨੇ ਕਈ ਕੰਮ ਕੀਤੇ, ਪਰ 'ਦਿ ਗੌਡ ਆਫ ਸਮਾਲ ਥਿੰਗਜ਼' ਤੋਂ ਬਾਅਦ ਉਸ ਦੀ ਦੁਨੀਆ ਬਦਲ ਗਈ। ਆਪਣੀ ਮਸ਼ਹੂਰੀ ਨੂੰ ਉਸ ਨੇ ਲੋਕ-ਹਿਤ ਦੇ ਲੇਖੇ ਲਾ ਦਿੱਤਾ। ਉਸ ਨੇ ਕਸ਼ਮੀਰੀ ਸੰਘਰਸ਼ ਦੇ ਹੱਕ ਵਿਚ ਅਤੇ ਮੇਧਾ ਪਾਟੇਕਰ ਨਾਲ ਰਲ ਕੇ ਸਰਦਾਰ ਸਰੋਵਰ ਪ੍ਰੋਜੈਕਟ ਦੇ ਖਿਲਾਫ ਸਟੈਂਡ ਲਿਆ। ਫਿਰ ਅਮਰੀਕਾ ਦੀ ਅਫਗਾਨਿਸਤਾਨ ਵਿਚਲੀ ਵਿਦੇਸ਼ ਨੀਤੀ ਅਤੇ ਭਾਰਤ ਦੇ ਪਰਮਾਣੂ ਪ੍ਰੋਗਰਾਮ ਦੀ ਤਿੱਖੀ ਨੁਕਤਾਚੀਨੀ ਕੀਤੀ। ਫਲਸਤੀਨੀਆਂ ਦਾ ਘਾਣ ਕਰ ਰਹੇ ਇਸਰਾਈਲ ਦੀ ਵੀ ਉਸ ਨੇ ਆਲੋਚਨਾ ਕੀਤੀ। ਭਾਰਤ ਵਿਚ ਉਸ ਦੀ ਸਭ ਤੋਂ ਵੱਧ ਚਰਚਾ ਮਾਓਵਾਦੀਆਂ ਦੇ ਸੰਘਰਸ਼ ਦੀ ਹਮਾਇਤ ਕਰਨ ਕਰ ਕੇ ਹੋਈ। ਜਦੋਂ ਸਰਕਾਰ ਨੇ ਮਾਓਵਾਦੀਆਂ ਖਿਲਾਫ ਵੱਡੇ ਪੱਧਰ ਉਤੇ ਓਪਰੇਸ਼ਨ ਗ੍ਰੀਨ ਹੰਟ ਆਰੰਭ ਕੀਤਾ ਤਾਂ ਉਸ ਨੇ ਇਸ ਨੂੰ ''ਮੁਲਕ ਦੇ ਗੁਰਬਤ ਮਾਰੇ ਲੋਕਾਂ ਖਿਲਾਫ ਜੰਗ'' ਕਰਾਰ ਦਿੱਤਾ। ਸਾਲ 2011 ਵਿਚ ਜਦੋਂ ਮੁਲਕ ਦੇ ਬਹੁਤੇ ਲੋਕ ਭ੍ਰਿਸ਼ਟਾਚਾਰ ਖਿਲਾਫ ਮੁਹਿੰਮ ਚਲਾ ਰਹੇ ਸਮਾਜ-ਸੇਵੀ ਅੰਨਾ ਹਜ਼ਾਰੇ ਦੀਆਂ ਸਿਫਤਾਂ ਕਰ ਰਹੇ ਸਨ ਤਾਂ ਅਰੁੰਧਤੀ ਰਾਏ ਨੇ ਉਸ ਦੇ ਅੰਦੋਲਨ ਬਾਰੇ ਵੱਡੇ ਸਵਾਲ ਖੜ੍ਹੇ ਕੀਤੇ ਜੋ ਬਾਅਦ ਵਿਚ ਸਹੀ ਸਾਬਤ ਹੋਏ। ਅੱਜ ਸੰਸਾਰ ਭਰ ਵਿਚ ਅਰੁੰਧਤੀ ਰਾਏ ਦੇ ਵਿਚਾਰਾਂ ਦਾ ਮੁੱਲ ਪੈਂਦਾ ਹੈ। ਉਸ ਦੀ ਗਿਣਤੀ ਅਮਰੀਕੀ ਚਿੰਤਕ ਨੌਮ ਚੌਮਸਕੀ ਵਰਗਿਆਂ ਨਾਲ ਹੁੰਦੀ ਹੈ। 2013 ਵਿਚ ਜਦੋਂ ਭਾਜਪਾ ਨੇ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਆਪਣਾ ਉਮੀਦਵਾਰ ਐਲਾਨਿਆ ਸੀ ਤਾਂ ਅਰੁੰਧਤੀ ਨੇ ਇਸ ਨੂੰ ''ਤਰਾਸਦੀ'' ਆਖਿਆ ਸੀ। ਸੱਚਮੁੱਚ ਇਹ ਸ਼ਖਸ ਹੁਣ ਮੁਲਕ ਲਈ ਤਰਾਸਦੀ ਬਣ ਕੇ ਵਰ੍ਹ ਰਿਹਾ ਹੈ।

-ਕੀਰਤ ਕਾਸ਼ਣੀ

ਕਲਾ ਪਰਿਕਰਮਾ

ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਅਕਤੂਬਰ 2016 ਹੈ। -ਸੰਪਾਦਕ

ਕੈਪਸ਼ਨ ਮੁਕਾਬਲਾ-243

ਧੁਣਖੀ ਵਾਂਗ ਸਰੀਰ ਹੋ ਗਿਆ ਕੁੱਬਾ,
ਏਸ ਉਮਰ ਵਿਚ ਔਖੀ ਮੈਂ ਹੋ ਰਹੀ ਆਂ।
ਪਾਪੀ ਪੇਟ ਦੀ ਅੱਗ ਬੁਝਾਉਣ ਖਾਤਰ
ਭਾਰ ਬਾਲਣ ਤੇ ਜੀਣ ਦਾ ਢੋ ਰਹੀ ਆਂ।

ਕੈਪਸ਼ਨ ਮੁਕਾਬਲਾ-241

ਕਾਗਜ਼ੀ ਘੋੜੇ ਬਹੁਤ ਦੌੜਾਂਦੇ
ਪਰ ਉਂਜ ਅਸਲੀਅਤ ਤੋਂ ਖਾਲੀ ਨੇ।
ਖਾ ਗਈ ਵਾੜ ਖੇਤ ਨੂੰ ਪੂਰਾ
ਨੇਤਾ ਕਹਿਣ ਨੂੰ ਭਾਵੇਂ ਮਾਲੀ ਨੇ।
ਬਜਰੀ ਤੇ ਲੁੱਕ ਵੜ ਗਈ ਢਿੱਡੀਂ
ਤੇ ਸੜਕ ਵਿਚਾਰੀ ਰਹਿ ਗਈ ਪੋਲੀ।
ਖੱਡਿਆਂ ਦੇ ਵਿਚ ਟਰੱਕ ਉਲਟਿਆ
ਕਾਲੀ ਕਰਤੂਤ ਦੀ ਪੋਲ ਖੋਲ੍ਹੀ।
ਵਿਕਾਸ ਦੀ ਥਾਂ ਵਿਨਾਸ਼ ਹੋ ਗਿਆ
ਆਪਣਿਆਂ ਕੀਤਾ ਮੰਦੜਾ ਹਾਲ।
ਮੂੰਹੋਂ ਬੋਲ ਤਸਵੀਰ ਪਈ ਆਖੇ
ਪੰਜਾਬ ਹੋਇਆ ਹਾਲੋਂ-ਬੇਹਾਲ।

-ਸੇਵਾ ਸਿੰਘ ਨੂਰਪੁਰੀ

ਸੜਕ ਬਣਾ ਕੇ ਬਜਰੀ ਵਾਲੀ
ਸੀਵਰੇਜ ਥੱਲੇ ਪਾ ਦਿੱਤੇ ਨੇ।
ਲਵਾ ਕੇ ਨਾਹਰੇ ਕਰ ਉਦਘਾਟਨ
ਬੋਰਡ ਸੰਗਮਰਮਰੀ ਲਾ ਦਿੱਤੇ ਨੇ।
ਆਪੋ ਵਿਚੀਂ ਵੰਡ ਗਰਾਂਟਾਂ
ਕਾਗਜ਼ੀਂ ਮੇਲ ਕਰਾ ਦਿੱਤੇ ਨੇ।
ਪਹਿਲੇ ਮੀਂਹ ਨੇ ਲਿਹਾਜ ਨਾ ਕੀਤੀ
ਥਾਂ ਥਾਂ ਹੰਪ ਬਣਾ ਦਿੱਤੇ ਨੇ।
'ਲੋਕੋ ਆਪੇ ਬਚਿਓ ਮੋੜ ਤੋਂ'
ਚਿਤਾਵਨੀ ਫੱਟੇ ਲਾ ਦਿਆਂਗੇ।
ਕੰਮ ਨੂੰ ਪੱਕਾ ਕਰਨ ਦੀ ਖਾਤਰ
ਬਿਲ ਉਨ੍ਹਾਂ ਦੇ ਪਾ ਦਿਆਂਗੇ।
ਚੋਣਾਂ ਮੂਹਰੇ ਆ ਗਈਆਂ ਨੇ
ਵਿਕਾਸ ਨੂੰ ਮੁੱਦਾ ਬਣਾ ਦਿਆਂਗੇ।

-ਜਗਮੀਤ ਸਿੰਘ ਪੰਧੇਰ

ਸੜਕਾਂ ਟੁੱਟੀਆਂ ਵਿਚ ਟੋਏ
ਅਸੀਂ ਮਰ ਗਏ ਓਏ ਹੋਏ।
ਸਰਕਾਰ ਮੰਗ ਕੇ ਵੋਟਾਂ
ਫਿਰ ਭਰਦੇ ਝੋਲੇ, ਨਾਲ ਨੋਟਾਂ।
ਕਰਕੇ ਵਿਕਾਸ ਵਾਲੇ ਵਾਅਦੇ
ਜਿੱਤ ਪਿਛੋਂ ਬਦਲ ਲੈਂਦੇ ਇਰਾਦੇ।
ਫਿਰ ਤੂੰ ਕੌਣ ਤੇ ਮੈਂ ਕੌਣ
ਲੋਕੀਂ ਆਪਣੀ ਕਿਸਮਤ ਨੂੰ ਰੋਣ।
ਪੰਜਾਬ ਕੈਲੀਫੋਰਨੀਆ ਬਣਾਇਆ ਏ
ਸੜਕਾਂ ਟੁੱਟ ਗਈਆਂ ਮੀਂਹ ਨਾਲ
ਨਜ਼ਰ ਟੋਇਆ ਆਇਆ ਏ।

-ਗੋਰਾ ਪ੍ਰਜਾਪਤ, ਨਿਊ ਯਾਰਕ

ਛਪਾਰ ਦੇ ਮੇਲੇ ਚੋਣਾਂ ਦਾ ਡੋਰੂ ਵੱਜ ਗਿਆ।
ਸੰਘ ਪਾੜ ਪਾੜ ਜਸ਼ਨ ਕੀਤੇ
ਤਰੱਕੀਆਂ ਦੇ ਪੁਲ ਬੰਨ ਦਿੱਤੇ।
ਹਕੀਕਤ ਹੈ ਕੁਝ ਹੋਰ
ਜਿਥੇ ਜਿਥੇ ਕਾਬਜ਼ ਹਕੂਮਤ
ਸੜਕਾਂ ਪੁਲ ਇਕਸਾਰ ਨਜ਼ਰ ਆਉਂਦੇ
ਵਿਰੋਧੀ ਜਿਥੇ ਸੜਕਾਂ ਟੁੱਟੀਆਂ, ਖੱਡੇ ਪਏ
ਕਿਤੇ ਬੱਸ ਉਲਟੀ, ਕਿਤੇ ਟਰੱਕ।
ਮਾਲੀਆ ਮਾਫ, ਪਾਣੀ ਬਿਜਲੀ ਮੁਫਤ
ਕੁਨੈਕਸ਼ਨ ਮੋਟਰਾਂ ਦੇ ਮੁਫਤ।
ਪਤਾ ਲੱਗਦਾ ਸਭ ਫੜ੍ਹਾਂ, ਫੋਕੇ ਵਾਅਦੇ
ਤੇਲ ਨਹੀਂ ਇਨ੍ਹਾਂ ਤਿਲਾਂ 'ਚ
ਕਾਰਪੋਰੇਟ ਜਗਤ ਖਾ ਗਏ ਸੀਮਿੰਟ ਬਜਰੀ
ਕਾਗਜ਼ਾਂ ਵਿਚ ਮੁਕੰਮਲ ਸੜਕ
ਅਸਲੀਅਤ ਹੱਥ ਵੀ ਨਹੀਂ ਲਾਇਆ ਅਜੇ।

-ਦਰਸ਼ਨਪਾਲ ਦੋਸਾਂਝ

ਹਿੰਦੂਤਵੀ ਰਾਸ਼ਟਰਵਾਦ ਦੀਆਂ ਬਸਤੀਵਾਦੀ ਜੜ੍ਹਾਂ-3

ਧਰਮ ਬਨਾਮ ਰਾਸ਼ਟਰਵਾਦ

ਬਸਤੀਵਾਦੀਆਂ ਦੀ ਛਾਪ-ਮੋਹਰ

ਭਾਰਤੀ ਰਾਸ਼ਟਰਵਾਦ ਦੇ ਬਸਤੀਵਾਦੀ ਅਤੇ ਸੰਮਿਲਤ (inclusive) ਮੁੱਢ ਨੂੰ ਹਿੰਦੂ ਬਹੁ-ਗਿਣਤੀਵਾਦ ਦੇ ਹਮਾਇਤੀਆਂ ਵਲੋਂ ਘੱਟੇ ਰੋਲਿਆ ਜਾ ਰਿਹਾ ਹੈ। ਇਸ ਲੇਖ ਵਿਚ ਇਤਿਹਾਸਕਾਰ ਰੋਮਿਲਾ ਥਾਪਰ ਨੇ ਇਹ ਤੱਥ ਉਜਾਗਰ ਕੀਤਾ ਹੈ ਕਿ ਹਿੰਦੂਤਵ ਦਾ ਕਪਟ ਕਿਸ ਤਰ੍ਹਾਂ ਬਸਤੀਵਾਦੀ ਇਤਿਹਾਸਕਾਰੀ ਦੀ ਸੌੜੀ ਅਤੇ ਪੱਖਪਾਤੀ ਪਰੰਪਰਾ ਉਪਰ ਉਸਾਰਿਆ ਗਿਆ ਸੀ। ਅੰਗਰੇਜ਼ੀ ਹਫਤਾਵਾਰੀ ਪਰਚੇ 'ਆਊਟਲੁੱਕ' ਵਿਚ ਛਪੇ ਇਸ ਲੰਮੇ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਸਾਨੂੰ ਘੱਲਿਆ ਹੈ। ਐਤਕੀਂ ਇਸ ਲੇਖ ਦੀ ਤੀਜੀ ਅਤੇ ਆਖਰੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ

ਹਿੰਦੁਸਤਾਨ ਵਿਚ ਸਾਡੀਆਂ ਅਜੋਕੀਆਂ ਪਛਾਣਾਂ ਵਿਚ, ਸਿਰਕੱਢ ਪੈੜ ਬਸਤੀਵਾਦੀ ਜ਼ਮਾਨੇ ਵਿਚ ਜਾ ਲੱਭਦੀ ਹੈ। ਇਸ ਦੀਆਂ ਮਿਸਾਲਾਂ ਨਸਲ, ਜ਼ੁਬਾਨ, ਜਾਤ, ਕਬੀਲੇ ਅਤੇ ਧਰਮ ਦੀਆਂ ਪਛਾਣਾਂ ਹਨ। ਗਰੀਬੀ ਅਤੇ ਨਵੀਂ ਤਰ੍ਹਾਂ ਦੀ ਨਾਬਰਾਬਰੀ ਵਸੋਂ ਦੇ ਵੱਡੇ ਹਿੱਸਿਆਂ ਲਈ ਬਸਤੀਵਾਦੀ ਵਿਰਾਸਤ ਹੈ। ਉਨੀਵੀਂ ਸਦੀ ਵਿਚ ਬਸਤੀਵਾਦ ਵਲੋਂ ਘੜੀਆਂ ਪਛਾਣਾਂ ਉਹ ਪ੍ਰਿਜ਼ਮ ਬਣ ਗਈਆਂ ਜਿਨ੍ਹਾਂ ਵਿਚੋਂ ਯੂਰਪ ਨੇ ਹਿੰਦੁਸਤਾਨ ਦੇ ਅਤੀਤ ਨੂੰ ਦੇਖਣਾ ਸ਼ੁਰੂ ਕੀਤਾ। ਇਸ ਬਸਤੀ ਦਾ ਇਤਿਹਾਸ ਬਸਤੀਵਾਦੀ ਹੁਕਮਰਾਨਾਂ ਲਈ ਮੁੱਖ ਸਰੋਕਾਰ ਸੀ ਤਾਂ ਕਿ ਉਹ ਲੋਕਾਂ ਉਪਰ ਰਾਜ ਕਰ ਸਕਣ ਅਤੇ ਦੌਲਤ ਦੀ ਲੁੱਟਮਾਰ ਕਰ ਸਕਣ।

ਇਸ ਸਰੋਕਾਰ ਦਾ ਨਤੀਜਾ ਇਹ ਹੋਇਆ ਕਿ ਪੁਰਾਤਨ ਲਿਖਤਾਂ ਦੀ ਘੁੰਡੀ ਖੋਲ੍ਹਣ, ਖੁਦਾਈ

ਰੋਮਿਲਾ ਥਾਪਰ

ਅਨੁਵਾਦ: ਬੂਟਾ ਸਿੰਘ
ਫੋਨ:91-94634-74342

ਰਾਹੀਂ ਲੁਕੇ ਹੋਏ ਇਤਿਹਾਸ ਨੂੰ ਸਾਹਮਣੇ ਲਿਆਉਣ ਅਤੇ ਭਾਸ਼ਾ ਵਿਗਿਆਨ ਦੁਆਰਾ ਜ਼ੁਬਾਨ ਦੇ ਭਾਸ਼ਾ ਵਿਗਿਆਨਕ ਹਿੱਸਿਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਇਸ ਦੀ ਛਾਣਬੀਣ ਕਰਨ ਦਾ ਮੁਹਾਣ ਪਲਟਾਊ ਕੰਮ ਹੋਇਆ। ਪੁਰਾਤਤਵ ਖੁਦਾਈ, ਭਾਸ਼ਾ ਵਿਗਿਆਨਕ ਸਰਵੇਖਣਾਂ ਤੇ ਪਾਂਡੂ ਲਿੱਪੀਆਂ ਨੂੰ ਸੰਗ੍ਰਿਹ ਕਰਨ ਦੇ ਸਿਲਸਿਲੇਵਾਰ ਪ੍ਰੋਗਰਾਮ ਦੁਆਰਾ ਜਾਣਕਾਰੀ ਜੁਟਾਉਣ ਦੇ ਵਾਹਵਾ ਯਤਨ ਕੀਤੇ ਗਏ। ਭੱਟਾਂ ਦੀਆਂ ਰਚਨਾਵਾਂ ਦੀਆਂ ਮੌਖਿਕ ਰਵਾਇਤਾਂ ਵੀ ਇਸ ਯਤਨ ਦਾ ਹਿੱਸਾ ਸਨ। ਪੁਰਾਤਨ ਲਿਪੀਆਂ ਜਿਵੇਂ ਬ੍ਰਹਮੀ ਦੀ ਘੁੰਡੀ ਖੋਲ੍ਹੀ ਗਈ ਤਾਂ ਕਿ ਸ਼ਿਲਾਲੇਖਾਂ ਨੂੰ ਪੜ੍ਹਿਆ ਜਾ ਸਕੇ, ਤੇ ਇਸ ਜ਼ਰੀਏ ਤਾਜ਼ਾ ਜਾਣਕਾਰੀ ਮੁਹੱਈਆ ਹੋਵੇ ਜੋ ਹਮੇਸ਼ਾ ਮਾਪਦੰਡਾਂ ਅਨੁਸਾਰ ਅਤੇ ਗ੍ਰੰਥਾਂ ਨਾਲ ਮੇਲ ਨਹੀਂ ਸੀ ਖਾਂਦੀ। ਲਿਹਾਜ਼ਾ ਸਮਾਜ ਦੀ ਰੌਚਕ ਮੁਤਬਾਦਲ ਤਸਵੀਰ ਪੇਸ਼ ਕਰਦੀ ਸੀ।

ਤਿੰਨ ਦਲੀਲਾਂ ਹਿੰਦੁਸਤਾਨ ਦੇ ਇਤਿਹਾਸ ਦੀ ਬਸਤੀਵਾਦੀ ਵਿਆਖਿਆ ਦਾ ਮੂਲ ਸਨ। ਪਹਿਲੀ ਸੀ ਕਾਲ ਵੰਡ। ਕਰੀਬ 200 ਸਾਲ ਪਹਿਲਾਂ ਜੇਮਜ਼ ਮਿੱਲ ਨੇ 'ਹਿਸਟਰੀ ਆਫ ਬ੍ਰਿਟਿਸ਼ ਇੰਡੀਆ (1817-1826)' ਵਿਚ ਤਿੰਨ ਕਾਲ ਵੰਡ ਦੇ ਹੱਕ 'ਚ ਦਲੀਲ ਦਿਤੀ, ਇਨ੍ਹਾਂ ਦਾ ਨਾਮਕਰਨ ਹੁਕਮਰਾਨਾਂ ਦੇ ਧਰਮ ਅਨੁਸਾਰ ਕੀਤਾ ਗਿਆ ਸੀ: ਹਿੰਦੂ ਤਹਿਜ਼ੀਬ, ਮੁਸਲਿਮ ਤਹਿਜ਼ੀਬ ਅਤੇ ਬਰਤਾਨਵੀ ਦੌਰ। ਇਸ ਕਾਲ ਵੰਡ ਦੀ ਤਾਈਦ ਇਸ ਮਨੌਤ ਨਾਲ ਕੀਤੀ ਗਈ ਕਿ ਹਿੰਦੁਸਤਾਨੀ ਸਮਾਜ ਦੀਆਂ ਇਕਾਈਆਂ ਹਮੇਸ਼ਾ ਤੋਂ ਇਕਹਿਰੇ ਧਾਰਮਿਕ ਫਿਰਕੇ ਰਹੀਆਂ ਹਨ- ਮੁੱਖ ਤੌਰ 'ਤੇ ਹਿੰਦੂ ਤੇ ਮੁਸਲਿਮ ਜੋ ਇਕ ਦੂਜੇ ਦੇ ਵੈਰੀ ਹਨ।

1872 ਅਤੇ ਬਾਅਦ ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਹਿੰਦੂਆਂ ਨੂੰ ਬਹੁਗਿਣਤੀ ਅਤੇ ਮੁਸਲਮਾਨਾਂ ਤੇ ਬਾਕੀਆਂ ਨੂੰ ਘੱਟਗਿਣਤੀ ਫਿਰਕੇ ਕਿਹਾ ਜਾਣ ਲੱਗਾ। ਦਲੀਲ ਸੀ ਕਿ ਹਿੰਦੁਸਤਾਨ 'ਚ ਇਤਿਹਾਸਕ ਤਬਦੀਲੀ ਦੀ ਅਣਹੋਂਦ ਸੀ; ਸੋ, ਬਸਤੀਵਾਦੀ ਸੱਤਾ ਆਉਣ ਤਕ ਸਭ ਸੰਸਥਾਵਾਂ ਖੜੋਤ ਦੀ ਹਾਲਤ ਵਿਚ ਸਨ। ਇਹ ਕਾਲ ਵੰਡ ਹਿੰਦੁਸਤਾਨ ਦੇ ਇਤਿਹਾਸ ਦੀ ਵਿਆਖਿਆ ਦਾ ਸਵੈਸਿੱਧ ਪ੍ਰਮਾਣ ਬਣ ਗਈ।

ਦੂਜਾ ਦਾਅਵਾ ਸੀ ਕਿ ਪੂਰਵ-ਬਸਤੀਵਾਦੀ ਸਿਆਸੀ ਆਰਥਿਕਤਾ ਉਸ ਮਾਡਲ ਦੇ ਅਨੁਸਾਰੀ ਰਹੀ ਹੈ ਜਿਸ ਨੂੰ ਪੂਰਬੀ ਤਾਨਾਸ਼ਾਹੀ ਦਾ ਨਾਂ ਦਿਤਾ ਗਿਆ ਸੀ। ਇਹ ਨਮੂਨਾ ਜੋ ਸਾਰੇ ਏਸ਼ੀਆਈ ਸਮਾਜਾਂ ਉਤੇ ਸਾਂਝੇ ਤੌਰ 'ਤੇ ਲਾਗੂ ਕੀਤਾ ਗਿਆ, ਕਿਸੇ ਉਘਤਵੇਂ ਆਰਥਿਕ ਤਬਦੀਲੀ ਨੂੰ ਨਹੀਂ ਚਿਤਵਦਾ ਸੀ। ਖੜੋਤ ਮਾਰੇ ਸਮਾਜ ਦਾ ਭਾਵ ਇਹ ਵੀ ਸੀ ਕਿ ਇਸ ਨੂੰ ਇਤਿਹਾਸ ਦੀ ਸਮਝ ਨਹੀਂ ਹੈ।

ਤੀਜਾ ਪਹਿਲੂ ਸੀ ਕਿ ਹਿੰਦੂ ਸਮਾਜ ਹਮੇਸ਼ਾ ਚਾਰ ਮੁੱਖ ਜਾਤੀ ਸਮੂਹਾਂ (ਚਾਰ ਵਰਣਾਂ) ਵਿਚ ਵੰਡਿਆ ਰਿਹਾ ਹੈ। ਇਹ ਦਲੀਲ ਦਿਤੀ ਗਈ ਕਿ ਇਹ ਵੰਡ ਅੱਡ-ਅੱਡ ਰਹਿਣ ਵਾਲੀਆਂ ਨਸਲਾਂ ਦੇ ਸਮੂਹ ਵਾਲੇ ਹਿੰਦੁਸਤਾਨੀ ਸਮਾਜ 'ਤੇ ਆਧਾਰਤ ਸੀ ਜਿਥੇ ਜਾਤ ਉਹ ਬਣਤਰ ਸੀ ਜੋ ਕਾਇਦੇ-ਕਾਨੂੰਨਾਂ ਨਾਲ ਇਸ ਵੰਡ ਨੂੰ ਕੰਟਰੋਲ ਕਰਦੀ ਹੈ ਜੋ ਇਹ ਤੈਅ ਕਰਦੇ ਸਨ ਕਿ ਇਹ ਕੰਮ ਕਿਵੇਂ ਕਰੇ। ਨਸਲੀ ਪਛਾਣ ਉਦੋਂ ਦੇ ਸਮਾਜ ਬਾਬਤ ਵਿਚਾਰਾਂ ਵਿਚ ਮੋਹਰੀ ਰਹਿੰਦੀ ਸੀ ਜਿਸ ਨੂੰ ਇਸ ਦੇ ਬੋਲਬਾਲੇ ਕਾਰਨ ਯੂਰਪ ਅੰਦਰ 'ਨਸਲ ਵਿਗਿਆਨ' ਕਿਹਾ ਜਾਂਦਾ ਸੀ। ਜਾਤ ਦੀ ਇਹ ਧਾਰਨਾ ਬਸਤੀਵਾਦੀ ਵਿਦਵਾਨਾਂ ਨੇ ਮੁੱਖ ਤੌਰ 'ਤੇ ਉਸ ਨੂੰ ਲੈ ਕੇ ਬਣਾਈ ਸੀ ਜਿਸ ਨੂੰ ਉਹ ਹਿੰਦੁਸਤਾਨੀ ਤਹਿਜ਼ੀਬ ਦੀਆਂ ਆਰੀਅਨ ਬੁਨਿਆਦਾਂ ਵਜੋਂ ਦੇਖਦੇ ਸਨ, ਇਕ ਨਸਲ ਅਤੇ ਇਕ ਜ਼ੁਬਾਨ ਦੋਹਾਂ ਦੇ ਤੌਰ 'ਤੇ। ਇਹ ਕਿਉਂਕਿ ਵੱਖਰੀ ਭੂਗੋਲਿਕ ਸਥਿਤੀ ਅਤੇ ਚੋਖੀ ਤਾਦਾਦ 'ਚ ਬੋਲਣ ਵਾਲਿਆਂ ਦਾ ਇਕ ਹੋਰ ਪੁਰਾਤਨ ਭਾਸ਼ਾਈ ਸਮੂਹ ਸੀ, ਇਸ ਕਰ ਕੇ ਆਦਿ ਕਾਲੀ ਲੋਕਾਂ ਉਪਰ ਦਰਾਵਿੜ ਦਾ ਲੇਬਲ ਲਾ ਦਿਤਾ ਗਿਆ। ਹੁਣ ਦਰਾਵਿੜ ਆਰੀਅਨ ਤੋਂ ਵੱਖਰੀ ਚੀਜ਼ ਹੋ ਗਏ। ਸੰਸਕ੍ਰਿਤ ਨੂੰ ਆਰੀਅਨ ਤਹਿਜ਼ੀਬ ਦੀ ਭਾਰੂ ਜ਼ੁਬਾਨ ਮੰਨਿਆ ਗਿਆ; ਭਾਰੂ ਧਰਮ ਵੈਦਿਕ ਬ੍ਰਾਹਮਣਵਾਦ ਸੀ। ਤਿੰਨਾਂ ਹੀ ਬਿਰਤਾਂਤਾਂ ਵਿਚ, ਹਿੰਦੁਸਤਾਨ ਨੂੰ ਅਜਨਬੀ, ਯੂਰਪ ਲਈ "ਗ਼ੈਰ" ਵਜੋਂ ਪੇਸ਼ ਕੀਤਾ ਗਿਆ।

ਬਸਤੀਵਾਦੀ ਵਿਆਖਿਆਵਾਂ ਦਾਅਵਾ ਤਾਂ ਇਹ ਕਰਦੀਆਂ ਸਨ ਕਿ ਬਸਤੀ ਦੇ ਇਤਿਹਾਸ ਦੀ ਵਿਆਖਿਆ ਕਰਦੇ ਵਕਤ ਉਹ ਗਿਆਨ ਚਿੰਤਨ ਤਰਕਸ਼ੀਲਤਾ ਦਾ ਚੌਖਟਾ ਲਾਗੂ ਕਰਦੀਆਂ ਹਨ, ਪਰ ਹਕੀਕਤ ਵਿਚ ਉਹ ਅਜਿਹਾ ਇਤਿਹਾਸ ਥੋਪ ਰਹੀਆਂ ਸਨ ਜੋ ਬਸਤੀਵਾਦੀ ਗ਼ਲਬੇ ਨੂੰ ਜਾਇਜ਼ ਠਹਿਰਾਉਣ ਤੋਂ ਅਲੱਗ ਨਹੀਂ ਸੀ। ਬਸਤੀਵਾਦੀ ਇਤਿਹਾਸਕਾਰਾਂ ਨੇ ਉਨ੍ਹਾਂ ਗ੍ਰੰਥਾਂ ਨੂੰ ਆਧਾਰ ਬਣਾਇਆ ਜਿਨ੍ਹਾਂ ਵਿਚ ਹਿੰਦੁਸਤਾਨੀ ਸਮਾਜ ਦੇ ਕੁਲੀਨ ਵਰਗ-ਜਾਤੀ ਭਵਿਖਨਕਸ਼ੇ ਸਮੋਏ ਹੋਏ ਸਨ ਅਤੇ ਇਨ੍ਹਾਂ ਨੂੰ ਸਮੁੱਚੇ ਸਮਾਜ ਉਪਰ ਲਾਗੂ ਕੀਤਾ ਗਿਆ। ਪੁਰਾਤਨ ਹਿੰਦੁਸਤਾਨ ਬਾਰੇ ਲਿਖਣ ਵਾਲੇ ਹਿੰਦੁਸਤਾਨੀ ਇਤਿਹਾਸਕਾਰ ਨਵੇਂ ਉਭਰੇ ਮੱਧ ਵਰਗ ਵਿਚੋਂ ਸਨ ਅਤੇ ਵਿਸ਼ੇਸ਼ ਅਧਿਕਾਰ ਵਾਲੀਆਂ ਜਾਤਾਂ ਨਾਲ ਸਬੰਧਤ ਸਨ। ਇਸ ਕਰ ਕੇ ਇਨ੍ਹਾਂ ਗ੍ਰੰਥਾਂ ਤੋਂ ਉਹ ਜਾਣੂ ਸਨ।

ਫਿਰ ਵੀ, ਇਕ ਬਹਿਸ ਉਠੀ, ਖ਼ਾਸ ਕਰ ਕੇ ਉਨ੍ਹਾਂ ਇਤਿਹਾਸਕਾਰਾਂ ਅੰਦਰ ਜੋ ਰਾਸ਼ਟਰਵਾਦੀ ਖ਼ਿਆਲਾਂ ਦੇ ਪ੍ਰਭਾਵ ਹੇਠ ਸਨ ਅਤੇ ਕੁਝ ਬਸਤੀਵਾਦੀ ਪੂਰਵ-ਧਾਰਨਾਵਾਂ ਦੇ ਖ਼ਿਲਾਫ ਸਨ। ਬਸਤੀਵਾਦੀ ਕਾਲ ਵੰਡ ਆਮ ਤੌਰ 'ਤੇ ਕਬੂਲ ਕਰ ਲਈ ਗਈ ਸੀ। ਕੁਝ ਨੇ ਇਨ੍ਹਾਂ ਦੇ ਨਾਂ ਬਦਲ ਕੇ ਪੁਰਾਤਨ, ਮੱਧਯੁਗੀ ਅਤੇ ਆਧੁਨਿਕ ਕਰ ਦਿਤੇ ਜੋ ਯੂਰਪ ਤੋਂ ਲਏ ਗਏ ਸਨ ਅਤੇ ਇਨ੍ਹਾਂ ਨੂੰ ਵਧੇਰੇ ਧਰਮ ਨਿਰਪੱਖ ਸਮਝ ਲਿਆ ਗਿਆ, ਹਾਲਾਂਕਿ ਨਿਖੇੜਾ ਕਰਨ ਵਾਲੇ ਪੈਮਾਨੇ ਉਹੀ ਰਹੇ ਅਤੇ ਕੋਈ ਪ੍ਰਭਾਵਸ਼ਾਲੀ ਤਬਦੀਲੀ ਨਹੀਂ ਹੋਈ ਸੀ। ਪੂਰਬੀ ਤਾਨਾਸ਼ਾਹੀ ਜੋ ਹਿੰਦੁਸਤਾਨ ਦੀ ਆਧੁਨਿਕ ਤੋਂ ਪਹਿਲੇ ਦੌਰ ਦੀ ਸਿਆਸੀ ਆਰਥਿਕਤਾ ਦੀ ਵਿਆਖਿਆ ਕਰਨ ਵਾਲੀ ਧਾਰਨਾ ਸੀ, ਬਤੌਰ ਸਿਧਾਂਤ ਇਸ ਨੂੰ ਅਪਨਾਉਣ ਵਾਲੇ ਥੋੜ੍ਹੇ ਸਨ। ਰਾਸ਼ਟਰਵਾਦੀ ਹਿੰਦੁਸਤਾਨੀ ਇਤਿਹਾਸਕਾਰਾਂ ਨੇ ਮੁੱਖ ਤੌਰ 'ਤੇ ਇਸ ਨੂੰ ਖਾਰਜ ਕਰ ਦਿਤਾ। ਫਿਰ ਵੀ, ਪੁਰਾਤਨ ਹਿੰਦੁਸਤਾਨੀ ਸਿਆਸੀ ਆਰਥਿਕਤਾ ਅਤੇ ਸਮਾਜ ਬਾਰੇ ਮੁਤਬਾਦਲ ਮਨੌਤਾਂ ਮਹਿਦੂਦ ਸਨ। ਇਸ ਦਾ ਭਾਵ ਹੋਣਾ ਸੀ ਬਿਰਤਾਂਤ ਗ੍ਰੰਥਾਂ ਦੀ ਆਲੋਚਨਾ ਕਰਨਾ ਅਤੇ ਗ਼ੈਰ-ਧਾਰਮਿਕ ਗ੍ਰੰਥਾਂ ਉਪਰ ਵਧੇਰੇ ਭਰੋਸਾ ਕਰਨਾ। ਆਮ ਲਿਖਤਾਂ 'ਚ ਸਮਾਜੀ ਇਤਿਹਾਸ ਵਲੋਂ ਮੁੱਖ ਤੌਰ 'ਤੇ ਚਾਰ ਵਰਣਾਂ ਵਾਲੀ ਵਿਥਿਆ ਹੀ ਦੁਹਰਾਈ ਗਈ। ਜਿਥੇ ਪਵਿੱਤਰ ਗ੍ਰੰਥਾਂ ਤੇ ਸ਼ਿਲਾਲੇਖੀ ਸਬੂਤਾਂ ਦਰਮਿਆਨ ਟਕਰਾਓ ਸੀ, ਉਸ ਦਾ ਵਿਸ਼ਲੇਸ਼ਣ ਕੀਤਾ ਹੀ ਨਹੀਂ ਗਿਆ।

ਰਾਸ਼ਟਰਵਾਦ ਦੀ ਭਾਰੂ ਸ਼ਕਲ ਜਿਸ ਨੂੰ ਬਸਤੀਵਾਦ ਵਿਰੋਧੀ ਅਤੇ ਧਰਮ ਨਿਰਪੱਖ ਕਿਹਾ ਗਿਆ, ਦੀ ਇਤਿਹਾਸ ਲੇਖਣੀ ਉਪਰ ਛਾਪ 20ਵੀਂ ਸਦੀ ਦੇ ਮੁੱਢ ਵਿਚ ਜਾ ਕੇ ਲੱਗਣੀ ਸ਼ੁਰੂ ਹੋਈ। ਇਹ ਹਿੰਦੁਸਤਾਨੀ ਵਸੋਂ ਦੀ ਬਹੁਗਿਣਤੀ ਦਾ ਰਾਸ਼ਟਰਵਾਦ ਸੀ। ਹਿੰਦੁਸਤਾਨੀ ਅਤੀਤ ਦੇ ਬਸਤੀਵਾਦੀ ਰੂਪਾਂਤਰ ਵਲੋਂ ਇਨ੍ਹਾਂ ਨੂੰ ਕਾਫੀ ਹੱਲਾਸ਼ੇਰੀ ਦਿਤੀ ਗਈ। ਇਹ ਲਾਜ਼ਮੀ ਤੌਰ 'ਤੇ ਬਸਤੀਵਾਦ ਵਿਰੋਧੀ ਨਹੀਂ ਸਨ, ਕਿਉਂਕਿ ਇਨ੍ਹਾਂ ਦਾ ਏਜੰਡਾ ਇਨ੍ਹਾਂ ਦੇ ਵੱਖਰੇ ਧਰਮ ਆਧਾਰਤ ਕੌਮੀ ਰਾਜ ਕਾਇਮ ਕਰਨ ਦੀ ਸਿਆਸੀ ਅਭਿਲਾਸ਼ਾ 'ਚ ਪਿਆ ਹੈ। ਇਹ ਆਪਣੀ ਸਿਆਸੀ ਵਿਚਾਰਧਾਰਾ ਅਤੇ ਇਸ ਲਈ ਉਹ ਜੋ ਲਾਮਬੰਦੀ ਕਰਨਾ ਚਾਹੁੰਦੇ ਸਨ, ਉਸ ਨੂੰ ਸਹੀ ਠਹਿਰਾਉਣ ਲਈ ਉਹ ਉਸ ਇਤਿਹਾਸ ਦੀ ਵਰਤੋਂ ਕਰਨ ਵਿਚ ਵਧੇਰੇ ਰੁਚਿਤ ਸਨ ਜੋ ਬਸਤੀਵਾਦੀ ਵਿਦਵਤਾ ਨੇ ਪਰੋਸ ਦਿਤਾ ਸੀ। ਉਨ੍ਹਾਂ ਨੇ ਦਲੀਲ ਦਿਤੀ ਕਿ ਹਿੰਦੂ ਅਤੇ ਮੁਸਲਿਮ ਦੀ ਇਹ ਪਛਾਣ ਸਮਕਾਲੀ ਦੌਰ ਅੰਦਰ ਕੌਮੀ ਰਾਜਾਂ ਦੇ ਖ਼ਾਸੇ ਨੂੰ ਤੈਅ ਕਰੇਗੀ, ਜੇ ਇਸ ਦਾ ਭਾਵ ਦੋ ਅਲਹਿਦਾ ਰਾਸ਼ਟਰ ਸਥਾਪਤ ਕਰਨਾ ਹੈ ਤਾਂ ਵੀ। ਉਨ੍ਹਾਂ ਲਈ ਜਮਹੂਰੀਅਤ ਅਤੇ ਮਨੁੱਖੀ ਹਕੂਕ ਨਾਲੋਂ ਧਰਮ ਵੱਧ ਅਹਿਮ ਸੀ।

ਇਨ੍ਹਾਂ ਦੋ ਭਵਿੱਖਨਕਸ਼ਿਆਂ ਤੋਂ ਇਤਿਹਾਸ ਦਾ ਨਿਸ਼ਾਨਾ ਉਸ ਨੂੰ ਸਹੀ ਠਹਿਰਾਉਣਾ ਸੀ ਜੋ ਆਜ਼ਾਦੀ ਦਾ ਨਤੀਜਾ ਬਣ ਕੇ ਸਾਹਮਣੇ ਆਉਣਾ ਸੀ- ਇਹ ਸੀ ਹਿੰਦੁਸਤਾਨ ਦੀ ਦੋ ਰਾਜਾਂ ਵਿਚ ਵੰਡ, ਇਕ ਇਸਲਾਮ ਨੂੰ ਬੁਲੰਦ ਕਰਨ ਵਾਲਾ ਅਤੇ ਦੂਜਾ ਉਹ ਜਿਸ ਵਿਚ ਧਰਮ ਨਿਰਪੱਖ ਜਮਹੂਰੀਅਤ ਦੀ ਖਾਹਸ਼ ਰੱਖਣ ਵਾਲਿਆਂ ਅਤੇ ਹਿੰਦੂ ਰਾਜ ਦੀ ਤਜਵੀਜ਼ ਪੇਸ਼ ਕਰਨ ਵਾਲਿਆਂ ਵਿਚਾਲੇ ਸੰਘਰਸ਼ ਸ਼ਾਮਲ ਸੀ। ਇਹ ਦਲੀਲ ਕਿ ਜੇ ਇਕ ਆ ਗਿਆ, ਫਿਰ ਦੂਜਾ ਅਟੱਲ ਹੈ, ਇਹ ਸੋਚ ਮਹਿਜ਼ ਉਨ੍ਹਾਂ ਦੀ ਸੀ ਜੋ ਹਿੰਦੁਸਤਾਨੀ ਇਤਿਹਾਸ ਦੇ ਬਸਤੀਵਾਦੀ ਰੂਪਾਂਤਰ ਨੂੰ ਸਵੀਕਾਰ ਕਰਦੇ ਸਨ, ਜਿਵੇਂ 'ਧਾਰਮਿਕ' ਰਾਸ਼ਟਰਵਾਦੀਆਂ ਨੇ ਕੀਤਾ, ਭਾਵੇਂ ਉਹ ਕਦੇ ਵੀ ਇਹ ਸਵੀਕਾਰ ਨਹੀਂ ਕਰਦੇ ਕਿ ਉਨ੍ਹਾਂ ਦੇ ਸਰੋਤ ਬਸਤੀਵਾਦੀ ਹਨ। ਬਸਤੀਵਾਦ ਤੋਂ ਬਾਅਦ ਦਾ ਰਾਸ਼ਟਰਵਾਦ (ਜੋ ਧਾਰਮਿਕ ਰਾਸ਼ਟਰਵਾਦਾਂ ਤੋਂ ਵੱਖਰਾ ਸੀ) ਅਜੇ ਵੀ ਬਜ਼ਿਦ ਸੀ ਕਿ ਹਿੰਦੁਸਤਾਨ ਦਾ ਰਾਜ ਧਰਮ ਨਿਰਪੱਖ ਜਮਹੂਰੀਅਤ ਹੋਣਾ ਚਾਹੀਦਾ ਹੈ।

ਜਿਥੇ ਕਿਤੇ ਰਾਸ਼ਟਰਵਾਦ ਖ਼ਾਸ ਧਾਰਮਿਕ, ਭਾਸ਼ਾਈ ਜਾਂ ਨਸਲੀ-ਸਭਿਆਚਾਰਕ ਪਛਾਣ ਦੇ ਆਧਾਰ 'ਤੇ ਕੌਮੀ ਰਾਜ ਬਣਾਉਣ 'ਚ ਸਫਲ ਰਿਹਾ, ਇਸ ਨੂੰ ਪਛਾਣਾਂ ਦੀ ਸਿਆਸਤ ਨੂੰ ਵਾਜਬ ਠਹਿਰਾਉਣ ਲਈ ਵਰਤਿਆ ਜਾਂਦਾ ਹੈ। ਇਹ ਹਮੇਸ਼ਾ ਜ਼ਰੂਰੀ ਨਹੀਂ ਹੁੰਦਾ ਕਿ ਪਛਾਣ ਧਰਮ ਵਿਚੋਂ ਪੈਦਾ ਹੋਵੇ। ਬੰਗਲਾਦੇਸ਼ ਦੇ ਮਾਮਲੇ ਵਿਚ ਇਹ ਭਾਸ਼ਾ ਵਿਚੋਂ ਪੈਦਾ ਹੋਈ ਸੀ। ਵੱਖਰਾ ਕੌਮੀ ਰਾਜ ਬਣਾਉਣ ਦੀਆਂ ਹਾਲੀਆ ਨਾਕਾਮਯਾਬ ਮੰਗਾਂ, ਜਿਵੇਂ ਸਿੱਖਾਂ ਵਲੋਂ ਖ਼ਾਲਿਸਤਾਨ ਦੀ ਮੰਗ, ਇਕ ਵਾਰ ਫਿਰ ਵਡੇਰੇ ਰਾਸ਼ਟਰ ਭਾਵ ਬਹੁ-ਧਰਮੀ ਰਾਸ਼ਟਰ ਦੇ ਪ੍ਰਸੰਗ ਅੰਦਰ ਧਰਮ ਵਿਚੋਂ ਪੈਦਾ ਹੋਈਆਂ ਸਨ।

ਵੱਖਵਾਦੀ ਲਹਿਰਾਂ ਚੰਗੀ ਤਰ੍ਹਾਂ ਪੈਰ ਜਮਾ ਚੁੱਕੇ ਰਾਸ਼ਟਰਾਂ ਲਈ ਵੀ ਓਪਰੀ ਚੀਜ਼ ਨਹੀਂ, ਪਰ ਜ਼ਰੂਰੀ ਨਹੀਂ, ਉਹ ਹਿੰਸਕ ਹੋਣ ਜਾਂ ਇੰਤਹਾਪਸੰਦ ਵਿਚਾਰਧਾਰਾ ਵਾਲੀਆਂ ਹੋਣ, ਭਾਵੇਂ ਆਇਰਿਸ਼ ਰਾਸ਼ਟਰਵਾਦ ਵੱਖਰੀ ਚੀਜ਼ ਸੀ ਜਿਸ ਦੇ ਜ਼ਾਹਰਾ ਕਾਰਨ ਰਹੇ ਹਨ। ਹਿੰਦੁਸਤਾਨ 'ਚ ਦੱਖਣ ਦੀਆਂ ਜ਼ੁਬਾਨ ਆਧਾਰਤ ਲਹਿਰਾਂ ਅਤੇ ਖੇਤਰੀ ਖ਼ੁਦਮੁਖਤਿਆਰੀ ਦੀ ਮੰਗਾਂ ਵਾਲੀਆਂ ਲਹਿਰਾਂ ਦੇ ਰੁਝਾਨ ਇਸ ਪਾਸੇ ਰਹੇ ਹਨ। ਜਿਨ੍ਹਾਂ ਲਹਿਰਾਂ ਦੀ ਵਧੇਰੇ ਸੇਧ ਨਸਲੀ-ਸਭਿਆਚਾਰਕ ਖ਼ੂਬੀਆਂ ਵਾਲੀ ਹੈ, ਉਹ ਉਤਰ-ਪੂਰਬ ਦੀਆਂ ਲਹਿਰਾਂ ਹਨ।

ਜਿਥੇ ਇਸ ਨੂੰ ਚੁਣੌਤੀ ਨਹੀਂ ਦਿਤੀ ਜਾਂਦੀ, ਉਥੇ ਬਸਤੀਵਾਦੀ ਵਿਰਾਸਤ ਬਰਕਰਾਰ ਰਹਿੰਦੀ ਹੈ, ਤੇ ਧਾਰਮਿਕ ਰਾਸ਼ਟਰਵਾਦ ਇਸ ਨੂੰ ਹਥਿਆ ਲੈਂਦੇ ਹਨ, ਇਸ ਨੂੰ ਆਪਣਾ ਆਧਾਰ ਬਣਾਉਂਦੇ ਹਨ। ਇਹ ਉਨ੍ਹਾਂ ਦੀ ਸੋਚ ਵਿਚ ਭਾਰੂ ਹੈ ਜੋ ਸਮਝਦੇ ਹਨ ਕਿ ਜੋ ਕੁਝ ਹਿੰਦੁਸਤਾਨੀ ਹੈ, ਇਸ ਤੋਂ ਉਨ੍ਹਾਂ ਦੀ ਮੁਰਾਦ ਹਿੰਦੂ ਹੈ, ਜਾਂ ਜਿਸ ਧਰਮ ਦੇ ਉਹ ਹਮਾਇਤੀ ਹਨ, ਉਸ ਦੀ ਰਾਖੀ ਉਨ੍ਹਾਂ ਦੇ ਜ਼ਿੰਮੇ ਹੈ। ਉਹ ਘੱਟਗਿਣਤੀ ਭਾਈਚਾਰੇ ਦਾ ਵਿਰੋਧ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਉਹ ਉਨ੍ਹਾਂ ਦੇ ਹੁਕਮਾਂ ਦੀ ਤਾਮੀਲ ਨਹੀਂ ਕਰਨ ਲੱਗੇ। ਇਹ ਜੇਮਜ਼ ਮਿੱਲ ਦੇ ਦੋ ਕੌਮਾਂ ਦੇ ਸਿਧਾਂਤ ਜੋ ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਜਮਾਂਦਰੂ ਵੈਰ ਉਪਰ ਜ਼ੋਰ ਦਿੰਦਾ ਹੈ, ਤੇ ਹਿੰਦੂਆਂ ਦੇ ਮੁਸਲਿਮ ਹੁਕਮਰਾਨਾਂ ਦੇ ਜ਼ੁਲਮਾਂ ਤੋਂ ਪੀੜਤ ਹੋਣ ਦੇ ਸਿਧਾਂਤ ਦੀ ਸਪਸ਼ਟ ਲਗਾਤਾਰਤਾ ਹੈ। ਲਿਹਾਜ਼ਾ, ਕੁਝ ਲੋਕਾਂ ਅਨੁਸਾਰ ਪਾਕਿਸਤਾਨ ਦੀ ਤਰਜ਼ 'ਤੇ ਹਿੰਦੂ ਹਿੰਦੁਸਤਾਨ ਬਣਾਉਣਾ ਹੋਵੇਗਾ, ਭਾਵੇਂ ਬਹੁਭਾਂਤੀ ਸੰਸਕ੍ਰਿਤੀਆਂ ਅਤੇ ਬਹੁਤ ਸਾਰੇ ਧਾਰਮਿਕ ਅਕੀਦਿਆਂ ਵਾਲੇ ਰਾਸ਼ਟਰੀ ਇਤਿਹਾਸ (ਤੇ ਅਜੋਕੀ ਹਕੀਕਤ) ਨੂੰ ਦੇਖਦੇ ਹੋਏ ਧਰਮ ਨਿਰਪੱਖ ਹਿੰਦੁਸਤਾਨ ਵਧੇਰੇ ਟਿਕਾਊ ਹੈ।



ਤਿੰਨ ਦਲੀਲਾਂ ਹਿੰਦੁਸਤਾਨ ਦੇ ਇਤਿਹਾਸ ਦੀ ਬਸਤੀਵਾਦੀ ਵਿਆਖਿਆ ਦਾ ਮੂਲ ਸਨ। ਪਹਿਲੀ ਸੀ ਕਾਲ ਵੰਡ। ਦੋ ਸੌ ਸਾਲ ਪਹਿਲਾਂ ਜੇਮਜ਼ ਮਿੱਲ ਨੇ 'ਹਿਸਟਰੀ ਆਫ ਬ੍ਰਿਟਿਸ਼ ਇੰਡੀਆ (1817-1826)' ਵਿਚ ਤਿੰਨ ਕਾਲ ਵੰਡ ਦੇ ਹੱਕ ਵਿਚ ਦਲੀਲ ਦਿਤੀ, ਇਨ੍ਹਾਂ ਦਾ ਨਾਮਕਰਨ ਹੁਕਮਰਾਨਾਂ ਦੇ ਧਰਮ ਅਨੁਸਾਰ ਕੀਤਾ ਗਿਆ ਸੀ: ਹਿੰਦੂ ਤੇ ਮੁਸਲਿਮ ਤਹਿਜ਼ੀਬ ਅਤੇ ਬਰਤਾਨਵੀ ਦੌਰ। ਇਸ ਕਾਲ ਵੰਡ ਦੀ ਤਾਈਦ ਇਸ ਮਨੌਤ ਨਾਲ ਕੀਤੀ ਕਿ ਹਿੰਦੁਸਤਾਨੀ ਸਮਾਜ ਦੀਆਂ ਇਕਾਈਆਂ ਇਕਹਿਰੇ ਧਾਰਮਿਕ ਫਿਰਕੇ ਰਹੀਆਂ ਹਨ, ਮੁੱਖ ਤੌਰ 'ਤੇ ਹਿੰਦੂ ਤੇ ਮੁਸਲਿਮ ਜੋ ਇਕ ਦੂਜੇ ਦੇ ਵੈਰੀ ਹਨ।

ਇਹ ਦਲੀਲ ਕਿ ਬਹੁਗਿਣਤੀ ਅਤੇ ਘੱਟਗਿਣਤੀ ਧਾਰਮਿਕ ਫਿਰਕਿਆਂ ਨੂੰ ਇਕਾਈਆਂ ਮੰਨ ਕੇ ਧਰਮ ਆਧਾਰਤ ਰਾਜ ਜਮਹੂਰੀਅਤ ਦੇ ਅਨੁਕੂਲ ਨਹੀਂ ਹੈ, ਇਸ ਦੀ ਅਜਿਹੇ ਖ਼ਿਆਲਾਂ ਵਾਲਿਆਂ ਨੂੰ ਕੋਈ ਪ੍ਰਵਾਹ ਨਹੀਂ। ਉਹ ਧਰਮ ਆਧਾਰਤ ਰਾਸ਼ਟਰਵਾਦਾਂ ਦੇ ਗ਼ੈਰਜਮਹੂਰੀ ਇਰਾਦਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ ਅਤੇ ਹੁਣ ਤਾਂ ਇਹ ਹੋਰ ਵੀ ਜ਼ਿਆਦਾ ਹੋ ਰਿਹਾ ਹੈ ਜਦੋਂ ਅਸੀਂ ਨਵਉਦਾਰ ਮੰਡੀ ਆਰਥਿਕਤਾ ਵਿਚ ਗ੍ਰਸੇ ਹੋਏ ਹਾਂ ਜੋ ਨਾਬਰਾਬਰੀਆਂ ਦੀਆਂ ਦਰਜੇਬੰਦੀਆਂ ਨੂੰ ਵਾਰ-ਵਾਰ ਦੁਹਰਾਉਂਦੀ ਹੋਈ ਪੱਕੀਆਂ ਕਰਦੀ ਹੈ। ਬਰਾਬਰੀ ਦੀ ਮੰਗ ਕਰਨ ਵਾਲੀਆਂ, ਹੇਠੋਂ ਉਠਣ ਵਾਲੀਆਂ ਲਹਿਰਾਂ ਨੂੰ ਰਾਜ ਲਈ ਖ਼ਤਰਾ ਦੱਸਿਆ ਜਾਂਦਾ ਹੈ। ਮੁਸਲਿਮ ਰਾਸ਼ਟਰਵਾਦ ਨੇ ਦੋ ਕੌਮਾਂ ਦੀ ਬਸਤੀਵਾਦੀ ਦਲੀਲ ਇਸਤੇਮਾਲ ਕਰਦੇ ਹੋਏ ਵੱਖਰੇ ਰਾਜ ਦੀ ਮੰਗ ਕੀਤੀ। ਕੁਝ ਦੇ ਕਹਿਣ ਅਨੁਸਾਰ, ਅਜਿਹਾ ਰਾਜ ਨਵੇਂ ਜੋਸ਼ ਨਾਲ ਲਬਰੇਜ਼ ਇਸਲਾਮਿਕ ਜਗਤ ਦੀ ਗੁਲੀ ਬਣ ਜਾਵੇਗਾ। ਵੰਡ ਤੋਂ ਪਹਿਲੇ ਹਿੰਦੁਸਤਾਨ ਦੀਆਂ ਸਾਰੀਆਂ ਮੁਸਲਿਮ ਜਥੇਬੰਦੀਆਂ ਨੇ ਇਸ ਦਲੀਲ ਦੀ ਹਾਮੀ ਨਹੀਂ ਭਰੀ, ਤੇ ਕੁਝ ਨੇ ਇਸ ਦਾ ਵਿਰੋਧ ਕੀਤਾ; ਪਰ ਇਸ ਨੇ ਦਾਅਵਾ ਕੀਤਾ, ਜਿਵੇਂ ਧਾਰਮਿਕ ਰਾਸ਼ਟਰਵਾਦ ਕਰਦੇ ਹੀ ਹਨ, ਕਿ ਇਸ ਨੂੰ ਬਹੁਗਿਣਤੀ ਦੀ ਹਮਾਇਤ ਹੈ।

ਆਪਣੇ ਹਿੰਦੂਤਵੀ ਅਵਤਾਰ ਦੇ ਰੂਪ ਵਿਚ ਜਿਵੇਂ ਹਿੰਦੂ ਧਾਰਮਿਕ ਰਾਸ਼ਟਰਵਾਦ ਇਤਿਹਾਸ ਨੂੰ ਦੇਖਦਾ ਹੈ, ਇਸ ਬਿਰਤਾਂਤ ਅਨੁਸਾਰ ਹਿੰਦੂ ਉਸ ਧਰਤੀ ਦੇ ਅਸਲ ਬਾਸ਼ਿੰਦੇ ਸਨ ਜੋ ਬਾਅਦ ਵਿਚ ਬਰਤਾਨਵੀ ਹਿੰਦੁਸਤਾਨ ਵਜੋਂ ਜਾਣੀ ਗਈ, ਇਉਂ ਉਹੀ ਇਸ ਦੇ ਵਾਰਿਸ ਹਨ। ਇਹ ਕਿਹਾ ਜਾਂਦਾ ਹੈ ਕਿ ਕਦੇ ਹਿੰਦੂਆਂ ਦਾ ਮਹਾਨ ਅਤੇ ਸ਼ਾਨਾਮੱਤਾ ਅਤੀਤ ਹੁੰਦਾ ਸੀ ਜੋ ਮੁਸਲਿਮ ਧਾੜਵੀਆਂ ਵਲੋਂ ਤਬਾਹ ਕਰ ਦਿਤਾ ਗਿਆ। ਨਤੀਜੇ ਵਜੋਂ, ਹਿੰਦੂ ਰਾਜ ਬਣਾਏ ਜਾਣ ਨੂੰ ਹੱਕੀ ਵਿਰਾਸਤ ਵੱਲ ਜਾਇਜ਼ ਵਾਪਸੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਸ ਵਿਚਾਰਧਾਰਾ ਅਨੁਸਾਰ, ਮੁੱਢ-ਕਦੀਮ ਤੋਂ ਹਿੰਦੂ ਵੰਸ਼ ਅਤੇ ਧਰਮ (ਪਿਤਰੀਭੂਮੀ ਅਤੇ ਪੁਨਿਆਭੂਮੀ) ਦੀ ਪੀੜ੍ਹੀ-ਦਰ-ਪੀੜ੍ਹੀ ਲਗਾਤਾਰਤਾ ਵਰਤਮਾਨ ਅੰਦਰ ਹਿੰਦੂਆਂ ਦੀ ਸ੍ਰੇਸ਼ਟ ਹੈਸੀਅਤ ਨੂੰ ਵਾਜਬੀਅਤ ਮੁਹੱਈਆ ਕਰਦੀ ਹੈ। ਇਸ ਨਾਲ ਇਹ ਪੂਰਬਵਾਦੀ (Orientalist) ਅਤੇ ਭਾਸ਼ਾਵਿਗਿਆਨੀ ਐਫ.ਐਮ. ਮੂਲਰ ਦੀ ਇਸ ਵਿਆਖਿਆ ਨੂੰ ਜੋੜ ਲੈਂਦਾ ਹੈ ਕਿ ਆਰੀਅਨ ਸੰਸਕ੍ਰਿਤੀ ਹੀ ਸ੍ਰੇਸ਼ਟ ਹੈ ਅਤੇ ਹਿੰਦੁਸਤਾਨੀ (ਇਸ ਨੂੰ ਹਿੰਦੂ ਪੜ੍ਹੋ) ਤਹਿਜ਼ੀਬ ਦੀਆਂ ਬੁਨਿਆਦਾਂ ਆਰੀਅਨ ਹਨ।

ਮਜ਼ੇਦਾਰ ਗੱਲ ਇਹ ਹੈ ਕਿ ਇਹ ਧਰਮਾਤਮਾ ਲੋਕ (Theosophists) ਅਤੇ ਖ਼ਾਸ ਕਰ ਕੇ ਇਸ ਸੰਸਥਾ ਦੇ ਇਕ ਬਾਨੀ ਕਰਨਲ ਐਚ.ਐਸ. ਔਲਕਾਟ ਸਨ ਜੋ ਮੁੱਢ ਵਿਚ ਉਨੀਵੀਂ ਸਦੀ ਅੰਦਰ ਇਸ ਸਿਧਾਂਤ ਦੇ ਵੱਡੇ ਪ੍ਰਚਾਰਕ ਹੋਏ ਹਨ। ਔਲਕਾਟ ਨੇ ਦਲੀਲ ਦਿਤੀ ਕਿ ਆਰੀਅਨ ਹਿੰਦੁਸਤਾਨ ਦੇ ਮੂਲ ਬਾਸ਼ਿੰਦੇ ਸਨ ਅਤੇ ਉਹੀ ਇਸ ਤਹਿਜ਼ੀਬ ਨੂੰ ਹਿੰਦੁਸਤਾਨ ਤੋਂ ਪੱਛਮ ਵਿਚ ਲੈ ਕੇ ਗਏ, ਹਿੰਦੂਤਵ ਇਸ ਖ਼ਿਆਲ ਨੂੰ ਉਤਸ਼ਾਹਤ ਕਰਦਾ ਹੈ, ਪਰ ਉਸ ਨੇ ਇਸ ਦੇ ਬਸਤੀਵਾਦੀ ਮੂਲ ਦਾ ਕੋਈ ਜ਼ਿਕਰ ਨਹੀਂ ਕੀਤਾ। ਪਤਨ ਹੋਣ ਤੋਂ ਪਹਿਲਾਂ ਇਹ ਧਰਮਾਤਮਾ ਆਰੀਆ ਸਮਾਜ ਦੇ ਨੇੜੇ ਸਨ।

ਆਰੀਅਨ ਮੂਲ ਦੇ ਸਿਧਾਂਤ ਦਾ ਲਾਹਾ ਇਹ ਸੀ ਕਿ ਕੁਲੀਨ-ਵਰਗੀ ਜਾਤਾਂ ਨੂੰ ਆਰੀਅਨ ਵੰਸ਼ 'ਚੋਂ ਹੋਣ ਅਤੇ ਨਾਲ ਹੀ ਇਹ ਦਾਅਵੇ ਕਰਨ ਦਾ ਅਧਾਰ ਨੁੰਮਣਾ ਮਿਲ ਗਿਆ ਕਿ ਆਰੀਅਨ ਵੰਸ਼ ਦੁਆਰਾ ਤਹਿਜ਼ੀਬ ਦਾ ਮੁੱਢ ਬੱਝਣ ਦੇ ਵੇਲੇ ਤੋਂ ਹੀ ਉਨ੍ਹਾਂ ਦਾ ਵੰਸ਼ ਸ੍ਰੇਸ਼ਟ ਚਲਿਆ ਆ ਰਿਹਾ ਹੈ। ਉਨ੍ਹਾਂ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਅੰਗਰੇਜ਼ਾਂ ਨਾਲ ਉਨ੍ਹਾਂ ਦਾ ਗੂੜ੍ਹਾ ਰਿਸ਼ਤਾ ਹੈ ਜੋ ਭੂਗੋਲਿਕ ਤੌਰ 'ਤੇ ਯੂਰੇਸ਼ੀਆ ਤੋਂ ਪਾਰ 'ਆਰੀਅਨਾਂ' ਦੇ ਪਸਾਰੇ ਦੀ ਦੂਜੀ ਕੰਨੀ ਉਪਰ ਵਸੇ ਹੋਏ ਸਨ। ਹੜੱਪਾ ਤਹਿਜ਼ੀਬ ਜਿਸ ਦੀ ਖੋਜ 1920ਵਿਆਂ ਵਿਚ ਹੋਈ, ਦੀ ਹੋਂਦ ਇਸ ਬਿਰਤਾਂਤ ਉਪਰ ਸਵਾਲੀਆ ਚਿੰਨ੍ਹ ਲਾਉਂਦੀ ਹੈ, ਪਰ ਇਹ ਦਾਅਵਾ ਕਰਦੇ ਹੋਏ ਕਿ ਹੜੱਪਾ ਦੇ ਬਾਸ਼ਿੰਦੇ ਵੀ ਆਰੀਅਨ ਸਨ, ਇਨ੍ਹਾਂ ਸਵਾਲਾਂ ਨੂੰ ਨਾਮਨਜ਼ੂਰ ਕਰ ਦਿਤਾ ਜਾਂਦਾ ਹੈ। ਜਦਕਿ, ਅਜੇ ਤਕ ਇਸ ਦਲੀਲ ਦੇ ਹੱਕ ਵਿਚ ਕੋਈ ਸਬੂਤ ਨਹੀਂ ਦਿਤਾ ਗਿਆ। ਦੋ ਕੌਮਾਂ ਦਾ ਸਿਧਾਂਤ ਅਤੇ ਆਰੀਅਨ ਮੂਲ ਦਾ ਸਿਧਾਂਤ ਦੋਹਾਂ ਦੀਆਂ ਜੜ੍ਹਾਂ ਹਿੰਦੁਸਤਾਨੀ ਇਤਿਹਾਸ ਦੀ ਉਨੀਵੀਂ ਸਦੀ ਵਾਲੀ ਬਸਤੀਵਾਦੀ ਵਿਆਖਿਆ ਵਿਚ ਹਨ। ਇਹ ਸਿਧਾਂਤ ਇਹ ਦਾਅਵਾ ਕਰਦੇ ਹੋਏ ਕਿ ਉਹ ਹੀ ਹਿੰਦੁਸਤਾਨ ਦਾ ਮੂਲ ਇਤਿਹਾਸ ਹਨ, ਇਕ ਰੂਪ 'ਚ ਹਿੰਦੁਸਤਾਨੀ ਇਤਿਹਾਸ ਦੀ ਬਸਤੀਵਾਦੀ ਵਿਆਖਿਆ ਦੀ ਪਰਵਰਿਸ਼ ਕਰ ਰਹੇ ਹਨ ਅਤੇ ਇਸ ਨੂੰ ਜਾਰੀ ਰੱਖ ਰਹੇ ਹਨ।

ਜ਼ਿਆਦਾਤਰ ਇਤਿਹਾਸਕਾਰ ਇਨ੍ਹਾਂ ਅਤੇ ਹੋਰ ਸਿਧਾਂਤਾਂ 'ਤੇ ਸਵਾਲੀਆ ਚਿੰਨ੍ਹ ਲਾਉਂਦੇ ਹਨ, ਜਿਵੇਂ ਹਿੰਦੁਸਤਾਨੀ ਅਤੀਤ ਦੀ ਵਧੇਰੇ ਸਥਾਪਤ ਬਸਤੀਵਾਦੀ ਵਿਆਖਿਆ ਦੇ ਲੇਖਕਾਂ ਮਿੱਲ-ਮੈਕਾਲੇ-ਮੂਲਰ ਦੀ ਤਿੱਕੜੀ ਵਲੋਂ ਪੇਸ਼ ਕੀਤੇ ਸਿਧਾਂਤ (ਮੈਕਾਲੇ ਬਰਤਾਨਵੀ ਸਿਆਸਤਦਾਨ ਤੇ ਪ੍ਰਸ਼ਾਸਕ ਅਤੇ 1835 ਵਾਲੇ ਬਦਨਾਮ ਥੀਸਿਜ਼ Minute on Indian Education ਦਾ ਲੇਖਕ ਸੀ ਜਿਸ ਨੇ "ਹਿੰਦੁਸਤਾਨ ਅਤੇ ਅਰਬ ਦੇ ਕੁਲ ਦੇਸੀ ਸਾਹਿਤ" ਨੂੰ ਫ਼ਜ਼ੂਲ ਦੱਸ ਕੇ ਖਾਰਜ ਕੀਤਾ)। ਵਿਅੰਗ ਦੀ ਗੱਲ ਇਹ ਹੈ ਕਿ ਇਨ੍ਹਾਂ ਬਸਤੀਵਾਦੀ ਸਿਧਾਂਤਾਂ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਉਣ ਵਾਲੇ ਇਤਿਹਾਸਕਾਰਾਂ ਉਪਰ ਹੀ ਹਿੰਦੂਤਵਵਾਦੀਆਂ ਵਲੋਂ ਰਾਸ਼ਟਰਵਿਰੋਧੀ, ਮੈਕਾਲੇ ਦੀ ਔਲਾਦ, ਅਤੇ 'ਮਾਰਕਸਵਾਦੀ' ਹੋਣ ਦੇ ਦੋਸ਼ ਲਗਾਏ ਜਾ ਰਹੇ ਹਨ। ਅਜੋਕਾ ਇਤਿਹਾਸਕ ਮੌਕਾ ਉਤਰ-ਬਸਤੀਵਾਦੀ ਰਾਜ, ਆਜ਼ਾਦ ਰਾਸ਼ਟਰ ਦਾ ਦੌਰ ਹੈ, ਤੇ ਇਸ ਦੇ ਜੋ ਸੱਤਾ ਰਿਸ਼ਤੇ ਹਨ, ਉਨ੍ਹਾਂ ਵਿਚ ਬੇਬਾਹ ਰੱਦੋਬਦਲ ਨੂੰ ਲੈ ਕੇ ਟਕਰਾਓ ਹੈ। ਟਕਰਾਓ ਨੂੰ ਧਰਮ ਦਾ ਜਾਮਾ ਪਹਿਨਾਇਆ ਗਿਆ ਹੈ ਅਤੇ ਨਾਅਰਾ ਇਹ ਹੈ ਕਿ ਹਿੰਦੂਤਵ ਦੀ ਸ੍ਰੇਸ਼ਟਤਾ ਸਥਾਪਤ ਕਰਨੀ ਹੈ।

(ਆਊਟਲੁਕ ਤੋਂ ਧੰਨਵਾਦ ਸਹਿਤ)

ਗੁਰਮਤਿ ਵਿਚਾਰ

ਆਪੇ ਆਪਿ ਵਰਤਦਾ ਸਤਿਸੰਗਿ ਵਿਸੇਖੈ

ਡਾ. ਗੁਰਨਾਮ ਕੌਰ, ਕੈਨੇਡਾ

ਭਾਈ ਗੁਰਦਾਸ ਦੀ ਦੂਸਰੀ ਵਾਰ ਦੀ ਪਹਿਲੀ ਪਉੜੀ ਦੀ ਆਖਰੀ ਤੁਕ 'ਆਪੇ ਆਪਿ ਵਰੱਤਦਾ ਸਤਿਸੰਗਿ ਵਿਸੇਖੈ' ਵਿਚ ਉਹ ਸਪੱਸ਼ਟ ਕਰਦੇ ਹਨ ਕਿ ਅਕਾਲ ਪੁਰਖ ਆਪ ਹੀ ਸਾਰੇ ਵਰਤਦਾ ਹੈ ਕਿਉਂਕਿ ਉਹ ਆਪਣੀ ਸਿਰਜਣਾ ਵਿਚ ਵਿਆਪਕ ਹੈ ਪਰ ਉਹ ਸਤਿਸੰਗਤ ਵਿਚ ਵਿਸ਼ੇਸ਼ ਹੋ ਕੇ ਵਰਤਦਾ ਹੈ। ਉਸ ਦਾ ਅਨੁਭਵ ਸਤਿਸੰਗਤਿ ਵਿਚ ਹੁੰਦਾ ਹੈ ਤੇ ਉਸ ਦੇ ਦਰਸ਼ਨਾਂ ਦਾ ਪ੍ਰਤੱਖ ਅਨੁਭਵ ਹੁੰਦਾ ਹੈ। ਇਸ ਦੂਜੀ ਵਾਰ ਦਾ ਅਰੰਭ ਭਾਈ ਗੁਰਦਾਸ ਗੁਰਮਤਿ ਦੇ ਇਸ ਸਿਧਾਂਤ ਦੀ ਵਿਆਖਿਆ ਨਾਲ ਸ਼ੁਰੂ ਕਰਦੇ ਹਨ ਕਿ ਇਸ ਸ੍ਰਿਸ਼ਟੀ ਦੀ ਰਚਨਾ ਅਕਾਲ ਪੁਰਖ ਨੇ ਆਪਣੇ ਆਪ ਤੋਂ ਆਪ ਹੀ ਕੀਤੀ ਹੈ ਅਤੇ ਆਪਣੀ ਰਚਨਾ ਕਰਕੇ ਉਹ ਆਪ ਇਸ ਵਿਚ ਹੀ ਸਮਾਇਆ ਹੋਇਆ ਹੈ। ਇਸ ਲਈ ਜੋ ਕੁਝ ਵੀ ਦ੍ਰਿਸ਼ਟਮਾਨ ਸੰਸਾਰ ਵਿਚ ਨਜ਼ਰ ਆਉਂਦਾ ਹੈ, ਉਹ ਆਪ ਹੀ ਆਪ ਹੈ; ਜਿਸ ਨੂੰ ਭਾਈ ਸਾਹਿਬ ਨੇ ਆਮ ਜੀਵਨ ਵਿਚੋਂ ਵੱਖ ਵੱਖ ਉਦਾਹਰਣਾਂ ਰਾਹੀਂ ਸਮਝਾਉਣ ਦਾ ਉਪਰਾਲਾ ਕੀਤਾ ਹੈ। ਪਹਿਲੀ ਉਦਾਹਰਣ ਸ਼ੀਸ਼ੇ ਅਰਥਾਤ ਆਰਸੀ ਦੀ ਦਿੰਦੇ ਹਨ ਜਿਸ ਵਿਚ ਜੋ ਵੀ ਕੋਈ ਆਪਣੇ ਆਪ ਨੂੰ ਉਸ ਦੇ ਸਾਹਮਣੇ ਲਿਆਉਂਦਾ ਹੈ ਤਾਂ ਉਸ ਨੂੰ ਆਪਣਾ ਅਕਸ ਨਜ਼ਰ ਆਉਂਦਾ ਹੈ ਕਿਉਂਕਿ ਸ਼ੀਸ਼ੇ ਨੇ ਤਾਂ ਸਾਹਮਣੇ ਆਈ ਵਸਤ ਨੂੰ ਪ੍ਰਤਿਬਿੰਬਤ ਕਰਨਾ ਹੁੰਦਾ ਹੈ।

ਭਾਈ ਗੁਰਦਾਸ ਅਨੁਸਾਰ ਇਹ ਸੰਸਾਰ ਸਿਰਜਣਹਾਰ ਦੇ ਹੱਥ ਵਿਚ ਸ਼ੀਸ਼ੇ ਦੀ ਨਿਆਈਂ ਹੈ ਜਿਸ ਵਿਚ ਉਹ ਆਪ ਹੀ ਆਪਣੇ ਆਪ ਨੂੰ ਦੇਖਦਾ ਹੈ। ਇਥੇ ਅਕਾਲ ਪੁਰਖ ਦੇ ਨਿਰਗੁਣ ਤੋਂ ਸਰਗੁਣ ਹੋਣ ਦਾ ਜ਼ਿਕਰ ਕੀਤਾ ਹੈ। ਇਹ ਸੰਸਾਰ ਅਕਾਲ ਪੁਰਖ ਦੀ ਮੂਰਤ ਹੈ, ਉਸ ਦਾ ਸਰਗੁਨ ਸਰੂਪ ਹੈ, ਉਸ ਦਾ ਪ੍ਰਗਟ ਹੋਣਾ ਤੇ ਨਿਰਗੁਨ ਤੋਂ ਸਰਗੁਣ ਥੀਣਾ ਹੈ। ਪਹਿਲੀ ਵਾਰ ਦੇ ਅਰੰਭ ਵਿਚ ਭਾਈ ਗੁਰਦਾਸ ਨੇ ਹਿੰਦੂ ਧਰਮ ਦੇ ਛੇ ਸ਼ਾਸਤਰਾਂ ਅਤੇ ਉਨ੍ਹਾਂ ਤੋਂ ਪੈਦਾ ਹੋਏ ਹਿੰਦੂ ਧਰਮ ਦੇ ਵੱਖ ਵੱਖ ਭੇਖਾਂ ਦੀ ਗੱਲ ਕੀਤੀ ਸੀ। ਇਸ ਪਉੜੀ ਵਿਚ ਅੱਗੇ ਦਸਿਆ ਗਿਆ ਹੈ ਕਿ ਉਸ ਦ੍ਰਸ਼ਟੇ ਨੇ ਆਪ ਹੀ ਛੇ ਦਰਸ਼ਨ ਦ੍ਰਿਸ਼ਟੀਮਾਨ ਕੀਤੇ ਅਤੇ ਫਿਰ ਆਪ ਹੀ ਲੋਕਾਂ ਨੂੰ ਇਨ੍ਹਾਂ ਅੰਦਰ ਪ੍ਰਾਪਤ ਦਰਸ਼ਨਾਂ ਨੂੰ ਦਿਖਾਇਆ ਤੇ ਸਮਝਾਇਆ। ਭਾਈ ਸਾਹਿਬ ਕਹਿੰਦੇ ਹਨ ਕਿ ਇਸ ਸੰਸਾਰ ਰੂਪੀ ਸ਼ੀਸ਼ੇ ਵਿਚ ਆਪਣੀ ਹੀ ਮੂਰਤ ਪ੍ਰਤਿਬਿੰਬਤ ਹੁੰਦੀ ਹੈ। ਇਸ ਲਈ ਮਨੁੱਖ ਆਪਣੀਆਂ ਬਿਰਤੀਆਂ ਅਨੁਸਾਰ ਜਿਸ ਕਿਸਮ ਦਾ ਆਪਣੇ ਆਪ ਨੂੰ ਦੇਖਦਾ ਹੈ, ਉਸ ਨੂੰ ਆਪਣਾ ਆਪ ਨਜ਼ਰ ਆਉਂਦਾ ਹੈ ਭਾਵ ਮਾੜੀ ਬਿਰਤੀ ਵਾਲੇ ਨੂੰ ਮਾੜਾ ਨਜ਼ਰ ਆਉਂਦਾ ਹੈ ਤੇ ਚੰਗੀ ਬਿਰਤੀ ਵਾਲੇ ਨੂੰ ਚੰਗਾ ਨਜ਼ਰ ਆਉਂਦਾ ਹੈ। ਇਸ ਅਨੁਸਾਰ ਹੱਸਦੇ ਮਨੁੱਖ ਨੂੰ ਇਹ ਸੰਸਾਰ ਹੱਸਦਾ, ਖੁਸ਼ ਹੁੰਦਾ ਨਜ਼ਰ ਆਉਂਦਾ ਹੈ ਕਿਉਂਕਿ ਉਸ ਦਾ ਆਪਣਾ ਆਪ ਪ੍ਰਤਿਬਿੰਬਤ ਹੁੰਦਾ ਹੈ। ਰੋਂਦੇ ਜਾਂ ਦੁਖੀ ਮਨੁੱਖ ਨੂੰ ਇਹ ਜਗਤ ਰੋਂਦਾ ਭਾਵ ਦੁਖੀ ਨਜ਼ਰ ਆਉਂਦਾ ਹੈ ਅਤੇ ਭੈੜੇ ਨੂੰ ਭੈੜਾ।

ਅਖੀਰਲੀ ਤੁਕ ਵਿਚ ਭਾਈ ਸਾਹਿਬ ਨਤੀਜਾ ਇਹ ਕੱਢਦੇ ਹਨ ਕਿ ਉਹ ਅਕਾਲ ਪੁਰਖ ਆਪ ਹੀ ਸਾਰੇ ਵਿਆਪਕ ਹੈ ਪਰ ਸਤਿਸੰਗਤ 'ਚ ਉਹ ਵਿਸ਼ੇਸ਼ ਹੋ ਕੇ ਵਰਤਦਾ ਹੈ ਕਿਉਂਕਿ ਸਤਿਸੰਗਤ ਹੀ ਐਸੀ ਥਾਂ ਹੈ ਜਿੱਥੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ ਤੇ ਉਸ ਦੇ ਨਾਮ ਸਿਮਰਨ ਰਾਹੀਂ ਉਸ ਨੂੰ ਅਨੁਭਵ ਕਰ ਸਕੀਦਾ ਹੈ:

ਆਪਨੜੈ ਹਥਿ ਆਰਸੀ ਆਪੇ ਹੀ ਦੇਖੈ।
ਆਪੇ ਦੇਖਿ ਦਿਖਾਇਦਾ ਛਿਅ ਦਰਸਨਿ ਭੇਖੈ।
ਜੇਹਾ ਮੂਹੁ ਕਰਿ ਭਾਲਿਦਾ ਤੇਵੇਹੈ ਲੇਖੈ।
ਹਸਦੇ ਹਸਦਾ ਦੇਖੀਐ ਸੋ ਰੂਪ ਸਰੇਖੈ।
ਰੋਂਦੈ ਦਿਸੈ ਰੋਵਦਾ ਹੋਇ ਨਿਮਖ ਨਿਮੇਖੈ।
ਆਪੇ ਆਪਿ ਵਰੱਤਦਾ ਸਤਿਸੰਗਿ ਵਿਸੇਖੈ॥੧॥

ਇਸੇ ਸਿਧਾਂਤ ਨੂੰ ਸਮਝਾਉਣ ਲਈ ਅਗਲੀ ਪਉੜੀ ਵਿਚ ਵਾਜੇ ਅਤੇ ਵਾਜਾ ਵਜਾਉਣ ਵਾਲੇ ਦਾ ਦ੍ਰਿਸ਼ਟਾਂਤ ਦਿੱਤਾ ਹੈ। ਭਾਈ ਸਾਹਿਬ ਬਿਆਨ ਕਰਦੇ ਹਨ ਕਿ ਜਿਸ ਤਰ੍ਹਾਂ ਵਾਜੇ ਵਾਲਾ ਆਪਣੇ ਹੱਥ ਵਿਚ ਵਾਜਾ ਲੈ ਕੇ ਰਾਗ ਵਜਾਉਂਦਾ ਹੈ ਅਤੇ ਫਿਰ ਆਪਣੇ ਵਜਾਏ ਉਸ ਰਾਗ ਨੂੰ ਸੁਣ ਸੁਣ ਕੇ ਆਪ ਹੀ ਖੁਸ਼ ਹੁੰਦਾ ਅਤੇ ਉਸ ਦੀ ਸਿਫਤ ਕਰਦਾ ਹੈ। ਇਸ ਤਰ੍ਹਾਂ ਫਿਰ ਸ਼ਬਦ ਸੁਰਤ ਦੀ ਤਾਰ ਵਿਚ ਮਗਨ ਹੋ ਕੇ ਆਪ ਹੀ ਰੀਝ ਜਾਂਦਾ ਹੈ ਅਤੇ ਦੂਸਰਿਆਂ ਨੂੰ ਮਗਨ ਕਰਦਾ ਤੇ ਰੀਝਾਉਂਦਾ ਹੈ। ਅੱਗੇ ਦੱਸਿਆ ਗਿਆ ਹੈ ਕਿ ਫਿਰ ਆਪ ਹੀ ਕਥਵਾਚਕ ਬਣ ਕੇ ਕਥਾ ਕਰਦਾ ਹੈ। ਭਾਵ ਉਹ ਆਪ ਹੀ ਕਥਤਾ ਤੇ ਵਕਤਾ ਹੋ ਕੇ ਬਚਨ ਸੁਣਾਉਂਦਾ ਹੈ ਅਤੇ ਆਪ ਹੀ ਉਨ੍ਹਾਂ ਨੂੰ ਸੁਣ ਕੇ ਸ਼ਬਦ ਦਾ ਗਿਆਨੀ ਹੋ ਕੇ ਆਪਣੀ ਸੁਰਤ ਨੂੰ ਜੋੜਦਾ ਹੈ। ਉਹ ਆਪ ਹੀ ਵਿਸਮਾਦ ਰੂਪ ਹੋ ਕੇ, ਅਸਚਰਜ ਹੋ ਕੇ ਸਰਬ ਅੰਗਾਂ 'ਚ ਸਮਾ ਜਾਂਦਾ ਹੈ। ਅਕਾਲ ਪੁਰਖ ਆਪ ਹੀ ਸਭ ਥਾਂ ਵਿਆਪਕ ਹੈ, ਵਰਤ ਰਿਹਾ ਹੈ। ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਗੁਰਮੁਖਿ ਹੀ ਇਸ ਗੱਲ ਦੀ ਪ੍ਰਤੀਤੀ ਕਰਦੇ ਹਨ:

ਜਿਉ ਜੰਤ੍ਰੀ ਹਥਿ ਜੰਤ੍ਰ ਲੈ
ਸਭਿ ਰਾਗ ਵਜਾਏ।
ਆਪੇ ਸੁਣਿ ਸੁਣਿ ਮਗਨੁ ਹੋਇ
ਆਪੇ ਗੁਣ ਗਾਏ।
ਸਬਦਿ ਸੁਰਤਿ ਲਿਵ ਲੀਣੁ ਹੋਇ
ਆਪੇ ਰੀਝਿ ਰੀਝਾਏ।
ਕਥਤਾ ਬਕਤਾ ਆਪਿ ਹੈ
ਸੁਰਤਾ ਲਿਵ ਲਾਏ।
ਆਪੇ ਹੀ ਵਿਸਮਾਦੁ ਹੋਇ
ਸਰਬੰਗਿ ਸਮਾਏ।
ਆਪੇ ਆਪਿ ਵਰਤਦਾ
ਗੁਰਮੁਖਿ ਪਤੀਆਏ॥੨॥

ਗੁਰੂ ਨਾਨਕ ਸਾਹਿਬ 'ਆਸਾ ਦੀ ਵਾਰ' ਵਿਚ ਇਸੇ ਸਿਧਾਂਤ ਬਾਰੇ ਚਾਨਣਾ ਪਾਉਂਦਿਆਂ ਦੱਸਦੇ ਹਨ ਕਿ ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ ਅਤੇ ਆਪ ਹੀ ਆਪਣੀ ਵਡਿਆਈ ਸਥਾਪਤ ਕੀਤੀ। ਆਪਣੇ ਆਪ ਤੋਂ ਹੀ ਫਿਰ ਉਸ ਨੇ ਆਪਣੀ ਕੁਦਰਤ ਦੀ ਰਚਨਾ ਕੀਤੀ ਅਤੇ ਉਸ ਵਿਚ ਆਸਣ ਜਮਾ ਕੇ ਬੈਠ ਗਿਆ ਅਰਥਾਤ ਉਸ ਨੇ ਆਪਣੀ ਕੁਦਰਤ ਦੀ ਸਾਜਨਾ ਕਰਕੇ ਇਸ ਵਿਚ ਵਿਆਪਕ ਹੋ ਗਿਆ ਅਤੇ ਇਸ ਜਗਤ ਤਮਾਸ਼ੇ ਨੂੰ ਦੇਖਣ ਲੱਗ ਪਿਆ। ਉਹ ਅਕਾਲ ਪੁਰਖ ਆਪ ਹੀ ਜੀਵਾਂ ਦੀ ਰਚਨਾ ਕਰਨ ਵਾਲਾ ਅਤੇ ਆਪ ਹੀ ਜੀਵਾਂ ਨੂੰ ਦਾਤਾਂ ਬਖਸ਼ਿਸ਼ ਕਰਨ ਵਾਲਾ ਹੈ। ਉਹ ਘਟ ਘਟ ਜਾਣਨਹਾਰ ਹੈ (ਇਸੇ ਲਈ ਉਸ ਨੂੰ ਜਾਣੀ ਜਾਣ ਕਿਹਾ ਗਿਆ ਹੈ)। ਉਹ ਆਪ ਹੀ ਜੀਆਂ ਨੂੰ ਜਿੰਦ ਅਤੇ ਸਰੀਰ ਦਿੰਦਾ ਹੈ ਅਤੇ ਫਿਰ ਆਪ ਹੀ ਲੈ ਲੈਂਦਾ ਹੈ। ਉਹ ਕਾਦਰ ਇਸ ਕੁਦਰਤ ਨੂੰ ਸਾਜ ਕੇ ਅਤੇ ਇਸ ਵਿਚ ਆਸਣ ਜਮਾ ਕੇ ਇਸ ਦੇ ਤਮਾਸ਼ੇ ਨੂੰ ਦੇਖ ਰਿਹਾ ਹੈ:

ਆਪੀਨੈ ਆਪੁ ਸਾਜਿਓ
ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ
ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ
ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥੧॥

ਅਗਲੀ ਪਉੜੀ 'ਚ ਵੀ ਭਾਈ ਗੁਰਦਾਸ ਨੇ ਅਕਾਲ ਪੁਰਖ ਦੀ ਵਿਆਪਕਤਾ ਦੀ ਗੱਲ ਕਰਦਿਆਂ ਦੱਸਿਆ ਹੈ ਕਿ ਉਸ ਨੂੰ ਆਪ ਹੀ ਇੱਛਾ ਹੁੰਦੀ ਹੈ ਅਤੇ ਆਪ ਹੀ ਫਿਰ ਇਸ ਦੀ ਪੂਰਤੀ ਲਈ ਰਸੋਈ ਵਿਚ ਜਾਂਦਾ ਹੈ। ਰਸੋਈ ਵਿਚ ਆਪ ਹੀ ਭੋਜਨ ਬਣਾਉਂਦਾ ਤੇ ਇਸ ਭੋਜਨ ਵਿਚ ਸਵਾਦ ਮਿਲਾਉਂਦਾ ਹੈ। ਆਪ ਹੀ ਖਾ ਕੇ ਉਸ ਦੀ ਸਿਫਤ ਕਰਦਾ ਹੈ ਅਤੇ ਤ੍ਰਿਪਤਿ ਹੋ ਕੇ ਅਨੰਦਤ ਹੁੰਦਾ ਹੈ। ਉਹ ਆਪ ਹੀ ਰਸੀਆ ਹੈ ਤੇ ਆਪ ਹੀ ਰਸ ਰੂਪ ਹੈ ਅਤੇ ਆਪ ਹੀ ਰਸਨਾ (ਜੀਭ ਰੂਪ ਹੋ ਕੇ) ਰੂਪ ਧਾਰ ਕੇ ਉਸ ਦਾ ਭੋਗ ਲਗਾਉਂਦਾ ਤੇ ਰਸ ਨੂੰ ਮਾਣਦਾ ਹੈ। ਉਹ ਆਪ ਹੀ ਦਾਤਾਂ ਦੇਣ ਵਾਲਾ ਹੈ ਅਤੇ ਆਪ ਹੀ ਉਨ੍ਹਾਂ ਦਾ ਭੋਗ ਕਰਨ ਵਾਲਾ ਭੁਗਤਾ ਹੈ। ਇਸ ਤਰ੍ਹਾਂ ਸਰਬ ਅੰਗਾਂ ਵਿਚ ਸਤਿ ਚਿਤ ਅਨੰਦ ਹੋ ਕੇ ਸਮਾਇਆ ਹੋਇਆ ਹੈ। ਉਹ ਸਭ ਵਿਚ ਵਿਆਪਕ ਹੈ ਪ੍ਰੰਤੂ ਇਸ ਦਾ ਅਨੁਭਵ ਗੁਰੂ ਦੇ ਰਸਤੇ 'ਤੇ ਚੱਲਣ ਵਾਲਿਆਂ ਨੂੰ ਹੁੰਦਾ ਹੈ ਜੋ ਇਸ ਦਾ ਅਨੁਭਵ ਕਰਕੇ ਸੁੱਖ ਪ੍ਰਾਪਤ ਕਰਦੇ ਹਨ। ਭਾਵ ਉਹ ਗੁਰਮੁਖਾਂ ਅੰਦਰ ਵਿਸ਼ੇਸ਼ ਹੈ ਕਿਉਂਕਿ ਉਹ ਉਸ ਦਾ ਅਨੁਭਵ ਕਰਦੇ ਹਨ:

ਆਪੇ ਭੁਖਾ ਹੋਇ ਕੈ ਆਪਿ ਜਾਇ ਰਸੋਈ।
ਭੋਜਨੁ ਆਪਿ ਬਣਾਇਦਾ
ਰਸ ਵਿਚਿ ਰਸ ਗੋਈ।
ਆਪੇ ਖਾਇ ਸਲਾਹਿ ਕੈ
ਹੋਇ ਤ੍ਰਿਪਤਿ ਸਮੋਈ।
ਆਪੇ ਰਸੀਆ ਆਪਿ ਰਸੁ
ਰਸੁ ਰਸਨਾ ਭੋਈ।
ਦਾਤਾ ਭੁਗਤਾ ਆਪਿ ਹੈ ਸਰਬੰਗ ਸਮੋਈ।
ਆਪੇ ਆਪਿ ਵਰਤਦਾ
ਗੁਰਮੁਖਿ ਸੁਖੁ ਹੋਈ॥੩॥

ਗੁਰੂ ਰਾਮ ਦਾਸ ਵਾਰ ਸੋਰਠਿ ਵਿਚ ਇਸੇ ਤੱਥ ਦਾ ਖੁਲਾਸਾ ਕਰਦਿਆਂ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਨੇ ਆਪ ਹੀ ਸਾਰੀਆਂ ਗੱਲਾਂ ਦਾ ਪ੍ਰਬੰਧ ਕੀਤਾ ਹੈ ਅਤੇ ਆਪ ਹੀ ਸਾਰੀ ਰਚਨਾ ਕੀਤੀ ਹੈ ਤੇ ਆਪ ਹੀ ਘਲਣਾ ਘਾਲੀ ਹੈ। ਆਪ ਹੀ ਉਸ ਨੇ ਸਾਰੇ ਜੀਵ ਪੈਦਾ ਕੀਤੇ ਹਨ ਅਤੇ ਫਿਰ ਆਪ ਹੀ ਗਲ ਨਾਲ ਲਾ ਕੇ ਮਿਹਰ ਦੀ ਨਜ਼ਰ ਨਾਲ ਨਿਹਾਲ ਕੀਤਾ ਹੈ। ਉਸ ਅਕਾਲ ਪੁਰਖ ਦੇ ਭਗਤ ਆਪਣੇ ਅੰਦਰੋਂ ਦਵੈਤ ਭਾਵ ਨੂੰ ਖਤਮ ਕਰ ਦਿੰਦੇ ਹਨ, ਇਸ ਲਈ ਉਹ ਸਦੀਵੀ ਅਨੰਦ ਦੀ ਪ੍ਰਾਪਤੀ ਕਰ ਲੈਂਦੇ ਹਨ ਤੇ ਸਦਾ ਅਨੰਦ ਵਿਚ ਰਹਿੰਦੇ ਹਨ (ਦਵੈਤ ਭਾਵ ਮਨੁੱਖ ਨੂੰ ਪਰਮਾਤਮ-ਸੁਰਤਿ 'ਚ ਲਿਵ ਨਹੀਂ ਲਾਉਣ ਦਿੰਦਾ):

ਸਭੇ ਗਲਾ ਆਪਿ ਥਾਟਿ ਬਹਾਲਿਓਨੁ॥
ਆਪੇ ਰਚਨੁ ਰਚਾਇ ਆਪੇ ਹੀ ਘਾਲਿਓਨੁ॥
ਆਪੇ ਜੰਤ ਉਪਾਇ ਆਪਿ ਪ੍ਰਤਿਪਾਲਿਓਨੁ॥
ਦਾਸ ਰਖੇ ਕੰਠਿ ਲਾਇ ਨਦਰਿ ਨਿਹਾਲਿਓਨੁ॥
ਨਾਨਕ ਭਗਤਾ ਸਦਾ ਅਨੰਦੁ ਭਾਉ
ਦੂਜਾ ਜਾਲਿਓਨੁ॥੨੯॥ (ਪੰਨਾ ੬੫੩)

ਗੁਰੂ ਨਾਨਕ ਅਕਾਲ ਪੁਰਖ ਦੀ ਸਰਬ ਵਿਆਪਕਤਾ ਦਾ ਜ਼ਿਕਰ ਕਰਦੇ ਹਨ ਕਿ ਅਕਾਲ ਪੁਰਖ ਆਪ ਹੀ ਰਸ-ਭਰਿਆ ਪਦਾਰਥ ਹੈ ਅਤੇ ਆਪ ਹੀ ਉਸ ਵਿਚਲਾ ਰਸ ਹੈ, ਆਪ ਹੀ ਉਸ ਰਸ ਦੇ ਸਵਾਦ ਨੂੰ ਮਾਨਣ ਵਾਲਾ ਹੈ। ਇਹ ਸਾਰੀ ਰਚਨਾ ਅਕਾਲ ਪੁਰਖ ਨੇ ਆਪਣੇ ਆਪ ਤੋਂ ਕੀਤੀ ਹੈ ਅਤੇ ਇਸ ਵਿਚ ਆਪ ਹੀ ਵਿਆਪਕ ਹੈ, ਇਸੇ ਦੀ ਵਿਆਖਿਆ ਗੁਰੂ ਨਾਨਕ ਇਸਤਰੀ ਅਤੇ ਉਸ ਦੇ ਸੁਹਾਗ ਦੇ ਦ੍ਰਿਸ਼ਟਾਂਤਾਂ ਰਾਹੀਂ ਕਰਦੇ ਹਨ ਕਿ ਉਹ ਅਕਾਲ ਪੁਰਖ ਆਪ ਹੀ ਇਸਤਰੀ ਹੈ, ਆਪ ਹੀ ਸੇਜ ਹੈ, ਆਪ ਹੀ ਰੰਗ ਮਾਣਨ ਵਾਲਾ ਪਤੀ ਹੈ।

ਗੁਰੂ ਨਾਨਕ ਅੱਗੇ ਇਸੇ ਖਿਆਲ ਨੂੰ ਮੱਛੀ, ਜਾਲ ਤੇ ਮਾਛੀ ਦੀ ਉਦਾਹਰਣ ਰਾਹੀਂ ਦੱਸਦੇ ਹਨ ਕਿ ਅਕਾਲ ਪੁਰਖ ਆਪ ਹੀ ਮੱਛੀਆਂ ਫੜਨ ਵਾਲਾ ਹੈ, ਆਪ ਹੀ ਮੱਛੀ ਹੈ, ਆਪ ਹੀ ਪਾਣੀ ਹੈ ਜਿਸ ਵਿਚ ਮੱਛੀ ਦਾ ਨਿਵਾਸ ਹੈ ਅਤੇ ਆਪ ਹੀ ਜਾਲ ਹੈ ਜਿਸ ਵਿਚ ਮੱਛੀ ਫੜੀ ਜਾਂਦੀ ਹੈ। ਅਕਾਲ ਪੁਰਖ ਆਪ ਹੀ ਉਸ ਜਾਲ ਦੇ ਮਣਕੇ ਹੈ ਅਤੇ ਆਪ ਹੀ ਉਸ ਵਿਚ ਰੱਖੀ ਮਾਸ ਦੀ ਬੋਟੀ ਹੈ ਜਿਸ ਕਰਕੇ ਮੱਛੀ ਨੇ ਉਸ ਜਾਲ ਵੱਲ ਪ੍ਰੇਰੀ ਜਾਣਾ ਹੈ। ਗੁਰੂ ਨਾਨਕ ਅੱਗੇ ਫੁਰਮਾਉਂਦੇ ਹਨ, ਹੇ ਮੇਰੀ ਸਹੇਲੀਓ, ਮੇਰੀ ਸਤਿਸੰਗਣੋ! ਉਹ ਪਿਆਰਾ ਅਕਾਲ ਪੁਰਖ ਕਈ ਤਰੀਕਿਆਂ ਨਾਲ ਚੋਜ ਤਮਾਸ਼ੇ ਕਰਨ ਵਾਲਾ ਹੈ। ਚੰਗੇ ਭਾਗਾਂ ਵਾਲੀਆਂ ਜੀਵ-ਇਸਤਰੀਆਂ ਨੂੰ ਉਹ ਮਾਲਕ-ਪਰਮਾਤਮਾ ਮਿਲਦਾ ਰਹਿੰਦਾ ਹੈ ਪਰ ਮੇਰੇ ਵਰਗੀਆਂ ਦਾ ਹਾਲ ਦੇਖੋ ਜਿਨ੍ਹਾਂ ਨੂੰ ਉਹ ਪ੍ਰਾਪਤ ਨਹੀਂ ਹੁੰਦਾ:

ਆਪੇ ਰਸੀਆ ਆਪਿ ਰਸੁ
ਆਪੇ ਰਾਵਣਹਾਰੁ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥੧॥
ਰੰਗਿ ਰਤਾ ਮੇਰਾ ਸਾਹਿਬੁ
ਰਵਿ ਰਹਿਆ ਭਰਪੂਰਿ॥੧॥ਰਹਾਉ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥੨॥
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ॥
ਨਿਤ ਰਵੈ ਸੋਹਾਗਣੀ
ਦੇਖੁ ਹਮਾਰਾ ਹਾਲੁ॥੩॥ (ਪੰਨਾ ੨੩)

ਇਸੇ ਖਿਆਲ ਨੂੰ ਭਾਈ ਗੁਰਦਾਸ ਅੱਗੇ ਚੌਥੀ ਪਉੜੀ ਵਿਚ ਪ੍ਰਗਟ ਕਰਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਜਿਸ ਤਰ੍ਹਾਂ ਕੋਈ ਆਪ ਹੀ ਮੰਜਾ ਵਿਛਾ ਕੇ ਫਿਰ ਆਪ ਹੀ ਉਸ ਵਿਚ ਸੌਂਦਾ ਹੈ ਅਤੇ ਫਿਰ ਨੀਂਦ ਵਿਚ ਸੁਪਨਿਆਂ ਰਾਹੀਂ ਕਈ ਮੁਲਕਾਂ ਵਿਚ ਚੱਕਰ ਲਾਉਂਦਾ ਹੈ। ਕੰਗਾਲ ਤੋਂ ਰਾਜਾ ਅਤੇ ਫਿਰ ਰਾਜੇ ਤੋਂ ਕੰਗਾਲ ਬਣਾ ਕੇ ਦੁੱਖ-ਸੁੱਖ ਪਾਉਂਦਾ ਹੈ। ਪਾਣੀ ਦੇ ਰੂਪ ਵਿਚ ਹੋ ਕੇ ਕਦੀ ਉਹ ਠੰਢਾ ਹੁੰਦਾ ਹੈ ਅਤੇ ਕਦੀ ਗਰਮ ਹੁੰਦਾ ਤੇ ਉਬਲਦਾ ਹੈ। ਇਸੇ ਤਰ੍ਹਾਂ ਜੀਵ ਦੇ ਰੂਪ ਵਿਚ ਕਦੀ ਹਰਖ ਭਾਵ ਖੁਸ਼ੀ ਅਤੇ ਕਦੀ ਸੋਗ ਅਰਥਾਤ ਗਮ ਵਿਚ ਚੀਖਦਾ-ਚਿਲਾਉਂਦਾ ਹੈ ਅਤੇ ਜੇ ਕੋਈ ਬੁਲਾ ਲਵੇ ਤਾਂ ਹੀ ਬੋਲਦਾ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਉਹ ਆਪ ਹੀ ਆਪ ਸਾਰੇ ਵਰਤ ਰਿਹਾ ਹੈ ਪਰ ਗੁਰਮੁਖ ਅਰਥਾਤ ਗੁਰੂ ਰਾਹੀਂ ਉਸ ਦਾ ਅਨੁਭਵ ਕਰਨ ਵਾਲਾ ਵਿਅਕਤੀ ਉਸ ਦੇ ਅਨੁਭਵ ਦਾ ਸੁਖ-ਅਨੰਦ ਪ੍ਰਾਪਤ ਕਰਦਾ ਹੈ:

ਆਪੇ ਪਲੰਘੁ ਵਿਛਾਇ ਕੈ
ਆਪਿ ਅੰਦਰਿ ਸਉਂਦਾ।
ਸੁਹਣੇ ਅੰਦਰਿ ਜਾਇ ਕੈ ਦੇਸੰਤਰਿ ਭਉਂਦਾ।
ਰੰਕੁ ਰਾਉ ਰਾਉ ਰੰਕੁ ਹੋਇ
ਦੁਖ ਸੁਖ ਵਿਚਿ ਪਉਂਦਾ।
ਤਤਾ ਸੀਅਰਾ ਹੋਇ ਜਲੁ ਆਵਟਣੁ ਖਉਂਦਾ।
ਹਰਖ ਸੋਗ ਵਿਚਿ ਧਾਂਵਦਾ ਚਾਵਾਏ ਚਉਂਦਾ।
ਆਪੇ ਆਪਿ ਵਰਤਦਾ
ਗੁਰਮੁਖਿ ਸੁਖ ਰਉਂਦਾ॥੪॥

ਅਗਲੀ ਪਉੜੀ ਵਿਚ ਦੱਸਿਆ ਹੈ ਕਿ ਪਰਮਾਤਮ-ਜੋਤਿ ਹਰ ਸਥਾਨ ਅਤੇ ਜੀਵ ਵਿਚ ਇਕਸਾਰ ਵਿਆਪਕ ਹੈ ਪਰ ਹਰ ਜੀਵ ਜਾਂ ਸਥਾਨ ਦੀ ਬਿਰਤੀ ਅਨੁਸਾਰ ਉਸ ਦਾ ਕਾਰਜ ਹੋਣਾ ਹੁੰਦਾ ਹੈ। ਇਸ ਤੱਥ ਨੂੰ ਭਾਈ ਸਾਹਿਬ ਨੇ ਕਈ ਤਰ੍ਹਾਂ ਦੀਆਂ ਉਦਾਹਰਣਾਂ ਰਾਹੀਂ ਸਮਝਾਇਆ ਹੈ। ਸਵਾਂਤ-ਨਛੱਤਰ (27 ਤਾਰਿਆਂ ਦੀ ਬਣਤਰ ਵਿਚੋਂ ਪੰਦਰਾਂ ਦੀ ਤਰਤੀਬ) ਦੀ ਬੂੰਦ, ਵਰਖਾ ਦੀਆਂ ਕਣੀਆਂ ਹਰ ਥਾਂ ਇੱਕੋ ਜਿਹੇ ਰੂਪ ਵਿਚ ਪੈਂਦੀਆਂ ਹਨ ਪਰ ਇਹ ਬੂੰਦਾਂ ਜਦੋਂ ਪਾਣੀ 'ਤੇ ਪੈਂਦੀਆਂ ਹਨ ਤਾਂ ਪਾਣੀ ਦਾ ਰੂਪ ਹੋ ਜਾਂਦੀਆਂ ਹਨ ਪਰ ਜਦੋਂ ਧਰਤੀ 'ਤੇ ਕਈ ਤਰ੍ਹਾਂ ਨਾਲ ਪੈਂਦੀਆਂ ਹਨ ਤਾਂ ਧਰਤੀ ਵਿਚ ਸਮਾ ਕੇ ਉਸੇ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਹੀ ਬੂੰਦਾਂ ਖੇਤੀ ਵਿਚ ਪੈ ਕੇ ਖੇਤੀ, ਬ੍ਰਿਛਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ, ਫਲਾਂ ਤੇ ਫੁੱਲਾਂ ਵਿਚ ਕਸੈਲੇ, ਮਿੱਠੇ ਰਸ ਬਣ ਕੇ ਸ਼ੋਭਦੀਆਂ ਹਨ। ਇਹ ਬੂੰਦ ਜਦੋਂ ਕੇਲੇ ਵਿਚ ਮਿਲ ਜਾਂਦੀ ਹੈ ਤਾਂ ਠੰਢਾ ਕਪੂਰ ਬਣ ਜਾਂਦੀ ਹੈ ਜੋ ਸੁਖਦਾਈ ਅਤੇ ਸੀਤਲ ਹੁੰਦਾ ਹੈ। ਇਹੀ ਸਵਾਂਤ ਬੂੰਦ ਜਦੋਂ ਸਮੁੰਦਰ ਵਿਚ ਕਿਸੇ ਸਿੱਪ ਦੇ ਮੂੰਹ ਵਿਚ ਪੈ ਜਾਂਦੀ ਹੈ ਤਾਂ ਕੀਮਤੀ ਮੋਤੀ ਬਣ ਕੇ ਆਪਣਾ ਮੁੱਲ ਪੁਆਉਂਦੀ ਹੈ। ਇਸ ਦੇ ਉਲਟ ਜਦੋਂ ਜ਼ਹਿਰੀਲੇ ਸੱਪ ਦੇ ਮੂੰਹ ਵਿਚ ਪੈਂਦੀ ਹੈ ਤਾਂ ਜ਼ਹਿਰ ਬਣ ਜਾਂਦੀ ਹੈ ਅਤੇ ਸਦਾ ਦੂਸਰੇ ਦੀ ਬੁਰਾਈ ਚਿਤਵਦੀ ਹੈ ਅਰਥਾਤ ਕਿਸੇ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ। ਅਕਾਲ ਪੁਰਖ ਸਾਰੀਆਂ ਥਾਂਵਾਂ 'ਤੇ ਆਪ ਹੀ ਵਰਤ ਰਿਹਾ ਹੈ ਪਰ ਸਤਿਸੰਗਤ ਵਿਚ ਉਹ ਵਿਸ਼ੇਸ਼ ਨਜ਼ਰ ਆਉਂਦਾ ਹੈ ਕਿਉਂਕਿ ਸਤਿਸੰਗਤ ਵਿਚ ਉਸ ਦਾ ਸਤਿ-ਸਰੂਪ, ਉਸ ਦਾ ਰੱਬੀ-ਜੋਤਿ-ਸਰੂਪ ਅਨੁਭਵ ਹੁੰਦਾ ਹੈ:

ਸਮਸਰਿ ਵਰਤੈ ਸਵਾਂਤ ਬੂੰਦ
ਜਿਉ ਸਭਨੀ ਥਾਈ।
ਜਲ ਅੰਦਰਿ ਜਲੁ ਹੋਇ ਮਿਲੈ
ਧਰਤੀ ਬਹੁ ਭਾਈ।
ਕਿਰਖ ਬਿਰਖ ਰਸ ਕਸ ਘਣੇ
ਫਲ ਫੁਲ ਸੁਹਾਈ।
ਕੇਲੇ ਵਿਚਿ ਕਪੂਰੁ ਹੋਇ ਸੀਤਲੁ ਸੁਖਦਾਈ।
ਮੋਤੀ ਹੋਵੈ ਸਿਪ ਮੁਹਿ ਬਹੁ ਮੋਲ ਮੁਲਾਈ।
ਬਿਸੀਅਰ ਦੇ ਮੁਹਿ ਕਾਲਕੂਟ
ਚਿਤਵੈ ਬੁਰਿਆਈ।
ਆਪੇ ਆਪਿ ਵਰਤਦਾ
ਸਤਿਸੰਗਿ ਸੁਭਾਈ॥੫॥

ਗੁਰਬਾਣੀ ਗਿਆਨ

ਹਮ ਆਦਮੀ ਹਾਂ ਇਕ ਦਮੀ

ਧਨਾਸਰੀ ਮਹਲਾ ੧

ਹਮ ਆਦਮੀ ਹਾਂ ਇਕ ਦਮੀ
ਮੁਹਲਤਿ ਮੁਹਤੁ ਨ ਜਾਣਾ॥
ਨਾਨਕੁ ਬਿਨਵੈ ਤਿਸੈ ਸਰੇਵਹੁ
ਜਾ ਕੇ ਜੀਅ ਪਰਾਣਾ॥੧॥
ਅੰਧੇ ਜੀਵਨਾ ਵੀਚਾਰਿ
ਦੇਖਿ ਕੇਤੇ ਕੇ ਦਿਨਾ॥੧॥ਰਹਾਉ॥
ਸਾਸੁ ਮਾਸੁ ਸਭੁ ਜੀਉ ਤੁਮਾਰਾ
ਤੂ ਮੈ ਖਰਾ ਪਿਆਰਾ॥
ਨਾਨਕੁ ਸਾਇਰੁ ਏਵ ਕਹਤੁ ਹੈ
ਸਚੇ ਪਰਵਦਗਾਰਾ॥੨॥
ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ
ਕਿਆ ਕੋ ਕਢੈ ਗਹਣਾ॥
ਨਾਨਕੁ ਬਿਨਵੈ ਸੋ ਕਿਛੁ ਪਾਈਐ
ਪੁਰਬਿ ਲਿਖੇ ਕਾ ਲਹਣਾ॥੩॥
ਨਾਮੁ ਖਸਮ ਕਾ ਚਿਤਿ ਨ ਕੀਆ
ਕਪਟੀ ਕਪਟੁ ਕਮਾਣਾ॥
ਜਮ ਦੁਆਰਿ ਜਾ ਪਕੜਿ ਚਲਾਇਆ
ਤਾ ਚਲਦਾ ਪਛੁਤਾਣਾ॥੪॥
ਜਬ ਲਗੁ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ॥
ਭਾਲਿ ਰਹੇ ਹਮ ਰਹਣੁ ਨ ਪਾਇਆ
ਜੀਵਤਿਆ ਮਰਿ ਰਹੀਐ॥੫॥

ਨਾਨਕ ਬੇਨਤੀ ਕਰਦਾ ਹੈ, ਹੇ ਭਾਈ! ਅਸੀਂ ਆਦਮੀ ਤਾਂ ਇਕ ਦਮ, ਭਾਵ ਇਕ ਸਵਾਸ ਦੇ ਹੀ ਮਾਲਕ ਹਾਂ, ਕੀ ਪਤਾ ਹੈ ਇਹ ਦਮ ਕਦੋਂ ਮੁੱਕ ਜਾਵੇ। ਸਾਨੂੰ ਆਪਣੀ ਜ਼ਿੰਦਗੀ ਦੀ ਮਿਆਦ ਦਾ ਕੋਈ ਪਤਾ ਨਹੀਂ, ਸਾਨੂੰ ਨਹੀਂ ਪਤਾ ਕਿ ਮੌਤ ਦਾ ਵਕਤ ਕਦੋਂ ਆ ਜਾਣਾ ਹੈ। ਇਸ ਲਈ ਪ੍ਰਭੂ ਦਾ ਸਿਮਰਨ ਕਰੋ, ਜਿਸ ਨੇ ਇਹ ਜਿੰਦ ਅਤੇ ਸਵਾਸ ਸਾਨੂੰ ਦੇ ਰੱਖੇ ਹਨ। ਮਾਇਆ ਦੇ ਮੋਹ ਵਿਚ ਫਸੇ ਅੰਨ੍ਹੇ ਜੀਵ, ਅੱਖਾਂ ਖੋਲ੍ਹ ਕੇ ਵਿਚਾਰ ਕਰ, ਜ਼ਿੰਦਗੀ ਥੋੜ੍ਹੇ ਦਿਨਾਂ ਦੀ ਹੀ ਹੈ।

ਸਾਸੁ ਮਾਸੁ ਸਭੁ ਜੀਉ ਤੁਮਾਰਾ
ਤੂ ਮੈ ਖਰਾ ਪਿਆਰਾ॥
ਨਾਨਕੁ ਸਾਇਰੁ ਏਵ ਕਹਤੁ ਹੈ
ਸਚੇ ਪਰਵਦਗਾਰਾ॥੨॥

ਗੁਰੂ ਨਾਨਕ ਦੇਵ ਅਕਾਲ ਪੁਰਖ ਪਿਤਾ ਅੱਗੇ ਬੇਨਤੀ ਕਰਦੇ ਆਖਦੇ ਹਨ ਕਿ ਹੇ ਪ੍ਰਭੂ! ਤੇਰਾ ਇਹ ਸ਼ਾਇਰ ਨਾਨਕ ਤੇਰੇ ਦਰ ਉਤੇ ਇਹ ਬੇਨਤੀ ਕਰਦਾ ਹੈ, ਹੇ ਮਿਹਰਬਾਨ ਪ੍ਰਭੂ! ਇਹ ਸਵਾਸ, ਇਹ ਸਰੀਰ ਤੇ ਇਹ ਜਿੰਦ-ਜਾਨ ਸਭ ਕੁਝ ਆਪ ਦਾ ਹੀ ਦਿੱਤਾ ਹੋਇਆ ਹੈ। ਹੇ ਮੇਰੇ ਸਦਾ ਅਟੱਲ ਰਹਿਣ ਵਾਲੇ ਪਰਵਰਦਗਾਰ ਪ੍ਰਭੂ ਜੀਉ! ਮੈਨੂੰ ਵੀ ਆਪਣਾ ਪਿਆਰ ਦਿਉ, ਮੈਂ ਤੇਰੀ ਸ਼ਰਨ ਵਿਚ ਆਇਆ ਹਾਂ।

ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ
ਕਿਆ ਕੋ ਕਢੈ ਗਹਣਾ॥
ਨਾਨਕੁ ਬਿਨਵੈ ਸੋ ਕਿਛੁ ਪਾਈਐ
ਪੁਰਬਿ ਲਿਖੇ ਕਾ ਲਹਣਾ॥੩॥

ਹੇ ਮੇਰੇ ਸੁਆਮੀ, ਮੇਰੇ ਮਾਲਕ ਪ੍ਰਭੂ ਜੀਉ! ਜੇ ਤੂੰ ਆਪਣੇ ਪਿਆਰ ਦੀ ਦਾਤ ਆਪ ਹੀ ਕਿਸੇ ਜੀਵ ਨੂੰ ਨਾ ਦੇਵੇਂ ਤਾਂ ਜੀਵ ਕੋਲ ਕੋਈ ਐਸੀ ਵਸਤੂ ਨਹੀਂ ਜੋ ਤੈਨੂੰ ਦੇ ਕੇ ਵੱਟੇ ਵਿਚ ਤੇਰਾ ਪਿਆਰ ਖਰੀਦ ਲਵੇ। ਪ੍ਰਭੂ ਜੀ, ਨਾਨਕ ਬੇਨਤੀ ਕਰਦਾ ਹੈ ਕਿ ਜੀਵ ਨੂੰ ਤਾਂ ਉਹੀ ਕੁਝ ਮਿਲ ਸਕਦਾ ਹੈ ਜੋ ਉਸ ਦੇ ਪੂਰਬਲੇ ਕਰਮਾਂ ਦਾ ਸੰਸਕਾਰ ਰੂਪੀ ਲੇਖ ਉਸ ਦੇ ਮੱਥੇ ਉਤੇ ਲਿਖਿਆ ਹੋਇਆ ਹੈ। ਪ੍ਰਭੂ, ਆਪਣੇ ਨਾਮ ਤੇ ਪਿਆਰ ਦੀ ਦਾਤ ਤਾਂ ਤੂੰ ਆਪ ਹੀ ਦੇਣੀ ਹੈ।

ਨਾਮੁ ਖਸਮ ਕਾ ਚਿਤਿ ਨ ਕੀਆ
ਕਪਟੀ ਕਪਟੁ ਕਮਾਣਾ॥
ਜਮ ਦੁਆਰਿ ਜਾ ਪਕੜਿ ਚਲਾਇਆ
ਤਾ ਚਲਦਾ ਪਛੁਤਾਣਾ॥੪॥

ਆਪਣੇ ਪਿਛਲੇ ਕਰਮਾਂ ਦੇ ਅਸਰ ਹੇਠ ਛਲੀਆ, ਭਾਵ ਕਪਟੀ ਮਨੁੱਖ ਤਾਂ ਸਦਾ ਕਪਟ ਹੀ ਕਮਾਉਂਦਾ ਰਹਿੰਦਾ ਹੈ ਅਤੇ ਆਪਣੇ ਮਾਲਕ ਦੇ ਨਾਮ ਨੂੰ ਹਿਰਦੇ ਵਿਚ ਨਹੀਂ ਵਸਾਉਂਦਾ; ਸਾਰੀ ਉਮਰ ਕਪਟ 'ਚ ਗੁਜ਼ਾਰ ਕੇ ਅਖੀਰ ਵੇਲੇ ਜਦ ਇਹ ਜੀਵ ਜਮ ਦੇ ਬੂਹੇ ਵੱਲ ਧੱਕਿਆ ਗਿਆ ਤਾਂ ਇਥੋਂ ਤੁਰਨ ਲੱਗਾ ਪਛਤਾਉਂਦਾ ਹੈ। ਇਸ ਲਈ ਪ੍ਰਭੂ ਦਾ ਨਾਮ ਸਿਮਰਨ ਕਰੀਏ।

ਜਬ ਲਗੁ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ॥
ਭਾਲਿ ਰਹੇ ਹਮ ਰਹਣੁ ਨ ਪਾਇਆ
ਜੀਵਤਿਆ ਮਰਿ ਰਹੀਐ॥੫॥

ਜਦੋਂ ਤੱਕ ਇਸ ਦੁਨੀਆਂ ਵਿਚ ਰਹਿਣਾ ਹੈ, ਜਿਉਣਾ ਹੈ, ਉਸ ਮਿਹਰਬਾਨ ਪ੍ਰਭੂ ਦੀ ਸਿਫਤ ਸੁਣਨੀ ਤੇ ਕਰਨੀ ਚਾਹੀਦੀ ਹੈ। ਇਹੋ ਹੀ ਮਨੁੱਖਾ ਜਨਮ ਦਾ ਅਸਲੀ ਮਨੋਰਥ ਹੈ, ਲਾਭ ਹੈ। ਇਥੇ ਸਦਾ ਲਈ ਬੈਠੇ ਨਹੀਂ ਰਹਿਣਾ, ਕਿਉਂਕਿ ਅਸੀਂ ਭਾਲ ਕਰ ਕੇ ਦੇਖ ਲਿਆ ਹੈ, ਕਿਸੇ ਨੂੰ ਵੀ ਸਦਾ ਰਹਿਣ ਲਈ ਇਥੇ ਟਿਕਾਣਾ ਨਹੀਂ ਮਿਲਿਆ, ਜਿੰਨਾ ਚਿਰ ਰਹਿਣ ਲਈ ਸਮਾਂ ਮਿਲਿਆ ਹੈ, ਦੁਨਿਆਵੀ ਵਾਸਨਾਵਾਂ ਵੱਲੋਂ ਮਰ ਕੇ ਇਸ ਜੀਵਨ ਨੂੰ ਗੁਜ਼ਾਰੀਏ ਜੀ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਤੁਹਮਤਾਂ ਦੇ ਤੀਰ, ਵਿਸ਼ੇਸ਼ਣਾਂ ਦੀ ਢਾਲ ਤੇ ਸਭਿਆਚਾਰਕ ਬਰਬਰਤਾ

ਪੰਜਾਬ ਟਾਈਮਜ਼ ਦੇ 17 ਸਤੰਬਰ ਦੇ ਅੰਕ ਵਿਚ ਛਪੇ ਪ੍ਰਭਸ਼ਰਨਬੀਰ ਸਿੰਘ ਨੇ ਆਪਣੇ ਲੇਖ 'ਆਧੁਨਿਕਤਾ, ਬਰਬਰਤਾ ਅਤੇ ਪੰਜਾਬੀ ਕਵਿਤਾ' ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਅਤੇ ਸੁਰਜੀਤ ਪਾਤਰ ਦੀ ਕਵਿਤਾ ਬਾਰੇ ਕੁਝ ਟਿੱਪਣੀਆਂ ਕੀਤੀਆਂ ਸਨ। ਇਨ੍ਹਾਂ ਟਿੱਪਣੀਆਂ ਦੇ ਪ੍ਰਤੀਕਰਮ ਵਜੋਂ ਪ੍ਰੋ. ਅਵਤਾਰ ਸਿੰਘ ਦਾ ਭੇਜਿਆ ਲੇਖ ਅਸੀਂ 24 ਸਤੰਬਰ ਵਾਲੇ ਅੰਕ ਵਿਚ ਪਾਠਕਾਂ ਦੀ ਨਜ਼ਰ ਕਰ ਚੁਕੇ ਹਾਂ। ਇਸੇ ਲੜੀ ਨੂੰ ਅੱਗੇ ਤੋਰਦਿਆਂ ਪ੍ਰਭਸ਼ਰਨਬੀਰ ਸਿੰਘ ਨੇ ਇਕ ਲੇਖ ਭੇਜਿਆ ਸੀ ਜੋ ਅਸੀਂ ਪਹਿਲੀ ਅਕਤੂਬਰ ਦੇ ਅੰਕ ਵਿਚ ਛਾਪਿਆ ਸੀ। ਉਸ ਲੇਖ ਵਿਚ ਉਨ੍ਹਾਂ ਆਪਣੇ ਨਜ਼ਰੀਏ ਤੋਂ ਕੁਝ ਸਵਾਲ ਉਠਾਏ ਸਨ। ਉਸੇ ਲੇਖ ਦੇ ਪ੍ਰਤੀਕਰਮ ਵਿਚ ਹਥਲਾ ਲੇਖ ਪ੍ਰੋ. ਅਵਤਾਰ ਸਿੰਘ ਨੇ ਭੇਜਿਆ ਹੈ ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਸਾਡਾ ਮਨੋਰਥ ਪਾਠਕਾਂ ਨੂੰ ਵਿਚਾਰ-ਚਰਚਾ ਲਈ ਇਕ ਮੰਚ ਮੁਹੱਈਆ ਕਰਨਾ ਹੈ, ਕਿਸੇ ਦਾ ਪੱਖ ਲੈਣਾ ਨਹੀਂ। ਪ੍ਰਤੀਕਰਮ ਵਜੋਂ ਆਈਆਂ ਹੋਰ ਰਚਨਾਵਾਂ ਨੂੰ ਵੀ ਬਨਦੀ ਥਾਂ ਦਿੱਤੀ ਜਾਵੇਗੀ। ਬਸ, ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ

ਪ੍ਰਭਸ਼ਰਨਬੀਰ ਸਿੰਘ ਨੇ ਆਪਣੇ ਕਾਵਿ ਵਿਸ਼ਲੇਸ਼ਣ ਵਿਚ ਪੰਜਾਬੀ ਕਾਵਿ ਮੰਡਲ ਨੂੰ ਜੰਗ ਦਾ ਅਖਾੜਾ ਬਣਾ ਧਰਿਆ ਜਿਸ ਵਿਚ ਹਰਿੰਦਰ ਸਿੰਘ ਮਹਿਬੂਬ ਅਤੇ ਸੁਰਜੀਤ ਪਾਤਰ ਨੂੰ ਇਕ ਦੂਸਰੇ ਦੇ ਟਾਕਰੇ 'ਤੇ ਲਿਆ ਖੜ੍ਹੇ ਕੀਤਾ। ਮਹਿਬੂਬ ਦੀ ਕਵਿਤਾ ਨੂੰ ਵਿਸ਼ਵ ਦੀ ਸਰਬੋਤਮ ਕਵਿਤਾ ਮੰਨ ਕੇ ਪਾਤਰ ਦੀ ਕਵਿਤਾ ਨੂੰ ਛੁਟਿਆਉਣ ਦੀ ਕੋਸ਼ਿਸ਼ ਕੀਤੀ, ਜਿਵੇਂ ਇਹ ਨੇਕੀ ਅਤੇ ਬਦੀ ਦੇ ਬਿੰਬ ਨਹੀਂ, ਬੰਬ ਹੋਣ। ਅਸਹਿਮਤੀ ਪ੍ਰਗਟ ਕੀਤੀ ਤਾਂ ਉਸ ਨੂੰ ਇਤਰਾਜ਼ ਹੋਇਆ ਕਿ ਮੈਂ ਪਾਤਰ ਦੀ ਕਵਿਤਾ ਲਈ ਵਿਸ਼ੇਸ਼ਣ ਕਿਉਂ ਵਰਤੇ!

ਦੱਸਿਆ ਗਿਆ ਹੈ ਕਿ ਉਹ ਕਿਸੇ ਬਾਹਰਲੀ ਯੂਨੀਵਰਸਿਟੀ ਵਿਚ ਅਧਿਆਪਕ ਹੈ, ਕਿੱਥੇ, ਕਾਹਦਾ ਅਤੇ ਕਦੋਂ ਦਾ ਅਧਿਆਪਕ ਹੈ, ਕਿਸੇ ਨੇ

ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਕੀ ਲੈਣਾ ਪਰ, ਗੁਰ ਫੁਰਮਾਨ "ਵਾਹੁ ਵਾਹੁ ਕਰਤਿਆ ਸੋਭਾ ਪਾਇ" ਦੇ ਵਿਪਰੀਤ ਜਾਤੀ, ਜ਼ਾਤੀ ਅਤੇ ਜਮਾਤੀ ਕੀਨੇ, ਸਾੜੇ ਅਤੇ ਨਫਰਤ ਦੀਆਂ ਪੰਡਾਂ ਅਧਿਆਪਕਾਂ ਦੇ ਸਿਰੀਂ ਸੋਭਦੀਆਂ ਨਹੀਂ। ਇਹ ਬਦਖੂ ਪੰਡਾਂ ਵਿਸ਼ੇਸ਼ਣ ਪਸੰਦ ਨਹੀਂ ਕਰਦੀਆਂ।

ਉਸ ਨੂੰ ਗਿਲਾ ਹੈ ਕਿ ਪਾਤਰ ਦੀ ਕਵਿਤਾ ਦੇ ਹੱਕ ਵਿਚ ਕੋਈ ਕਿਉਂ ਨਿਤਰਿਆ, ਇਕ ਕਵੀ ਨੂੰ ਚੁੱਕਣ ਲਈ ਦੂਜੇ ਨੂੰ ਡੁਬੋਣਾ ਸਹਿਣ ਕਿਉਂ ਨਾ ਕੀਤਾ, ਉਸ ਦੀ ਤੁਹਮਤੀ ਸ਼ਮਸ਼ੀਰ ਦੇ ਸਾਹਮਣੇ ਕਿਸੇ ਨੇ ਵਿਸ਼ੇਸ਼ਣੀ ਢਾਲ ਅੱਗੇ ਕਿਉਂ ਕੀਤੀ ਅਤੇ ਉਸ ਦੇ ਅਗਨ ਬਾਣ ਨੂੰ ਪਾਣੀ ਦੀ ਫੁਹਾਰ ਨਾਲ ਸ਼ਾਂਤ ਕਰਨ ਦੀ ਕੋਸ਼ਿਸ਼ ਕਿਉਂ ਕੀਤੀ। ਜੇ ਕੋਈ ਵਿਚਾਰ-ਵਟਾਂਦਰੇ ਨੂੰ ਜੰਗ ਦਾ ਅਖਾੜਾ ਬਣਾ ਲਵੇ ਅਤੇ ਟਕੂਏ ਵਰਗੇ ਤੁਹਮਤੀ ਤੀਰਾਂ ਦੀ ਬੁਛਾੜ ਕਰੇ ਤਾਂ ਉਸ ਦੇ ਜਵਾਬ ਵਿਚ ਵਿਸ਼ੇਸ਼ਣਾਂ ਦੀ ਢਾਲ ਦੀ ਵਰਤੋਂ ਸਹੀ ਹੈ। ਸ਼ਾਇਦ ਉਸ ਨੂੰ ਪਤਾ ਨਹੀਂ ਕਿ ਤੁਹਮਤਾਂ ਨਸ਼ਟ ਕਰਦੀਆਂ ਤੇ ਵਿਸ਼ੇਸ਼ਣ ਪਾਲਦੇ ਹਨ। ਕਵਿਤਾ ਨੂੰ ਪਾਲਣਾ ਪਾਪ ਨਹੀਂ। ਜੇ ਉਸ ਮੁਤਾਬਕ ਕਵਿਤਾ ਦੀ ਦਾਦ ਦੇਣਾ ਪਾਪ ਹੈ, ਤਾਂ ਇਹ ਪਾਪ ਮੇਰੇ ਲਈ ਮੁਬਾਰਕ।

ਉਸ ਅਨੁਸਾਰ ਵਿਸ਼ਵ ਦੀ ਸਿਰਮੌਰ ਕਵਿਤਾ ਦੇ ਮੁਜੱਸਮੇ ਮਹਿਬੂਬ ਦੀ ਕਾਵਿਕ ਪਿੱਠਭੂਮੀ ਬਾਬਤ ਥੋੜ੍ਹਾ ਜਿਹਾ ਜਾਣ ਲੈਣਾ ਜ਼ਰੂਰੀ ਹੋ ਗਿਆ ਹੈ। ਆਕੀ ਬੌਧਿਕਤਾ ਦੇ ਪਟਿਆਲਾ ਘਰਾਣੇ ਅਰਥਾਤ ਭੁਤਵਾੜੇ ਦੀ ਅਸ਼ਲੀਲ ਆਬੋ-ਹਵਾ ਵਿਚ ਪਲੇ ਭੂਤਾਂ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ ਨੂੰ ਉਮਰ ਭਰ ਹਿਰਖ ਰਿਹਾ ਕਿ ਸਦੀਆਂ ਤੋਂ ਸਿੱਖ ਜਪੁਜੀ ਸਾਹਿਬ ਦਾ ਪਾਠ ਕਰ ਕਰ ਕੇ ਅੱਕੇ ਅਤੇ ਥੱਕੇ ਕਿਉਂ ਨਹੀਂ। ਮਹਿਬੂਬ ਸਾਹਿਬ ਖੁਦ ਦੱਸਦੇ ਸਨ ਕਿ ਇਸੇ ਸੇਖੋਂ ਨੂੰ ਉਹ ਖੁਦ ਸਿਰਦਾਰ ਕਪੂਰ ਸਿੰਘ ਦੇ ਬਰਖਿਲਾਫ ਗਲ ਪੈਣ ਲਈ ਚੁੱਕਦੇ ਤੇ ਉਕਸਾਉਂਦੇ ਰਹੇ ਸਨ। ਇਸ ਭੂਤਵਾੜੇ ਵਿਚ ਅਖਬਾਰਾਂ ਨੂੰ ਬਿਸਤਰ ਅਤੇ ਦਸਤਰਖਾਨ ਵਜੋਂ ਵਰਤਣਾ ਮਜਬੂਰੀ ਨਹੀਂ, ਸ਼ੌਕ ਸਮਝਿਆ ਜਾਂਦਾ ਸੀ। ਕਿਸੇ ਦੇ ਨਵੇਂ ਝੱਗੇ ਨੂੰ ਚੂਹਿਆਂ ਦੀ ਖੁੱਡ 'ਚ ਤੁੰਨ ਦੇਣਾ ਰਚਨਾਤਮਕ ਮਸ਼ਗੂਲਾ ਸੀ। ਕਿਸੇ ਦੇ ਕੱਛੇ/ਕੱਛੀ ਨੂੰ ਬਾਂਸ 'ਤੇ ਟੰਗ ਕੇ ਭੂਤਵਾੜੇ ਦਾ ਨਿਸ਼ਾਨ ਸਾਹਿਬ ਦੱਸਿਆ ਜਾਂਦਾ ਸੀ। ਇਨ੍ਹਾਂ ਮਹਾਨ ਕਾਰਿਆਂ ਵਿਚ ਨਾ ਸ਼ਾਮਲ ਹੋਣ ਵਾਲਿਆਂ ਦੇ ਘਰੋਂ, ਸ਼ਰਾਰਤੀ ਚੋਰੀ ਕਰ ਕੇ ਲਿਆਂਦੇ ਪੈਸਿਆਂ ਨਾਲ ਕੜਾਹ ਪ੍ਰਸ਼ਾਦ ਬਣਾ ਕੇ ਵਿਚ ਬੀ ਕਾਂਪਲੈਕਸ ਦੇ ਕੈਪਸੂਲ ਰਲਾ ਕੇ ਕੁੱਤਿਆਂ ਅੱਗੇ ਰੱਖ ਕੇ ਪਰਖਿਆ ਜਾਂਦਾ ਸੀ ਕਿ ਖਾਣਾ ਠੀਕ ਵੀ ਹੈ ਕਿ ਨਹੀਂ। ਅਜਿਹੇ ਕੁਬੁੱਧ ਪ੍ਰਬੋਧ ਮੰਡਲ ਦੇ ਮੁਲਖੱਈਆ ਸੁਹਜ ਵਿਚ ਮਹਿਬੂਬ ਦੀ ਕਾਵਿਕ ਤਰਬੀਅਤ ਹੋਈ ਜਿਸ ਤੋਂ ਮੁਕਤ ਹੋਣ ਲਈ ਉਹ ਯਤਨਸ਼ੀਲ ਵੀ ਰਹੇ। ਉਹ ਖੁਦ ਮੰਨਦੇ ਸਨ ਕਿ ਭਾਈ ਵੀਰ ਸਿੰਘ ਦੀ ਕਾਵਿ ਪ੍ਰਤਿਭਾ ਅਤੇ ਅਜ਼ਮਤ ਬਾਬਤ ਕੁਫਰ ਤੋਲਣ ਅਤੇ ਬੋਲਣ ਤੋਂ ਉਨ੍ਹਾਂ ਨੂੰ ਡਾ. ਤਿਵਾੜੀ ਨੇ ਟੋਕਿਆ ਅਤੇ ਰੋਕਿਆ ਸੀ। ਜਲੰਧਰ ਹਸਪਤਾਲ ਵਿਚ ਖਬਰਸਾਰ ਲਈ ਗਿਆਂ ਮਹਿਬੂਬ ਸਾਹਿਬ ਕਹਿਣ ਲੱਗੇ, "ਰਾਤੀਂ ਮੇਰੇ ਸੁਪਨੇ 'ਚ ਕਪੂਰ ਸੋਹ ਆਇਆ ਤਾਂ ਮੈਨੂੰ ਦੇਖਦੇ ਸਾਰ ਪਿਛੇ ਮੁੜ ਗਿਆ। ਮੈਂ ਪਿਛਿਉਂ ਅਵਾਜ਼ ਮਾਰ ਕੇ ਕਿਹਾ- ਕਪੂਰ ਸਿਆਂ ਤੈਂ ਕੱਖ ਨੀਂ ਕੀਤਾ।"

ਪ੍ਰਭਸ਼ਰਨਬੀਰ ਮੁਤਾਬਕ ਅਜੋਕੇ ਯੁੱਗ ਦਾ ਬਿਹਤਰੀਨ ਪੰਜਾਬੀ ਸਾਹਿਤ ਇਸੇ ਭੂਤਵਾੜੇ ਦੀ ਦੇਣ ਹੈ। ਉਸ ਨੇ ਭੂਤਵਾੜੇ ਨੂੰ ਇਵੇਂ ਪੇਸ਼ ਕੀਤਾ ਹੈ, ਜਿਵੇਂ ਇਹ ਪਲੈਟੋ ਦੀ ਅਕਾਦਮੀ ਹੋਵੇ; ਜਿਥੇ ਅਗਵਾ ਹੋਈ ਯੂਨਾਨੀ ਸੁੰਦਰੀ ਹੈਲਨ ਦੀ ਭਾਲ ਵਿਚ ਭਟਕਦੇ ਭਰਾਵਾਂ ਨੂੰ ਅਕਾਡਮੀਆ ਨਾਂ ਦੇ ਬਾਗਬਾਨ ਨੇ ਦੱਸ ਪਾਈ ਸੀ। ਉਸ ਦੀ ਚੌਕਸੀ ਦੇ ਇਵਜ਼ ਵਿਚ ਉਸ ਦੇ ਬਾਗ ਨੂੰ ਰੱਬੀ ਰੱਖ ਦਾ ਵਰਦਾਨ ਦੇ ਦਿਤਾ ਗਿਆ ਸੀ। ਇਸੇ ਬਾਗ ਵਿਚ ਪਲੈਟੋ ਨੇ ਵਿਚਾਰ-ਵਟਾਂਦਰੇ ਦਾ ਸਿਲਸਿਲਾ ਜਾਰੀ ਕੀਤਾ ਸੀ। ਉਸ ਬਾਗਬਾਨ ਦੇ ਨਾਂ 'ਤੇ ਹੀ ਉਸ ਥਾਂ ਨੂੰ ਵੀ ਅਕਾਦਮੀ ਕਿਹਾ ਗਿਆ; ਪਰ ਹੈਰਾਨੀ ਹੈ ਕਿ ਜੇ ਇਹ ਪਟਿਆਲਵੀ ਮਹਾਂਪੁਰਖ ਇੰਨੇ ਹੀ ਪ੍ਰਬੁੱਧ ਸਨ ਤਾਂ ਇਨ੍ਹਾਂ ਦੀ ਖਾਬਗਾਹ ਨੂੰ ਪਟਿਆਲਾ ਵਾਸੀਆਂ ਨੇ ਭੂਤਵਾੜੇ ਦਾ ਨਾਂ ਕਿਉਂ ਦਿਤਾ! ਸ਼ਾਇਦ ਲੋਕ ਚੇਤਿਆਂ ਵਿਚ ਭੂਤ ਮੰਡਲੀ ਦੀ ਯਾਦ ਮੁੜ ਜਾਗ ਪਈ ਹੋਵੇ, ਜਿਸ ਦਾ ਜ਼ਿਕਰ ਸ਼ਾਹ ਮੁਹੰਮਦ ਨੇ ਜੰਗਨਾਮੇ ਵਿਚ ਕੀਤਾ ਸੀ- ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ।

ਪ੍ਰਭਸ਼ਰਨਬੀਰ ਨੂੰ ਭਾਰੀ ਗਿਲਾ ਹੈ ਕਿ ਪਾਤਰ ਦੀ ਕਵਿਤਾ ਫੱਟ ਖਾਣ ਜਾਂ ਮਾਰਨ ਤੋਂ ਗੁਰੇਜ਼ ਕਿਉਂ ਕਰਦੀ ਹੈ, ਉਸ ਦੀ ਕਵਿਤਾ ਦਿੱਲੀ ਦੇ ਵਿਰੁਧ ਨਾਅਰੇ ਕਿਉਂ ਨਹੀਂ ਮਾਰਦੀ ਅਤੇ ਉਸ ਨਾਲ ਲੋਹਾ ਕਿਉਂ ਨਹੀਂ ਲੈਂਦੀ। ਪਾਤਰ ਦੀ ਕਵਿਤਾ ਨੂੰ ਉਸ ਨੇ ਬੁਜ਼ਦਿਲੀ ਤੱਕ ਕਹਿ ਦਿਤਾ ਹੈ। ਸ਼ਾਇਦ ਉਸ ਮੁਤਾਬਕ ਕਵਿਤਾ ਲੋਹੇ 'ਚੋਂ ਉਪਜਦੀ ਹੈ, ਦਿਲ 'ਚੋਂ ਨਹੀਂ। ਪੰਚਮ ਪਾਤਸ਼ਾਹ ਦੀ ਸ਼ਹਾਦਤ ਪਿਛੋਂ ਛੇਵੇਂ ਪਾਤਸ਼ਾਹ ਨੇ ਬੇਸ਼ੱਕ ਹਥਿਆਰ ਤੇ ਘੋੜੇ ਇਕੱਠੇ ਕਰਨੇ ਅਰੰਭ ਦਿਤੇ ਸਨ, ਪਰ ਅਜਿਹੇ ਸਮੇਂ ਸਿੱਖਾਂ ਵਲੋਂ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਦੇ ਰੂਪ ਵਿਚ ਕਵਿਤਾ ਦੇ ਅਸਲ ਚਸ਼ਮੇ ਵਗ ਤੁਰੇ ਸਨ। ਨੌਵੇਂ ਪਾਤਸ਼ਾਹ ਦੀ ਸ਼ਹਾਦਤ ਪਿਛੋਂ ਖਾਲਸੇ ਦੀ ਸਿਰਜਣਾ ਹੋਈ, ਪਰ ਜੰਗ ਦੇ ਮੈਦਾਨ ਵਿਚ ਹਥਿਆਰਾਂ ਦੇ ਕਹਿਰ ਅਤੇ ਖੜਾਕ ਵਿਚਾਲੇ ਬਿਨਾ ਵਿਤਕਰਾ ਅੰਮ੍ਰਿਤ ਜਲ ਵਰਤਾਉਂਦੀ ਭਾਈ ਘਨੱਈਆ ਦੀ ਮਸ਼ਕ ਜਿਹਾ ਸ਼ਾਇਦ ਹੀ ਕਵਿਤਾ ਦਾ ਕੋਈ ਹੋਰ ਸਰੋਤ ਹੋਵੇ। ਫੱਟ ਖਾਣਾ ਜਾਂ ਮਾਰਨਾ ਜੰਗੀ ਕਾਰਨਾਮਾ ਹੈ, ਪਰ ਫੱਟ ਮੇਲਣਾ ਕਵਿਤਾ ਦਾ ਚਮਤਕਾਰ ਹੈ। ਫੱਟ ਮੇਲਣੇ ਪ੍ਰਭਸ਼ਰਨਬੀਰ ਲਈ ਬੁਜ਼ਦਿਲੀ ਹੈ।

ਕਵਿਤਾ ਕੇਵਲ ਜੰਗ ਤੱਕ ਮਹਿਦੂਦ ਨਹੀਂ। ਭਿੜਨ ਵਾਲੇ ਹੀ ਕਵਿਤਾ ਦਾ ਸਰੋਤ ਨਹੀਂ ਹੁੰਦੇ। ਭੇੜ ਦਰਮਿਆਨ ਪਿਸਣ ਵਾਲੇ ਨਿਰਦੋਸ਼ ਵੀ ਕਵਿਤਾ ਦਾ ਵਿਸ਼ਾ ਹੋ ਸਕਦੇ ਹਨ। ਭੇੜ ਤਾਂ ਅੰਨ੍ਹਿਆਂ ਨੂੰ ਵੀ ਨਜ਼ਰ ਆਉਂਦੇ ਹਨ, ਪਰ ਦਿਲਾਂ ਦੀਆਂ ਤਹਿਆਂ ਹੇਠ ਹੋ ਰਹੀ ਕਸ਼ਮਕਸ਼ ਦੀਆਂ ਮਹੀਨ ਪਰਤਾਂ ਕੋਈ ਹੀ ਬੁੱਝ, ਦੇਖ ਅਤੇ ਖੋਲ੍ਹ ਸਕਦਾ ਹੈ। ਕਵਿਤਾ ਵਿਚ ਕਿਰਪਾਨ ਦਾ ਜ਼ਿਕਰ ਆਉਂਦਾ ਹੈ, ਲੇਕਿਨ ਕੇਵਲ ਕਿਰਪਾਨਾਂ, ਛਵੀਆਂ ਤੇ ਗੰਡਾਸਿਆਂ ਨੂੰ ਹੀ ਕਵਿਤਾ ਨਹੀਂ ਕਹਿੰਦੇ। ਭਾਈ ਕਾਨ੍ਹ ਸਿੰਘ ਨਾਭਾ ਦਾ ਸਨਮਾਨ ਕਰਨ ਸਮੇਂ ਇਰਾਨ ਦੇ ਬਾਦਸ਼ਾਹ ਨੇ ਕਿਹਾ ਸੀ, "ਕਸਬਿ ਖਾਲਸਾ ਸ਼ਮਸ਼ੀਰ ਜ਼ਦਨ ਅਸਤ।" ਭਾਈ ਸਾਹਿਬ ਨੇ ਇਸ ਨੂੰ ਠੀਕ ਕਰਦਿਆਂ ਕਿਹਾ ਸੀ, "ਕਸਬਿ ਖਾਲਸਾ ਬੰਦਗੀ ਅਸਤ।" ਅਰਥਾਤ ਕਿਰਪਾਨ ਬੰਦਗੀ ਦੀ ਹਿਫਾਜ਼ਤ ਲਈ ਹੈ, ਪਰ ਇਹ ਟਕੂਆ ਸ਼ਾਸਤਰੀਆਂ ਨੂੰ ਕੌਣ ਸਮਝਾਵੇ ਕਿ "ਫੂਲ ਕੀ ਪੱਤੀ ਸੇ ਕਟ ਸਕਤਾ ਹੈ ਹੀਰੇ ਕਾ ਜਿਗਰ, ਮਰਦਿ ਨਾਦਾਂ ਪਰ ਕਲਾਮਿ ਨਰਮੋ ਨਾਜ਼ਕ ਬੇਅਸਰ।"

ਇਨ੍ਹਾਂ ਨੂੰ ਸ਼ਿਕਾਇਤ ਹੈ ਕਿ ਪਾਤਰ ਨੇ ਬਲੂ ਸਟਾਰ ਅਤੇ ਦਿੱਲੀ ਦੰਗਿਆਂ 'ਤੇ ਕਵਿਤਾ ਨਹੀਂ ਲਿਖੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਰ ਦੇ ਹਮਲੇ ਦਾ ਕੁਝ ਪੰਨਿਆਂ 'ਤੇ ਹੀ ਜ਼ਿਕਰ ਹੈ। ਭਾਈ ਗੁਰਦਾਸ ਨੇ ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਜ਼ਿਕਰ ਨਹੀਂ ਕੀਤਾ। ਦਸਮ ਪਿਤਾ ਨੇ ਆਪਣੇ ਪਿਤਾ ਦੀ ਸ਼ਹਾਦਤ ਦਾ ਜ਼ਿਕਰ ਵਿਸਤਾਰ ਵਿਚ ਨਹੀਂ ਕੀਤਾ। ਕੁਝ ਲੋਕਾਂ ਦਾ ਇਤਰਾਜ਼ ਹੈ ਕਿ ਭਾਈ ਵੀਰ ਸਿੰਘ ਨੇ ਜਲ੍ਹਿਆਂ ਵਾਲੇ ਬਾਗ 'ਤੇ ਕਵਿਤਾ ਨਹੀਂ ਲਿਖੀ। ਜਿਸ ਨੇ ਜੋ ਲਿਖਿਆ, ਉਸ ਦਾ ਮੁਲੰਕਣ ਹੁੰਦਾ ਹੈ, ਪਰ ਮੇਰਾ ਵੀਰ, ਪ੍ਰਭਸ਼ਰਨਬੀਰ ਜਿਸ ਨੇ ਜੋ ਨਹੀਂ ਲਿਖਿਆ, ਉਸ ਦਾ ਮੁਲੰਕਣ ਕਰਨਾ ਲੋਚਦਾ ਹੈ।

ਸਿੱਖੀ ਦਾ ਕੇਂਦਰੀ ਨੁਕਤਾ ਜੰਗ ਨਹੀਂ, ਕਿਰਤ ਹੈ। ਕਿਰਤ ਦੀ ਪ੍ਰੇਰਨਾ ਬੰਦਗੀ 'ਚੋਂ ਮਿਲਦੀ ਹੈ। ਕਿਰਤ ਅਤੇ ਬੰਦਗੀ ਦੀ ਹਿਫਾਜ਼ਤ ਲਈ ਕਿਰਪਾਨ ਹੈ। ਸਿੱਖੀ ਦਾ ਨਾਇਕ ਕਿਰਤੀ ਹੈ। ਖੇਤਾਂ ਜਾਂ ਕਾਰਖਾਨਿਆਂ ਦੇ ਮਾਲਕ ਕਿਰਤੀ ਨਹੀਂ, ਬਲਕਿ ਉਥੇ ਕੰਮ ਕਰਨ ਵਾਲੇ ਕਿਰਤੀ ਹਨ ਜਿਨ੍ਹਾਂ ਦੀਆਂ ਕੋਮਲ, ਨਿਮਰ ਤੇ ਗਰੀਬ ਚਾਹਤਾਂ ਦਾ ਚਿਤੇਰਾ ਹੀ ਸਿੱਖ ਕਵੀ ਹੈ। ਕਿਰਤ ਸਜੀਵ ਕਵਿਤਾ ਹੈ ਅਤੇ ਕਿਰਤੀ ਹੀ ਕਵੀ ਹੈ। ਕਵਿਤਾ ਦੀ ਰਾਜਨੀਤੀ ਕਰਨ ਵਾਲਿਆਂ ਨੂੰ ਕੇਵਲ "ਦਿੱਲੀ ਵਿਚ ਬੈਠੇ ਜਲਾਦ" ਦਿਸਦੇ ਹਨ, ਪਰ ਕਵੀ ਨੂੰ ਦਿੱਲੀ ਨਹੀਂ, ਦਿਲ ਦੇ ਜਲਾਦ ਦਿਸਦੇ ਹਨ।

ਪਾਤਰ ਮਕਬੂਲ ਹੋਣ ਲਈ ਜਾਂ ਕਬੂਲ ਹੋਣ ਲਈ ਲਿਖਦਾ ਹੈ, ਇਹ ਤਾਂ ਪਾਤਰ ਜਾਣੇ; ਪਰ, ਪਾਤਰ ਦੀ ਕਵਿਤਾ ਸਿਰਫ ਇਨਾਮ ਖਾਤਰ ਕਵਿਤਾ ਹੇਠ ਫੁੱਟਨੋਟ ਨਹੀਂ ਛਾਪਦੀ ਅਤੇ ਨਾ ਹੀ ਸਰਕਾਰੀ ਇਨਾਮ ਲੈਣ ਲਈ ਕਿਸੇ ਜਰਨੈਲੀ ਭਬਕ 'ਤੇ ਕਾਲੀ ਸਿਆਹੀ ਨਾਲ ਹੜਤਾਲ ਫੇਰਦੀ ਹੈ। ਪਾਤਰ ਦੀ ਕਵਿਤਾ 'ਚ "ਖਯਾਬਾਂ ਖਯਾਬਾਂ ਇਰਮ" ਖਿੜਦੇ ਹਨ, ਮਾਨਵੀ ਹਿਰਦੇ ਦੀਆਂ ਤਹਿਆਂ ਖੁੱਲ੍ਹਦੀਆਂ ਹਨ, ਜਜ਼ਬਾਤ ਨਿਖਰਦੇ ਹਨ, ਅਹਿਸਾਸ ਸ਼ਬਦਾਂ ਦਾ ਜਾਮਾ ਪਹਿਨਦੇ ਹਨ, ਸ਼ਬਦ ਸਰੋਦ ਬਣ ਸੱਜਰੇ ਦ੍ਰਿਸ਼ ਸਿਰਜਦੇ ਹਨ। ਮਹਿਬੂਬ ਦੀ ਬੋਝਲ ਕਵਿਤਾ ਹੇਠ ਪਾਤਰ ਦੀ ਕਵਿਤਾ ਦੀਆਂ ਕੋਮਲ ਪੱਤੀਆਂ ਨੂੰ ਮਿਧਣ ਦੀ ਕੋਸ਼ਿਸ਼ ਕਰਨ ਵਾਲੇ ਰਤਾ ਮਹਿਬੂਬ ਦੀਆਂ ਇਨ੍ਹਾਂ ਸਤਰਾਂ ਦਾ ਮਤਲਬ ਵੀ ਸਮਝ ਲੈਣ ਤਾਂ ਸ਼ਾਇਦ ਮਹਿਬੂਬ ਦੀ 'ਕਾਮਤ ਕੀ ਦਰਾਜ਼ੀ' ਦਾ ਭੇਤ ਵੀ ਖੁੱਲ੍ਹ ਜਾਵੇ ਤੇ ਉਨ੍ਹਾਂ ਦੇ ਤੁਰਰੇ ਦੇ 'ਪੇਚੋ ਖਮ' ਸਭ ਦੇ ਸਾਹਮਣੇ ਆ ਜਾਣ।

ਪਹਿਲੇ ਪਾਤਸ਼ਾਹ ਨੂੰ 'ਨਾਨਕਾ' ਕਹਿ ਕੇ ਕਿਹੜਾ ਸਿੱਖ ਸੰਬੋਧਨ ਕਰ ਸਕਦਾ ਹੈ? 'ਰਬਾਬ ਦੀਆਂ ਠੰਢੀਆਂ ਤਾਰਾਂ ਦੇ ਕੋਲੇ', 'ਚਿੱਟਿਆਂ ਬਾਜ਼ਾਂ ਦੀ ਕਾਂਗ' ਅਤੇ 'ਮਾਸੂਮ ਨੈਣਾਂ ਦੇ ਸਾਹਮਣੇ ਤਾਰਿਆਂ ਵਾਂਗੂੰ ਚਮਕਦੇ, ਇਲਮ ਦੀ ਹੱਦ ਤੋਂ ਅੱਗੇ ਦੇ ਲੱਖਾਂ ਆਵੇਸ਼' ਤੱਕਣਾ ਮਹਿਬੂਬ ਦੀ ਤਿਰਛੀ ਨਜ਼ਰ ਦਾ ਕਮਾਲ ਹੈ। ਇਕ ਦਫਾ ਸਾਹਿਬਜ਼ਾਦਿਆਂ 'ਤੇ ਕਵਿਤਾ ਲਿਖ ਕੇ ਮਹਿਬੂਬ ਸਾਹਿਬ ਕਹਿਣ ਲੱਗੇ, "ਸਾਹਿਬਜ਼ਾਦਿਆਂ ਦੀ ਪੰਜਾਹ ਸਾਲ ਉਮਰ ਵਧ ਗਈ"; ਜਦੋਂ ਕਿਹਾ ਕਿ "ਸਾਹਿਬਜ਼ਾਦਿਆਂ ਦੀ ਨਹੀਂ, ਸਰ, ਤੁਹਾਡੀ ਵਧੀ ਹੈ" ਤਾਂ ਚੁੱਪ ਹੋ ਗਏ। ਇਥੇ ਹੀ ਬਸ ਨਹੀਂ, ਮਹਿਬੂਬ ਸਾਹਿਬ ਦੀ ਕਾਵਿ ਕੀਰਤੀ ਦੇ ਕੁਝ ਨੁਕਤੇ ਇਸ ਤੋਂ ਵੀ ਵਧੇਰੇ ਕਾਬਲੇ ਗ਼ੌਰ ਹਨ:

1. "ਗੁਰੂ ਪੈਗੰਬਰ ਦੀਵੇ ਨਿੱਕੇ ਭਰਮ ਦੀ ਓਟ 'ਚ ਬਾਲੇ", ਅਰਥਾਤ ਵਹਿਮ ਭਰਮ ਦੇ ਉਹਲੇ ਵਿਚ ਗੁਰੂ ਅਤੇ ਪੈਗੰਬਰ ਦੋ ਨਿੱਕੇ ਨਿੱਕੇ ਦੀਵੇ ਹਨ।

2. "ਇਲਮ ਦੇ ਸਾਦਾ ਅੱਖਰ ਤੋਂ ਵੱਧ ਕੂਕ ਨਾ ਸਕੀ ਬਾਣੀ", ਭਾਵ ਰੰਚਕ ਗਿਆਨ ਤੋਂ ਵੱਧ ਬਾਣੀ ਦੀ ਹੈਸੀਅਤ ਨਹੀਂ।

3. "ਖੈਰ ਲਈ ਅੱਡੇ ਹੱਥ ਸੀ ਜੋ ਨਾਲ ਲਾਚਾਰੀ" ਪੰਚਮ ਪਾਤਸ਼ਾਹ ਨੇ ਰਾਵੀ ਵਿਚ ਅੰਤਮ ਸਮੇਂ ਲਾਚਾਰੀ ਵਿਚ ਖੈਰ ਲਈ ਹੱਥ ਅੱਡੇ ਸਨ।

4. "ਪੁੱਤ ਸ਼ੇਰ ਬਰਾੜਾਂ ਦੇ, ਵੱਡੇ ਦਿਲ ਸਰਦਾਰਾਂ ਦੇ।"

ਮਹਿਬੂਬ ਦੇ ਇਨ੍ਹਾਂ ਕਾਵਿ ਕਥਨਾਂ ਦਾ ਵਿਆਖਿਆ ਸ਼ਾਸਤਰ ਅਬੁੱਝ ਹੈ। ਮਹਾਰਾਜਿਆਂ ਦੇ ਦਰਬਾਰਾਂ 'ਚ ਰੁਲਦੀ ਸ਼ੇਰਾਂ ਦੀ ਸਰਦਾਰੀ ਤਾਂ ਕਵਿਤਾ ਨਹੀਂ ਹੁੰਦੀ; ਪਰ ਮਲਵਈ ਮਹਿਬੂਬ, ਸ਼ੇਰ ਅਤੇ ਸਰਦਾਰ ਦੇ ਸਾਹਮਣੇ ਨਾਚੀਜ਼, ਗਰੀਬ ਅਤੇ ਦੁਆਬੀਏ ਪਾਤਰ ਦੀ ਕੀ ਔਕਾਤ ਹੈ। ਕਿਥੇ ਸਿੱਖੀ ਦਾ ਮਾਲਕ ਸਰਦਾਰ, ਕਿਥੇ ਸਿੱਖੀ ਦਾ ਨਿਮਾਣਾ ਜਿਹਾ ਪਾਤਰ।

"ਪੰਜਾਬ ਵਿਚ ਕੁਝ ਨਵੇਂ ਸਾਹਿਤਕ ਡੇਰਿਆਂ ਵਾਂਗ ਆਪੇ ਸਹੇੜੀ ਅਲਹਿਦਗੀ" ਦਾ ਸੰਕੇਤ ਸਪਸ਼ਟ ਹੈ, ਜਿਥੇ ਪ੍ਰਭਸ਼ਰਨਬੀਰ ਵੀ ਕਿਸੇ ਸਮੇਂ ਗੱਜ ਵੱਜ ਕੇ ਭਾਸ਼ਣ ਕਰਦਾ ਰਿਹਾ ਹੈ। ਸੰਸਥਾ ਪੀੜ੍ਹੀ ਹੁੰਦੀ ਹੈ, ਪੌੜੀ ਨਹੀਂ ਜਿਸ ਰਾਹੀਂ ਚੜ੍ਹ ਕੇ, ਉਸ ਨੂੰ ਚੁੱਕਿਆ, ਸੁੱਕਿਆ, ਸੁੱਟਿਆ ਜਾਂ ਧੱਕਿਆ ਜਾ ਸਕੇ। ਪੌੜੀ ਸਿਰਫ ਚੜ੍ਹਾਉਣ ਦੇ ਹੀ ਨਹੀਂ ਕੰਮ ਆਉਂਦੀ, ਚੜ੍ਹਿਆਂ ਨੂੰ ਲਾਹ ਵੀ ਸਕਦੀ ਹੈ।

ਕਈ ਲੋਕ ਅਡੋਰਨੋ ਦੇਰੀਦਾ ਦੇ ਮੱਲੋ ਮੱਲੀ ਟਿਊਟਰ ਬਣ ਬੈਠੇ ਹਨ, ਤੇ ਮੱਤਾਂ ਦਿੰਦੇ ਹਨ। ਕਿਤਾਬਾਂ ਰਾਹੀਂ ਗਿਆਨ ਜਗਾਇਆ ਜਾਂਦਾ ਹੈ, ਫੁੱਟਦਾ ਮਸਤਕ 'ਚੋਂ ਹੈ। ਉਸ ਨੇ ਲਿਖਿਆ ਕਿ ਉਸ ਦਾ ਮੰਤਵ ਤਾਂ "ਅਡੋਰਨੋ ਵਲੋਂ ਯਹੂਦੀਆਂ ਦੇ ਮਹਾਂਨਾਸ਼ ਸਬੰਧੀ ਕੀਤੀ ਟਿੱਪਣੀ, ਆਸ਼ਵਿਟਜ਼ ਤੋਂ ਬਾਅਦ ਕਵਿਤਾ ਲਿਖਣਾ ਬਰਬਰਤਾ ਹੈ" ਬਾਰੇ ਵਿਚਾਰ ਕਰਨਾ ਸੀ। ਕੌਣ ਰੋਕਦਾ ਹੈ! ਜੰਮ ਜੰਮ ਕਰੇ, ਪਰ ਕਵਿਤਾ ਪ੍ਰਤੀ ਬਾਰਬਰਿਕ ਹੋਏ ਬਗ਼ੈਰ।

ਯੂਨਾਨੀ ਲੋਕ ਆਪਣੀ ਭਾਸ਼ਾ ਬਿਨਾ ਸਭ ਨੂੰ ਟਿੱਚ ਜਾਣਦੇ ਸਨ। ਦੂਸਰੇ ਮੁਲਕ ਦਾ ਕੋਈ ਬੰਦਾ ਜਿਸ ਦੀ ਭਾਸ਼ਾ ਉਨ੍ਹਾਂ ਨੂੰ ਸਮਝ ਨਹੀਂ ਸੀ ਪੈਂਦੀ, ਜਦ ਮਿਲਦਾ ਤਾਂ ਕਹਿੰਦੇ, "ਕੀ ਬਰ ਬਰ ਕਰੀ ਜਾਂਦਾ"; ਜਿਵੇਂ ਅਸੀਂ ਕਹਿ ਦਿੰਦੇ ਹਾਂ, "ਕੀ ਬਕ ਬਕ ਲਾਈ ਹੈ।" ਇਹ "ਬਰ ਬਰ" ਹੀ ਬਰਬਰਤਾ ਸ਼ਬਦ ਦਾ ਜਨਮ ਦਾਤਾ ਹੈ। ਯੂਨਾਨੀ ਲੋਕ ਕਿਸੇ ਵਿਦੇਸ਼ੀ ਨੂੰ "ਬਾਰਬਰਅਸ" ਅਤੇ ਵਿਦੇਸ਼ੀ ਭਾਸ਼ਾ ਨੂੰ ਪ੍ਰਭਸ਼ਰਨਬੀਰ ਵਾਲੀ 'ਬਰਬਰਤਾ' ਕਹਿੰਦੇ ਸਨ। ਉਨ੍ਹਾਂ ਮੁਤਾਬਕ ਕਿਸੇ ਹੋਰ ਮੁਲਕ 'ਚੋਂ ਆਇਆ ਗੈਰਭਾਸ਼ੀ ਬੰਦਾ ਬਰਬਰ ਹੈ ਅਤੇ ਬਰਬਰਤਾ ਫੈਲਾਉਂਦਾ ਹੈ। ਅਮਰੀਕਾ ਵਿਚ ਕੰਮ 'ਤੇ ਬੈਠਾ ਕੋਈ ਆਪਣੇ ਭੈਣ-ਭਾਈ ਨਾਲ ਫੋਨ 'ਤੇ ਪੰਜਾਬੀ 'ਚ ਗੱਲ ਕਰਦਾ ਹੋਵੇ ਤਾਂ ਬੌਸ ਬਰਬਰਤਾ ਸਮਝ ਕੇ ਰੋਕ ਦਿੰਦਾ ਹੈ।

ਜੌਨ ਆਈਟੋ ਨੇ ਦੱਸਿਆ ਕਿ 'ਬਰਬਰਤਾ' ਵਿਚੋਂ ਹੀ 'ਬਰੇਵ' ਸ਼ਬਦ ਨਿਕਲਿਆ ਹੈ। ਬ੍ਰੇਵ ਦਾ ਮੁਢਲਾ ਅਰਥ ਅਸੱਭਿਅਕ ਹੈ। ਅਸੱਭਿਅਕ ਉਹੀ ਹੈ ਜਿਸ ਦੀ ਬੋਲੀ ਕਿਸੇ ਨੂੰ ਸਮਝ ਨਹੀਂ ਪੈਂਦੀ, ਜਾਂ ਜਿਹੜਾ ਕੋਈ ਬੋਲੀ ਠੀਕ ਤਰ੍ਹਾਂ ਨਾਲ ਨਹੀਂ ਬੋਲ ਸਕਦਾ। ਅਸਲ ਵਿਚ ਬ੍ਰੇਵ ਦਾ ਅਰਥ ਵਿਦੇਸ਼ੀ ਹੀ ਬਣਦਾ ਹੈ। ਇਕ ਸਭਿਅਤਾ ਦਾ ਬੰਦਾ ਦੂਸਰੀ ਸਭਿਅਤਾ ਵਿਚ ਅਸੱਭਿਅਕ ਗਿਣਿਆ ਜਾਂਦਾ ਹੈ। ਆਪਣੀ ਸਭਿਅਤਾ ਛੱਡ ਕੇ, ਜਿਹੜਾ ਕਿਸੇ ਹੋਰ ਸਭਿਅਤਾ ਵਿਚ ਜਾ ਕੇ ਜਾਂ ਰਹਿ ਕੇ ਅਸੱਭਿਅਕ ਸਮਝੇ ਜਾਣ ਦਾ ਜੋਖਮ ਉਠਾਉਂਦਾ ਹੈ, ਉਸ ਨਾਲ ਦਲੇਰੀ ਦਾ ਭਾਵ ਜੁੜ ਜਾਂਦਾ ਹੈ। ਇਥੋਂ ਹੀ ਬ੍ਰੇਵ ਦਾ ਅਰਥ ਦਲੇਰ ਹੋ ਗਿਆ ਹੈ। ਦਲੇਰ ਉਹ ਜੋ ਦਿਲ, ਅਰਥਾਤ ਹੌਸਲੇ ਵਾਲਾ ਹੈ।

ਬ੍ਰੇਵ ਹੀ ਬਰਬਰ ਹੁੰਦੇ ਹਨ। ਜਿਸ ਦੇ ਖੂਨ ਰਗਾਂ ਵਿਚ ਦੌੜਦਾ ਹੈ, ਉਹ ਬ੍ਰੇਵ ਹੈ; ਪਰ ਜਿਸ ਦਾ ਖੂਨ ਅੱਥਰੂ ਬਣ ਟਪਕਦਾ ਹੈ, ਉਹ ਕਵੀ ਹੈ। ਨੇਹੁ ਵਾਲੇ ਨੈਣਾਂ ਦਾ ਨੀਰ ਕਵਿਤਾ ਹੈ। ਬ੍ਰੇਵ ਪੁਰਸ਼ ਜਦ ਬਰਬਰਤਾ ਫੈਲਾਉਂਦੇ ਹਨ ਤਾਂ ਦੁੱਖ ਦਿੰਦੇ ਹਨ। ਜਿਨ੍ਹਾਂ ਤੋਂ ਦੁੱਖ ਦੇਖਿਆ ਨਹੀਂ ਜਾਂਦਾ, ਉਹ ਦੁੱਖ ਦੇਖ ਦੇਖ ਅੱਥਰੂ ਵਹਾਉਂਦੇ ਹਨ। ਅੱਥਰੂ ਵੀ ਦੋ ਤਰ੍ਹਾਂ ਦੇ ਲੋਕ ਵਹਾਉਂਦੇ ਹਨ। ਇਕ ਉਹ ਜੋ ਦੁੱਖ ਸਹਿ ਨਹੀਂ ਸਕਦੇ, ਇਕ ਉਹ ਜੋ ਦੁੱਖ ਦੇਖ ਨਹੀਂ ਸਕਦੇ। ਜੋ ਦੁੱਖ ਸਹਿ ਨਹੀਂ ਸਕਦੇ, ਉਨ੍ਹਾਂ ਦਾ ਦਿਲ ਕਮਜ਼ੋਰ ਹੁੰਦਾ ਹੈ। ਜੋ ਦੁੱਖ ਦੇਖ ਨਹੀਂ ਸਕਦੇ, ਉਨ੍ਹਾਂ ਦਾ ਦਿਲ ਕੋਮਲ ਹੁੰਦਾ ਹੈ। ਇਹੀ ਲੋਕ ਕਵੀ ਹੁੰਦੇ ਹਨ।

ਸੁਹਿਰਦ ਅਤੇ ਸਹਿਰਦ ਦੋ ਸ਼ਬਦ ਹਨ। ਭਾਰਤੀ ਕਾਵਿ ਸ਼ਾਸਤਰ ਵਿਚ ਸੁਹਿਰਦ ਨਹੀਂ, ਸਹਿਰਦ ਕੇਂਦਰੀ ਸ਼ਬਦ ਹੈ। ਸੁਹਿਰਦ ਉਹ ਹੈ ਜਿਸ ਦਾ ਹਿਰਦਾ ਸਵੱਛ ਹੈ; ਪਰ ਸਹਿਰਦ ਉਹ ਹੈ ਜਿਸ ਦਾ ਹਿਰਦਾ ਦੂਸਰਿਆਂ ਜਿਹਾ ਹੈ। ਦੂਸਰਿਆਂ ਜਿਹਾ ਹਿਰਦਾ ਰੱਖਣ ਵਾਲਾ, ਸਹਿਰਦ ਹੀ ਅਸਲ ਵਿਚ ਸਵੱਛ ਹਿਰਦੇ ਵਾਲਾ, ਸੁਹਿਰਦ ਹੈ। ਜਿਸ ਦਾ ਹਿਰਦਾ ਅਲਹਿਦਾ ਹੈ, ਉਹ ਦੂਸਰਿਆਂ ਦੀ ਖੁਸ਼ੀ ਗਮੀ ਮਹਿਸੂਸ ਨਹੀਂ ਕਰ ਸਕਦਾ। ਕਵੀ ਦਾ ਦਿਲ ਸਾਰੇ ਜਹਾਨ ਦਾ ਦਿਲ ਹੁੰਦਾ ਹੈ। ਉਸ ਦੇ ਦਿਲ ਵਿਚ ਸਭ ਦਾ ਦਿਲ ਧੜਕਦਾ ਹੈ। ਦਰਅਸਲ, ਉਸ ਲਈ ਕੋਈ ਦੂਸਰਾ ਹੁੰਦਾ ਹੀ ਨਹੀਂ। "ਦੂਸਰ ਹੋਇ ਤ ਸੋਝੀ ਪਾਇ।" ਬ੍ਰੇਵ ਫੱਟ ਮਾਰਦੇ ਹਨ ਤੇ ਬਰਬਰਤਾ ਫੈਲਾਉਂਦੇ ਹਨ। ਕੋਮਲ ਚਿਤ ਕਵੀ ਆਪਣੇ ਅੱਥਰੂਆਂ ਨੂੰ ਕਵਿਤਾ ਵਿਚ ਪਲਟਾ ਕੇ ਸੰਵੇਦਨਾ ਸਿਰਜਦੇ ਹਨ।

ਪ੍ਰਤੀਕਰਮ ਦਰ ਪ੍ਰਤੀਕਰਮ

ਸੰਵੇਦਨਾ ਬਿਨਾ ਬਰਬਰਤਾ ਦਾ ਕੋਈ ਹੱਲ ਨਹੀਂ। ਸੰਵੇਦਨਸ਼ੀਲ ਮਨ ਜੇ ਕਿਤੇ ਕਿਰਪਾਨ ਵੀ ਚੁੱਕ ਲੈਣ ਤਾਂ ਉਹ ਬਰਬਰਤਾ ਦਾ ਸਮਾਪਨ ਕਰਦੇ ਹਨ, ਪਰ ਸੰਵੇਦਨਾਹੀਨ ਦੇ ਹੱਥ ਜੇ ਕਿਰਪਾਨ ਆ ਜਾਵੇ ਤਾਂ ਉਹ ਬਰਬਰਤਾ ਵਿਚ ਹੋਰ ਵਾਧਾ ਕਰਦੇ ਹਨ। ਇਤਿਹਾਸ ਦੱਸਦਾ ਹੈ ਕਿ ਬੰਦੇ ਬਹਾਦਰ ਦੇ ਸਮੇਂ ਚੋਖੀ ਗਿਣਤੀ ਵਿਚ ਸੰਵੇਦਨਾਹੀਨ ਤੱਤ ਸਿੱਖੀ ਵਿਚ ਦਾਖਲ ਹੋ ਗਿਆ ਸੀ ਜੋ ਬਰਬਰਤਾ ਨੂੰ ਖਤਮ ਕਰਦਾ ਕਰਦਾ ਖੁਦ ਬਰਬਰ ਹੋ ਗਿਆ। ਉਹੀ ਬਰਬਰੀ ਲੋਕ ਸਿੱਖੀ ਵਿਚ ਹਾਲੇ ਤੱਕ ਕਾਬਜ਼ ਹਨ। ਗੁਰੂ ਨੇ 'ਖੂਨ ਕੇ ਸੋਹਿਲੇ' ਗਾਏ ਸਨ, ਬਰਬਰਤਾ ਦੇ ਨਹੀਂ।

ਜੇ ਮਹਿਬੂਬ ਬ੍ਰੇਵ ਕਵੀ ਹੈ ਤੇ ਉਸ ਦੇ ਪੈਰੋਕਾਰਾਂ ਦੀਆਂ ਨਜ਼ਰਾਂ ਵਿਚ ਪਾਤਰ ਵਿਚਾਰਾ ਤਾਂ ਬਰਬਰਤਾ ਦੇ ਮੱਚਦੇ ਅੰਗਿਆਰਿਆਂ 'ਤੇ ਨੱਚਣ ਵਾਲਾ ਬੇਵਸ ਤੇ ਲਾਚਾਰ ਜਿਹਾ ਫਨਕਾਰ ਹੈ। ਮਹਿਬੂਬ ਉਮਰ ਭਰ ਕਵਿਤਾ ਨੂੰ ਕਮਜ਼ੋਰੀ ਸਮਝਦੇ ਰਹੇ ਤੇ ਬਰਬਰਤਾ ਨੂੰ ਦਲੇਰੀ। ਇਸੇ ਲਈ ਉਨ੍ਹਾਂ ਦੀ ਕਵਿਤਾ ਬਰਬਰਤਾ ਦੇ ਹੱਕ ਵਿਚ ਭੁਗਤਦੀ ਰਹੀ ਤੇ ਬਰਬਰਤਾ ਦੀ ਹਾਰ 'ਤੇ ਅੱਥਰੂ ਕੇਰਦੀ ਰਹੀ। ਇਨ੍ਹਾਂ ਅੱਥਰੂਆਂ ਤੋਂ ਹੀ ਲੋਕਾਂ ਨੇ ਉਨ੍ਹਾਂ ਨੂੰ ਕਵੀ ਸਮਝ ਲਿਆ। ਪਾਤਰ ਨੇ ਲਿਖਿਆ ਸੀ ਕਿ ਅੱਥਰੂ ਟੈਸਟ ਟਿਊਬ 'ਚ ਪਾ ਕੇ ਪਰਖਾਂਗੇ, ਕੱਲ੍ਹ ਉਹ ਆਪਣੇ ਕਿਸ ਮਹਿਬੂਬ ਨੂੰ ਰੋਇਆ ਸੀ। ਕੇਵਲ ਰੋਣਾ ਹੀ ਕਵਿਤਾ ਨਹੀਂ। ਇਹ ਵੀ ਦੇਖਣ ਵਾਲੀ ਗੱਲ ਹੈ ਕਿ ਕੋਈ ਕਿਸ ਲਈ ਰੋਇਆ, ਫੱਟ ਦੇਣ ਵਾਲੇ ਲਈ ਜਾਂ ਖਾਣ ਵਾਲੇ ਲਈ।

ਜਦ ਤੱਕ ਕਿਸੇ ਕੋਲ 'ਝਾਂਜਰਾਂ ਦਾ ਕਾਲ' ਹੈ, ਉਦੋਂ ਤੱਕ ਕਵਿਤਾ ਦੀ ਕਨਸੋ ਨਹੀਂ ਮਿਲਦੀ। ਇਸਤਰੀ ਨੂੰ ਅੰਗਰੇਜ਼ੀ ਵਿਚ ਲੇਡੀ ਕਿਹਾ ਜਾਂਦਾ ਹੈ ਜਿਸ ਦਾ ਅਰਥ ਰੋਟੀ ਬਣਾਉਣ ਵਾਲੀ ਹੈ। ਫੈਮਿਨਿਨ ਸ਼ਬਦ ਵੀ ਵਰਤਿਆ ਜਾਂਦਾ ਹੈ ਜਿਸ ਦਾ ਅਰਥ ਦੁੱਧ ਪਿਲਾਉਣ ਵਾਲੀ ਹੈ। ਔਰਤ ਫਾਰਸੀ ਦਾ ਸ਼ਬਦ ਹੈ, ਇਸ ਦਾ ਅਰਥ ਪਰਦਾਨਸ਼ੀ ਜਾਂ ਪਰਦਾਪਸੰਦ ਹੈ। ਇਸੇ ਤਰ੍ਹਾਂ ਵਾਈਫ ਸ਼ਬਦ ਦੇ ਅਰਥ ਸ਼ਰਮਾਕਲ ਜਾਂ ਲੱਜਾਵੰਤ ਹਨ। ਇਨ੍ਹਾਂ ਸਾਰੇ ਅਰਥਾਂ ਤੇ ਭਾਵਾਂ ਦੀ ਕਨਸੋ ਝਾਂਜਰ 'ਚ ਨਿਹਿਤ ਹੈ। ਕੋਈ ਜ਼ੰਜੀਰ ਨੂੰ ਝਾਂਜਰ ਸਮਝ ਬੈਠੇ ਤੇ ਝਾਂਜਰ ਨੂੰ ਜ਼ੰਜੀਰ ਕਹੀ ਜਾਵੇ ਤਾਂ ਉਸ ਦਾ ਰੱਬ ਹੀ ਰਾਖਾ।

ਪ੍ਰਭਸ਼ਰਨਬੀਰ ਦੇ ਵੱਡੇ ਅਤੇ ਅਰਧ ਹਮਨਾਮੀ ਭਾਈ ਨੇ ਵੀ ਯੂਟਿਊਬ 'ਤੇ ਕੀਤੀ ਵਾਰਤਾਲਾਪ ਵਿਚ ਆਪਣੇ ਪੁਰਾਣੇ ਗੈਰਮਲਵਈ ਦੋਸਤ ਲਈ ਉਹੋ ਜਿਹੇ ਅਲਫਾਜ਼ ਇਸਤੇਮਾਲ ਕੀਤੇ ਹਨ ਜਿਹੋ ਜਿਹੇ ਪ੍ਰਭਸ਼ਰਨਬੀਰ ਨੇ ਪਾਤਰ ਲਈ ਕੀਤੇ; ਪਰ ਉਸ ਨੇ ਇਕ ਕਮਾਲ ਦਾ ਵਾਕਿਆ ਵੀ ਸਾਂਝਾ ਕੀਤਾ ਹੈ ਕਿ ਉਸ ਨੂੰ ਪਹਿਲੀ ਵਾਰੀ ਜਦ ਮਹਿਬੂਬ ਦੇ ਇਕ ਪਰਮ ਮਿੱਤਰ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕਿਸੇ ਸੈਮੀਨਾਰ ਉਪਰੰਤ ਪੁੱਛਿਆ ਸੀ ਕਿ ਉਹ ਕੀ ਕਰਦਾ ਹੈ, ਤਾਂ ਉਸ ਦੇ ਇਹ ਦੱਸਣ 'ਤੇ ਕਿ ਉਹ ਅੰਗਰੇਜ਼ੀ ਦੀ ਐਮ. ਏ. ਕਰਦਾ ਹੈ, ਉਸ ਨੇ ਖੁਸ਼ੀ ਵਿਚ ਉਛਲ ਕੇ ਕਿਹਾ ਸੀ ਕਿ "ਜੱਟ ਦੇ ਪੁੱਤ ਨੂੰ ਅੰਗਰੇਜ਼ੀ ਦੀ ਐਮ.ਏ. ਹੀ ਕਰਨੀ ਚਾਹੀਦੀ ਹੈ।" ਸਿੱਖੀ ਲਿਬਾਸ ਵਿਚ ਮਲਵਈ ਬਰਾੜਾਂ ਤੇ ਸਰਦਾਰਾਂ ਦੇ ਸੋਹਿਲੇ ਗਾਉਣ ਵਾਲੇ ਮਹਾਨ ਕਵੀ ਦੇ ਪੈਰੋਕਾਰ ਵੀ ਮੁਲਖੱਈਆ ਸੋਚ ਦੀ ਪੈਰਵੀ ਅਤੇ ਅਗਵਾਈ ਕਰਨੀ ਲੋਚਦੇ ਹਨ ਤੇ ਇਸ ਬਰਬਰਤਾ ਦੀ ਪੈਦਾ ਕੀਤੀ ਘੁਟਣ 'ਚ ਤਿਲ ਤਿਲ ਘਟਦੇ ਸੁਰਜੀਤ ਪਾਤਰ ਦੀ ਕਵਿਤਾ ਦੇ ਖੰਭ ਝਾੜ ਦੇਣ ਬਾਬਤ ਸੋਚਦੇ ਹਨ ਤਾਂ ਕਿ ਕੋਈ ਵੀ ਸੋਚ ਆਜ਼ਾਦ ਫਿਜ਼ਾ ਵਿਚ ਪਰਵਾਜ਼ ਨਾ ਭਰ ਸਕੇ। ਬੰਦ ਪਿੰਜਰੇ ਵਿਚ ਪਈ ਪਲੇਟ ਵਿਚ ਚੋਗਾ ਖਾਣ ਵਾਲੇ ਕੈਦ ਪੰਛੀ ਨੂੰ ਇਕਬਾਲ ਦੀ ਕਵਿਤਾ ਨੇ ਗੂੜ੍ਹੀ ਨੀਂਦ 'ਚੋਂ ਇਵੇਂ ਜਗਾਇਆ ਸੀ: "ਐ ਤਾਇਰਿ ਲਾਹੂਤੀ, ਉਸ ਰਿਜ਼ਕ ਸੇ ਮੌਤ ਅੱਛੀ, ਜਿਸ ਰਿਜ਼ਕ ਸੇ ਆਤੀ ਹੋ ਪਰਵਾਜ਼ ਮੇਂ ਕੁਤਾਹੀ"; ਪਰ ਅਮਰੀਕੀ ਸੋਨ ਪਿੰਜਰੇ ਦੇ ਪੰਛੀਆਂ ਲਈ ਕੋਈ ਕਵਿਤਾ ਨਹੀਂ ਅਹੁੜਦੀ।

ਰੱਬ ਰਾਖਾ!

ਲੰਕਾ ਦੇਸ ਹੈ ਕੋਲੰਬੂ

ਦੇਵਿੰਦਰ ਸਤਿਆਰਥੀ ਦੇਸ-ਬਦੇਸ ਅੰਦਰ ਲੋਕ ਗੀਤ ਇਕੱਠੇ ਕਰਦਾ ਤਾਉਮਰ ਲੋਕ ਗੀਤ ਦੀ ਜੂਨ ਹੰਢਾਉਂਦਾ ਰਿਹਾ। ਉਹਦੀ ਸੰਸਾਰਕ ਫਕੀਰੀ ਅਤੇ ਸਾਹਿਤਕ-ਸਭਿਆਚਾਰਕ ਅਮੀਰੀ ਦੇ ਕਿੱਸੇ ਸਾਹਿਤ ਦੇ ਦਾਇਰਿਆਂ ਵਿਚ ਆਮ ਹੀ ਸੁਣਨ ਨੂੰ ਮਿਲ ਜਾਂਦੇ ਹਨ। ਉਹਦੀ ਜ਼ਿੰਦਗੀ ਤਾਂ ਲੋਕ ਗੀਤਾਂ ਵਰਗੀ ਸੀ ਹੀ, ਉਹਦੀਆਂ ਲਿਖਤਾਂ ਉਤੇ ਲੋਕ ਗੀਤਾਂ ਦਾ ਰੰਗ ਬਹੁਤ ਗੂੜ੍ਹਾ ਚੜ੍ਹਿਆ ਹੋਇਆ ਹੈ। 'ਲੰਕਾ ਦੇਸ ਹੈ ਕੋਲੰਬੂ' ਵਿਚ ਇਸੇ ਰੰਗ ਦੇ ਝਲਕਾਰੇ ਪੈਂਦੇ ਹਨ। ਜਾਪਦਾ ਹੈ, ਅੱਖਰ-ਅੱਖਰ ਕੁਦਰਤ ਦੀ ਅਨੂਠੀ ਤਾਲ 'ਤੇ ਨੱਚ ਰਿਹਾ ਹੈ। -ਸੰਪਾਦਕ

"ਇਹ ਟਟਹਿਣਾ ਹੈ, ਮਾਂ! ਦੂਰ ਦੇਸ ਦਾ ਰਾਹੀ!"

ਬਚਪਨ ਵਿਚ ਪਹਿਲੀ ਵਾਰ ਟਟਹਿਣਾ ਫੜ ਕੇ ਮੈਂ ਆਪਣੀ ਮਾਂ ਕੋਲ ਲਿਆਇਆ ਤਾਂ ਮੈਂ ਬੜੇ ਮਾਣ ਨਾਲ ਕਿਹਾ ਸੀ। ਟਟਹਿਣਾ ਮੇਰੀ ਮੁੱਠੀ ਵਿਚ ਬੰਦ ਸੀ ਤੇ ਇਸ ਦੀ ਵਿੱਥ ਵਿਚੋਂ ਆਉਂਦੀ ਮੱਧਮ ਲਿਸ਼ਕ ਮੈਨੂੰ ਡਾਢੀ ਚੰਗੀ ਜਾਪਦੀ ਸੀ। ਜ਼ਰੂਰ ਕਿਸੇ ਦੂਰ ਦੇਸ ਦਾ ਕੀੜਾ ਹੈ ਤੇ ਰਾਤੀਂ ਹਾਣੀਆਂ ਨਾਲ ਕਿਸੇ ਜਾਦੂ ਦੇ ਅਸਰ ਹੇਠ ਇਥੇ ਆ ਜਾਂਦਾ ਹੈ, ਮੈਂ ਇਹ ਸੋਚ ਰਿਹਾ ਸੀ ਤੇ ਵਿਹੜੇ ਵਿਚ ਹਿਰਨ ਦੇ ਬੱਚੇ ਵਾਂਗ ਕੁੱਦ ਰਿਹਾ ਸੀ।

"ਇਸ ਨੂੰ ਛੱਡ ਦੇ ਬੱਚਾ! ਮਤੇ ਇਸ ਦੇ ਖੰਭ ਟੁੱਟ ਜਾਣ। ਬੜੇ ਨਿੱਕੇ ਖੰਭ ਹੁੰਦੇ ਹਨ, ਇਸ ਦੇ, ਬੱਚਾ। ਮਤੇ ਪਿੱਛੇ ਇਸ ਦੀ ਮਾਂ ਤੜਫਦੀ ਰਹੇ।" ਮਾਂ ਦਾ ਕਿਹਾ ਮੰਨ ਕੇ ਮੈਂ ਟਟਹਿਣੇ ਨੂੰ ਛੱਡ ਦਿੱਤਾ, ਪਰ ਸਾਲਾਂ ਬੱਧੀ ਪਿੱਛੋਂ ਵੀ ਮੈਂ ਟਟਹਿਣਿਆਂ ਪਿੱਛੇ ਭੱਜਦਾ ਰਿਹਾ, ਭਾਵੇਂ ਇਹ ਡਰ ਜ਼ਰੂਰ ਲੱਗਾ ਰਹਿੰਦਾ ਕਿ ਭੱਜਦਾ ਮੈਂ ਇੰਨਾ ਅਗਾਂਹ ਨਾ ਲੰਘ ਜਾਵਾਂ ਕਿ ਘਰ ਦਾ ਰਾਹ ਹੀ ਭੁੱਲਾ ਬੈਠਾਂ।



ਦਵਿੰਦਰ ਸਤਿਆਰਥੀ

ਕੋਲੰਬੂ ਪਹੁੰਚ ਕੇ ਮੈਨੂੰ ਬਚਪਨ ਦੇ ਬੀਤੇ ਦਿਨ ਯਾਦ ਆ ਗਏ। ਟਟਹਿਣਿਆਂ ਪਿੱਛੇ ਭੱਜਦਾ ਦੂਰ ਨਿਕਲ ਜਾਣ ਤੋਂ ਡਰਨ ਵਾਲਾ ਬੱਚਾ ਵੱਡਾ ਹੋ ਕੇ ਇੰਨੀ ਦੂਰ ਸਮੁੰਦਰ ਪਾਰ ਆ ਪਹੁੰਚੇਗਾ, ਇਹ ਕੌਣ ਜਾਣਦਾ ਸੀ? ਇਹ ਤਾਂ ਮੇਰੀ ਮਾਂ ਵੀ ਨਹੀਂ ਸੀ ਜਾਣਦੀ।

ਤਾਰਿਆਂ ਦੀ ਛਾਂਵੇਂ ਅਸੀਂ ਤਿੰਨੇ ਸਮੁੰਦਰ ਕੰਢੇ ਬੈਠੇ ਹਾਂ-ਮੈਂ, ਮੇਰੀ ਪਤਨੀ ਤੇ ਪੁੱਤਰੀ ਕਵਿਤਾ। ਦੂਰ ਤੀਕ ਸੜਕ ਚਲੀ ਗਈ ਹੈ, ਸਮੁੰਦਰ ਦੇ ਕੰਢੇ-ਕੰਢੇ। ਗਰੀਬ ਮਜ਼ਦੂਰ ਦੇ ਜੰਮੇ ਹੋਏ ਲਹੂ ਵਾਂਗ ਇਸ ਸੜਕ ਦਾ ਰੰਗ ਕਾਲਾ ਹੈ, ਤੇ ਸੜਕ ਦੇ ਕਿਨਾਰੇ ਇਹ ਫੁੱਟਪਾਥ ਜਿਸ 'ਤੇ ਪਏ ਬੈਂਚ ਉਤੇ ਅਸੀਂ ਬੈਠੇ ਹਾਂ, ਕਾਫੀ ਉਭਰਿਆ ਹੋਇਆ ਹੈ, ਕਿਸੇ ਉਦਾਸ ਤੀਵੀਂ ਦੀ ਅੱਖ ਵਾਂਗ ਜੋ ਲਗਾਤਾਰ ਰੋਣ ਕਰ ਕੇ ਸੁੱਜ ਗਈ ਹੋਵੇ।

ਸਮੁੰਦਰ ਆਪਣੀ ਭਾਸ਼ਾ ਵਿਚ ਪਤਾ ਨਹੀਂ ਕੀ ਬੋਲ ਰਿਹਾ ਹੈ। ਸਦੀਆਂ ਤੋਂ ਇਸ ਦੀ ਆਵਾਜ਼ ਜਾਰੀ ਹੈ। ਦੂਰੋਂ ਇਕ ਲਹਿਰ ਆਉਂਦੀ ਹੈ, ਸਿਰ ਚੁੱਕੀ। ਜਦ ਤੀਕ ਪਹਿਲੀ ਲਹਿਰ ਕਿਨਾਰੇ 'ਤੇ ਆ ਕੇ ਟਕਰਾ ਚੁੱਕੀ ਹੁੰਦੀ ਹੈ, ਦੂਜੀ ਲਹਿਰ ਸਿਰ ਚੁੱਕੀ ਕਿਨਾਰੇ ਵੱਲ ਤੁਰ ਪੈਂਦੀ ਹੈ। ਫਿਰ ਤੀਜੀ ਉਠ ਤੁਰਦੀ ਹੈ।

ਲੰਕਾ ਦੀ ਇਕ ਲੋਕ-ਕਥਾ ਵਿਚ ਇਨ੍ਹਾਂ ਤਿੰਨ ਲਹਿਰਾਂ ਦਾ ਵਿਖਿਆਨ ਹੋਇਆ ਹੈ। ਇਕ ਮੁੰਡਾ ਆਪਣੀ ਭੈਣ ਦਾ ਚੰਨ ਮੁਖੜਾ ਤੱਕ ਕੇ ਉਸ ਦੀ ਪ੍ਰਸ਼ੰਸਾ ਕਰਨ ਲੱਗਾ। ਇਸਤਰੀ ਦਾ ਜੀਵਨ ਗੁਜ਼ਾਰਨ ਤੋਂ ਉਸ ਕੁੜੀ ਦਾ ਮਨ ਉਕਾ ਹੀ ਹਟ ਗਿਆ ਤੇ ਸ਼ਰਮਸਾਰ ਹੋ ਕੇ ਉਸ ਨੇ ਸਮੁੰਦਰ ਵਿਚ ਛਾਲ ਮਾਰ ਦਿੱਤੀ। ਉਸ ਨੂੰ ਆਤਮਘਾਤ ਕਰਦਿਆਂ ਵੇਖ ਭਰਾ ਨੇ ਵੀ ਉਸ ਦੇ ਪਿੱਛੇ ਛਾਲ ਮਾਰ ਦਿੱਤੀ। ਮੁੰਡੇ ਤੇ ਕੁੜੀ ਨੂੰ ਬਚਾਉਣ ਲਈ ਉਨ੍ਹਾਂ ਦੀ ਮਾਂ ਵੀ ਸਮੁੰਦਰ ਵਿਚ ਆ ਕੁੱਦੀ। ਲੋਕ ਕਹਿੰਦੇ ਹਨ ਕਿ ਸਭ ਤੋਂ ਵੱਡੀ ਲਹਿਰ ਉਤੇ ਉਸ ਕੁੜੀ ਦੀ ਰੂਹ ਸਵਾਰ ਹੈ, ਉਸ ਤੋਂ ਛੋਟੀ ਲਹਿਰ ਉਤੇ ਭਰਾ ਦੀ ਤੇ ਸਭ ਤੋਂ ਛੋਟੀ ਉਤੇ ਉਨ੍ਹਾਂ ਦੀ ਮਾਂ ਦੀ ਰੂਹ। ਸਦੀਆਂ ਤੋਂ ਇਹ ਰੂਹਾਂ ਵਿਆਕੁਲ ਹਨ, ਪਰ ਤਿੰਨ ਲਹਿਰਾਂ ਅੱਡ-ਅੱਡ ਉਠਦੀਆਂ ਹਨ, ਤੇ ਕੰਢੇ ਨਾਲ ਅੱਡ ਅੱਡ ਟਕਰਾਉਂਦੀਆਂ ਹਨ। ਇਹ ਰੂਹਾਂ ਅੱਜ ਤੀਕ ਇਕ ਦੂਜੀ ਨੂੰ ਨਹੀਂ ਮਨਾ ਸਕੀਆਂ। ਕੋਲੰਬੂ ਦੇ ਇਸ ਸੁੰਦਰ ਤੇ ਅਥਾਹ ਸਮੁੰਦਰ ਵੱਲ ਤੱਕਦਿਆਂ ਮੈਨੂੰ ਇਕ ਕਹਾਣੀ ਚੇਤੇ ਆ ਰਹੀ ਹੈ। ਇਕ ਪਹਾੜੀ ਨਾਲਾ ਸੋਚਣ ਲੱਗਾ ਕਿ ਉਸ ਨੂੰ ਕਿਸੇ ਮਾਮੂਲੀ ਬਰਸਾਤੀ ਨਦੀ ਨਾਲ ਨਹੀਂ, ਸਗੋਂ ਸਮੁੰਦਰ ਦੀ ਧੀ ਨਾਲ ਵਿਆਹ ਕਰਵਾਉਣਾ ਚਾਹੀਦਾ ਹੈ। ਉਹ ਤੁਰ ਪਿਆ। ਅੱਗੇ ਇਕ ਨਦੀ ਮਿਲੀ।

"ਤੂੰ ਕਿਥੇ ਜਾਨੀ ਏਂ ਨਦੀਏ?"

"ਮੈਂ ਇਧਰ ਪੰਜਾਹ ਕੋਹਾਂ ਤੀਕ ਜਾਵਾਂਗੀ।"

"ਤਾਂ ਮੈਨੂੰ ਵੀ ਆਪਣੇ ਨਾਲ ਲੈ ਚੱਲ। ਮੈਂ ਸਮੁੰਦਰ ਦੀ ਧੀ ਨਾਲ ਵਿਆਹ ਕਰਵਾਉਣ ਜਾ ਰਿਹਾ ਹਾਂ।"

ਨਦੀ ਹੱਸੀ, "ਚੰਗੀ ਗੱਲ ਹੈ। ਅਗਾਂਹ ਮੈਂ ਤੈਨੂੰ ਕਿਸੇ ਹੋਰ ਭੈਣ ਦੇ ਹਵਾਲੇ ਕਰ ਦਿਆਂਗੀ।"

ਨਾਲਾ ਧੁਰ ਸਮੁੰਦਰ ਤੀਕ ਜਾ ਪੁੱਜਾ, ਤੇ ਉਸ ਨੂੰ ਕਹਿਣ ਲੱਗਾ, "ਮੈਂ ਆਪ ਦੀ ਧੀ ਨੂੰ ਆਪਣੀ ਵਹੁਟੀ ਬਣਾਵਾਂਗਾ।"

ਸਮੁੰਦਰ ਹੱਸ ਪਿਆ ਤੇ ਬੋਲਿਆ, "ਅੱਜ ਕੱਲ੍ਹ ਚੁਮਾਸਾ ਹੈ, ਇਸ ਰੁੱਤ ਵਿਚ ਅਸੀਂ ਵਿਆਹ ਦੀ ਗੱਲ ਨਹੀਂ ਕਰ ਸਕਦੇ। ਹਾਲੇ ਜਾ, ਫੇਰ ਆਵੀਂ। ਤਦ ਮੈਂ ਆਪਣੀ ਧੀ ਦੀ ਰਾਏ ਲਵਾਂਗਾ।"

ਚੁਮਾਸੇ ਪਿਛੋਂ ਉਸ ਨਾਲੇ ਵਿਚ ਇੰਨਾ ਪਾਣੀ ਹੀ ਨਾ ਰਿਹਾ ਕਿ ਉਹ ਸਮੁੰਦਰ ਵੱਲ ਤੁਰ ਸਕਦਾ। ਉਹ ਕੇਵਲ ਉਸ ਦੀ ਧੀ ਦੇ ਸੁਪਨੇ ਹੀ ਵੇਖਦਾ ਰਹਿ ਗਿਆ। ਅਲਮੋੜੇ ਦੀ ਇਹ ਪਹਾੜੀ ਕਥਾ ਮੈਨੂੰ ਸਦਾ ਯਾਦ ਆ ਰਹੀ ਹੈ।

ਕੀ ਸਮੁੰਦਰ ਦੀ ਧੀ ਪਹਾੜੀ ਪਿੰਡਾਂ ਦੀ ਕਿਸੇ ਸੀਤਾ, ਖੁਰਮਾਣੀ ਤੇ ਚੰਬੇਲੀ ਤੋਂ ਵੀ ਵਧੇਰੇ ਸੋਹਣੀ ਸੀ? ਹੋਵੇ ਪਈ। ਮੈਂ ਤਾਂ ਆਦਮੀ ਹਾਂ, ਕੋਈ ਪਹਾੜੀ ਨਾਲਾ ਨਹੀਂ। ਮੈਨੂੰ ਜੋ ਪਤਨੀ ਮਿਲੀ ਹੈ ਤੇ ਜੋ ਇਸ ਵੇਲੇ ਮੇਰੇ ਨਾਲ ਬੈਂਚ 'ਤੇ ਬੈਠੀ ਹੈ, ਸਮੁੰਦਰ ਦੀ ਧੀ ਤੋਂ ਕਿਤੇ ਵੱਧ ਸੁੰਦਰ ਹੈ।

"ਸਮੁੰਦਰ ਦੀਆਂ ਲਹਿਰਾਂ ਕੀ ਆਖਦੀਆਂ ਹਨ, ਪਿਤਾ ਜੀ?"

"ਉਹ ਆਖਦੀਆਂ ਹਨ, ਕਵਿਤਾ ਸਾਡੇ ਨਾਲ ਖੇਡੇ। ਜਾ ਖੇਡ ਬੇਟੀ।"



ਸਮੁੰਦਰ ਆਪਣੀ ਭਾਸ਼ਾ ਵਿਚ ਪਤਾ ਨਹੀਂ ਕੀ ਬੋਲ ਰਿਹਾ ਹੈ। ਸਦੀਆਂ ਤੋਂ ਇਸ ਦੀ ਆਵਾਜ਼ ਜਾਰੀ ਹੈ। ਦੂਰੋਂ ਇਕ ਲਹਿਰ ਆਉਂਦੀ, ਸਿਰ ਚੁੱਕੀ। ਜਦ ਤੀਕ ਪਹਿਲੀ ਲਹਿਰ ਕਿਨਾਰੇ 'ਤੇ ਆ ਕੇ ਟਕਰਾ ਚੁੱਕੀ ਹੁੰਦੀ ਹੈ, ਦੂਜੀ ਲਹਿਰ ਸਿਰ ਚੁੱਕੀ ਕਿਨਾਰੇ ਵੱਲ ਤੁਰ ਪੈਂਦੀ ਹੈ। ਫਿਰ ਤੀਜੀ ਲਹਿਰ ਝੱਟ ਤਿਆਰ ਹੋ ਜਾਂਦੀ ਹੈ। ਲੰਕਾ ਦੀ ਇਕ ਲੋਕ-ਕਥਾ ਵਿਚ ਇਨ੍ਹਾਂ ਤਿੰਨ ਲਹਿਰਾਂ ਦਾ ਵਖਾਨ ਹੋਇਆ ਹੈ। ਇਕ ਮੁੰਡਾ ਆਪਣੀ ਭੈਣ ਦਾ ਚੰਨ ਮੁਖੜਾ ਤੱਕ ਕੇ ਉਸ ਦੀ ਪ੍ਰਸ਼ੰਸਾ ਕਰਨ ਲੱਗ ਪਿਆ...

ਕਵਿਤਾ ਤੁਰ ਪਈ ਹੈ। ਫੁੱਟਪਾਥ ਤੋਂ ਥੱਲੇ ਉਤਰ ਰਹੀ ਹੈ। ਉਹ ਰੇਤਲੇ ਸਾਹਿਲ 'ਤੇ ਚਲੀ ਗਈ ਹੈ। ਦੌੜ ਰਹੀ ਹੈ, ਅਜੀਬ ਅੰਦਾਜ਼ ਵਿਚ, ਜਿਵੇਂ ਕਥਾਕਲੀ ਦੀ ਮਸ਼ਕ ਕਰ ਰਹੀ ਹੋਵੇ, ਪਰ ਉਹ ਤਾਂ ਪਰਤ ਰਹੀ ਹੈ। ਜਦ ਉਹ ਸਮੁੰਦਰ ਦੀਆਂ ਲਹਿਰਾਂ ਨਾਲ ਹਿਲ ਜਾਵੇਗੀ, ਤਦ ਸਾਡੇ ਇਸਰਾਰ ਕਰਨ 'ਤੇ ਵੀ ਉਸ ਘਰ ਜਾਣ ਦਾ ਨਾਂ ਨਹੀਂ ਲੈਣਾ।

ਕਵਿਤਾ ਫਿਰ ਸਾਡੇ ਕੋਲ ਆ ਬੈਠੀ ਹੈ। ਹੈਰਾਨ ਅੱਖਾਂ ਨਾਲ ਮੇਰੀ ਪਤਨੀ ਕਦੇ ਸਮੁੰਦਰ ਵੱਲ ਤੱਕਦੀ ਹੈ, ਕਦੇ ਕਵਿਤਾ ਵੱਲ।

"ਕਵਿਤਾ ਸਾਡੇ ਸਮੁੰਦਰ ਦੀ ਲਹਿਰ ਹੈ।"

"ਠੀਕ।"

ਮੇਰੇ ਮੂੰਹੋਂ ਇਹ ਇਕੋ ਸ਼ਬਦ ਸੁਣ ਕੇ ਮੇਰੀ ਪਤਨੀ ਦੀਆਂ ਗੱਲ੍ਹਾਂ ਉਤੇ ਉਹੀ ਲਾਲੀ ਥਿਰਕ ਰਹੀ ਹੈ, ਜੋ ਮੈਂ ਬਾਰਾਂ ਸਾਲ ਪਹਿਲਾਂ ਵੇਖੀ ਸੀ, ਜਦ ਉਹ ਵਹੁਟੀ ਬਣੀ, ਆਦਮ ਕੱਦ ਸ਼ੀਸ਼ੇ ਮੂਹਰੇ ਖੜ੍ਹੀ ਕਦੀ ਸ਼ੀਸ਼ੇ ਵਿਚ ਆਪਣੀਆਂ ਲਜੀਲੀਆਂ ਅੱਖੀਆਂ ਵੱਲ ਤੱਕਦੀ ਸੀ ਤੇ ਕਦੇ ਮੇਰੇ ਵੱਲ।

ਪੁਰਾਣੇ ਕਿੱਸਿਆਂ ਵਿਚ ਕਸ਼ੀਰ ਸਾਗਰ (ਦੁੱਧ ਦਾ ਸਮੁੰਦਰ) ਦੀ ਬਹੁਤ ਪ੍ਰਸ਼ੰਸਾ ਕੀਤੀ ਗਈ ਹੈ, ਪਰ ਉਹ ਇਸ ਸਮੁੰਦਰ ਤੋਂ ਵੱਧ ਸੁੰਦਰ ਹੈ ਜਿਸ ਨੂੰ ਲੰਕਾ ਦਾ ਪੁਰਾਣਾ ਇਤਿਹਾਸ ਯਾਦ ਹੈ, ਤੇ ਜਿਸ ਨੂੰ ਕੋਲੰਬੂ ਦਾ ਬਚਪਨ ਅਜੇ ਭੁੱਲਿਆ ਨਾ ਹੋਵੇਗਾ। ਕਸ਼ੀਰ ਸਾਗਰ ਵਿਚ ਸ਼ੇਸ਼ਨਾਗ ਨੇ ਵਿਸ਼ਨੂੰ ਭਗਵਾਨ ਲਈ ਕੂਲੀ ਸੇਜ ਬਣਾ ਰੱਖੀ ਹੈ। ਵਿਸ਼ਨੂੰ ਜੀ ਲੇਟ ਰਹੇ ਹਨ। ਲਛਮੀ, ਉਨ੍ਹਾਂ ਦੀ ਪਤਨੀ, ਪੈਰ ਪਈ ਘੁੱਟਦੀ ਹੈ। ਡਾਢੀ ਕਲਪਨਾ ਹੈ। ਹੋਵੇ ਪਈ! ਇਹ ਸਭ ਦੇਵਤਿਆਂ ਦੀ ਕਹਾਣੀ ਹੈ। ਮੈਂ ਤਾਂ ਆਦਮੀ ਹਾਂ ਤੇ ਕੋਲੰਬੂ 'ਚ ਸਮੁੰਦਰ ਦੇ ਕੰਢੇ ਪਤਨੀ ਤੇ ਪੁੱਤਰੀ ਸਣੇ ਬੈਂਚ ਉਤੇ ਬੈਠਾ ਹਾਂ।

-2-

ਜਦ ਤੋਂ ਮੈਂ ਕੋਲੰਬੂ ਆਇਆ ਹਾਂ, ਮੇਰੀ ਗਰੀਬੀ ਹੋਰ ਵੀ ਨੰਗੀ ਹੋ ਗਈ ਹੈ। ਜਿਸ ਮਕਾਨ ਵਿਚ ਮੈਂ ਰਹਿੰਦਾ ਹਾਂ, ਉਸ ਦੇ ਕੋਲ ਹੀ ਇਕ ਬੇਕਰੀ ਹੈ। ਕੀ ਪਤਾ, ਬੇਕਰੀ ਦਾ ਮਾਲਕ ਮੇਰੀ ਬਾਬਤ ਕੀ ਕਹਿੰਦਾ ਹੈ। "ਇਥੇ ਨੌਕਰੀ ਦੀ ਤਲਾਸ਼ ਵਿਚ ਆਏ ਹੋ, ਸਾਹਿਬ?" ਕੁਝ ਦਿਨ ਪਹਿਲਾਂ ਉਸ ਨੇ ਮੈਨੂੰ ਪੁੱਛਿਆ ਸੀ। ਜਦ ਮੈਂ ਉਹਨੂੰ ਦੱਸਿਆ ਕਿ ਮੈਂ ਇਥੇ ਲੰਕਾ ਦੇ ਲੋਕ-ਗੀਤ ਇਕੱਠੇ ਕਰਨ ਆਇਆ ਹਾਂ ਤਾਂ ਉਹ ਹੈਰਾਨ ਰਹਿ ਗਿਆ। ਉਹ ਖੁਦ ਲੰਕਾ ਦਾ ਆਦਮੀ ਹੈ। ਆਪਣੀ ਮਾਤਾ-ਭਾਸ਼ਾ ਸਿੰਹਾਲੀ ਬੜੀ ਸੋਹਣੀ ਬੋਲਦਾ ਹੈ, ਪਰ ਆਪਣੇ ਲੋਕ-ਗੀਤ ਉਸ ਨੇ ਕਦੇ ਨਹੀਂ ਸੁਣੇ। ਸ਼ਾਇਦ ਉਹ ਮੈਨੂੰ ਝੱਲਾ ਸਮਝਦਾ ਹੈ। ਲੋਕ ਗੀਤ ਹੀ ਇਕੱਠੇ ਕਰਨੇ ਸਨ ਤਾਂ ਮੈਂ ਆਪਣੀ ਪਤਨੀ ਤੇ ਧੀ ਨੂੰ ਨਾਲ ਲਈ ਕਿਉਂ ਦੇਸ-ਬਦੇਸ ਗਾਹੁੰਦਾ ਫਿਰਦਾ ਹਾਂ, ਉਹ ਸੋਚਦਾ ਹੋਵੇਗਾ। ਤੇ ਮੈਂ ਕੋਲੰਬੂ ਵਿਚ ਕਿਉਂ ਡੇਰਾ ਲਾ ਲਿਆ? ਹੁਣ ਮੈਂ ਉਸ ਨੂੰ ਕਿਵੇਂ ਸਮਝਾਵਾਂ ਕਿ ਸ਼ੁਰੂ ਵਿਚ ਕੋਲੰਬੂ ਦੇ ਲਿਖਾਰੀਆਂ ਦਾ ਸਹਿਯੋਗ ਜ਼ਰੂਰੀ ਹੈ।

ਨਿਰਧਨਤਾ ਖ਼ਾਨਾਬਦੋਸ਼ ਲਿਖਾਰੀ ਦਾ ਪਿੱਛਾ ਨਹੀਂ ਛੱਡਦੀ। ਖੁਫੀਆ ਪੁਲਿਸ ਵਾਂਗ ਉਸ ਦੇ ਸਵਾਗਤ ਲਈ ਥਾਂ-ਥਾਂ ਖੜ੍ਹੀ ਰਹਿੰਦੀ ਹੈ।

ਇਸ ਬੇਕਰੀ ਨੂੰ ਵੇਖਦਾ ਹਾਂ ਤਾਂ ਸਾਰਾ ਕੋਲੰਬੂ ਸ਼ਹਿਰ ਮੈਨੂੰ ਵੱਡੀ ਭੱਠੀ ਜਾਪਦਾ ਹੈ। ਇਸ ਭੱਠੀ ਵਿਚ ਮੈਂ ਡਬਲਰੋਟੀ ਵਾਂਗ ਸੇਕਿਆ ਜਾਵਾਂਗਾ। ਸਦੀਆਂ ਤੋਂ ਇਹ ਰੋਟੀਆਂ ਸੇਕਦੀ ਰਹੀ ਹੈ। ਕਿੰਨਾ ਜਚਿਆ ਹੋਇਆ ਹੈ ਇਸ ਦਾ ਅਨੁਭਵੀ ਹੱਥ! ਗੁੰਨ੍ਹੇ ਹੋਏ ਆਟੇ ਦੇ ਗੋਲੇ ਬਣਾਉਂਦੀ, ਠੱਪਿਆਂ ਵਿਚ ਰੱਖਦੀ ਤੇ ਸੇਕਦੀ ਕਦੀ ਅੱਕਦੀ ਨਹੀਂ।

"ਇਹੀ ਲੰਕਾ ਦੇਸ ਹੈ, ਪਿਤਾ ਜੀ?"

"ਹਾਂ, ਕਵਿਤਾ।"

ਕੱਲ੍ਹ ਇਹੀ ਸਵਾਲ ਉਹਨੇ ਆਪਣੀ ਮਾਂ ਨੂੰ ਕੀਤਾ ਸੀ ਤੇ ਉਸ ਨੂੰ ਇਹੀ ਉਤਰ ਮਿਲਿਆ ਸੀ।

"ਰਾਵਣ ਦੀ ਲੰਕਾ ਵੀ ਇਹੀ ਹੈ, ਪਿਤਾ ਜੀ?"

"ਹਾਂ, ਕਵਿਤਾ।"

ਉਹ ਚੁੱਪ ਹੋ ਗਈ ਹੈ। ਤੇ ਕੀ ਪਤਾ ਕੱਲ੍ਹ ਉਹ ਫਿਰ ਇਹੀ ਸਵਾਲ ਦੁਹਰਾਏ। ਅਸੀਂ ਬਚਪਨ ਵਿਚ ਇਕੋ ਸਵਾਲ ਨੂੰ ਮੁੜ-ਮੁੜ ਕਿਉਂ ਪੁੱਛਦੇ ਹਾਂ? ਉਤਰ ਪਾ ਕੇ ਥੋੜ੍ਹੀ ਦੇਰ ਲਈ ਭਾਵੇਂ ਤਸੱਲੀ ਹੋ ਜਾਵੇ, ਪਰ ਸਵਾਲ ਮੁੜ-ਮੁੜ ਉਠਦਾ ਰਹਿੰਦਾ ਹੈ। ਕਿੱਥੇ ਹੈ ਰਾਵਣ? ਕਿੱਥੇ ਹੈ ਉਸ ਦੀ ਲੰਕਾ ਦਾ ਸੋਨਾ? ਹਨੂਮਾਨ ਨੇ ਉਸ ਦਾ ਮਹਿਲ ਫੂਕ ਸੁੱਟਿਆ ਸੀ, ਪਰ ਇੰਨਾ ਸੋਨਾ ਕਿਥੇ ਚਲਾ ਗਿਆ? ਕੀ ਰਾਮਾਇਣ ਦਾ ਰਾਵਣ ਕੇਵਲ ਕਵੀ ਬਾਲਮੀਕ ਦੀ ਕਲਪਨਾ ਹੀ ਸੀ? ਪਰ ਕੀ ਕਵੀ ਦੀ ਕਲਪਨਾ ਦਾ ਧਰਤੀ ਨਾਲ, ਧਰਤੀ ਦੇ ਜੀਵਨ ਨਾਲ ਕੁਝ ਵੀ ਸਬੰਧ ਨਹੀਂ ਹੁੰਦਾ?

ਕਿਸੇ ਕਵੀ ਦੇ ਸੁਪਨਿਆਂ ਦੀ ਲੰਕਾ ਦਾ ਹਾਲ ਮੈਂ ਨਹੀਂ ਲਿਖ ਰਿਹਾ। ਲੰਕਾ ਵਿਚ ਰਹਿਣੀ-ਬਹਿਣੀ ਹਿੰਦੁਸਤਾਨ ਦੇ ਔਸਤ ਜੀਵਨ ਨਾਲੋਂ ਉਚੇਰੀ ਹੈ। ਹਰ ਚੀਜ਼ ਮਹਿੰਗੀ ਹੈ। ਉਚੇਰੀ ਰਹਿਣੀ-ਬਹਿਣੀ ਦੀ ਤਕਲੀਫ ਜਿੰਨੀ ਨਿਰਧਨ ਖ਼ਾਨਾਬਦੋਸ਼ ਲਿਖਾਰੀ ਅਨੁਭਵ ਕਰਦਾ ਹੈ, ਉਨੀ ਖਾਸ ਲੰਕਾ ਵਾਲਿਆਂ ਨੂੰ ਨਹੀਂ ਉਠਾਣੀ ਪੈਂਦੀ।

ਉਨ੍ਹਾਂ ਨੂੰ ਵਧੇਰੇ ਖਰਚ ਕਰਨਾ ਪੈਂਦਾ ਹੈ ਤਾਂ ਉਹ ਬਹੁਤਾ ਖੱਟਦੇ ਵੀ ਤਾਂ ਹਨ ਨਾ!

ਸ਼ੰਟ ਕਰ ਰਹੇ ਇੰਜਣਾਂ ਵਾਂਗ ਸੋਹਣੀਆਂ ਪੁਸ਼ਾਕਾਂ ਵਾਲੇ ਜੰਟਲਮੈਨ ਅੱਖਾਂ ਮਟਕਾਉਂਦੇ ਨਿਕਲ ਜਾਂਦੇ ਹਨ। ਔਰਤਾਂ ਫੈਸ਼ਨ ਦੀਆਂ ਤੁਰਦੀਆਂ ਫਿਰਦੀਆਂ ਤਸਵੀਰਾਂ ਹਨ। ਸ਼ਾਮੀਂ ਆਪ ਵੀ ਸਮੁੰਦਰ ਦੇ ਕੰਢੇ ਵੱਲ ਆ ਜਾਓ। ਫੈਸ਼ਨ ਦਾ ਪੂਰਾ ਡਰਾਮਾ ਵੇਖ ਲਵੋ।

ਕੱਲ੍ਹ ਮਿਸਟਰ ਸਿਲਵਾ ਦੀ ਪਤਨੀ ਆਪਣੇ ਪਤੀ ਕੋਲੋਂ ਜਾਪਾਨੀ ਜਾਰਜਟ ਦੀ ਸਾੜ੍ਹੀ ਲਈ ਰੁਪਏ ਮੰਗ ਰਹੀ ਸੀ। ਮੈਨੂੰ ਆਪਣੇ ਇਕ ਬੰਗਾਲੀ ਮਿੱਤਰ ਦੀ ਤੰਗਦਸਤੀ ਯਾਦ ਆ ਗਈ। ਬਹੁਤ ਸੋਗੀ ਜਿਹੀ ਸੂਰਤ ਬਣਾ ਕੇ ਮਿਸਟਰ ਮੁਕਰਜੀ ਨੇ ਮੈਨੂੰ ਦੱਸਿਆ ਸੀ ਕਿ ਉਨ੍ਹਾਂ ਦੀ ਪਤਨੀ ਨਵਾਂ ਮਹੀਨਾ ਚੜ੍ਹਨ ਸਾਰ ਆਖ ਉਠਦੀ ਹੈ ਕਿ ਉਸੇ ਦਿਨ ਉਸ ਲਈ ਨਵੀਂ ਸਾੜ੍ਹੀ ਆ ਜਾਵੇ। ਫਰਕ ਇੰਨਾ ਹੀ ਹੈ ਕਿ ਮਿਸਿਜ ਮੁਕਰਜੀ ਢਾਕੇ ਦੀ ਅਸਲੀ ਰੇਸ਼ਮੀ ਸਾੜ੍ਹੀ ਮੰਗਦੀ ਸੀ, ਮਿਸਿਜ ਸਿਲਵਾ ਬਦੇਸੀ ਕੱਪੜੇ ਦੇ ਸਸਤੇਪਨ 'ਤੇ ਰੀਝ ਗਈ ਹੈ, ਤੇ ਇਕ ਤਰ੍ਹਾਂ ਇਹ ਚੰਗਾ ਹੀ ਹੋਇਆ, ਮਿਸਟਰ ਸਿਲਵਾ ਨੂੰ ਖਰਚ ਘੱਟ ਕਰਨਾ ਪੈਂਦਾ ਹੈ।

ਕੋਲੰਬੂ ਵਿਚ ਹਿੰਦੁਸਤਾਨੀਆਂ ਦੀਆਂ ਬਹੁਤ ਹੱਟੀਆਂ ਹਨ। ਹਰ ਇਕ ਹੱਟੀ ਉਤੇ ਹੁਸਨ ਦਾ ਮੇਲਾ ਲੱਗਾ ਰਹਿੰਦਾ ਹੈ। ਸਾੜ੍ਹੀ ਦਾ ਮੁੱਲ ਪੁੱਛਣ ਵਾਲੀ ਨਾਜ਼ੋ ਦੀ ਧੀਮੀ, ਮਿੱਠੀ ਆਵਾਜ਼ ਸੁਣ ਕੇ ਦੁਕਾਨ ਦਾ ਸਾਦਾ ਜਿਹਾ ਕਾਰਿੰਦਾ ਆਪਣੇ ਦਿਲ ਵਿਚ ਕੁਤਕੁਤਾੜੀ ਜਿਹੀ ਮਹਿਸੂਸ ਕਰਦਾ ਹੈ, ਪਰ ਉਸ ਨੂੰ ਇਹ ਜਾਣਨ ਦੀ ਵਿਹਲ ਕਿਥੇ ਕਿ ਕੁੜੀ ਮਿਸ ਹੈ ਜਾਂ ਮਿਸਿਜ ਬਣ ਚੁੱਕੀ ਹੈ? ਇਥੇ ਧੀ ਤੇ ਵਹੁਟੀ ਦੀ ਪੁਸ਼ਾਕ ਵਿਚ ਉਹ ਕੋਈ ਬਹੁਤ ਫਰਕ ਨਹੀਂ ਦੇਖਦਾ। ਬੋਧੀ ਵਹੁਟੀਆਂ ਆਪਣੀ ਮਾਂਗ ਵਿਚ ਸੰਧੂਰ ਨਹੀਂ ਲਾਉਂਦੀਆਂ।

"ਲੰਕਾ ਦੇਸ ਅਜੀਬ ਹੈ ਸਾਹਿਬ! ਇਥੇ ਸੁਹਾਗਣ ਤੇ ਵਿਧਵਾ ਦੀ ਕੋਈ ਪਛਾਣ ਨਹੀਂ।"

"ਠੀਕ ਹੈ।"

"ਹੈ ਤਾਂ ਛੇਕੜ ਰਾਵਣ ਦੀ ਲੰਕਾ ਨਾ।"

ਮੈਂ ਮਨ ਹੀ ਮਨ ਹੱਸ ਰਿਹਾ ਹਾਂ। ਟਰਾਮ ਚੱਲ ਰਹੀ ਹੈ। ਕਿੰਨੀਆਂ ਮੋਟਰਾਂ ਲੰਘ ਰਹੀਆਂ ਹਨ। ਫਿਰ ਵੀ ਇਹ ਰਾਵਣ ਦੀ ਹੀ ਲੰਕਾ ਹੈ!

ਕੋਲੰਬੂ ਦੇ ਅਖਬਾਰਾਂ ਤੋਂ ਮੈਨੂੰ ਆਪਣੇ ਲੇਖਾਂ ਦੀ ਮਜ਼ਦੂਰੀ ਮਿਲ ਰਹੀ ਹੈ। ਕੁਝ ਰੁਪਿਆ ਮਦਰਾਸੋਂ ਆ ਰਿਹਾ ਹੈ। ਹੁਣ ਮਕਾਨ ਵਾਲੇ ਦਾ ਆਦਮੀ ਕਿਰਾਇਆ ਲੈਣ ਆਉਂਦਾ ਹੈ ਤਾਂ ਮੈਨੂੰ ਆਪਣੇ ਉਤੇ ਗੁੱਸਾ ਨਹੀਂ ਆਉਂਦਾ।

ਇਸ ਮਕਾਨ ਵਿਚ ਬਿਜਲੀ ਦਾ ਅਜੀਬ ਇੰਤਜ਼ਾਮ ਹੈ। ਇਕ ਖਾਸ ਖਾਨੇ ਵਿਚ ਪੰਝੀ ਸੈਂਟ (ਚੁਆਨੀ) ਦਾ ਸਿੱਕਾ ਪਾਉਣਾ ਪੈਂਦਾ ਹੈ। ਇਸ ਸਿੱਕੇ ਦੇ ਹਿਸਾਬ ਦੀ ਬਿਜਲੀ ਖਰਚ ਹੋ ਜਾਣ ਬਾਅਦ ਹਨੇਰਾ ਹੋ ਜਾਂਦਾ ਹੈ। ਫਿਰ ਨਵਾਂ ਸਿੱਕਾ ਪਾਉਣਾ ਜ਼ਰੂਰੀ ਹੈ। ਉਂਜ ਇਕੋ ਵਾਰ ਪੰਝੀ ਸੈਂਟ ਦੇ ਕਈ ਸਿੱਕੇ ਪਾਏ ਜਾ ਸਕਦੇ ਹਨ। ਕਈ ਵਾਰ ਸਾਡੀ ਬਿਜਲੀ ਬੁਝ ਜਾਂਦੀ ਰਹੀ। ਹੁਣ ਫਿਰ ਨੌਬਤ ਨਹੀਂ ਆਉਂਦੀ।

-3-

ਕੀ ਲੰਕਾ ਦੇ ਇਤਿਹਾਸ ਵਿਚ ਕੋਈ ਅਜਿਹਾ ਬਾਦਸ਼ਾਹ ਨਹੀਂ ਹੋਇਆ ਜਿਸ ਨੂੰ ਆਪਣੀ ਪਟਰਾਣੀ ਨਾਲ ਉਹੀ ਪ੍ਰੇਮ ਰਿਹਾ ਹੋਵੇ ਜੋ ਸ਼ਾਹਜਹਾਨ ਨੂੰ ਆਪਣੀ ਪਤਨੀ ਨਾਲ ਸੀ? ਇਥੇ ਵੀ ਕਿਸੇ ਅਜਿਹੇ ਬਾਦਸ਼ਾਹ ਨੇ ਆਪਣੀ ਰਾਣੀ ਦੀ ਯਾਦਗਾਰ ਵਿਚ ਕੋਈ ਮਕਬਰਾ ਬਣਵਾਇਆ ਹੁੰਦਾ ਤਾਂ ਆਪਣੀ ਪਤਨੀ ਨੂੰ ਵਿਖਾਉਂਦਾ ਹੋਇਆ ਮੈਂ ਉਹੀ ਸ਼ਬਦ ਦੁਹਰਾਉਂਦਾ ਜੋ ਆਗਰੇ ਵਿਚ ਮੇਰੇ ਮੂੰਹੋਂ ਨਿਕਲੇ ਸਨ, "ਇਹ ਕੇਵਲ ਸ਼ਾਹਜਹਾਨ ਦੀ ਹੀ ਭੇਟਾ ਨਹੀਂ, ਇਹ ਸਦੀਵੀ ਮਰਦ ਦੀ ਭੇਟਾ ਹੈ, ਸਦੀਵੀ ਇਸਤਰੀ ਅੱਗੇ।" ਉਦੋਂ ਮੈਨੂੰ ਆਪਣੀ ਗਰੀਬੀ ਭੁੱਲ ਗਈ ਸੀ। ਮੈਂ ਵੀ ਸ਼ਾਹਜਹਾਨ ਸੀ ਤੇ ਮੇਰੀ ਪਤਨੀ ਮੁਮਤਾਜ਼ ਮਹੱਲ।

ਸੂਰਜ ਚੜ੍ਹਨ ਤੋਂ ਪਹਿਲਾਂ ਸਮੁੰਦਰ ਦੇ ਕੰਢੇ ਉਤੇ ਖਲੋਣਾ ਖੁਸ਼ਕਿਸਮਤੀ ਹੈ। ਸ਼ੁਰੂ ਵਿਚ ਉਫਕ ਉਤੇ ਉਹ ਲਾਲੀਆਂ ਦੌੜਦੀਆਂ ਹਨ, ਜਿਹੜੀਆਂ ਪਹਿਲੀ ਵਾਰ ਆਪਣੇ ਪਤੀ ਅੱਗੇ ਖਲੋਤੀ ਵਹੁਟੀ ਦੀਆਂ ਗੱਲ੍ਹਾਂ ਉਤੇ ਖਿੰਡ ਜਾਂਦੀਆਂ ਹਨ।

ਲਲਚਾਈਆਂ ਅੱਖੀਆਂ ਨਾਲ ਸੂਰਜ ਭਗਵਾਨ ਨੂੰ ਸਵਰਨ-ਰਥ ਉਤੇ ਚੜ੍ਹਦਿਆਂ ਅਨੇਕਾਂ ਵਾਰ ਵੇਖਿਆ ਹੈ। ਹਰ ਵਾਰ ਮੈਨੂੰ ਇਹ ਰਥ ਨਵਾਂ ਹੀ ਜਾਪਿਆ, ਪਰ ਕੋਲੰਬੂ ਦੇ ਸਾਹਿਲ ਉਤੇ ਇਹ ਦ੍ਰਿਸ਼ ਕਿੰਨਾ ਵਿਸ਼ਾਲ ਹੈ। ਰਾਵਣ ਦੀ ਲੰਕਾ ਦਾ ਸਾਰਾ ਸੋਨਾ ਕਿਤੇ ਸੂਰਜ ਭਗਵਾਨ ਦੇ ਰਥ ਉਤੇ ਤਾਂ ਖਰਚ ਨਹੀਂ ਹੋ ਗਿਆ? ਪਰ ਇਹ ਰਥ ਤਾਂ ਪੁਰਾਤਨ ਹੈ, ਸੈਆਂ ਰਾਵਣਾਂ ਤੋਂ ਅਗੇਤਰਾ ਹੈ।

ਕੱਲ੍ਹ ਸ਼ਾਮੀਂ ਮੈਨੂੰ ਕਵੀ ਟੈਗੋਰ ਦਾ ਇਕ ਗੀਤ ਟੁੰਬ ਰਿਹਾ ਸੀ, "ਧੁੰਦਲਕੇ ਦੇ ਪਤਲੇ ਹਨੇਰੇ ਵਿਚ ਸਭ ਵਸਤਾਂ ਭੂਤ ਪ੍ਰੇਤ ਬਣ ਜਾਂਦੀਆਂ ਹਨ। ਮੀਨਾਰਾਂ ਦੇ ਹੇਠਲੇ ਭਾਗ ਹਨੇਰੇ ਵਿਚ ਕਿਤੇ ਗੁਆਚ ਗਏ ਹਨ। ਮੈਂ ਤੜਕੇ ਦੀ ਉਡੀਕ ਕਰਾਂਗਾ ਤੇ ਜਾਗ ਕੇ ਤੱਕਾਂਗਾ ਤੇਰੇ ਸ਼ਹਿਰ ਨੂੰ।" ਹੁਣ ਸਵੇਰ ਦੀ ਰੋਸ਼ਨੀ ਵਿਚ ਮੈਂ ਸੋਚਦਾ ਹਾਂ, ਮਤੇ ਕਵੀ ਨੇ ਇਸੇ ਸ਼ਹਿਰ ਦਾ ਧਿਆਨ ਧਰ ਕੇ ਆਪਣਾ ਗੀਤ ਰਚਿਆ ਹੋਵੇ।

ਸੂਰਜ ਰੋਜ਼ ਇਸ ਮਾਣ-ਮੱਤੇ ਸ਼ਹਿਰ ਦੇ ਸਵੈ-ਅਭਿਮਾਨ ਉਤੇ ਹੱਸਦਾ ਰਹਿੰਦਾ ਹੈ। ਕਵੀ ਕਦੇ ਸਮੁੰਦਰ ਵੱਲ ਭੱਜਦਾ ਹੈ ਤੇ ਕਦੇ ਸੂਰਜ ਵੱਲ। ਟੈਗੋਰ ਆਖਦਾ ਹੈ:

ਤੇਰੀ ਮੁੱਢ-ਕਦੀਮੀ ਬੋਲੀ ਕੀ ਹੈ,
ਓ ਸਮੁੰਦਰ?
ਕਦੀਮੀ ਸੁਆਲ ਦੀ ਬੋਲੀ।
ਤੇਰਾ ਜੁਆਬ ਕਿਹੜੀ ਬੋਲੀ ਹੈ,
ਓ ਅਸਮਾਨ?
ਕਦੀਮੀ ਚੁੱਪ ਦੀ ਬੋਲੀ।

ਸਮੁੰਦਰ ਦੀਆਂ ਲਹਿਰਾਂ ਪਈਆਂ ਨੱਚਦੀਆਂ ਹਨ- ਦੱਖਣੀ ਹਿੰਦ ਦੀਆਂ ਦੇਵਦਾਸੀਆਂ ਵਾਂਗ। ਇਨ੍ਹਾਂ ਲਹਿਰਾਂ ਨੂੰ ਕਿਹੜੇ ਦੇਵਤਾ ਦੀ ਪੂਜਾ ਦਾ ਸ਼ੌਕ ਲੱਗਾ ਹੈ? ਇਸ ਸਾਹਿਲ ਉਤੇ ਸ਼ਿਵ ਦੀ ਮੂਰਤੀ ਤਾਂ ਕਿਤੇ ਵਿਖਾਲੀ ਨਹੀਂ ਦਿੰਦੀ।

-4-

ਰਾਮਾਇਣ ਵਿਚ ਲਿਖਿਆ ਹੈ ਕਿ ਰਾਵਣ ਸ਼ਿਵ ਦੀ ਪੂਜਾ ਕਰਦਾ ਹੁੰਦਾ ਸੀ। ਸ਼ਿਵ ਦਾ ਬੇਟਾ, ਕੰਦੇ ਸੁਆਮੀ ਜਿਹਨੂੰ ਹਿੰਦੂ ਗ੍ਰੰਥਾਂ ਵਿਚ 'ਕਾਰਤੀਕੇਯ' ਆਖਿਆ ਗਿਆ ਹੈ, ਬੁੱਧ ਦੀ ਲੰਕਾ ਵਿਚ ਵੀ ਲੋਕਾਂ ਦੇ ਦਿਲਾਂ ਉਤੇ ਰਾਜ ਪਿਆ ਕਰਦਾ ਹੈ। ਕੰਦੇ ਸੁਆਮੀ ਦਾ ਅਰਥ ਹੈ, ਪਰਬਤ ਦਾ ਸੁਆਮੀ। ਪਹਿਲਾਂ ਇਹ ਦੇਵਤਾ ਤਿੰਨ ਚੋਟੀਆਂ ਵਾਲੇ ਪਰਬਤ ਉਤੇ ਰਹਿੰਦਾ ਸੀ। ਇਕ ਦਿਨ ਉਹ ਥੱਲੇ ਦਰਿਆ ਦੇ ਪਾਰਲੇ ਕੰਢੇ ਜਾਣ ਲਈ ਬਿਹਬਲ ਹੋ ਉਠਿਆ, ਜਿਥੇ ਬਿਰਛਾਂ ਦਾ ਝੁੰਡ ਨਜ਼ਰ ਪਿਆ ਆਉਂਦਾ ਸੀ। ਉਦੋਂ ਇਹ ਕੇਵਲ ਤਾਮਿਲ ਲੋਕਾਂ ਦਾ ਹੀ ਦੇਵਤਾ ਸੀ। ਇਕ ਦਿਨ ਕੋਲੋਂ ਦੀ ਕੁਝ ਤਾਮਿਲ ਲੰਘ ਰਹੇ ਸਨ। "ਓ ਚੰਗੇ ਲੋਕੋ! ਮੈਨੂੰ ਉਸ ਸੋਹਣੀ ਘਾਟੀ ਉਤੇ ਦਰਿਆਓਂ ਪਾਰ ਲੈ ਚਲੋ", ਦੇਵਤਾ ਬੋਲਿਆ। ਤੇ ਤਾਮਿਲ ਲੋਕਾਂ ਨੇ ਆਖਿਆ, "ਓ ਚੰਗੇ ਦੇਵਤਾ! ਅਸੀਂ ਲੂਣ ਇਕੱਠਾ ਕਰਨ ਜਾ ਰਹੇ ਹਾਂ। ਪੱਛੜ ਗਏ ਤਾਂ ਮੀਂਹ ਆ ਜਾਵੇਗਾ। ਸਾਰਾ ਲੂਣ ਖੁਰ ਜਾਵੇਗਾ। ਫਿਰ ਕਿਸੇ ਦਿਨ ਸਹੀ!" ਫਿਰ ਕੁਝ ਸਿੰਹਾਲੀ ਲੰਘੇ ਤੇ ਉਨ੍ਹਾਂ ਨੇ ਦੇਵਤਾ ਨੂੰ ਥੱਲੇ ਦਰਿਆਓਂ ਪਾਰ ਲਿਆ ਬਹਾਇਆ। ਦੇਵਤਾ ਖੁਸ਼ ਹੋ ਗਿਆ। ਉਸ ਇਹ ਵਰ ਦਿੱਤਾ ਕਿ ਅੱਗੋਂ ਸਿੰਹਾਲੀ ਨਸਲ ਦਾ ਆਦਮੀ ਹੀ ਉਸ ਦੇ ਮੰਦਰ ਦਾ ਪੁਜਾਰੀ ਚੁਣਿਆ ਜਾਵੇਗਾ।

ਅੱਜ ਤੀਕ ਇਹ ਵਰਦਾਨ ਅਟੱਲ ਹੈ। ਉਸ ਦੇ ਤਾਮਿਲ ਪੁਜਾਰੀ ਕੇਵਲ ਛੋਟੇ ਮੰਦਰਾਂ ਤੀਕ ਹੀ ਸੀਮਤ ਹਨ। ਉਸ ਦੇ ਵੱਡੇ ਮੰਦਰ ਦਾ ਪੁਜਾਰੀ ਸਿੰਹਾਲੀ ਹੀ ਲਗਾ ਆਉਂਦਾ ਹੈ। 'ਕੰਦੇ ਸੁਆਮੀ' ਦਾ ਵੱਡਾ ਮੰਦਰ ਕਤਰ-ਗਾਮ ਵਿਚ ਹੈ। ਇਹ

(ਬਾਕੀ ਅਗਲੇ ਸਫੇ 'ਤੇ)

ਸੱਚ ਦੀ ਲੋਅ

ਮਹਾਰਾਜ ਰਾਵਣ

ਕਿਰਪਾਲ ਕੌਰ
ਫੋਨ: 815-356-9535

ਪਰਮਜੀਤ ਕੌਰ ਨੂੰ ਦੀਪੋ ਨੇ ਆ ਕੇ ਆਵਾਜ਼ ਦਿੱਤੀ, "ਭਾਬੀ ਹੋ ਗਈ ਵਿਹਲੀ।"

"ਆਹੋ, ਆ ਜਾ ਲੰਘ ਆ। ਛਾਹ ਵੇਲਾ ਤੇ ਹੋ ਗਿਆ। ਮੈਂ ਸੀਤਾ ਨੂੰ ਉਡੀਕਦੀ ਸੀ ਵਿਹੜਾ ਕਰ ਜਾਵੇ।"

"ਮੈਂ ਕਹਿੰਨੀ ਆਂ ਮਿਸਰਾਣੀ ਦੀ ਦਿੱਲੀ ਵਾਲੀ ਭੈਣ ਆਈ ਹੋਈ ਐ। ਫਿਰ ਦੁਪਹਿਰ ਦਾ ਕੰਮ ਹੋ ਜਾਣਾ।"

"ਚਲ ਪੈਂਦੇ ਆਂ।" ਕਹਿ ਦੇ ਦੀਪੋ ਨੇ ਅੰਦਰ ਤਾਲਾ ਲਾ ਕੇ ਵਿਹੜਾ ਖੁੱਲ੍ਹਾ ਰਹਿਣ ਦਿੱਤਾ। ਦੋਵੇਂ ਮਿਸਰਾਣੀ ਦੇ ਘਰ ਵੱਲ, ਜੋ ਇਸੇ ਬੀਹੀ ਵਿਚ ਸੀ, ਤੁਰ ਪਈਆਂ। ਪਰਮਜੀਤ ਦੇ ਹੱਥ ਵਿਚ ਦੋ ਘੀਆ ਤੇ ਗੋਭੀ ਦਾ ਫੁੱਲ ਸੀ। ਦੀਪੋ ਕੋਲ ਦੁੱਧ ਦਾ ਗੜਵਾ ਅਤੇ ਉਸ 'ਤੇ ਖੰਡ ਦਾ ਛੰਨਾ। ਮਿਸਰਾਣੀ ਦਾ ਦਰਵਾਜ਼ਾ ਖੁੱਲ੍ਹਾ ਸੀ। ਉਸ ਨੇ ਵੀ ਦੇਖ ਕੇ ਖੁਸ਼ ਹੁੰਦਿਆਂ ਕਿਹਾ, "ਆਓ ਸਰਦਾਰਨੀਓ! ਆਓ ਬੈਠੋ।" ਤੇ ਝਟਪਟ ਪੀੜ੍ਹੀਆਂ ਰੱਖ ਦਿੱਤੀਆਂ।

ਪਰਮਜੀਤ ਬੋਲੀ, "ਦਿੱਲੀ ਵਾਲੀ ਭੈਣ ਆਈ ਸੁਣੀ ਐ।"

"ਆਹੋ, ਆਈ ਐ। ਕਹਿੰਦੀ ਤੈਨੂੰ ਲੈਣ ਆਈ ਹਾਂ, ਚੱਲ ਦਿੱਲੀ ਦਾ ਦੁਸਹਿਰਾ ਤੇ ਰਾਮ ਲੀਲਾ ਦੇਖ ਲੈ, ਪਰ ਕਿਥੇ ਜਾ ਹੁੰਦਾ! ਦੁਸਹਿਰਾ ਤਾਂ ਇਸ ਪਿੰਡ ਦਾ ਵੀ ਬੜਾ ਮਸ਼ਹੂਰ ਹੈ, ਤੂੰ ਹੀ ਸਾਡਾ ਦੇਖ ਜਾ।"

ਦੀਪੋ ਕਹਿੰਦੀ, "ਕਾਹਦਾ ਦੁਸਹਿਰਾ ਦੇਖਣਾ, ਇਹ ਤਾਂ ਆਦਮੀਆਂ ਜਾਂ ਨਿਆਣਿਆਂ ਦੀ ਰੌਣਕ ਹੁੰਦੀ। ਅਸੀਂ ਤਾਂ ਬੱਚਿਆਂ ਨੂੰ ਭੇਜਦੇ ਵੀ ਡਰਦੇ ਹਾਂ। ਜ਼ਮਾਨਾ ਬੜਾ ਖਰਾਬ ਐ।"

ਉਸੇ ਵੇਲੇ ਦਿੱਲੀ ਵਾਲੀ ਆਪਣੀ ਸਾੜ੍ਹੀ ਦੀਆਂ ਚੋਣਾਂ ਪੇਟੀਕੋਟ ਵਿਚ ਟੰਗਦੀ ਆਈ। ਹਾਲ-ਚਾਲ ਪੁੱਛਿਆ। ਦੀਪੋ ਕਹਿੰਦੀ, "ਮਿਸਰਾਣੀ ਚੱਲ ਐਤਕੀਂ ਆਪਾਂ ਚੱਲਾਂਗੇ, ਦਿੱਲੀ ਵਾਲਿਆਂ ਨੂੰ ਵੀ ਦਿਖਾਵਾਂਗੇ।"

"ਨਾ ਭਾਈ ਮੈਨੂੰ ਤਾਂ ਭੀੜ ਤੋਂ ਪਹਿਲਾਂ ਈ ਡਰ ਲਗਦਾ ਹੁੰਦਾ ਸੀ, ਹੁਣ ਤਾਂ ਜ਼ਮਾਨੇ ਨੂੰ ਅੱਗ ਲੱਗੀ ਹੋਈ ਐ।"

"ਪਰਮਜੀਤ ਕੁਰੇ, ਹੁਣ ਤਾਂ ਬੰਦਾ ਨਾ ਘਰ ਨਾ ਬਾਹਰ, ਕਿਤੇ ਵੀ ਸੇਫ ਨਹੀਂ। ਛੋਕਰ ਵਾਧਾ ਧੀਆਂ ਭੈਣਾਂ ਦੀ ਕੋਈ ਪਛਾਣ ਨਹੀਂ ਕਰਦਾ। ਬੰਦਾ ਨਾ ਪੈਦਲ ਤੁਰਦਾ ਬਚਦਾ, ਨਾ ਸਾਈਕਲ-ਸਕੂਟਰ ਜਾਂ ਬੱਸ 'ਤੇ ਬਚਦਾ।"

ਮਿਸਰਾਣੀ ਬੋਲੀ, "ਭੈਣੇ ਜੰਗਲੀ ਜਾਨਵਰ ਤਾਂ ਨਹੀਂ ਪੈਂਦੇ... ਤੇਰੇ-ਮੇਰੇ ਘਰ ਦੇ ਹੀ ਹਨ ਜਿਹੜੇ ਨੀਚ ਕੰਮ ਕਰਦੇ। ਮਾਪੇ ਵੀ ਨਹੀਂ ਸਮਝਾਉਂਦੇ, ਸਗੋਂ ਆਪ ਨਾਲ ਰਲ ਜਾਂਦੇ।"

ਦਿੱਲੀ ਵਾਲੀ ਨੇ ਆਪਣਾ ਗਿਆਨ ਝਾੜਿਆ, "ਕੁੜੀਆਂ ਨੂੰ ਬਾਹਲੀ ਅੱਗ ਲੱਗੀ ਹੋਈ ਆ, ਕੱਪੜੇ ਕਿੰਦਾਂ ਦੇ ਪਾਉਂਦੀਆਂ। ਸਾਥੋਂ ਤਾਂ ਨਹੀਂ ਦੇਖੇ ਜਾਂਦੇ। ਫਿਰ ਆਦਮ ਜਾਤ ਕੀ ਕਰੇ, ਦੇਖ ਕੇ ਹੱਥ ਪਾ ਲੈਂਦੇ ਆ।"

ਪਰਮਜੀਤ ਬੜੇ ਰੋਹ ਨਾਲ ਬੋਲੀ, "ਆਦਮ ਜਾਤ ਨੂੰ ਖੁੱਲ੍ਹ ਹੈ ਕਿਉਂ? ਭੈਣੇ, ਤੁਹਾਡੀਆਂ ਸੀਤਾ ਮਾਤਾ, ਦੇਵਕੀ, ਰਾਧਾ, ਇਥੋਂ ਤੱਕ ਕਿ ਮੀਰਾ ਬਾਈ ਦੀਆਂ ਤਸਵੀਰਾਂ ਵਿਚ ਕਿਸੇ ਦੇ ਤਨ-ਢਕਵੇਂ ਕੱਪੜੇ ਨਹੀਂ ਹੁੰਦੇ। ਬੱਸ ਤੌਲੀਆ ਤੇ ਉਚੇ ਘੱਗਰੇ! ਇਸ ਦਾ ਮਤਲਬ, ਤਾਂ ਹੀ ਕ੍ਰਿਸ਼ਨ ਨੂੰ ਖੁੱਲ੍ਹ ਸੀ ਉਨ੍ਹਾਂ ਨਾਲ ਰਾਸ ਲੀਲਾ ਕਰਨ ਦੀ।"

ਦੀਪੋ ਨੇ ਉਸ ਦਾ ਹੱਥ ਘੁੱਟਿਆ, "ਕੱਪੜੇ ਕਿਸੇ ਨੇ ਕਿਸੇ ਤਰ੍ਹਾਂ ਦੇ ਪਾਏ ਹੋਣ, ਦੇਖਣ ਵਾਲੇ ਦੀ ਨਜ਼ਰ 'ਚ ਖੋਟ ਹੁੰਦੇ। ਜੀਹਦੀ ਨਜ਼ਰ ਸਾਫ ਹੈ, ਉਸ ਲਈ ਕੋਈ ਕਿਵੇਂ ਦੇ ਕੱਪੜੇ ਪਾਵੇ!"

ਮਿਸਰਾਣੀ ਨੇ ਵਿਸ਼ਾ ਬਦਲਿਆ, "ਭੈਣ ਚਾਹ ਬਣ ਗਈ, ਪੀ ਲਵੋ। ਤੁਸੀਂ ਵੀ ਪੀ ਲਓ ਭੈਣੋ।"

ਪਰਮਜੀਤ ਬੋਲੀ, "ਅਸੀਂ ਤਾਂ ਖਾ ਪੀ ਕੇ ਆਈਆਂ।"

ਉਪਰ ਪੰਡਤ ਕੋਲ ਪਿੰਡ ਦੇ ਦੋ-ਤਿੰਨ ਬੰਦੇ ਆਏ ਹੋਏ ਸਨ, ਉਨ੍ਹਾਂ ਜਾਣਾ ਸੀ। ਕ੍ਰਿਸ਼ਨਾ ਦੋ ਚਾਰ ਪੌੜੀਆਂ ਉਤਰ ਕੇ ਉਥੇ ਹੀ ਬੈਠ ਗਿਆ।

ਦਿੱਲੀ ਵਾਲੀ ਭੈਣ ਬੋਲੀ, "ਮਾੜੀ ਨਜ਼ਰ ਰਾਵਣ ਨੇ ਸੀਤਾ 'ਤੇ ਪਾਈ ਸੀ। ਯੁੱਗਾਂ ਤੋਂ ਉਸ ਦਾ ਪੁਤਲਾ ਸਾੜਿਆ ਜਾਂਦਾ ਹੈ ਕਿ ਲੋਕਾਂ ਨੂੰ ਸਬਕ ਮਿਲੇ, ਪਰ ਕਿਥੇ...।"

ਕ੍ਰਿਸ਼ਨਾ ਬੋਲਿਆ, "ਮੈਂ ਤਾਂ ਸੁਣਿਆ, ਛੇੜ ਪਹਿਲਾਂ ਲਛਮਣ ਨੇ ਛੇੜੀ ਸੀ। ਰਾਵਣ ਦੀ ਭੈਣ ਵੀ ਰਾਜਕੁਮਾਰੀ ਸੀ। ਉਂਜ ਵੀ ਕਹਿੰਦੇ, ਰਾਵਣ ਵਾਂਗ ਬਹੁਤ ਗਿਆਨ ਪੜ੍ਹੀ ਹੋਈ ਸੀ। ਲੰਕਾ ਤੇ ਹਿੰਦੋਸਤਾਨ ਵਿਚਾਲੇ ਸਮੁੰਦਰ ਹੈ। ਉਹ ਉਸ ਉਤੋਂ ਖਬਰੇ ਕਿਵੇਂ ਲੰਘ ਕੇ ਭਾਰਤ ਵਾਲੇ ਪਾਸੇ ਆਈ ਸੀ ਸੈਰ ਕਰਨ। ਮੋਹਰੇ ਰਾਜ ਕੁਮਾਰ ਲਛਮਣ ਦਿਖ ਪਿਆ। ਰੱਬ ਜਾਣੇ, ਕਿਸ ਨੇ ਪਹਿਲਾਂ ਕਿਸ ਨੂੰ ਛੇੜਿਆ, ਪਰ ਇਹ ਗੱਲ ਤਾਂ ਪੱਕੀ, ਭਈ ਸਰੂਪਨਖਾ ਮੰਨੀ ਨਹੀਂ ਹੋਣੀ। ਲਛਮਣ ਦਾ ਗੁੱਸੇ ਵਾਲਾ ਸੁਭਾਅ ਤਾਂ ਮਸ਼ਹੂਰ ਹੈ। ਉਸ ਆਪਣੇ ਤੀਰ ਨਾਲ ਉਸ ਦਾ ਨੱਕ ਜ਼ਖ਼ਮੀ ਕਰ ਦਿਤਾ। ਉਸ ਨੇ ਜਦ ਘਰ ਜਾ ਕੇ ਭਰਾ ਨੂੰ ਦੱਸਿਆ ਹੋਣਾ, ਫਿਰ ਕਿਹੜਾ ਭਰਾ ਜੀਹਦਾ ਖੂਨ ਨਾ ਖੌਲੇ! ਬੱਸ, ਪੈ ਗਿਆ ਪੁਆੜਾ।

...ਰਾਵਣ ਕੋਲ ਤਾਂ ਕਹਿੰਦੇ ਬਹੁਤ ਕਰਾਮਾਤਾਂ ਸਨ। ਪੜ੍ਹਾਈ ਵੀ ਬਹੁਤ ਕੀਤੀ ਸੀ। ਉਹ ਵੀ ਭਾਰਤ ਦੇ ਲੰਕਾ ਨੇੜੇ ਵਾਲੇ ਭਾਗ ਵਿਚ ਜਾ ਵੜਿਆ। ਉਸ ਦੇਖਿਆ, ਸੀਤਾ ਆਪਣੀ ਕੁਟੀਆ ਵਿਚ ਬਨਵਾਸ ਵਾਲੇ ਕੱਪੜੇ ਪਾਈ ਫੁੱਲ ਬੂਟਿਆਂ ਨੂੰ ਪਾਣੀ ਦੇ ਰਹੀ ਹੈ ਤੇ ਲਛਮਣ ਪਹਿਰਾ ਦੇ ਰਿਹਾ ਹੈ। ਰਾਵਣ ਨੇ ਆਪਣੇ ਗਿਆਨ ਨਾਲ ਆਪਣੇ ਆਪ ਨੂੰ ਸੁਨਹਿਰੀ ਹਿਰਨ ਬਣਾਇਆ ਤੇ ਕੁਟੀਆ ਦੇ ਆਲੇ-ਦੁਆਲੇ ਚੁੰਗੀਆਂ ਭਰਨ ਲੱਗਾ। ਸੀਤਾ ਨੂੰ ਦਿਖਾਈ ਦੇਵੇ, ਲਛਮਣ ਨੂੰ ਨਹੀਂ। ਸੀਤਾ ਨੇ ਲਛਮਣ ਨੂੰ ਬੁਲਾਇਆ, ਫਿਰ ਕਿਹਾ, 'ਵੀਰੇ, ਮੈਨੂੰ ਉਹ ਸੁਨਹਿਰੀ ਹਿਰਨ ਲਿਆ ਕੇ ਦੇਹ।'

ਲਛਮਣ ਨੂੰ ਵੀ ਦਿਸ ਪਿਆ। ਉਸ ਦੇ ਰੰਗ-ਢੰਗ ਤੋਂ ਲਛਮਣ ਸਮਝ ਗਿਆ ਕਿ ਛਲ ਹੈ। ਉਸ ਨੇ ਸੀਤਾ ਨੂੰ ਕਿਹਾ ਕਿ ਇਸ ਵੇਲੇ ਭਾਈ ਕੁਟੀਆ ਵਿਚ ਨਹੀਂ, ਮੈਂ ਤੁਹਾਨੂੰ ਇਕੱਲੇ ਛੱਡ ਕੇ ਨਹੀਂ ਜਾਣਾ, ਪਰ ਸੀਤਾ ਨੇ ਤਾਂ ਜ਼ਿਦ ਫੜ ਲਈ। ਲਛਮਣ ਨੇ ਤੀਰ ਦੀ ਨੋਕ ਨਾਲ ਝੌਂਪੜੀ ਅੱਗੇ ਕਾਰ ਕੱਢ ਕੇ ਕਿਹਾ, 'ਕਿਸੇ ਵੀ ਸੂਰਤ ਵਿਚ ਇਸ ਨੂੰ ਲੰਘਣਾ ਨਹੀਂ।' ਅਤੇ ਆਪ ਹਿਰਨ ਦੇ ਮਗਰ ਚਲਾ ਗਿਆ। ਹਿਰਨ ਲੋਪ ਹੋ ਗਿਆ। ਉਸੇ ਵੇਲੇ ਰਾਵਣ ਨੇ ਸਾਧੂ ਦਾ ਰੂਪ ਬਣਾਇਆ ਤੇ ਝੌਂਪੜੀ ਅੱਗੇ ਆ ਅਲਖ ਜਗਾਈ, 'ਕੋਈ ਪਰਮਾਤਮਾ ਦਾ ਜੀਵ ਭੁੱਖੇ ਸਾਧੂ ਨੂੰ ਭੋਜ ਦੇਵੇ।'

ਸੀਤਾ ਅੰਦਰੋਂ ਆਈ। ਸਾਧੂ ਨੇ ਹੱਥ ਜੋੜ ਕੇ ਕਿਹਾ, 'ਹੇ ਮਾਤੇ! ਦੋ ਦਿਨਾਂ ਦਾ ਭੁੱਖਾ ਹਾਂ, ਕੁਝ ਮਿਲੇਗਾ।' ਸੀਤਾ ਅੰਦਰ ਗਈ, ਦੋ ਕੇਲੇ ਤੇ ਨਾਰੀਅਲ ਸੀ, ਉਹੀ ਕੇਲੇ ਦੇ ਪੱਤੇ ਉਤੇ ਰੱਖ ਕੇ ਲੈ ਆਈ ਅਤੇ ਬੋਲੀ, 'ਸਾਧੂ ਮਹਾਰਾਜ! ਇਸ ਵੇਲੇ ਕੁਟੀਆ ਵਿਚ ਇਹੀ ਕੁਝ ਹੈ।'

'ਬਹੁਤ ਹੈ ਮਾਤਾ।'

ਸਾਧੂ ਕਾਰ ਤੋਂ ਪਿਛੇ ਖੜ੍ਹਾ ਸੀ। ਸੀਤਾ ਨੇ ਅੰਦਰ ਖੜ੍ਹੀ ਨੇ ਕਿਹਾ, 'ਅੱਗੇ ਹੋ ਕੇ ਲੈ ਲਓ।'

'ਮਾਤਾ! ਸਾਧੂ ਭਿਖਾਰੀ ਨਹੀਂ ਹੁੰਦਾ ਜੋ ਅੰਦਰ ਆ ਕੇ ਭਿਖਿਆ ਲਵੇ। ਬਾਹਰ ਆ ਕੇ ਸਾਨੂੰ ਫਲ ਭੇਟ ਕਰੋ।'

ਸੀਤਾ ਨੇ ਸਿਰ ਨਿਵਾ ਕੇ ਕਿਹਾ, 'ਹੇ ਸਾਧੂ ਮਹਾਰਾਜ, ਮੈਂ ਜਾਣਦੀ ਹਾਂ, ਪਰ ਮਜਬੂਰ ਹਾਂ।'

'ਕੋਈ ਨਹੀਂ ਬੇਟੀ, ਰਹਿਣ ਦਿਓ।' ਸਾਧੂ ਨੇ ਕਿਹਾ।

ਸੀਤਾ ਜਿਵੇਂ ਕੰਬ ਗਈ। ਸਾਧੂ ਨਿਰਾਸ਼ ਹੋ ਕੇ ਜਾਵੇ! ਉਸ ਝਟ ਪੈਰ ਬਾਹਰ ਕੱਢਿਆ, ਸਾਧੂ ਨੇ ਆਪਣੀ ਚਾਦਰ ਉਸ 'ਤੇ ਪਾ ਕੇ ਪਲ-ਛਿਣ ਵਿਚ ਉਸ ਨੂੰ ਚੁੱਕ, ਆਪਣੀ ਪਿੱਠ 'ਤੇ ਸੁੱਟ ਲਿਆ ਅਤੇ ਛੂ-ਮੰਤਰ ਹੋ ਗਿਆ। ਸੀਤਾ ਰੋਈ-ਕੁਰਲਾਈ, ਪਰ ਕੌਣ ਸੀ ਸੁਣਨ ਵਾਲਾ? ਲੱਤਾਂ ਚਲਾਈਆਂ, ਪੈਰਾਂ ਦੇ ਗਹਿਣੇ ਰਸਤੇ ਵਿਚ ਡਿਗ ਪਏ। ਉਹ ਤਾਂ ਜਿਵੇਂ ਉਡ ਕੇ ਜਾ ਰਿਹਾ ਸੀ। ਪਲ-ਛਿਣ ਵਿਚ ਲੰਕਾ ਆਪਣੀ ਵਾਟਿਕਾ ਵਿਚ ਪਹੁੰਚ ਗਿਆ। ਮਹਿਲੀਂ ਨਹੀਂ ਗਿਆ। ਗਰਜ ਕੇ ਕਿਹਾ, 'ਜਿੰਨੇ ਪੁਰਸ਼ ਇਥੇ ਕੰਮ ਕਰਦੇ, ਵਾਟਿਕਾ ਤੋਂ ਬਾਹਰ ਚਲੇ ਜਾਣ, ਸਿਰਫ ਦਾਸੀਆਂ ਹੀ ਰਹਿਣ। ਮਹਿਲਾਂ ਵਿਚੋਂ ਹੋਰ ਦਾਸੀਆਂ ਭੇਜ ਦਿੱਤੀਆਂ ਜਾਣ।'

ਵਾਟਿਕਾ 'ਚ ਰਹਿਣ ਲਈ ਕਮਰੇ ਸਨ। ਉਸ ਨੇ ਪਿੱਠ ਕਰ ਕੇ ਉਥੇ ਸੀਤਾ ਨੂੰ ਲਾਹ ਦਿੱਤਾ ਤੇ ਆਪ ਬਾਹਰ ਆ ਗਿਆ ਤੇ ਮੁੱਖ ਦਾਸੀ ਨੂੰ ਕਿਹਾ, 'ਇਸ ਦੀ ਸੇਵਾ ਸੰਭਾਲ ਕਰਨੀ। ਜ਼ਰੂਰਤ ਦੀ ਚੀਜ਼-ਵਸਤ ਦੇਣੀ। ਕੋਈ ਪੁਰਸ਼ ਨਾ ਆਵੇ।'

ਦੋ ਦਿਨ ਬੀਤ ਗਏ। ਸੀਤਾ ਰੋਂਦੀ, ਕੁਰਲਾਉਂਦੀ ਜ਼ਮੀਨ 'ਤੇ ਸੌਂਦੀ। ਬੁੱਢੀ ਦਾਸੀ ਨੇ ਸਮਝਾਇਆ, 'ਰੋ ਕੇ, ਭੁੱਖੀ ਰਹਿ ਕੇ ਮਰ ਜਾਵੇਂਗੀ। ਤੈਨੂੰ ਭਾਲਣ ਵਾਲੇ ਜ਼ਰੂਰ ਭਾਲ ਲੈਣਗੇ। ਜੇ ਜੀਂਦੀ ਹੋਵੇਂਗੀ, ਤਾਂ ਹੀ ਭਾਲ ਦਾ ਫਲ ਹੋਵੇਗਾ।'

ਉਸ ਥੋੜ੍ਹੇ ਫਲ ਖਾ ਲੈਣੇ। ਦੋ ਮੋਟੀਆਂ ਧੋਤੀਆਂ ਲੈ ਲਈਆਂ, ਇਸ਼ਨਾਨ ਕਰ ਕੇ ਬਦਲਦੀ। ਪੂਜਾ-ਪਾਠ ਕਰਦੀ। ਉਸ ਨੂੰ ਕੋਈ ਹੋਰ ਤਕਲੀਫ ਨਹੀਂ ਸੀ ਦਿੱਤੀ ਜਾਂਦੀ। ਰਾਵਣ ਜਾਂ ਕੋਈ ਹੋਰ ਪੁਰਸ਼ ਮੁੜ ਵਾਟਿਕਾ ਵਿਚ ਵੀ ਨਹੀਂ ਆਇਆ।

ਉਧਰ, ਲਛਮਣ ਨੇ ਆ ਕੇ ਦੇਖਿਆ, ਸੀਤਾ ਮਾਤਾ ਅੰਦਰ ਨਹੀਂ ਹੈ। ਝੌਂਪੜੀ ਦੇ ਦਰਵਾਜ਼ੇ 'ਤੇ ਪੈਰਾਂ ਦੇ ਨਿਸ਼ਾਨ ਹਨ। ਉਸ ਨੂੰ ਸਭ ਕੁਝ ਸਮਝ ਆ ਗਿਆ। ਰਾਮ ਚੰਦਰ ਵੀ ਅੰਦਰ ਦਿਸੇ। ਉਹ ਭੱਜ ਕੇ ਗਿਆ, ਹੱਥ ਜੋੜ ਸਾਰਾ ਬਿਰਤਾਂਤ ਸੁਣਾਇਆ। ਉਹ ਬੱਚਿਆਂ ਵਾਂਗ ਰੋਣ ਲੱਗੇ। ਲਛਮਣ ਦੌੜ ਕੇ ਸਮੁੰਦਰ ਤੱਟ ਵੱਲ ਗਿਆ, ਉਥੇ ਕੋਈ ਨਿਸ਼ਾਨ, ਕਿਸੇ ਬੇੜੀ ਜਾਂ ਸੇਤੂ (ਪੁਲ) ਦਾ ਨਹੀਂ ਸੀ। ਹਾਂ, ਰਸਤੇ ਵਿਚ ਉਸ ਨੂੰ ਸੀਤਾ ਦੇ ਪੈਰਾਂ ਦਾ ਗਹਿਣਾ ਮਿਲ ਗਿਆ।

ਰਾਮ ਚੰਦਰ ਦਾ ਰੁਦਨ ਸੁਣ ਕੇ ਕਹਿੰਦੇ ਹਨ, ਹਿਰਨਾਂ ਦੀਆਂ ਅੱਖਾਂ ਵਿਚੋਂ ਵੀ ਨੀਰ ਵਹਿਣ ਲੱਗ ਪਿਆ। ਪੰਛੀ ਵੀ ਉਦਾਸ ਹੋ ਕੇ ਚੁੱਪ ਕਰ ਗਏ। ਭਲਾ ਹੋਇਆ, ਇਕ ਬਾਂਦਰ ਨੇ ਹਨੂਮਾਨ ਨੂੰ ਜਾ ਦੱਸਿਆ। ਉਹ ਉਸੇ ਵੇਲੇ ਲਛਮਣ ਕੋਲ ਪਹੁੰਚੇ ਤੇ ਕਿਹਾ, 'ਮੈਂ ਲੰਕਾ ਜਾ ਕੇ ਮਾਤਾ ਸੀਤਾ ਦੀ ਸੁਧ ਲਿਆਵਾਂਗਾ। ਜੇ ਲੰਕਾ ਵਿਚ ਹੋਈ, ਮੈਂ ਸ਼ਾਮ ਤੱਕ ਆ ਕੇ ਹਾਲ ਦੱਸਾਂਗਾ। ਮੇਰੇ ਕੋਲ ਰਾਮ ਚੰਦਰ ਦੀ ਕੋਈ ਨਿਸ਼ਾਨੀ ਹੋਣੀ ਚਾਹੀਦੀ ਹੈ, ਉਨ੍ਹਾਂ ਨੂੰ ਭਰੋਸਾ ਦੇਣ ਲਈ।'

ਰਾਮਚੰਦਰ ਦੀ ਅੰਗੂਠੀ ਲੈ ਕੇ ਹਨੂਮਾਨ ਛੋਟਾ ਬਾਂਦਰ ਬਣ, ਰਾਵਣ ਦੇ ਮਹਿਲਾਂ ਕੋਲ ਪਹੁੰਚ ਗਿਆ। ਸਾਰੇ ਮਹਿਲ ਦੀ ਪੜਤਾਲ ਕੀਤੀ। ਸੀਤਾ ਮਾਤਾ ਕਿਤੇ ਨਹੀਂ ਸੀ। ਫਿਰ ਵਾਟਿਕਾ ਪਹੁੰਚ ਉਸ ਦੇਖਿਆ, ਸੀਤਾ ਮਾਤਾ ਦੇ ਆਸ-ਪਾਸ ਦਾਸੀਆਂ ਸਨ। ਉਹ ਕਿਸੇ ਤਰ੍ਹਾਂ ਸੀਤਾ ਕੋਲ ਪਹੁੰਚ ਗਿਆ ਤੇ ਰਾਮ ਚੰਦਰ ਦੀ ਮੁੰਦਰੀ ਦਿਖਾਈ। ਮਾਤਾ ਨੇ ਵੀ ਦੱਸਿਆ ਕਿ ਉਸ ਦੀ ਇਜ਼ਤ 'ਤੇ ਕਿਸੇ ਹੱਥ ਨਹੀਂ ਪਾਇਆ, ਉਸ ਨੂੰ ਜਲਦੀ ਲੈ ਜਾਓ। ਹੋਰ ਫਿਕਰ ਨਾ ਕਰੋ।

ਹਨੂਮਾਨ ਨੇ ਭਰੋਸਾ ਦਿਵਾਇਆ, ਬਹੁਤ ਜਲਦੀ ਛੁਡਾ ਲਵਾਂਗੇ।

ਰਾਮ-ਲਛਮਣ ਨੇ ਹਨੂਮਾਨ ਦੀ ਬਾਂਦਰ ਸੈਨਾ ਦੀ ਮਦਦ ਨਾਲ ਸੀਤਾ ਨੂੰ ਛੁਡਾ ਲਿਆ ਤੇ ਰਾਵਣ ਦਾ ਵੰਸ਼ ਨਾਸ ਕਰ ਦਿੱਤਾ। ਲੰਕਾ ਜਲਾ ਦਿੱਤੀ। ਦੁਸਹਿਰਾ ਰਾਮ ਦੀ ਉਸੇ ਜਿੱਤ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਹੈ।

ਕ੍ਰਿਸ਼ਨੇ ਦਾ ਛੋਟਾ ਭਰਾ ਵੀ ਪੌੜੀ 'ਤੇ ਬੈਠਾ ਸੀ। ਬੋਲਿਆ, "ਨਾਲੇ ਕਹਿੰਦੇ ਰਾਵਣ ਦੇ ਭਰਾਵਾਂ ਨੇ ਸਾਰਾ ਭੇਤ ਦੱਸਿਆ ਸੀ, ਫਿਰ ਉਨ੍ਹਾਂ ਨੂੰ ਰਾਮ ਦੀਆਂ ਫੌਜਾਂ ਨੇ ਕਿਉਂ ਮਾਰ ਦਿੱਤਾ?"

ਕ੍ਰਿਸ਼ਨਾ ਕਹਿਣ ਲੱਗਾ, "ਛੋਟਿਆ! ਇਹੀ ਰਾਜਨੀਤੀ ਹੈ। ਪਹਿਲਾਂ ਭੇਤ ਪੁੱਛ ਲਓ, ਫਿਰ ਉਸ ਦਾ ਵੀ ਸਫਾਇਆ ਕਰ ਦਿਓ, ਕਿਤੇ ਕੁਝ ਬਕ ਨਾ ਜਾਵੇ।"

ਮਿਸਰਾਣੀ ਕਹਿੰਦੀ, "ਭਾਈ, ਇਹ ਤਾਂ ਬੜਾ ਸਮਝਦਾਰ ਹੋ ਗਿਆ।"

"ਭਾਬੀ ਮੈਂ ਅੱਠ ਜਮਾਤਾਂ ਪੜ੍ਹਿਆ ਹੋਇਆਂ। ਹੁਣ ਦੱਸੋ, ਪੁਤਲੇ ਜਾਲ ਕੇ ਕਦੀ ਬਦੀ ਜਲੀ ਹੈ? ਮੈਂ ਤਾਂ ਕਹਿੰਨਾਂ, ਪੁਤਲਿਆਂ ਦੀਆਂ ਚੰਗਿਆੜੀਆਂ ਨੇ ਤਾਂ ਘਰ-ਘਰ ਬੁਰਾਈਆਂ ਫੈਲਾ ਦਿੱਤੀਆਂ।"

"ਠੀਕ ਕਹਿੰਨਾ ਤੂੰ।" ਦਿੱਲੀ ਵਾਲੀ ਬੋਲੀ।

ਕ੍ਰਿਸ਼ਨਾ ਹੋਰ ਸਿਆਣਾ ਬਣ ਕੇ ਬੋਲਿਆ, "ਭੈਣੇ ਸੁਣ! ਕਹਿੰਦੇ ਆ ਕਿ ਪਤੀ-ਪਤਨੀ ਦਾ ਨਾਤਾ ਵਿਸ਼ਵਾਸ 'ਤੇ ਟਿਕਿਆ ਹੁੰਦਾ। ਇਹ ਹੈ ਵੀ ਸੱਚ। ਪਹਿਲਾਂ ਤਾਂ ਹਨੂਮਾਨ ਨੇ ਦੱਸਿਆ ਕਿ ਸੀਤਾ ਮਾਤਾ ਦੇ ਸਤ ਅਤੇ ਧਰਮ ਨੂੰ ਕਿਸੇ ਆਂਚ ਨਹੀਂ ਆਉਣ ਦਿੱਤੀ। ਫਿਰ ਸੀਤਾ ਨੇ ਦੱਸਿਆ ਕਿ ਰਾਵਣ ਨੇ ਜਦ ਭਿਖਿਆ ਮੰਗਣ ਲਈ ਉਹਦਾ ਮੂੰਹ ਦੇਖਿਆ ਸੀ, ਤਾਂ ਮਾਤਾ ਕਿਹਾ ਸੀ। ਫਿਰ ਚੁੱਕਣ ਵੇਲੇ ਉਸ 'ਤੇ ਕੱਪੜਾ ਪਾ ਕੇ ਆਪਣਾ ਹੱਥ ਵੀ ਉਹਦੇ ਸਰੀਰ ਨੂੰ ਛੂਹਣ ਨਹੀਂ ਦਿੱਤਾ। ਵਾਟਿਕਾ 'ਚ ਜਾ ਕੇ ਪਿੱਠ ਕਰ ਕੇ ਉਸ ਨੂੰ ਸੁੱਟ ਕੇ ਬਾਹਰ ਨਿਕਲ ਗਿਆ। ਉਸ ਨੇ ਉਸ ਨੂੰ ਦੇਖਿਆ ਤੱਕ ਨਹੀਂ ਸੀ, ਪਰ ਰਾਮ ਨੇ ਕੀ ਕੀਤਾ ਕਿਸੇ ਦੀ ਗੱਲ ਸੁਣ ਕੇ? ਉਸ 'ਤੇ ਭਰੋਸਾ ਹੀ ਨਹੀਂ ਕੀਤਾ। ਅਗਨੀ ਪ੍ਰੀਖਿਆ ਲਈ। ਕੀ ਇਹ ਧਰਮ ਹੈ?"

ਦੀਪੋ ਬੋਲੀ, "ਭੈਣ ਮਿਸਰਾਣੀ, ਤੇਰੀਆਂ ਪੌੜੀਆਂ 'ਚ ਤਾਂ ਬੜਾ ਗਿਆਨ ਹੈ। ਦੇਖ ਦੋਵੇਂ ਕਿੰਨੀਆਂ ਸਿਆਣੀਆਂ ਗੱਲਾਂ ਕਰਦੇ ਆ ਪੌੜੀਆਂ ਵਿਚ ਬੈਠੇ।"

"ਆਹ ਭਾਈ ਪਿੰਡ ਦੀਆਂ ਸਬਜ਼ੀਆਂ ਤੇ ਦੁੱਧ ਦੀ ਖੀਰ ਦਿੱਲੀ ਵਾਲੀ ਨੂੰ ਖੁਆ ਦੇਣੀ ਬਣਾ ਕੇ, ਅਸੀਂ ਤਾਂ ਇਵੇਂ ਹੀ ਦੁਸਹਿਰਾ ਮਨਾ ਲਈਦਾ।"

ਪਰਮਜੀਤ ਕਹਿੰਦੀ, "ਹੋਰ ਅਸੀਂ ਪੇਂਡੂ 'ਜੈ ਸ੍ਰੀ ਰਾਮ' ਵੀ ਕਹਿ ਲਈਦਾ, ਕ੍ਰਿਸ਼ਨੇ ਦੀਆਂ ਗੱਲਾਂ ਵਿਚੋਂ ਸੱਚ ਸੁਣ ਕੇ 'ਜੈ ਮਹਾਰਾਜ ਰਾਵਣ' ਵੀ ਕਹਿ ਦਈਦਾ। ਅਸੀਂ ਕਿਸੇ ਤੋਂ ਕੀ ਲੈਣਾ-ਦੇਣਾ? ਬੁਰਾਈ ਤੇ ਭਲਾਈ ਸਾਡੇ ਆਪਣੇ ਮਨਾਂ ਅੰਦਰ ਅਤੇ ਅੱਖਾਂ ਵਿਚ ਹੈ। ਕਿਸੇ ਨੂੰ ਕੁਝ ਕਹਿਣ ਤੋਂ ਪਹਿਲਾਂ ਆਪਣਾ ਮਨ ਸੱਚਾ ਸੁੱਚਾ ਕਰ ਲੈਣ ਨਾਲ ਦੁਸਹਿਰਾ ਮੰਨ ਜਾਂਦਾ ਹੈ।"

ਲੰਕਾ ਦੇਸ ਹੈ ਕੋਲੰਬੂ

(ਪਿਛਲੇ ਸਫੇ ਦੀ ਬਾਕੀ)

ਅਸਥਾਨ ਇਸ ਟਾਪੂ ਦੇ ਦੱਖਣ ਪੂਰਬੀ ਹਿੱਸੇ ਵਿਚ ਸਥਿਤ ਹੈ।

ਕੋਲੰਬੂ ਵਿਚ ਵੀ ਜਿਥੇ ਵੱਖ-ਵੱਖ ਨਸਲਾਂ ਦੇ ਤਿੰਨ ਲੱਖ ਆਦਮੀ ਵੱਸਦੇ ਹਨ, ਕੰਦੇ ਸੁਆਮੀ ਦੇ ਉਪਾਸ਼ਕ ਮਿਲ ਜਾਣਗੇ। ਤਾਮਿਲ ਲੋਕ ਉਸ ਨੂੰ 'ਸੁਬਰਾਮਨੀਅਮ' ਆਖਦੇ ਹਨ।

ਜਦ ਧਰਤੀ ਉਤੇ ਦੇਵਤਿਆਂ ਅਤੇ ਅਸੁਰਾਂ ਦਾ ਯੁੱਧ ਹੋਇਆ ਸੀ ਤਾਂ ਦੇਵਤਿਆਂ ਦੀ ਫੌਜੀ ਸ਼ਕਤੀ ਦੀ ਅਗਵਾਈ ਇਸੇ ਦੇਵਤੇ ਨੇ ਕੀਤੀ ਸੀ। ਉਹ ਮੋਰ ਦੀ ਸਵਾਰੀ ਕਰਦਾ ਹੈ ਤੇ ਯੁੱਧ ਦਾ ਦੇਵਤਾ ਹੈ, ਪਰ ਸਿੰਹਾਲੀ ਲੋਕਾਂ ਦੀ ਨਜ਼ਰ ਵਿਚ ਉਹ ਯੁੱਧ ਦਾ ਦੇਵਤਾ ਨਹੀਂ, ਸਗੋਂ ਅਨੇਕਾਂ ਜੀਵਨ ਲੋੜਾਂ ਦਾ ਦੇਵਤਾ ਹੈ।

ਕੱਲ੍ਹ ਟਰਾਮ ਵਿਚ ਇਕ ਬੋਧ ਭਿਕਸ਼ੂ ਨਾਲ ਮੁਲਾਕਾਤ ਹੋ ਗਈ। ਪਤਾ ਚਲਿਆ, ਉਹ ਮਾਸ ਨਹੀਂ ਖਾਂਦੇ। ਤੇ ਮੈਨੂੰ ਇਉਂ ਜਾਪਿਆ ਕਿ ਆਪੀਂ ਬੁੱਧ ਭਗਵਾਨ ਮੇਰੇ ਕੋਲ ਬੈਠੇ ਹਨ।

ਅਹਿੰਸਾ ਦੇ ਹਾਮੀ ਤੇ ਮਾਸ ਖਾਣ ਵਾਲੇ! ਲੰਕਾ ਦੇ ਬਹੁਤੇ ਬੋਧ ਮਾਸ ਖਾਣੋਂ ਪਰਹੇਜ਼ ਨਹੀਂ ਕਰਦੇ- ਕਿਸੇ ਵੀ ਤਰ੍ਹਾਂ ਦੇ ਮਾਸ ਤੋਂ। ਲੋਕ ਬਾਜ਼ਾਰੋਂ ਗੋਸ਼ਤ ਖਰੀਦਦੇ ਹਨ, ਆਪੀਂ ਨਹੀਂ ਮਾਰਦੇ।

ਲੰਕਾ ਦੇ ਲਿਖਾਰੀ ਜੈ ਵਿਜੈਤੁੰਗ ਨੇ ਆਪਣੀ ਪੁਸਤਕ 'ਮੇਰੇ ਪੈਰਾਂ ਲਈ ਘਾਹ' ਵਿਚ ਪੇਂਡੂਆਂ ਨੂੰ ਛੋਟੀਆਂ-ਛੋਟੀਆਂ ਨਦੀਆਂ ਉਤੇ ਮੱਛੀਆਂ ਫੜਦੇ ਵਿਖਾਇਆ ਹੈ। ਉਨ੍ਹਾਂ ਨੇ ਬੜੀ ਸੁਆਦਲੀ ਗੱਲ ਲਿਖੀ ਹੈ। ਰਾਤ ਦਾ ਬਚਿਆ ਭਾਤ ਇਸਤਰੀਆਂ ਨਦੀਆਂ ਵਿਚ ਵਗਾਹ ਮਾਰਦੀਆਂ ਹਨ। ਮੱਛੀਆਂ ਇਸ ਨੂੰ ਖਾਣ ਲਈ ਲਪਕਦੀਆਂ ਹਨ। ਕੋਈ-ਕੋਈ ਚਤਰ ਇਸਤਰੀ ਅਜਿਹੀ ਚਾਲਾਕੀ ਨਾਲ ਉਲਟੀ ਹਾਂਡੀ ਮੱਛੀਆਂ ਉਤੇ ਸੁੱਟਦੀ ਹੈ, ਤੇ ਝੱਟ ਬਾਹਰ ਕੱਢਦੀ ਹੈ ਕਿ ਉਸ ਵਿਚ ਕੁਝ ਮੱਛੀਆਂ ਰਸੋਈ ਦੀ ਲੋੜ ਲਈ ਆ ਫਸਦੀਆਂ ਹਨ। ਉਹ ਲਿਖਦੇ ਹਨ ਕਿ ਮੱਛੀਆਂ ਫੜਨ ਦਾ ਢੰਗ ਬਹੁਤ ਕੁਝ ਅਹਿੰਸਾ ਤੇ ਦੋਸਤੀ ਦੇ ਅਸੂਲਾਂ ਉਤੇ ਨਿਰਭਰ ਹੈ। ਇਹ ਮੱਛੀਆਂ ਜੋ ਨਿੱਤ ਰਸੋਈ ਦਾ ਬਚਿਆ ਭਾਤ ਖਾਂਦੀਆਂ ਹਨ, ਜੇ ਕਿਸੇ ਦਿਨ ਉਸੇ ਰਸੋਈ ਦਾ ਭੋਜਨ ਬਣ ਜਾਣ ਤਾਂ ਇਹ ਕੋਈ ਪਾਪ ਥੋੜ੍ਹਾ ਹੈ!

ਬੋਧ ਭਿਕਸ਼ੂ ਵੀ ਬਾਹਲੇ ਮਾਸ ਖਾ ਲੈਂਦੇ ਹਨ। "ਅਸੀਂ ਦਰ-ਦਰ ਭੋਜਨ ਮੰਗਦੇ ਹਾਂ। ਦਾਨ ਵਿਚ ਮਿਲੀ ਚੀਜ਼ ਦਾ ਨਿਰਾਦਰ ਕਿਵੇਂ ਕਰੀਏ?" ਉਹ ਆਖ ਛੱਡਦੇ ਹਨ।

ਮਜ਼ਬ ਨਾਲ ਆਦਮੀ ਦਾ ਇਹ ਮਖੌਲ ਬਹੁਤ ਪੁਰਾਣਾ ਹੈ।

-5-

ਇਸ ਦੀ ਆਵਾਜ਼ ਬੰਸਰੀ ਦੇ ਸੁਰਾਂ ਨਾਲ ਮਿਲ ਕੇ ਬਣੀ ਹੈ। ਇਹ ਗੱਡੇ ਵਾਲਾ ਪਿੰਡ ਦਾ ਆਦਮੀ ਹੈ। ਕੋਲੰਬੂ ਸ਼ਹਿਰ ਵਿਚ ਪਹੁੰਚ ਕੇ ਵੀ ਇਸ ਨੇ ਆਪਣੇ ਪਿੰਡ ਨੂੰ ਭੁਲਾ ਨਹੀਂ ਦਿੱਤਾ। ਇਹ ਇਸ ਧਰਤੀ ਦਾ ਪੁੱਤਰ ਹੈ ਤੇ ਇਸ ਦੀ ਦਿਲ-ਧੜਕਣ ਅਨੁਭਵ ਕਰਦਾ ਹੈ। ਇਉਂ ਜਾਪਦਾ ਹੈ ਕਿ ਹੁਣੇ ਕਿਸੇ ਸੁਪਨੇ ਤੋਂ ਜਾਗ ਕੇ ਗਾ ਰਿਹਾ ਹੈ:

ਹਨੇਰੇ ਵਿਚ ਟਟਹਿਣੇ ਉਡ ਰਹੇ ਸਨ
ਉਨ੍ਹਾਂ ਦੇ ਖੰਭਾਂ ਵਿਚੋਂ ਰੋਸ਼ਨੀ ਪਈ
ਟਿਮਟਿਮ ਕਰਦੀ ਸੀ
ਕਿਸੇ ਦੀ ਮਲੂਕੜੀ ਜਿਹੀ ਆਵਾਜ਼
ਮੇਰੇ ਕੰਨੀਂ ਪਈ
ਉਸ ਦੇ ਧਿਆਨ ਵਿਚ ਤੂੰ
ਏਨਾ ਕੀ ਸੋਚਣ ਲੱਗ ਪਿਆ ਏਂ?

ਕੇਵਲ ਪੇਂਡੂ ਕੁੜੀ ਦੀ ਆਵਾਜ਼ ਹੀ ਗੱਡੇ ਵਾਲੇ ਦੇ ਕੰਨਾਂ ਤੀਕ ਪੁੱਜੀ ਤੇ ਇਸੇ ਆਵਾਜ਼ ਨੇ ਉਹਨੂੰ ਕੋਹ ਸੁੱਟਿਆ, ਪਰ ਉਸ ਦਾ ਸਾਥੀ ਜੋ ਆਪ ਪਿਆਰ ਤੋਂ ਜਾਣੂ ਨਹੀਂ, ਹੈਰਾਨ ਹੋ ਰਿਹਾ ਹੈ। ਉਹ ਕੀ ਜਾਣੇ ਕਿ ਪਿਆਰ ਕੇਵਲ ਚਾਨਣ ਵਿਚ ਹੀ ਨਹੀਂ ਪੈਂਦੇ।

ਆਪਣੇ ਗੀਤ ਵਿਚ ਗੱਡੇ ਵਾਲਾ, ਬਲਦ ਨੂੰ ਵੀ ਦੁਲਾਰਦਾ ਹੈ:

ਦੁਜਿਆਂ ਦਾ ਢਿੱਡ ਭਰਨ ਲਈ
ਤੂੰ ਕਸ਼ਟ ਝੱਲਦਾ ਏਂ
ਦਿਨ ਰਾਤ ਕੰਮ ਕਰਨਾ ਏਂ
ਤੇ ਮਾਰ ਸਹਿਨਾਂ ਏਂ
ਵੇਦਨਾ ਨਾਲ ਗੁੱਸਿਆ ਜਾਨਾ ਏਂ
ਬਲਦਾ! ਕੁਝ ਆਦਮੀ
ਤੈਥੋਂ ਵੀ ਘੱਟ ਮੁੱਲ ਦੇ ਹਨ।

ਪਰ ਕੋਲੰਬੂ ਸ਼ਹਿਰ ਦੇ ਵਾਯੂ ਮੰਡਲ ਵਿਚ ਲੋਕ ਸੰਗੀਤ ਦੇ ਸੁਰ ਬੜੇ ਓਪਰੇ ਜਾਪਦੇ ਹਨ। ਲਾਰੀਆਂ ਦੇ ਡਰਾਈਵਰ ਗੱਡੇ ਵੇਖ ਕੇ ਹੱਸ ਪੈਂਦੇ ਹਨ। ਹਾਰਨ ਸੁਣ ਕੇ ਗੱਡੇ ਵਾਲਾ ਸਹਿਮ ਜਾਂਦਾ ਹੈ ਤੇ ਬਲਦ ਵੀ।

ਕੁਝ ਲੋਕ-ਗੀਤ ਤਾਂ ਮੈਨੂੰ ਕੋਲੰਬੂ ਵਿਚ ਹੀ ਦੋ-ਚਾਰ ਮਿੱਤਰਾਂ ਕੋਲੋਂ ਮਿਲ ਗਏ ਸਨ। ਛੇਤੀ ਹੀ ਮੈਂ ਲੰਕਾ ਦਾ ਦੌਰਾ ਕਰਾਂਗਾ।

ਸਿੰਹਾਲੀ ਸੰਗੀਤ ਦੇ ਸੁਰ ਮੇਰੇ ਮਨ ਉਤੇ ਅਸਰ ਕਰ ਰਹੇ ਹਨ। ਇਹ ਸੰਗੀਤ ਰੂਹਾਂ ਵਿਚੋਂ ਫੁੱਟਦਾ ਹੈ, ਜਿਵੇਂ ਮੀਂਹ ਮਗਰੋਂ ਖੇਤਾਂ ਵਿਚੋਂ ਸੁਗੰਧ ਉਠਦੀ ਹੈ।

ਲੰਕਾ ਤੋਂ ਵਿਦਾ ਹੋਣ ਵੇਲੇ ਮੈਂ ਟੈਗੋਰ ਦੀ ਇਕ ਕਵਿਤਾ ਵਿਚ 'ਦੁਨੀਆ' ਦੀ ਥਾਂ ਲੰਕਾ ਬਦਲ ਕੇ ਆਖਾਂਗਾ, "ਹੇ ਮੇਰੀ ਲੰਕਾ! ਮੈਂ ਤੇਰੇ ਸਾਹਿਲ ਉਤੇ ਓਪਰੇ ਵਾਂਗ ਆਇਆ। ਮੈਂ ਤੇਰੇ ਘਰ ਵਿਚ ਪ੍ਰਾਹੁਣਾ ਬਣ ਕੇ ਰਿਹਾ। ਹੁਣ ਮੈਂ ਤੇਰੇ ਬੂਹੇ ਤੋਂ ਮਿੱਤਰ ਬਣ ਕੇ ਨਿੱਖੜ ਰਿਹਾ ਹਾਂ।"

"ਇਹ ਰਾਵਣ ਦੀ ਲੰਕਾ ਹੈ ਕਿ ਬੁੱਧ ਭਗਵਾਨ ਦੀ?"

"ਦੋਹਾਂ ਦੀ, ਕਵਿਤਾ।"

"ਸੱਚ-ਮੁੱਚ?"

"ਸੱਚ-ਮੁੱਚ। ਤੇ ਇਸ ਤੋਂ ਵੀ ਵਧੇਰੇ ਸੱਚ ਇਹ ਹੈ ਕਿ ਲੰਕਾ ਤੇਰੀ ਵੀ ਹੈ, ਤੇਰੀ ਮਾਤਾ ਦੀ ਵੀ ਤੇ ਮੇਰੀ ਵੀ।"

ਸਾਹਮਣੇ ਅਥਾਹ ਸਮੁੰਦਰ ਆਪਣੇ ਧੁਰ ਪੁਰਾਣੇ ਨਾਚ ਵਿਚ ਮਸਤ ਹੈ। ਇਹ ਸੜਕ ਜੋ ਕੰਢੇ-ਕੰਢੇ ਚਲੀ ਗਈ ਹੈ, ਤੇ ਜਿਸ ਦਾ ਰੰਗ ਗਰੀਬ ਮਜ਼ਦੂਰ ਦੇ ਜੰਮੇ ਹੋਏ ਲਹੂ ਵਾਂਗ ਕਾਲਾ ਹੈ, ਕੇਵਲ ਕੋਲੰਬੂ ਦੇ ਤਿੰਨ ਲੱਖ ਬੰਦਿਆਂ ਦੇ ਦੁੱਖ-ਸੁੱਖ ਦੀ ਹੀ ਨਹੀਂ, ਸਗੋਂ ਸਾਡੀ ਖੁਸ਼ੀ ਦੀ ਵੀ ਅਮਾਨਤਦਾਰ ਹੈ: ਸੜਕ ਵੀ ਤੇ ਇਹ ਫੁੱਟ-ਪਾਥ ਵੀ ਜੋ ਬਾਦਸਤੂਰ ਉਭਰਿਆ ਹੋਇਆ ਹੈ- ਉਦਾਸ ਤੀਵੀਂ ਦੀ ਅੱਖ ਵਾਂਗ ਜੋ ਲਗਾਤਾਰ ਰੋਣ ਕਰ ਕੇ ਸੁੱਜ ਗਈ ਹੋਵੇ।

-0-

ਪੱਕਾ ਰੰਗ ਨਾ ਦੇਈਂ ਵੇ ਰੱਬਾ

ਅਮਰੀਕਾ ਵਿਚ ਗੁਲਾਮ ਬਣਾ ਕੇ ਲਿਆਂਦੇ ਅਫਰੀਕੀ ਲੋਕਾਂ ਨੇ ਸਦੀਆਂ ਤੱਕ ਬੜੀ ਭੈੜੀ ਜ਼ਿੰਦਗੀ ਗੁਜ਼ਾਰੀ ਹੈ। ਉਨ੍ਹਾਂ ਨੂੰ ਭੇਡਾਂ-ਬੱਕਰੀਆਂ ਤੇ ਮੱਝਾਂ-ਗਾਈਆਂ ਵਾਂਗ ਖਰੀਦਿਆ-ਵੇਚਿਆ ਜਾਂਦਾ। ਉਨ੍ਹਾਂ ਨੂੰ ਕੋਈ ਵੀ ਹੱਕ ਹਾਸਲ ਨਹੀਂ ਸੀ। ਗੋਰੇ ਮਾਲਕ ਕਿਸੇ ਵੀ ਕਾਲੀ ਔਰਤ ਨਾਲ ਜੋ ਮਰਜੀ ਕਰਦੇ ਰਹਿੰਦੇ ਪਰ ਜੇ ਕਦੀ ਕੋਈ ਕਾਲਾ ਮਾੜੀ ਜਿਹੀ ਅਜਿਹੀ ਹਰਕਤ ਕਰ ਬੈਠਦਾ ਤਾਂ ਉਸ ਨੂੰ ਦਰਖਤ 'ਤੇ ਬੰਨ ਕੇ ਥੱਲੇ ਅੱਗ ਬਾਲ ਕੇ ਸਾੜ ਦੇਣ ਤੱਕ ਦੀ ਸਜ਼ਾ ਦਿੱਤੀ ਜਾਂਦੀ। ਅਮਰੀਕਾ ਵਿਚ ਗੁਲਾਮੀ ਦੀ ਪ੍ਰਥਾ ਉਦੋਂ ਸ਼ੁਰੂ ਹੋਈ ਜਦੋਂ ਪਹਿਲੇ ਅਫਰੀਕਨ ਗੁਲਾਮ ਵਰਜੀਨੀਆ ਸਟੇਟ ਦੇ ਜੇਮਜ਼ ਟਾਊਨ ਇਲਾਕੇ ਵਿਚ 1619 ਵਿਚ ਲਿਆਂਦੇ ਗਏ। ਗੁਲਾਮੀ ਵਿਰੁਧ ਕਈ ਵਾਰ ਵਿਦਰੋਹ ਹੋਇਆ ਪਰ ਗੱਲ ਸਿਰੇ ਨਾ ਲੱਗੀ। 1863 ਵਿਚ ਅਮਰੀਕੀ ਖਾਨਾਜੰਗੀ ਦੌਰਾਨ ਰਾਸ਼ਟਰਪਤੀ ਅਬਰਾਹਮ ਲਿੰਕਨ ਨੇ ਗੁਲਾਮੀ ਨੂੰ ਖਤਮ ਕਰਨ ਦਾ ਐਲਾਨ ਕੀਤਾ ਪਰ ਫਿਰ ਵੀ 1865 ਵਿਚ ਤੇਰਵੀਂ ਸੰਵਿਧਾਨਕ ਸੋਧ ਕੀਤੇ ਜਾਣ ਤੱਕ ਗੁਲਾਮੀ ਦੀ ਪਿਰਤ ਕਿਸੇ ਨਾ ਕਿਸੇ ਰੂਪ ਵਿਚ ਚਲਦੀ ਰਹੀ। ਹੁਣ ਦੇ ਸਮੇਂ ਸੰਵਿਧਾਨਕ ਸੋਧਾਂ ਉਪਰੰਤ ਕਿਸੇ ਵੀ ਤਰ੍ਹਾਂ ਦੇ ਰੰਗ ਭੇਦ ਦੀ ਪੂਰੀ ਮਨਾਹੀ ਹੈ। ਦੋ ਕਿਸ਼ਤਾਂ ਵਿਚ ਛਾਪੇ ਜਾ ਰਹੇ ਇਸ ਲੰਮੇ ਲੇਖ ਵਿਚ ਜੈਕਬ ਗਰੀਨ ਦਾ ਆਤਮ ਬਿਆਨ ਹੈ ਜਿਸ ਨੇ ਗੁਲਾਮੀ ਦੀ ਲਾਹਨਤ ਹੰਢਾਈ। -ਸੰਪਾਦਕ

ਜੈਕਬ ਡੀ. ਗਰੀਨ ਨਾਂ ਦਾ ਕਾਲੇ ਰੰਗ ਦਾ ਗੁਲਾਮ ਸ਼ਾਇਦ 1813 ਵਿਚ ਪੈਦਾ ਹੋਇਆ ਸੀ। ਸ਼ਾਇਦ ਇਸ ਲਈ ਕਿ ਉਨ੍ਹਾਂ ਸਮਿਆਂ ਵਿਚ ਗੁਲਾਮਾਂ ਦੇ ਜੰਮਣ ਮਰਨ ਦੀਆਂ ਤਰੀਕਾਂ ਨਾ ਹੀ ਗੁਲਾਮਾਂ ਨੂੰ ਤੇ ਨਾ ਹੀ ਉਨ੍ਹਾਂ ਦੇ ਮਾਂ-ਪਿਓ ਨੂੰ ਯਾਦ ਰਹਿੰਦੀਆਂ ਸਨ। ਗੁਲਾਮਾਂ ਨੂੰ ਪੜ੍ਹਨਾ-ਪੜ੍ਹਾਉਣਾ ਇਕ ਕਾਨੂੰਨੀ ਜੁਰਮ ਸੀ। ਗੁਲਾਮਾਂ ਦੇ ਮਾਲਕ ਹੀ ਉਨ੍ਹਾਂ ਦੀਆਂ ਜੰਮਣ-ਮਰਨ ਦੀਆਂ ਤਰੀਕਾਂ ਦਾ ਥੋੜਾ ਬਹੁਤ ਵੇਰਵਾ ਰੱਖ ਲਿਆ ਕਰਦੇ ਸਨ। ਬਹੁਤੇ ਗੁਲਾਮਾਂ ਵਾਂਗ ਜੈਕਬ ਨੂੰ ਵੀ ਆਪਣੇ ਜਨਮ ਦਾ ਦੱਸਿਆ ਦਸਾਇਆ ਅੰਦਾਜ਼ਾ ਹੀ ਸੀ। ਪਰ ਦੂਜੇ ਪਾਸੇ ਉਹ ਬਚਪਨ ਤੋਂ ਹੀ ਤੇਜ਼ ਦਿਮਾਗ ਹੋਣ ਕਰਕੇ ਨਹਿਲੇ ਨੂੰ ਦਹਿਲਾ ਹੋ ਕੇ ਟਕਰਦਾ। ਉਹ ਆਪਣੇ ਮਾਲਕ ਦੀ ਵਧੀਕੀ ਦਾ ਅਜਿਹਾ ਜਵਾਬ ਦਿੰਦਾ ਕਿ ਮਾਲਕ ਦਾ ਸ਼ੱਕ ਉਸ ਦੀ ਗਲਤੀ 'ਤੇ ਜਾਣ ਦੀ ਥਾਂ ਕਿਸੇ ਤੀਜੇ 'ਤੇ ਜਾਂਦਾ। ਉਹ ਆਪਣੀ ਹੱਡਬੀਤੀ ਸੁਣਾਉਂਦਿਆਂ ਦਸਦਾ ਹੈ ਕਿ

ਅਚਾਨਕ ਇਕ ਸਵੇਰ ਉਸ ਦੀ ਗੁਲਾਮ ਮਾਂ ਨੂੰ ਉਸ ਦੇ ਮਾਲਕ ਨੇ ਕਿਸੇ ਹੋਰ ਕੋਲ ਵੇਚ ਦਿਤਾ। ਉਦੋਂ ਉਹ ਬਾਰਾਂ ਸਾਲਾਂ ਦਾ ਸੀ। ਉਸ ਨੂੰ ਨਹੀਂ ਸੀ ਪਤਾ ਕਿ ਉਹਦੀ ਮਾਂ ਕਿੱਥੇ ਚਲੀ

ਗੁਰਚਰਨ ਸਿੰਘ ਜੈਤੋ
ਫੋਨ: 331-321-1759

ਗਈ ਪਰ ਉਸ ਨੂੰ ਉਹਦੇ ਮਾਲਕ ਨੇ ਆਪਣਾ ਗੁਲਾਮ ਬਣਾ ਕੇ ਰੱਖ ਲਿਆ। ਉਂਜ ਵੀ ਅਮਰੀਕਾ ਦੇ ਦੱਖਣੀ ਸੂਬਿਆਂ ਵਿਚ ਗੋਰੇ ਕਾਸ਼ਤਕਾਰ ਮਾਲਕ ਗਿਆਰਾਂ-ਬਾਰਾਂ ਸਾਲ ਦੇ ਗੁਲਾਮ ਮੁੰਡਿਆਂ ਨੂੰ ਖੇਤਾਂ ਵਿਚ ਕੰਮ ਕਰਨ ਲਾ ਲੈਂਦੇ ਸਨ। ਕਿਸੇ ਵੀ ਗੁਲਾਮ ਮਾਂ-ਪਿਓ ਦੇ ਬੱਚੇ ਜੰਮਣ ਸਾਰ ਹੀ ਗੁਲਾਮ ਸਮਝੇ ਜਾਂਦੇ ਸਨ।

ਜੈਕਬ ਜਦੋਂ ਵੱਡਾ ਹੋਇਆ ਤਾਂ ਉਸ ਨੂੰ ਵੀ ਖੇਤਾਂ ਵਿਚ ਕੰਮ ਕਰਨ ਲਾ ਦਿੱਤਾ ਗਿਆ। ਇਕ ਦਿਨ ਉਸ ਨੇ ਇਕ ਗੋਰੇ ਮੁੰਡੇ ਨੂੰ ਮਾਲਕ ਦੇ ਖੇਤਾਂ ਵਿਚੋਂ ਮੱਕੀ ਦੀਆਂ ਛੱਲੀਆਂ ਚੋਰੀ ਕਰਦਿਆਂ ਦੇਖ ਲਿਆ। ਝੱਟ ਹੀ ਉਹਦੇ ਤੇਜ਼ ਦਿਮਾਗ ਵਿਚ ਆਇਆ ਕਿ ਹੁਣ ਇਸ ਚੋਰੀ ਲਈ ਕਿਸੇ ਕਾਲੇ ਗੁਲਾਮ ਨੂੰ ਮਾਰ ਖਾਣੀ ਪਏਗੀ। ਅਕਸਰ ਚੋਰੀ ਭਾਵੇਂ ਕਿਸੇ ਨੇ ਕੀਤੀ ਹੋਵੇ, ਮਾਲਕਾਂ ਦਾ ਸ਼ੱਕ ਕਾਲੇ ਗੁਲਾਮਾਂ 'ਤੇ ਹੀ ਜਾਂਦਾ ਸੀ ਤੇ ਕੋੜਿਆਂ ਦੀ ਮਾਰ ਵੀ ਉਨ੍ਹਾਂ ਬੇਦੋਸ਼ੇ ਗੁਲਾਮਾਂ ਨੂੰ ਹੀ ਪੈਂਦੀ ਸੀ। ਜੇ ਕਿਧਰੇ ਉਸ ਪਲ ਮਾਲਕ ਆਪ ਉਥੇ ਹੁੰਦਾ ਜਾਂ ਓਵਰਸੀਅਰ ਹੁੰਦਾ ਜਿਸ ਦੀ ਜ਼ਿੰਮੇਦਾਰੀ ਗੁਲਾਮਾਂ ਤੋਂ ਕੰਮ ਕਰਵਾਉਣਾ ਹੁੰਦਾ ਸੀ, ਤਾਂ ਗੱਲ ਹੋਰ ਹੋਣੀ ਸੀ। ਪਰ ਜੈਕਬ ਨੇ ਤਾਂ ਉਸ ਗੋਰੇ ਮੁੰਡੇ ਨੂੰ ਛੱਲੀਆਂ ਤੋੜ ਕੇ ਬੋਰੀ ਭਰ ਕੇ ਲਿਜਾਂਦਿਆਂ ਆਪਣੇ ਅੱਖੀਂ ਦੇਖਿਆ ਸੀ। ਉਸ ਨੇ ਮਨ ਵਿਚ ਫੈਸਲਾ ਕੀਤਾ ਕਿ ਉਹ ਇਸ ਚੋਰੀ ਬਾਰੇ ਚੁੱਪ ਰਹੇਗਾ, ਤੇ ਜੇ ਮਾਲਕਾਂ ਨੂੰ ਕਿਧਰੋਂ ਇਸ ਚੋਰੀ ਦਾ ਪਤਾ ਲੱਗ ਵੀ ਗਿਆ ਤਾਂ ਫੇਰ ਦੇਖੀ ਜਾਊ! ਦੂਜੇ ਪਾਸੇ ਜੇ ਉਹ ਮਾਲਕਾਂ ਨੂੰ ਉਸ ਚੋਰੀ ਬਾਰੇ ਸੱਚ ਦਸਦਾ ਵੀ ਤਾਂ ਉਨ੍ਹਾਂ ਨੇ ਉਸ ਦੀ ਗੱਲ 'ਤੇ ਇਤਬਾਰ ਨਹੀਂ ਸੀ ਕਰਨਾ! ਪੱਕੀ ਗੱਲ ਸੀ ਕਿ ਗੋਰੇ ਮੁੰਡੇ ਨੇ ਚੋਰੀ ਨਹੀਂ ਸੀ ਮੰਨਣੀ ਤੇ ਉਲਟਾ ਮਾਰ ਜੈਕਬ ਨੂੰ ਹੀ ਪੈਣੀ ਸੀ, ਕਿਉਂਕਿ ਚੋਰੀ ਕਰਨ ਵਾਲਾ ਗੋਰਾ ਸੀ ਤੇ ਜੈਕਬ ਕਾਲਾ! ਉਹ ਸੋਚਣ ਲੱਗਾ-ਹਾਏ ਓ ਰੱਬਾ! ਕਾਲਾ ਹੋਣ 'ਚ ਭਲਾ ਮੇਰਾ ਕੀ ਕਸੂਰ? ਚੰਗਾ ਹੁੰਦਾ, ਮੈਂ ਜੰਮਦਾ ਈ ਨਾ! ਇਹ ਸੋਚ ਉਹ ਸੋਚੀਂ ਪੈ ਜਾਂਦਾ:

"ਅਜੇ ਕਲ੍ਹ ਹੀ ਮੇਰੀ ਮਾਂ ਨੂੰ ਵੇਚ ਦਿਤਾ ਗਿਆ ਸੀ। ਪਤਾ ਨਹੀਂ ਉਹ ਕਿੱਥੇ ਹੋਵੇਗੀ, ਪਤਾ ਨਹੀਂ ਕੌਣ ਉਹਨੂੰ ਕਿੱਥੇ ਲੈ ਗਿਆ ਹੋਵੇਗਾ! ਮੈਂ ਪਿੱਛੇ ਇਕੱਲਾ ਰਹਿ ਗਿਆਂ! ਹੁਣ ਮੈਂ ਸਾਰੀ ਉਮਰ ਆਪਣੀ ਮਾਂ ਨੂੰ ਮਿਲ ਨਹੀਂ ਸਕਾਂਗਾ! ਜਾਣ ਤੋਂ ਪਹਿਲਾਂ ਮੇਰੀ ਮਾਂ ਮੈਨੂੰ ਕਹਿ ਗਈ ਸੀ ਕਿ ਮੈਂ ਚੰਗਾ ਬੱਚਾ ਬਣ ਕੇ ਰਹਾਂ। ਮੈਨੂੰ ਯਾਦ ਹੈ, ਉਸ ਨੇ ਕਿਹਾ ਸੀ ਕਿ ਉਹ ਮੇਰੇ ਲਈ ਅਰਜੋਈਆਂ ਕਰਦੀ ਰਹੇਗੀ ਤੇ ਮੈਂ ਵੀ ਉਸ ਦੀ ਸਲਾਮਤੀ ਲਈ ਪ੍ਰਾਰਥਨਾ ਕਰਾਂ! ਪਰ ਜਦੋਂ ਵੀ ਮੈਂ ਹੱਥ ਜੋੜਦਾਂ ਤਾਂ ਮੈਨੂੰ ਆਪਣੇ ਮਾਲਕ ਦੇ ਬੋਲ ਯਾਦ ਆ ਜਾਂਦੇ ਨੇ। ਉਸ ਨੇ ਕਿਹਾ ਸੀ-ਕਾਲੇ ਲੋਕਾਂ ਨੂੰ ਰੱਬ ਨੇ ਥੋੜੋ ਬਣਾਇਐ! ਨਹੀਂ, ਰੱਬ ਇਹੋ ਜਿਹੀ ਗਲਤੀ ਨਹੀਂ ਕਰ ਸਕਦਾ! ਤੁਹਾਨੂੰ ਤਾਂ ਸ਼ੈਤਾਨ ਨੇ ਬਣਾਇਐ! ਤੇ ਨਾਲ ਦੀ ਨਾਲ ਮੈਨੂੰ ਉਹ ਪੁਰਾਣੀ ਗੱਲ ਵੀ ਯਾਦ ਆਉਂਦੀ ਰਹੀ ਜਿਹੜੀ ਸਾਡਾ ਮਾਲਕ ਆਮ ਹੀ ਕਿਹਾ ਕਰਦਾ ਸੀ ਕਿ ਜਦੋਂ ਗੋਰੇ ਲੋਕਾਂ ਨੂੰ ਰੱਬ ਨੇ ਸਭ ਤੋਂ ਵਧੀਆ ਮਿੱਟੀ ਲੱਭ ਕੇ ਬਣਾਇਆ ਤਾਂ ਸ਼ੈਤਾਨ ਇਹ ਸਾਰਾ ਕੁਝ ਦੇਖੀ ਜਾਂਦਾ ਸੀ। ਉਹਨੇ ਝੱਟ ਕਿਧਰੋਂ ਕਾਲਾ ਗਾਰਾ ਚੱਕ ਕੇ ਕਾਲੇ ਬੰਦੇ ਬਣਾਉਣੇ ਸ਼ੁਰੂ ਕਰ ਦਿਤੇ ਤੇ ਉਨ੍ਹਾਂ ਦਾ ਨਾਂ ਰੱਖ ਦਿਤਾ ਨੀਗਰ! ਮੇਰਾ ਮਾਲਕ ਵੀ ਮੈਨੂੰ ਹਰ ਰੋਜ਼ ਚੰਗਾ ਬਣਨ ਲਈ ਕਹਿੰਦਾ ਰਹਿੰਦਾ ਕਿ ਜਿਵੇਂ ਮੇਰੀ ਮਾਂ ਨੇ ਉਹਦੀ ਸੇਵਾ ਕੀਤੀ ਸੀ, ਜੇ ਮੈਂ ਵੀ ਬਿਨਾ ਕਿਸੇ ਹੀਲ ਹੁੱਜਤ ਦੇ ਕਰਦਾ ਰਿਹਾ ਤਾਂ ਸਿੱਧਾ ਸੁਰਗਾਂ ਨੂੰ ਜਾਵਾਂਗਾ। ਮੇਰੀ ਮਾਂ ਵੀ ਅਕਸਰ ਇਹੋ ਕਿਹਾ ਕਰਦੀ ਸੀ। ਮੈਂ ਵੀ ਦੂਜੇ ਗੁਲਾਮਾਂ ਵਾਂਗ ਪਾਦਰੀ ਕੌਬ ਦੀਆਂ ਮੀਟਿੰਗਾਂ ਵਿਚ ਹਰ ਐਤਵਾਰ ਜਾਣ ਲੱਗ ਪਿਆ ਸਾਂ। ਉਹ ਸਾਨੂੰ ਵਾਰ ਵਾਰ ਯਾਦ ਕਰਾਉਂਦਾ ਕਿ ਜਦੋਂ ਕਾਲੇ ਲੋਕ ਅਫਰੀਕਾ ਵਿਚ ਪੈਦਾ ਹੋਏ ਤਾਂ ਉਹ ਕਾਨਿਆਂ ਤੇ ਪੱਥਰਾਂ ਦੇ ਬੁੱਤ ਪੂਜਦੇ ਰਹਿੰਦੇ ਸਨ। ਰੱਬ ਨੇ ਉਨ੍ਹਾਂ 'ਤੇ ਤਰਸ ਖਾ ਕੇ ਗੋਰੇ ਲੋਕਾਂ ਦੇ ਮਨਾਂ ਵਿਚ ਪਿਰਤ ਤੇ ਦਯਾ ਪਾ ਕੇ ਉਨ੍ਹਾਂ ਨੂੰ ਚੰਗਾ ਬਣਾਉਣ ਲਈ ਇਥੇ ਲਿਆਂਦਾ ਹੈ। ਉਹ ਉਚੀ ਆਵਾਜ਼ ਵਿਚ ਕਿਹਾ ਕਰਦਾ, ਓਏ ਕਾਲੇ ਲੋਕੋ, ਦੇਖੋ ਇਸ ਰੋਸ਼ਨੀ ਨੂੰ ਦੇਖੋ! ਕਿਤੇ ਇਸ ਰੋਸ਼ਨੀ ਤੋਂ ਵਾਂਝੇ ਰਹਿ ਕੇ ਹੀ ਨਾ ਮਰ ਜਾਇਓ! ਇਸ ਰੋਸ਼ਨੀ ਤੋਂ ਬਿਨਾ ਤੁਹਾਨੂੰ ਨਰਕ ਤੋਂ ਬਿਨਾ ਹੋਰ ਕੁਝ ਵੀ ਨਸੀਬ ਨਹੀਂ ਜੇ ਹੋਣਾ।

ਪਰ ਹੋਇਆ ਕੁਝ ਹੋਰ ਹੀ! ਉਹ ਵਿਚਾਰਾ ਪਾਦਰੀ ਆਪ ਰੋਸ਼ਨੀ ਤੋਂ ਬਿਨਾ ਹੀ ਮਰ ਗਿਆ। ਮੈਨੂੰ ਪਾਦਰੀ ਤੋਂ ਅਜਿਹੀਆਂ ਗੱਲਾਂ ਸੁਣਨ ਦੀ ਆਦਤ ਜਿਹੀ ਪੈ ਗਈ ਸੀ ਜਿਨ੍ਹਾਂ ਦਾ ਅਸਰ ਘੱਟ ਹੀ ਹੁੰਦਾ ਸੀ। ਇਹੋ ਜਿਹੀਆਂ ਗੱਲਾਂ ਸੁਣਦਿਆਂ ਮੈਨੂੰ ਸਤਾਰ੍ਹਵਾਂ ਵਰ੍ਹਾ ਵੀ ਲੱਗ ਗਿਆ। ਮੈਨੂੰ ਇਹ ਖਾਸ ਹਦਾਇਤ ਸੀ ਕਿ ਜੇ ਕਿਤੇ ਮੇਰਾ ਸਾਹਮਣਾ ਕਿਸੇ ਗੋਰੇ ਮੁੰਡੇ ਨਾਲ ਹੋ ਜਾਵੇ ਤਾਂ ਉਸ ਨਾਲ ਮੈਂ ਕਿਸੇ ਕਿਸਮ ਦਾ ਪੰਗਾ ਨਾ ਲਵਾਂ। ਜੇ ਉਹ ਮੈਨੂੰ ਮਾਰੇ ਵੀ ਤਾਂ ਮੋੜ ਕੇ ਉਸ ਨੂੰ ਮਾਰਨਾ ਵੀ ਮੈਨੂੰ ਮਨ੍ਹਾਂ ਸੀ। ਜੇ ਅਗਲਾ ਮੁੰਡਾ ਕਾਲਾ ਹੋਵੇ ਤਾਂ ਮੈਂ ਆਪਣੇ ਬਚਾਓ ਲਈ ਕੋਸ਼ਿਸ਼ ਕਰ ਸਕਦਾ ਸਾਂ! ਹੋਇਆ ਇਉਂ ਕਿ ਉਹ ਗੋਰਾ ਮੁੰਡਾ ਅਕਸਰ ਆ ਕੇ ਮੇਰੀਆਂ ਗੋਟੀਆਂ ਤੇ ਲਾਟੂ ਚੋਰੀ ਕਰ ਲੈਂਦਾ। ਅਖੀਰ ਉਹਨੂੰ ਮੈਂ ਰੰਗੇ ਹੱਥੀਂ ਫੜ ਲਿਆ। ਸਾਡੀ ਹੱਥੋ-ਪਾਈ ਹੋ ਗਈ। ਮੈਂ ਉਹਨੂੰ ਹੇਠਾਂ ਸਿੱਟ ਲਿਆ। ਉਤੋਂ ਮਾਲਕ ਮਿਸਟਰ ਬਰਮੀ ਵੀ ਪਹੁੰਚ ਗਿਆ। ਉਹਨੇ ਮੈਨੂੰ ਗੋਰੇ ਮੁੰਡੇ ਦੀ ਹਿੱਕ 'ਤੇ ਬੈਠੇ ਨੂੰ ਠੁੱਡਾ ਮਾਰ ਕੇ ਪਰ੍ਹਾਂ ਕੀਤਾ ਤੇ ਮੈਨੂੰ ਘੂਰ ਕੇ ਕਿਹ, ਜੇ ਮੈਂ ਉਸ ਦਾ ਗੁਲਾਮ ਹੁੰਦਾ ਤਾਂ ਉਹ ਮੈਨੂੰ ਗੋਰੇ ਮੁੰਡੇ 'ਤੇ ਹੱਥ ਚੁੱਕਣ ਦੀ ਸਜ਼ਾ, ਮੇਰੇ ਹੱਥ ਵੱਢ ਕੇ ਦਿੰਦਾ! ਉਹਦਾ ਠੁੱਡਾ ਏਨਾ ਜ਼ਬਰਦਸਤ ਸੀ ਕਿ ਮੈਨੂੰ ਬਹੁਤ ਪੀੜ ਹੋਈ। ਮੇਰਾ ਕੋਈ ਕਸੂਰ ਨਹੀਂ ਸੀ, ਮੈਨੂੰ ਬੇਦੋਸ਼ੇ ਨੂੰ ਉਸ ਨੇ ਕਿਉਂ ਮਾਰਿਆ? ਖੈਰ! ਉਸ ਹਾਦਸੇ ਨੇ ਮੇਰੇ ਦਿਲ ਵਿਚ ਬਦਲੇ ਦੀ ਭਾਵਨਾ ਨੂੰ ਜਨਮ ਦਿਤਾ। ਮੈਂ ਫੈਸਲਾ ਕੀਤਾ ਕਿ ਉਸ ਬਰਮੀ ਨੂੰ ਉਸ ਦੇ ਕੀਤੇ ਦੀ ਸਜ਼ਾ ਮੈਂ ਇਕ ਦਿਨ ਜ਼ਰੂਰ ਦਿਆਂਗਾ।

ਲਓ ਜੀ! ਮੈਂ ਇਕ ਦਿਨ ਬਾਹਰ ਜਾ ਕੇ ਇਕ ਰੁੱਖ ਦੇ ਨਾਲ ਖੜ੍ਹਾ ਹੋ ਕੇ ਆਪਣੇ ਸਿਰ ਦੇ ਬਰਾਬਰ ਸਾਹਮਣੇ ਚਾਕੂ ਨਾਲ ਨਿਸ਼ਾਨ ਬਣਾਇਆ ਤਾਂ ਕਿ ਮੈਂ ਦੇਖ ਸਕਾਂ ਕਿ ਮੈਂ ਕਿੰਨੀ ਜਲਦੀ ਵੱਡਾ ਹੋ ਜਾਵਾਂਗਾ। ਦੋ ਮਹੀਨੇ ਤਕ ਮੈਂ ਕਈ ਵਾਰੀ ਜਾ ਜਾ ਕੇ ਉਸ ਨਿਸ਼ਾਨ ਦੇ ਬਰਾਬਰ ਖੜ੍ਹਾ ਹੋ ਕੇ ਦੇਖਦਾ ਰਿਹਾ, ਪਰ ਮੇਰਾ ਕੱਦ ਵਧਦਾ ਨਜ਼ਰ ਨਹੀਂ ਸੀ ਆ ਰਿਹਾ! ਫੇਰ ਮੈਂ ਸੋਚਿਆ ਕਿ ਜੇ ਮੈਂ ਉਸ ਬੰਦੇ ਜਿੰਨਾ ਲੰਮਾ ਨਾ ਹੋ ਸਕਿਆ ਤਾਂ ਕੋਈ ਗੱਲ ਨਹੀਂ, ਫੇਰ ਮੈਂ ਉਹਦੇ ਨਿਆਣਿਆਂ ਤੋਂ ਤਾਂ ਬਦਲਾ ਲੈ ਹੀ ਲਵਾਂਗਾ!

ਉਨ੍ਹੀਂ ਦਿਨੀਂ ਮੈਂ ਮਾਲਕ ਦੇ ਘਰ ਸਾਰੇ ਨਿੱਕੇ-ਮੋਟੇ ਕੰਮ ਕਰਦਾ ਸਾਂ। ਮੈਨੂੰ ਪਤਾ ਸੀ ਕਿ ਮਾਲਕਣ ਨੂੰ ਮਿਲਣ ਉਸ ਦੇ ਦੋ ਚਾਹਵਾਨ ਘਰ ਵਿਚ ਅਕਸਰ ਆਉਂਦੇ-ਜਾਂਦੇ ਸਨ। ਇਨ੍ਹਾਂ ਵਿਚੋਂ ਇਕ ਤਾਂ ਓਹੀ ਬਰਮੀ ਸੀ ਜਿਸ ਨੇ ਮੈਨੂੰ ਠੁੱਡਾ ਮਾਰਿਆ ਸੀ ਤੇ ਦੂਜਾ ਰੋਜਰਜ਼। ਉਹ ਇਕ ਦੂਜੇ ਨੂੰ ਨਫਰਤ ਕਰਦੇ ਸਨ ਤੇ ਇਕ ਦੂਜੇ ਤੋਂ ਵਧ ਕੇ ਮਾਲਕਣ ਨੂੰ ਖੁਸ਼ ਕਰਨ ਦੇ ਚੱਕਰ ਵਿਚ ਰਹਿੰਦੇ ਸਨ। ਮਾਲਕਣ ਵੀ ਮੈਨੂੰ ਉਨ੍ਹਾਂ ਦੀ ਸੇਵਾ ਵਿਚ ਲਾਈ ਰੱਖਦੀ। ਮਾਲਕਣ ਬਰਮੀ ਨੂੰ ਆਪਣੇ ਬਹੁਤਾ ਨੇੜੇ ਹੋਣ ਦਿੰਦੀ ਸੀ। ਬਰਮੀ ਨੂੰ ਤਮਾਕੂ ਪੀਣ ਦੀ ਆਦਤ ਸੀ। ਮਾਲਕਣ ਨੇ ਉਸ ਲਈ ਇਕ ਖਾਸ ਕਿਸਮ ਦੀ ਪਾਈਪ ਰੱਖੀ ਹੋਈ ਸੀ। ਪਾਈਪ ਦੇ ਤਮਾਕੂ ਪਾਉਣ ਵਾਲੇ ਸਿਰੇ 'ਤੇ ਜਰਮਨ ਚਾਂਦੀ ਦਾ ਇਕ ਛੋਟਾ ਕੱਪ ਜੜਿਆ ਹੋਇਆ ਸੀ ਜਿਸ ਕਰਕੇ ਉਹ ਪਾਈਪ ਦੂਰੋਂ ਚਮਕਦੀ ਸੁਹਣੀ ਲਗਦੀ ਸੀ। ਇਹ ਪਾਈਪ ਆਮ ਵੱਡੇ ਕਮਰੇ ਵਿਚ ਇਕ ਕਣਸ 'ਤੇ ਪਈ ਰਹਿੰਦੀ। ਮਾਲਕਣ ਉਸ ਵਿਚ ਤਮਾਕੂ ਭਰ ਕੇ ਬਰਮੀ ਦੇ ਪੀਣ ਲਈ ਤਿਆਰ ਰਖਦੀ। ਇਕ ਸਵੇਰ ਮੈਂ ਉਸ ਕਮਰੇ



ਜੈਕਬ ਡੀ ਗਰੀਨ ਦੀ ਜੀਵਨ ਕਹਾਣੀ ਬਾਰੇ ਪੁਸਤਕ

ਵਿਚ ਸਫਾਈ ਕਰ ਰਿਹਾ ਸਾਂ। ਪਾਈਪ ਆਪਣੀ ਥਾਂ ਕਣਸ 'ਤੇ ਹੀ ਪਈ ਸੀ। ਮਾਲਕ ਦਾ ਮੁੰਡਾ ਵਿਲੀਅਮ ਨਾਲ ਦੇ ਕਮਰੇ ਦੀ ਅਲਮਾਰੀ ਵਿਚ ਆਪਣੀ ਬੰਦੂਕ ਲਈ ਬਰੂਦ ਵਾਲਾ ਪਾਊਡਰ ਰਖਦਾ ਹੁੰਦਾ ਸੀ। ਮੈਂ ਉਹ ਪਾਈਪ ਮਲਕੜੇ ਜਿਹੇ ਚੁੱਕੀ ਤੇ ਨਾਲ ਦੇ ਕਮਰੇ ਦੀ ਉਹ ਅਲਮਾਰੀ ਜਾ ਖੋਲ੍ਹੀ। ਪਾਈਪ ਵਿਚੋਂ ਉਪਰੋਂ ਅੱਧਾ ਤਮਾਕੂ ਕੱਢ ਕੇ ਉਸ ਦੀ ਥਾਂ ਬਰੂਦ ਵਾਲਾ ਪਾਊਡਰ ਪਾ ਕੇ ਮੁੜ ਬਾਕੀ ਤਮਾਕੂ ਉਪਰ ਪਾ ਕੇ ਮੈਂ ਪਾਈਪ ਤਿਆਰ ਕੀਤੀ ਤੇ ਵਾਪਸ ਟਿਕਾਣੇ 'ਤੇ ਰੱਖ ਦਿਤੀ। ਉਸ ਪਿਛੋਂ ਮੈਂ ਅਸਤਬਲ ਵਿਚ ਘੋੜਿਆਂ ਦੀ ਸਾਫ ਸਫਾਈ ਕਰਨ ਜਾ ਲੱਗਾ।

ਮੇਰੀ ਮਾਲਕਣ ਦਾ ਪਹਿਲਾ ਆਸ਼ਕ ਰੋਜਰਜ਼ ਸਵੇਰੇ ਅੱਠ ਵਜੇ ਹੀ ਆ ਪਹੁੰਚਿਆ। ਮਾਲਕ ਬਾਹਰ ਗਿਆ ਹੋਇਆ ਸੀ ਤੇ ਮਾਲਕਣ ਘਰ ਇਕੱਲੀ ਸੀ। ਉਹ ਗਿਆਰਾਂ ਵਜੇ ਤਕ ਉਸ ਨਾਲ ਰਿਹਾ ਤੇ ਫੇਰ ਚਲਾ ਗਿਆ। ਉਸ ਪਿੱਛੋਂ ਬਰਮੀ ਆ ਗਿਆ। ਘੰਟੇ ਕੁ ਪਿਛੋਂ ਮੈਂ ਅਚਾਨਕ ਖੇਤਾਂ ਵਲੋਂ ਕਈ ਗੁਲਾਮ ਘਰ ਵਲ ਭੱਜੇ ਆਉਂਦੇ ਦੇਖੇ। ਹਥਲਾ ਕੰਮ ਵਿਚੇ ਛੱਡ ਕੇ ਮੈਂ ਵੀ ਘਰ ਵਲ ਭੱਜਿਆ। ਘਰ ਆ ਕੇ ਦੇਖਿਆ ਕਿ ਬਰਮੀ ਆਰਾਮ ਕੁਰਸੀ 'ਤੇ ਬੇਹੋਸ਼ ਹੋਇਆ ਪਿਆ ਸੀ। ਉਸ ਦੇ ਮੂੰਹ ਵਿਚੋਂ ਖੂਨ ਨਿਕਲ ਰਿਹਾ ਸੀ। ਸਾਫ ਦਿਸ ਰਿਹਾ ਸੀ ਕਿ ਆਮ ਵਾਂਗ ਉਸ ਨੇ ਤਮਾਕੂ ਵਾਲੀ ਪਾਈਪ ਪੀਣ ਲਈ ਜਿਉਂ ਹੀ ਅੱਗ ਲਾ ਕੇ ਮੂੰਹ ਵਿਚ ਪਾਈ ਹੋਵੇਗੀ, ਬਾਰੂਦ ਫਟ ਗਿਆ ਹੋਵੇਗਾ। ਸਾਰਾ ਸ਼ੱਕ ਘਰੋਂ ਪਹਿਲਾਂ ਗਏ ਰੋਜਰਜ਼ 'ਤੇ ਹੀ ਗਿਆ। ਲਓ ਜੀ, ਬਰਮੀ ਦਾ ਪੁੱਤਰ ਜਾ ਕੇ ਰੋਜਰਜ਼ ਨੂੰ ਬੁਰਾ ਭਲਾ ਕਹਿਣ ਲੱਗਾ, ਖੂਬ ਲੜਾਈ ਹੋਈ। ਅਖੀਰ ਮਾਮਲਾ ਅਦਾਲਤ ਵਿਚ ਗਿਆ। ਨਤੀਜਾ ਅੱਠ ਸੌ ਡਾਲਰ ਰੋਜਰਜ਼ ਨੂੰ ਮੁਕੱਦਮਾ ਲੜਨ ਲਈ ਖਰਚਣੇ ਪਏ। ਬਰਮੀ ਦੇ ਵੀ ਛੇ ਸੌ ਡਾਲਰ ਲੱਗੇ, ਉਹਦਾ ਬੂਥਾ ਜ਼ਖ਼ਮੀ ਹੋਇਆ, ਉਹ ਵਖਰਾ! ਮੇਰੇ ਮਾਲਕ ਦੀ ਪਤਨੀ ਵੀ ਉਸ ਝਗੜੇ ਵਿਚ ਘਿਰ ਚੁੱਕੀ ਸੀ। ਉਸ ਨੂੰ ਦਸਣਾ ਪੈਣਾ ਸੀ ਕਿ ਪਤੀ ਦੀ ਗੈਰਹਾਜ਼ਰੀ ਵਿਚ ਉਹ ਦੋ ਬੰਦੇ ਉਹਦੇ ਘਰ ਕੀ ਕਰਨ ਆਉਂਦੇ ਸਨ! ਇਸੇ ਗੱਲ 'ਤੇ ਇਕ ਹੋਰ ਮੁਕੱਦਮਾ ਚਲਿਆ ਤੇ ਸਾਡੇ ਮਾਲਕ ਨੂੰ ਚੌਦਾਂ ਸੌ ਡਾਲਰ ਦਾ ਨੁਕਸਾਨ ਹੋਇਆ। ਮੇਰੇ ਉਤੇ ਤਾਂ ਕਿਸੇ ਨੇ ਕੀ ਉਂਗਲ ਚੱਕਣੀ ਸੀ! ਆਪਾਂ ਤਮਾਸ਼ਾ ਦੇਖੀ ਗਏ! ਬੁਰੇ ਕੰਮਾਂ ਦੇ ਬੁਰੇ ਨਤੀਜੇ!

ਮੈਂ ਆਪਣੇ ਮਾਲਕ ਨੂੰ ਦੂਰ ਨੇੜੇ ਜਿਥੇ ਵੀ ਜਾਣਾ ਹੁੰਦਾ, ਘੋੜਾ-ਬੱਘੀ ਜੋੜ ਕੇ ਲਿਜਾਇਆ ਕਰਦਾ ਸਾਂ। ਇਕ ਵਾਰੀ ਮੈਂ ਉਹਨੂੰ ਬਾਲਟੀਮੋਰ ਸ਼ਹਿਰ ਲੈ ਕੇ ਗਿਆ। ਉਥੇ ਉਹਦੇ ਪੁੱਤਰ ਕਾਨੂੰਨ ਦੀ ਪੜ੍ਹਾਈ ਕਰਦੇ ਸਨ। ਉਥੇ ਮੈਂ ਕੁਝ ਸ਼ਕਰਕੰਦੀਆਂ ਚੋਰੀ ਕਰਕੇ ਬੱਘੀ ਵਿਚ ਰੱਖ ਲਈਆਂ। ਸੋਚਿਆ ਜਦੋਂ ਮੌਕਾ ਮਿਲਿਆ ਤਾਂ ਭੁੰਨ ਕੇ ਖਾਵਾਂਗੇ। ਘਰ ਪਹੁੰਚ ਕੇ ਮੈਨੂੰ ਨਹੀਂ ਪਤਾ ਕਿ ਮਾਲਕ ਨੂੰ ਮੇਰੀ ਇਸ ਚੋਰੀ ਦਾ ਕਿਵੇਂ ਪਤਾ ਲੱਗਾ। ਮਾਲਕ ਨੇ ਇਕ ਕਾਗਜ਼ ਦਾ ਟੁਕੜਾ ਮੇਰੇ ਹੱਥ ਫੜਾਉਂਦਿਆਂ ਕਿਹਾ ਕਿ ਮੈਂ ਉਹ ਕਾਗਜ਼ ਓਵਰਸੀਅਰ ਮਿਸਟਰ ਕੌਂਗ ਨੂੰ ਦੇ ਆਵਾਂ। ਦੂਜੇ, ਮੈਂ ਇਕ ਸੁਨੇਹਾ ਦੂਜੇ ਗੁਲਾਮ ਮੁੰਡੇ ਡਿੱਕ ਨੂੰ ਦੇ ਆਵਾਂ ਕਿ ਆਉਂਦੀ ਸਵੇਰ ਮਾਲਕ ਨੂੰ ਘੋੜਾ-ਬੱਘੀ 'ਤੇ ਬਾਲਟੀਮੋਰ ਉਹੀ ਲੈ ਕੇ ਜਾਏਗਾ। ਜਿਉਂ ਹੀ ਉਹ ਕਾਗ਼ਜ਼ ਮੈਂ ਆਪਣੇ ਹੱਥ ਵਿਚ ਫੜਿਆ, ਮੈਨੂੰ ਯਕੀਨ ਹੋ ਗਿਆ ਕਿ ਉਸ ਕਾਗ਼ਜ਼ ਵਿਚ ਮੇਰੇ ਲਈ ਛਾਂਟਿਆਂ ਦੀ ਮਾਰ ਲਈ ਸੁਨੇਹਾ ਲਿਖਿਆ ਹੋਇਆ ਸੀ। ਕਿਉਂਕਿ ਮਾਲਕ ਗੁਲਾਮਾਂ ਨਾਲ ਅਕਸਰ ਇੰਜ ਹੀ ਕਰਦਾ ਸੀ। ਜਿਹੜਾ ਵੀ ਗੁਲਾਮ ਮਾਲਕ ਦਾ ਕਾਗਜ਼ੀ ਸੁਨੇਹਾ ਓਵਰਸੀਅਰ ਕੌਂਗ ਕੋਲ ਲੈ ਕੇ ਜਾਂਦਾ ਉਹ ਮਾਰ ਖਾ ਕੇ ਹੀ ਮੁੜਦਾ! ਮੈਂ ਉਹ ਕਾਗਜ਼ ਸਾਰਾ ਦਿਨ ਤੇ ਰਾਤ ਆਪਣੇ ਕੋਲ ਰਖਿਆ। ਅਗਲੇ ਦਿਨ ਵੀ ਉਹ ਕਾਗ਼ਜ਼ ਮੇਰੇ ਕੋਲ ਹੀ ਰਿਹਾ। ਮੈਨੂੰ ਉਹ ਕਾਗ਼ਜ਼ ਕੌਂਗ ਨੂੰ ਦੇਣ ਤੋਂ ਡਰ ਲਗਦਾ ਸੀ ਤੇ ਨਤੀਜਾ ਵੀ ਮੈਨੂੰ ਪਤਾ ਸੀ। ਦੂਜੇ ਦਿਨ, ਮੈਂ ਦਿਨ ਢਲਦਿਆਂ ਸੋਚੀਂ ਪੈ ਗਿਆ ਕਿ ਜੇ ਇਹ ਕਾਗ਼ਜ਼ ਕੌਂਗ ਨੂੰ ਦਿਤਾ ਤਾਂ ਛਾਂਟਿਆਂ ਦੀ ਮਾਰ ਤਾਂ ਪੈਣੀ ਲਾਜ਼ਮੀ ਸੀ। ਇੰਜ ਹਰ ਹਾਲਤ ਵਿਚ ਮੈਨੂੰ ਛਾਂਟਿਆਂ ਦੀ ਮਾਰ ਤਾਂ ਖਾਣੀ ਹੀ ਪੈਣੀ ਸੀ।

ਉਧਰ ਡਿੱਕ ਨੇ ਆਪਣੀ ਸਹੇਲੀ ਨੂੰ ਚੋਰੀ ਰਾਤ ਨੂੰ ਮਿਲਣ ਜਾਣਾ ਸੀ। ਜਿਸ ਲਈ ਉਹਨੇ ਬਿਮਾਰੀ ਦਾ ਬਹਾਨਾ ਬਣਾ ਕੇ ਮਾਲਕ ਤੋਂ ਛੁੱਟੀ ਲੈਣੀ ਸੀ। ਇਸ ਲਈ ਉਹ ਬਾਲਟੀਮੋਰ ਸ਼ਹਿਰ ਨਹੀਂ ਸੀ ਜਾ ਸਕਦਾ। ਅਸਲ ਵਿਚ ਉਹ ਚਾਹੁੰਦਾ ਸੀ ਕਿ ਉਹਦੀ ਥਾਂ ਮੈਂ ਹੀ ਬਾਲਟੀਮੋਰ ਚਲਾ ਜਾਵਾਂ ਤਾਂ ਕਿ ਉਹ ਆਪਣੀ ਸਹੇਲੀ ਨੂੰ ਮਿਲ ਸਕੇ। ਮੈਂ ਵੀ ਉਸ ਦੀ ਥਾਂ ਜਾਣ ਲਈ ਮੰਨ ਗਿਆ। ਹੁਣ ਉਸ ਨੂੰ ਮੇਰਾ ਇਕ ਕੰਮ ਕਰਨਾ ਪੈਣਾ ਸੀ ਕਿ ਮੇਰਾ ਦਿੱਤਾ ਉਹ ਕਾਗ਼ਜ਼ ਦਾ ਟੁਕੜਾ ਉਸ ਨੇ ਲਿਜਾ ਕੇ ਮਿਸਟਰ ਕੌਂਗ ਨੂੰ ਦੇਣਾ ਸੀ, ਕਿਉਂਕਿ ਉਹ ਕਾਗ਼ਜ਼ ਦੇਣਾ ਮੈਂ ਭੁੱਲ ਗਿਆ ਸਾਂ। ਡਿੱਕ ਨੇ ਮੇਰੀ ਗੱਲ ਮੰਨ ਲਈ ਤੇ ਮੈਂ ਉਹਨੂੰ ਕਾਗ਼ਜ਼ ਫੜਾ ਕੇ ਘਰ ਚਲਾ ਗਿਆ। ਪਿਛੋਂ ਪਤਾ ਲੱਗਾ ਕਿ ਜਿਉਂ ਹੀ ਡਿੱਕ ਨੇ ਕੌਂਗ ਨੂੰ ਕਾਗਜ਼ ਦਿਤਾ ਤਾਂ ਉਹਨੇ ਸੁਨੇਹਾ ਪੜ੍ਹਨ ਸਾਰ ਹੀ ਉਸ ਨੂੰ ਮਾਰ ਖਾਣ ਵਾਲੇ ਥਮ੍ਹਲੇ ਕੋਲ ਜਾਣ ਲਈ ਕਿਹਾ। ਜਦੋਂ ਡਿੱਕ ਨੇ ਆਪਣਾ ਕਸੂਰ ਪੁੱਛਿਆ ਤਾਂ ਉਸ ਨੂੰ 39 ਛਾਂਟਿਆਂ ਤੋਂ ਇਲਾਵਾ ਹੋਰ ਵੀ ਮਾਰ ਖਾਣੀ ਪਈ। ਉਤੋਂ ਉਹ ਵਿਚਾਰਾ ਆਪਣੀ ਪਿਆਰੀ ਮਸ਼ੂਕ ਨੂੰ ਮਿਲਣ ਲਈ ਵੀ ਨਾ ਜਾ ਸਕਿਆ।

ਬਾਲਟੀਮੋਰ ਪਹੁੰਚ ਕੇ ਮਾਲਕ ਨੇ ਮੇਰੀ ਪੁੱਛ-ਗਿੱਛ ਸ਼ੁਰੂ ਕੀਤੀ। ਮਾਲਕ ਨੇ ਪੁੱਛਿਆ ਕਿ ਮੈਂ ਕਿਉਂ ਆਇਆ ਸਾਂ? ਮੈਂ ਝੱਟ ਜਵਾਬ ਦਿਤਾ ਕਿ ਡਿੱਕ ਵਿਚਾਰਾ ਬਿਮਾਰ ਹੋ ਗਿਆ ਸੀ, ਇਸ ਲਈ ਉਹਦੀ ਥਾਂ ਮੈਨੂੰ ਆਉਣਾ ਪਿਆ। ਫੇਰ ਉਸ ਨੇ ਮੈਨੂੰ ਪੁੱਛਿਆ ਕਿ ਮਿਸਟਰ ਕੌਂਗ ਨੂੰ ਮੈਂ ਕਾਗ਼ਜ਼ ਦੇ ਦਿਤਾ ਸੀ ਕਿ ਨਹੀਂ? ਮੈਂ ਜਵਾਬ ਦਿਤਾ-ਜੀ ਹਾਂ, ਸਰ! ਫੇਰ ਉਸ ਨੇ ਪੁੱਛਿਆ ਕਿ ਮੈਨੂੰ ਕਾਗ਼ਜ਼ ਦੇਣ ਪਿਛੋਂ ਕਿਦਾਂ ਲੱਗਾ, ਤਾਂ ਮੈਂ ਕਿਹਾ, 'ਸਰ ਬਹੁਤ ਵਧੀਆ!'

'ਵਧੀਆ ਲਗਿਆ ਤੇਰਾ ਸਿਰ!' ਮਾਲਕ ਨੇ ਕਿਹਾ।

'ਜੀ ਹਜ਼ੂਰ।' ਮੈਂ ਕਿਹਾ।

'ਓਏ ਕਾਲੂਆ, ਮਿਸਟਰ ਕੌਂਗ ਨੇ ਤੈਨੂੰ ਛਾਂਟੇ ਮਾਰੇ ਸੀ?' ਮਾਲਕ ਨੇ ਕਿਹਾ।

'ਨਹੀਂ ਸਰ! ਮੈਂ ਤਾਂ ਕੋਈ ਗਲਤੀ ਨਹੀਂ ਸੀ ਕੀਤੀ!'

'ਹਾਂ! ਤੂੰ ਤਾਂ ਕਦੇ ਗਲਤੀ ਕਰਦਾ ਈ ਨਹੀਂ।' ਇਸ ਪਿਛੋਂ ਘਰ ਪਰਤ ਆਉਣ ਤਕ ਉਸ ਨੇ ਮੇਰੇ ਨਾਲ ਕੋਈ ਗਲ ਨਾ ਕੀਤੀ।

ਮਾਲਕ ਅਜਿਹਾ ਬੰਦਾ ਸੀ ਕਿ ਉਹ ਆਪਣੀ ਹੁਕਮ ਅਦੂਲੀ ਕਦੇ ਵੀ ਬਰਦਾਸ਼ਤ ਨਹੀਂ ਸੀ ਕਰਦਾ ਤੇ ਆਪਣੀ ਹਰ ਗਲ ਪੂਰੀ ਕਰਕੇ ਰਹਿੰਦਾ। ਆਉਣਸਾਰ ਉਸ ਨੇ ਕੌਂਗ ਨੂੰ ਬੁਲਾ ਭੇਜਿਆ। ਕੌਂਗ ਜਦੋਂ ਆਇਆ ਤਾਂ ਮਾਲਕ ਨੇ ਪੁੱਛਿਆ ਕਿ ਉਸ ਦਾ ਭੇਜਿਆ ਕਾਗ਼ਜ਼ੀ ਸੁਨੇਹਾ ਉਹਨੂੰ ਮਿਲ ਗਿਆ ਸੀ?

'ਜੀ, ਮਿਲ ਗਿਆ ਸੀ।' ਕੌਂਗ ਨੇ ਕਿਹਾ।

'ਤਾਂ ਤੂੰ ਕਾਗ਼ਜ਼ 'ਤੇ ਲਿਖਿਆ ਮੇਰਾ ਹੁਕਮ ਪੂਰਾ ਕਿਉਂ ਨਹੀਂ ਕੀਤਾ?'

'ਮੈਂ ਕਰ ਦਿਤਾ ਸੀ ਹਜ਼ੂਰ!' ਕੌਂਗ ਨੇ ਕਿਹਾ।

'ਮੈਂ ਤੈਨੂੰ ਨੀਗਰ ਨੂੰ 39 ਛਾਂਟੇ ਮਾਰਨ ਲਈ ਲਿਖ ਕੇ ਭੇਜਿਆ ਸੀ।'

'ਮੈਂ ਓਵੇਂ ਈ ਕੀਤਾ ਸੀ ਹਜ਼ੂਰ।' ਕੌਂਗ ਨੇ ਕਿਹਾ।

'ਉਹ ਤਾਂ ਕਹਿੰਦੈ ਕਿ ਤੂੰ ਉਸ ਨੂੰ ਹੱਥ ਵੀ ਨਹੀਂ ਲਾਇਆ?' ਮਾਲਕ ਨੇ ਕਿਹਾ।

'ਉਹ ਝੂਠ ਬੋਲਦੈ ਹਜ਼ੂਰ।' ਕੌਂਗ ਨੇ ਕਿਹਾ।

ਏਨੇ ਵਿਚ ਜਦੋਂ ਮਾਲਕ ਨੇ ਮੈਨੂੰ ਬੁਲਾ ਭੇਜਿਆ, ਮੈਂ ਬੂਹੇ ਪਿੱਛੇ ਖਲੋ ਕੇ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸਾਂ। ਮੈਂ ਝੱਟ ਹੀ ਪੁੱਠੇ ਪੈਰੀਂ ਮੁੜ ਕੇ ਦੂਰ ਚਲਾ ਗਿਆ ਤੇ ਦੂਰੋਂ ਜਾ ਕੇ ਆਵਾਜ਼ ਦਿੱਤੀ ਕਿ ਮੈਂ ਛੇਤੀ ਹੀ ਆ ਰਿਹਾਂ ਤਾਂ ਕਿ ਉਨ੍ਹਾਂ ਨੂੰ ਮੇਰੇ ਨੇੜੇ ਤੇੜੇ ਹੋਣ ਦਾ ਸ਼ੱਕ ਨਾ ਪਵੇ। ਫੇਰ ਮੈਂ ਮਾਲਕ ਦੇ ਸਾਹਮਣੇ ਹਾਜ਼ਰ ਹੋ ਕੇ ਕਿਹਾ, 'ਜਨਾਬ ਮੈਂ ਹਾਜ਼ਰ ਆਂ! ਦਸੋ, ਕੀ ਹੁਕਮ ਐ!'

'ਕੀ ਤੂੰ ਮੈਨੂੰ ਨਹੀਂ ਸੀ ਕਿਹਾ ਕਿ ਕੌਂਗ ਨੇ ਤੈਨੂੰ ਛਾਂਟੇ ਨਹੀਂ ਸੀ ਮਾਰੇ?'

'ਜੀ ਹਜ਼ੂਰ, ਉਸ ਨੇ ਮੈਨੂੰ ਛਾਂਟੇ ਨਹੀਂ ਸਨ ਮਾਰੇ!' ਮੇਰਾ ਜਵਾਬ ਸੀ।

'ਮੈਂ ਇਹਨੂੰ ਛਾਂਟੇ ਨਹੀਂ ਸਨ ਮਾਰੇ। ਤੁਸੀਂ ਮੈਨੂੰ ਇਹਨੂੰ ਛਾਂਟੇ ਮਾਰਨ ਲਈ ਨਹੀਂ ਸੀ ਲਿਖਿਆ। ਉਹ ਤਾਂ ਦੂਜਾ ਗੁਲਾਮ ਸੀ, ਡਿੱਕ ਜਿਹੜਾ ਤੁਹਾਡਾ ਸੁਨੇਹਾ ਲੈ ਕੇ ਆਇਆ ਸੀ।'

'ਕਿਹੜਾ ਦੂਜਾ ਗੁਲਾਮ ਬਈ?' ਮਾਲਕ ਹੈਰਾਨ ਸੀ।

'ਡਿੱਕ।' ਕੌਂਗ ਨੇ ਕਿਹਾ

'ਮੈਂ ਤਾਂ ਤੈਨੂੰ ਏਸ ਕਾਲੂ ਨੂੰ ਛਾਂਟੇ ਮਾਰਨ ਲਈ ਲਿਖ ਭੇਜਿਆ ਸੀ।'

ਕੌਂਗ ਨੇ ਫੇਰ ਆਪਣੀ ਜੇਬ ਵਿਚੋਂ ਕਾਗ਼ਜ਼ ਕੱਢ ਕੇ ਮਾਲਕ ਦੇ ਸਾਹਮਣੇ ਰੱਖ ਦਿਤਾ, ਜਿਸ ਵਿਚ ਲਿਖਿਆ ਸੀ, 'ਮਿਸਟਰ ਕੌਂਗ ਇਹ ਕਾਜ਼ਗ ਲਿਆਉਣ ਵਾਲੇ ਨੂੰ 39 ਛਾਂਟੇ ਮਾਰੇਗਾ।'

ਦਸਤਖ਼ਤ

ਆਰ ਟੀ ਅਰਲ।

ਇਸ ਪਿਛੋਂ ਮੈਂ ਕਮਰੇ ਤੋਂ ਬਾਹਰ ਚਲਾ ਗਿਆ। ਫੇਰ ਹੋਰ ਪੁੱਛ-ਗਿੱਛ ਦਾ ਸਿਲਸਿਲਾ ਸ਼ੁਰੂ

(ਬਾਕੀ ਅਗਲੇ ਸਫੇ 'ਤੇ)

ਨੌਂ ਦੋ ਗਿਆਰਾਂ ਹੋਣਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਵਿਦਿਆਰਥੀ (ਹਿਸਾਬ ਮਾਸਟਰ ਨੂੰ)- ਸਰ ਅੰਗਰੇਜ਼ੀ ਦੇ ਟੀਚਰ ਅੰਗਰੇਜ਼ੀ ਵਿਚ ਬੋਲਦੇ ਹਨ, ਪੰਜਾਬੀ ਦੇ ਪੰਜਾਬੀ ਵਿਚ ਤੇ ਹਿੰਦੀ ਦੇ ਹਿੰਦੀ ਵਿਚ, ਫਿਰ ਤੁਸੀਂ ਹਿਸਾਬ ਵਿਚ ਕਿਉਂ ਨਹੀਂ ਬੋਲਦੇ?

ਮਾਸਟਰ- ਬਾਹਲਾ ਤਿੰਨ ਪੰਜ ਨਾ ਕਰ, ਫਟਾ ਫਟ ਨੌਂ ਦੋ ਗਿਆਰਾਂ ਹੋ ਜਾ ਨਹੀਂ ਤਾਂ ਪੰਜ ਸੱਤ ਜੜ ਕੇ ਸੱਤਵੇਂ ਅਸਮਾਨ ਪਹੁੰਚਾ ਦਊਂ।

ਅਸੀਂ ਬਥੇਰੀਆਂ ਗੱਲਾਂ ਹਿਸਾਬ ਵਿਚ ਕਰਦੇ ਹਾਂ ਤੇ ਹੋਰ ਬਥੇਰੀਆਂ ਬੇਹਿਸਾਬੀਆਂ ਵੀ। ਜ਼ਿੰਦਗੀ ਹਿਸਾਬ-ਕਿਤਾਬ ਤੇ ਗਿਣਤੀ-ਮਿਣਤੀ ਤੋਂ ਬਿਨਾਂ ਚੱਲ ਹੀ ਨਹੀਂ ਸਕਦੀ। ਇਸੇ ਕਰਕੇ ਮੁਹਾਵਰੇ ਕਹਾਵਤਾਂ ਵਿਚ ਵੀ ਗਣਿਤ ਦੇ ਮੁਢਲੇ ਤੱਤਾਂ ਯਾਨਿ ਅੰਕਾਂ ਨੂੰ ਬਣਦਾ ਹਿੱਸਾ ਮਿਲਿਆ ਹੈ। ਜ਼ਰਾ ਸੁਣੋ: ਛੇ ਚਾਰ ਕਰਨਾ; ਨਾ ਤਿੰਨਾਂ 'ਚ, ਨਾ ਤੇਰਾਂ 'ਚ; ਤਿੰਨ ਤੇਰਾਂ ਕਰਨਾ; ਇੱਕ ਇੱਕ ਤੇ ਦੋ ਗਿਆਰਾਂ; ਉਨੀ-ਇੱਕੀ ਦਾ ਫਰਕ; ਨੌਤੀ ਸੌ; ਚਾਰ ਸੌ ਵੀਹ ਕਰਨਾ; ਦੋ ਚਾਰ ਹੋਣਾ, ਡਾਢੇ ਦਾ ਸੱਤੀਂ ਵੀਹੀ ਸੌ; ਅੱਠੋ ਅੱਠ ਮਾਰਨਾ ਆਦਿ। ਹਥਲੇ ਮੁਹਾਵਰੇ ਤੋਂ ਬਿਨਾ ਨੌਂ ਅੰਕ ਨਾਲ ਜੁੜੇ ਹੋਰ ਵੀ ਬਥੇਰੇ ਮੁਹਾਵਰੇ ਹਨ: ਨਵਾਂ ਨੌਂ ਦਿਨ, ਪੁਰਾਣਾ ਸੌ ਦਿਨ; ਨੌਂ ਨਿਧਾਂ, ਬਾਰਾਂ ਸਿਧਾਂ; ਨੌਂ ਨਕਦ ਨਾ ਤੇਰਾਂ ਉਧਾਰ; ਨੌਂ ਦਿਨ ਚੱਲੇ ਤੇ ਢਾਈ ਕੋਹ; ਨੌਂ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ; ਨੌਂ ਤੀਆ ਬਾਈ ਕਰਨਾ ਆਦਿ। ਕਈ ਮੁਹਾਵਰਿਆਂ ਵਿਚ ਅੰਕਾਂ ਦੀ ਵਰਤੋਂ ਤੋਂ ਭਾਰਤੀ ਸਭਿਆਚਾਰ ਦੀਆਂ ਖਾਸੀਅਤਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਜਿਵੇਂ ਛੱਤੀ ਪਦਾਰਥ, ਸੋਲਾ ਕਲਾਂ ਸੰਪੂਰਨ, ਨੌਂ ਨਿਧਾਂ, ਸਵਾ ਲੱਖ ਆਦਿ।

ਮੁਹਾਵਰਿਆਂ, ਖਾਸ ਤੌਰ 'ਤੇ ਕਹਾਵਤਾਂ ਦੇ ਸਬੰਧ ਵਿਚ ਦਿੱਕਤ ਇਹ ਹੈ ਕਿ ਇਨ੍ਹਾਂ ਦੀ ਮੁੱਢੀ ਲੱਭਣਾ ਕਰੀਬ ਅਸੰਭਵ ਹੁੰਦਾ ਹੈ। ਕਈ ਕਹਾਵਤਾਂ ਅਗਿਆਤ ਲੋਕ ਕਵੀਆਂ ਦੀਆਂ ਕਵਿਤਾਵਾਂ ਦੇ ਸਭ ਤੋਂ ਤਿੱਖੇ ਬਿਆਨ ਹਨ ਜੋ ਸਾਡੇ ਤੱਕ ਮੂੰਹੋਂ ਮੂੰਹ ਪਹੁੰਚ ਗਏ। ਏਹੀ ਕਹਾਵਤਾਂ ਜਦ ਹੋਰ ਉਘੇ ਕਵੀਆਂ ਦੀਆਂ ਲਿਖਤਾਂ ਵਿਚ ਆਉਂਦੀਆਂ ਹਨ ਤਾਂ ਅਸੀਂ ਸਮਝਦੇ ਹਾਂ ਕਿ ਸ਼ਾਇਦ ਇਹ ਉਨ੍ਹਾਂ ਦੀ ਹੀ ਘਾੜਤ ਹਨ। ਗੁਰੂਆਂ, ਭਗਤਾਂ ਅਤੇ ਸੂਫੀ ਕਵੀਆਂ-ਕਿੱਸਾਕਾਰਾਂ ਦੇ ਨਾਂ ਲਾਈਆਂ ਜਾਂਦੀਆਂ ਕਈ ਕਹਾਵਤਾਂ ਬਾਰੇ ਵੀ ਇਹੋ ਕਿਹਾ ਜਾ ਸਕਦਾ ਹੈ। ਬਹੁਤ ਸਾਰੀਆ ਕਹਾਵਤਾਂ ਦੇ ਅਰੰਭ ਦੀ ਵਿਆਖਿਆ ਬਾਰੇ ਜਾਂ ਤਾਂ ਕੋਈ ਝੂਠੀ ਸੱਚੀ ਕਹਾਣੀ ਪੇਸ਼ ਕਰ ਦਿੱਤੀ ਜਾਂਦੀ ਹੈ ਜਾਂ ਇਸ ਨੂੰ ਤਰਕ ਨਾਲ ਸੁਲਝਾਉਣ ਦਾ ਯਤਨ ਕੀਤਾ ਜਾਂਦਾ ਹੈ। ਵਾਸਤਵ ਵਿਚ ਬਹੁਤ ਸਾਰੇ ਮੁਹਾਵਰੇ, ਕਹਾਵਤਾਂ ਸਵੈ ਸਿੱਧ ਹੀ ਹੁੰਦੇ ਹਨ ਪਰ ਇਹ ਦੱਸਣਾ ਸੰਭਵ ਨਹੀਂ ਹੁੰਦਾ ਕਿ ਸਭ ਤੋਂ ਪਹਿਲਾਂ ਇਨ੍ਹਾਂ ਦੀ ਵਰਤੋਂ ਕਿਸ ਨੇ, ਕਿਸ ਪ੍ਰਸੰਗ ਵਿਚ, ਕਿਸ ਮਨਸ਼ੇ ਨਾਲ ਕੀਤੀ ਹੋਵੇਗੀ। ਫਿਰ ਕਿਸੇ ਨੇ ਕੋਈ ਖਾਸ ਸ਼ਬਦ ਹੀ ਕਿਉਂ ਵਰਤਿਆ ਹੈ, ਇਸ ਗੱਲ ਦਾ ਵੀ ਅਟਕਲ ਹੀ ਲਾਇਆ ਜਾ ਸਕਦਾ ਹੈ, ਯਕੀਨੀ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਮਿਸਾਲ ਵਜੋਂ 'ਨਾ ਨੌਂ ਮਣ ਤੇਲ ਹੋਵੇ, ਨਾ ਰਾਧਾ ਨੱਚੇ' ਵਿਚ ਨੌਂ ਮਣ ਤੇਲ ਕਿਹਾ ਗਿਆ ਹੈ, ਦਸ ਮਣ ਕਿਉਂ ਨਹੀਂ? ਸੰਭਵ ਹੈ ਇਸ ਲਈ ਕਿ ਨੌਂ ਦਾ ਹਿੰਦਸਾ ਅੰਕਾਂ ਵਿਚ ਸਭ ਤੋਂ ਵੱਡਾ ਹੁੰਦਾ ਹੈ। ਏਹੋ ਗੱਲ ਨੌਂ ਨਕਦ ਨਾ ਤੇਰਾਂ ਉਧਾਰ ਅਤੇ ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ ਵਿਚਲੇ ਨੌਂ ਬਾਰੇ ਕਹੀ ਜਾ ਸਕਦੀ ਹੈ। 'ਨਵਾਂ ਨੌਂ ਦਿਨ, ਪੁਰਾਣਾ ਸੌ ਦਿਨ' ਵਿਚ ਨੌਂ ਅਤੇ ਸੌ ਦਾ ਕਾਫੀਆ ਮਿਲਦਾ ਹੈ ਤੇ ਪੁਰਾਣੇ ਕਵੀਆਂ ਦੀ ਮੁੱਖ ਚਿੰਤਾ ਕਾਫੀਆ ਮਿਲਾਉਣਾ ਹੀ ਹੁੰਦੀ ਸੀ। ਧਿਆਨ ਰਹੇ, ਇਨ੍ਹਾਂ ਕਹਾਵਤਾਂ ਵਿਚ 'ਨ' ਧੁਨੀ ਦਾ ਅਨੁਪ੍ਰਾਸ ਕਹਾਵਤ ਨੂੰ ਹੋਰ ਵੀ ਸੁਖਾਵਾਂ ਬਣਾਉਂਦਾ ਹੈ। 'ਨੌਂ ਬਰ ਨੌਂ' ਵਿਚਲੇ ਨੌਂ ਦਾ ਸਬੰਧ ਨੌਂ ਅੰਕ ਨਾਲ ਨਹੀਂ, ਏਥੇ ਨੌਂ ਫਾਰਸੀ ਸ਼ਬਦ ਹੈ ਜਿਸ ਦਾ ਅਰਥ ਨਵਾਂ ਹੈ ਅਤੇ ਇਹ ਇਸ ਦਾ ਸੁਜਾਤੀ ਵੀ ਹੈ। ਸੋ ਮੁਹਾਵਰੇ ਦਾ ਸ਼ਾਬਦਿਕ ਅਰਥ ਹੋਇਆ, ਨਵੇਂ ਦਾ ਨਵਾਂ ਅਰਥਾਤ ਨਰੋਏ ਦਾ ਨਰੋਆ।

'ਨੌਂ ਦੋ ਗਿਆਰਾਂ ਹੋਣਾ' ਮੁਹਾਵਰੇ ਦਾ ਅਰਥ ਹੈ, ਕਿਸੇ ਅਣਸੁਖਾਵੀਂ ਸਥਿਤੀ ਦੇ ਹੁੰਦਿਆਂ ਖਿਸਕ ਜਾਣਾ, ਦੇਖਦੇ ਦੇਖਦੇ ਭਜ ਜਾਣਾ, ਚਲਦਾ ਹੋਣਾ। ਇਸ ਬਾਰੇ ਕੁਝ ਤਰਕ ਕਰੀਏ। ਜਿਵੇਂ ਪਹਿਲਾਂ ਦੱਸ ਚੁਕੇ ਹਾਂ, ਅੰਕਾਂ ਵਿਚੋਂ ਨੌਂ ਦੀ ਗਿਣਤੀ ਸਭ ਤੋਂ ਵੱਡੀ ਹੈ, ਇਸ ਪਿਛੋਂ ਦੋ ਅੰਕਾਂ ਵਾਲੀਆਂ ਗਿਣਤੀਆਂ ਜਿਵੇਂ ਦਸ, ਗਿਆਰਾਂ ਆਦਿ ਆਉਂਦੀਆਂ ਹਨ। ਨੌਂ ਵਿਚ ਦੋ ਜੋੜਨ ਨਾਲ ਗਿਆਰਾਂ ਹਾਸਿਲ ਹੁੰਦੇ ਹਨ ਅਰਥਾਤ ਦੋ ਗਿਣਤੀਆਂ, ਨੌਂ ਤੇ ਦੋ, ਗਾਇਬ ਹੋ ਕੇ ਇਕ ਸੰਖਿਆ ਬਣ ਗਈ ਗਿਆਰਾਂ। ਇਥੇ ਗਾਇਬ ਹੋਣ, ਗੁੰਮ ਹੋਣ, ਅਲੋਪ ਹੋਣ ਦਾ ਸੰਕਲਪ ਸਪੱਸ਼ਟ ਹੋ ਰਿਹਾ ਹੈ। ਜਦ ਕੋਈ ਭਜਦਾ ਹੈ ਤਾਂ ਉਹ ਅੱਖੋਂ ਉਹਲੇ ਹੁੰਦਾ ਹੈ। ਇਸ ਆਸ਼ੇ ਲਈ ਅੰਗਰੇਜ਼ੀ ਮੁਹਾਵਰਾ ਹੈ 'Get Lost' ਜਿਸ ਵਿਚ ਵੀ ਗੁੰਮ ਜਾਂ ਗਾਇਬ ਹੋਣ ਵਾਲੀ ਗੱਲ ਉਭਰ ਰਹੀ ਹੈ। ਪੰਜਾਬੀ ਵਿਚ ਲਗਭਗ ਇਸੇ ਅਰਥ ਵਾਲਾ ਇਕ ਹੋਰ ਮੁਹਾਵਰਾ ਹੈ, 'ਰਫੂ ਚੱਕਰ ਹੋਣਾ।' ਅਜਿਤ ਵਡਨੇਰਕਰ ਨੇ ਇਸ ਦੀ ਸੰਤੋਖਜਨਕ ਤਾਰਕਿਕ ਵਿਆਖਿਆ ਕੀਤੀ ਹੈ। ਰਫੂ ਕਰਦਿਆਂ ਦਰਜ਼ੀ ਕਪੜੇ ਦੀ ਮੋਰੀ ਨੂੰ ਇਕ ਚੱਕਰਦਾਰ ਢੰਗ ਨਾਲ ਬੁਣਦਿਆਂ ਮੋਰੀ ਨੂੰ ਗਾਇਬ ਕਰ ਦਿੰਦਾ ਹੈ ਜਿਸ ਤੋਂ 'ਰਫੂ ਚੱਕਰ ਹੋਣਾ' ਦਾ ਅਰਥ ਗਾਇਬ ਹੋਣਾ, ਅੱਖੋਂ ਓਝਲ ਹੋਣਾ ਸਹੀ ਹੁੰਦਾ ਹੈ। ਇਸ ਆਸ਼ੇ ਲਈ ਪੰਜਾਬੀ ਵਿਚ ਇਕ ਹੋਰ ਮੁਹਾਵਰਾ ਵਰਤ ਹੁੰਦਾ ਹੈ, ਫੁੱਟ ਜਾਣਾ ਜਿਵੇਂ 'ਫੁੱਟ ਏਥੋਂ।' ਫੁੱਟਣ ਵਿਚ ਵੀ ਦੂਰ ਹੋਣ, ਅੱਖਾਂ ਤੋਂ ਪਰੇ ਹੋਣ ਦਾ ਭਾਵ ਝਲਕਦਾ ਹੈ।

ਇਥੇ ਮੁਹਾਵਰਿਆਂ ਦੀ ਉਤਪਤੀ ਬਾਰੇ ਇਕ ਹੋਰ ਗੱਲ ਯਾਦ ਆਈ। ਮੌਕੇ ਅਨੁਸਾਰ ਮੁਹਾਵਰੇ ਅਤੇ ਕਹਾਵਤਾਂ ਨਾ ਸਿਰਫ ਬਦਲ ਜਾਂਦੇ ਹਨ ਬਲਕਿ ਸੈਲ ਵਿਭਾਜਨ ਵਾਂਗ ਇਕ ਤੋਂ ਹੋਰ ਮੁਹਾਵਰੇ ਵੀ ਬਣ ਜਾਂਦੇ ਹਨ। ਕਿਸੇ ਨੇ ਦੂਜੇ ਨੂੰ 'ਫੁੱਟ ਏਥੋਂ' ਦੀ ਥਾਂ ਕਹਿ ਦਿੱਤਾ 'ਚੱਲ ਫੁੱਟਾਂ ਖਾਹ' ਤਾਂ ਇਸ ਤਰ੍ਹਾਂ ਇਕ ਹੋਰ ਮੁਹਾਵਰਾ ਹੋਂਦ ਵਿਚ ਆ ਗਿਆ। 'ਫੁੱਟਾਂ ਖਾਹ' ਵਾਲਾ ਮੁਹਾਵਰਾ ਮੈਂ ਖੁਦ ਕੁਝ ਇਕ ਵਾਰੀ ਸੁਣਿਆ ਹੈ, ਸ਼ਾਇਦ ਹੋਰਾਂ ਨੇ ਵੀ ਸੁਣਿਆ ਹੋਵੇ। ਟਾਲ ਮਟੋਲ ਕਰਨਾ ਦੇ ਅਰਥਾਂ ਵਿਚ ਇਕ ਮੁਹਾਵਰਾ ਹੈ, ਨੌਂ ਤੀਆ ਬਾਈ ਕਰਨਾ। ਇਸ ਦਾ ਇਕ ਰੁਪਾਂਤਰ ਹੈ 'ਨੌਂ ਤੇਰਾਂ ਬਾਈ ਕਰਨਾ' ਮੇਰਾ ਵਿਚਾਰ ਹੈ ਕਿ ਏਹੀ ਮੁਹਾਵਰਾ ਮੌਲਿਕ ਹੈ ਕਿਉਂਕਿ 9+13=22 ਹੁੰਦੇ ਹਨ ਜਦ ਕਿ ਨੌਂ ਤੀਆ ਬਾਈ ਨਹੀਂ ਬਣਦੇ।

ਨੌਂ ਦੋ ਗਿਆਰਾਂ ਦੀ ਇਕ ਹੋਰ ਵਿਆਖਿਆ ਵੀ ਹੋ ਸਕਦੀ ਹੈ। ਬੰਦੇ ਦੀਆਂ ਦੋ ਖੜੀਆਂ ਲੱਤਾਂ ਦੋ ਨਾਲੋ ਨਾਲ ਲਿਖੇ ਏਕਿਆਂ ਅਰਥਾਤ ਗਿਆਰਾਂ (11) ਵਾਂਗ ਲਗਦੀਆ ਹਨ। ਦੋ ਲੱਤਾਂ ਨਾਲ ਹੀ ਅਸੀਂ ਚੱਲਦੇ, ਦੌੜਦੇ, ਟਿਭਦੇ, ਕਿਸੇ ਅਣਸੁਖਾਵੀਂ ਸਥਿਤੀ ਤੋਂ ਖਿਸਕਦੇ ਹਾਂ। ਸੋ, 'ਨੌਂ ਦੋ ਗਿਆਰਾਂ' ਦਾ ਅਰਥ ਬਣਦਾ ਹੈ ਗਿਆਰਾਂ ਬਣ ਜਾਣਾ ਮਤਲਬ ਦੋ ਲੱਤਾਂ ਦੀ ਵਰਤੋਂ ਕਰਕੇ ਦੌੜ ਜਾਣਾ। ਚੇਤੇ ਰਹੇ, 'ਗਿਆਰਾਂ ਨੰਬਰ ਦੀ ਬੱਸ 'ਤੇ ਆਉਣਾ' ਦਾ ਭਾਵ ਹੁੰਦਾ ਹੈ ਦੋ ਲੱਤਾਂ ਨਾਲ ਚੱਲ ਕੇ ਆਉਣਾ।

1957 ਵਿਚ 'ਨੌਂ ਦੋ ਗਿਆਰਾਂ' ਨਾਂ ਦੀ ਇਕ ਫਿਲਮ ਵੀ ਆਈ ਸੀ। ਫਿਲਮ ਵਿਚ ਕਿਰਾਇਆ ਨਾ ਦੇ ਸਕਣ ਕਾਰਨ ਹੀਰੋ ਦੇਵ ਅਨੰਦ ਨੂੰ ਘਰੋਂ ਬਾਹਰ ਕਢ ਦਿੱਤਾ ਜਾਂਦਾ ਹੈ। ਉਹ ਆਪਣੇ ਇਕ ਦੋਸਤ ਕੋਲ ਜਾ ਠਹਿਰਦਾ ਹੈ ਜੋ ਉਸ ਦੀ ਡਾਕ ਵੰਡਣ ਵਿਚ ਮਦਦ ਕਰਦਾ ਸੀ। ਉਥੇ ਉਹ ਉਸ ਦੇ ਚਾਚੇ ਵਲੋਂ ਆਈ ਇਕ ਚਿੱਠੀ ਦੇਖਦਾ ਹੈ ਜਿਸ ਵਿਚ ਲਿਖਿਆ ਹੁੰਦਾ ਹੈ ਕਿ ਉਸ ਨੇ ਦੇਵ ਅਨੰਦ ਨੂੰ ਗਿਆਰਾਂ ਲੱਖ ਰੁਪਏ ਦੇਣ ਦੀ ਵਸੀਅਤ ਲਿਖ ਦਿੱਤੀ ਹੈ (ਨੌਂ ਲੱਖ ਦੀ ਜਾਇਦਾਦ ਅਤੇ ਦੋ ਲੱਖ ਨਕਦ ਯਾਨਿ 9+2=11)। ਬਾਕੀ ਸਾਰੀ ਕਹਾਣੀ ਵਿਚ ਵਸੀਅਤ ਅਨੁਸਾਰ ਇਹ ਸਾਰੀ ਮਾਇਆ ਬਟੋਰਨ ਦੀ ਭਜ ਨੱਠ ਹੈ। ਬੰਬਈਆ ਫਿਲਮਾਂ ਵਿਚ ਹੀਰੋ ਹੀਰੋਇਨ ਦਾ ਰੁਮਾਂਸ ਤਾਂ ਜ਼ਰੂਰੀ ਹੁੰਦਾ ਹੈ। ਇਸ ਫਿਲਮ ਵਿਚ ਦੇਵ ਅਨੰਦ ਕਲਪਨਾ ਕਾਰਤਿਕ ਨੂੰ ਨੌਂ ਦੋ ਗਿਆਰਾਂ ਕਰਕੇ ਹੀ ਵਸੀਅਤ ਹਥਿਆਉਣ ਜਾਂਦਾ ਹੈ।

ਆਪਾਂ ਆਪਣੇ ਵਲੋਂ ਮੁਹਾਵਰੇ ਦੀਆਂ ਸੰਭਵ ਵਿਆਖਿਆਵਾਂ ਦੇ ਕੇ ਨੌਂ ਦੋ ਗਿਆਰਾਂ ਹੋ ਰਹੇ ਹਾਂ। ਹੁਣ ਪਾਠਕ ਜਾਣਨ ਕਿ ਉਹ ਕਿਸ ਨੂੰ ਸਹੀ ਸਮਝਦੇ ਹਨ।

ਪੱਕਾ ਰੰਗ ਨਾ ਦੇਈਂ ਵੇ ਰੱਬਾ

(ਪਿਛਲੇ ਸਫੇ ਦੀ ਬਾਕੀ)

ਹੋ ਗਿਆ। ਮੈਨੂੰ ਮੁੜ ਅੰਦਰ ਬੁਲਾਇਆ।

'ਡਿੱਕ ਕੋਲ ਉਹ ਕਾਗ਼ਜ਼ ਕਿਵੇਂ ਪਹੁੰਚਿਆ?' ਮਾਲਕ ਨੇ ਪੁੱਛਿਆ।

ਮੈਂ ਕਿਹਾ ਕਿ ਇਹ ਕਾਗ਼ਜ਼ ਦੇਣਾ ਮੈਂ ਭੁੱਲ ਗਿਆ ਸਾਂ। ਜਦੋਂ ਡਿੱਕ ਨੇ ਮੈਨੂੰ ਆਪਣੀ ਥਾਂ ਬਾਲਟੀਮੋਰ ਜਾਣ ਲਈ ਕਿਹਾ ਤਾਂ ਮੈਨੂੰ ਯਾਦ ਆਇਆ। ਮੈਂ ਉਸ ਨੂੰ ਕਿਹਾ ਕਿ ਮੈਂ ਉਸ ਦੀ ਥਾਂ ਬਾਲਟੀਮੋਰ ਚਲਾ ਜਾਵਾਂਗਾ ਪਰ ਉਸ ਨੂੰ ਇਹ ਕਾਗ਼ਜ਼ ਕੌਂਗ ਸਾਹਿਬ ਨੂੰ ਦੇਣਾ ਪਏਗਾ। ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਇਸ ਕਾਗ਼ਜ਼ 'ਤੇ ਕੀ ਲਿਖਿਆ ਸੀ, ਮੈਂ ਤਾਂ ਪੜ੍ਹ ਨਹੀਂ ਸਕਦਾ।

'ਤੂੰ ਝੂਠ ਬੋਲਦੈਂ! ਕਮੀਨਾ ਨਾ ਹੋਵੇ ਤਾਂ!' ਮਾਲਕ ਨੇ ਗੁੱਸੇ ਵਿਚ ਆ ਕੇ ਕੋਲ ਪਈ ਲੋਹੇ ਦੀ ਇਕ ਲੰਮੀ ਸੰਨ੍ਹੀ ਚੱਕ ਲਈ ਤੇ ਕਿਹਾ ਕਿ ਜੇ ਮੈਂ ਉਸ ਨੂੰ ਸੱਚੋ ਸੱਚ ਗੱਲ ਨਾ ਦੱਸੀ ਤਾਂ ਉਹ ਮੇਰਾ ਸਿਰ ਭੰਨ ਦੇਵੇਗਾ। ਤਾਂ ਮੈਂ ਸੱਚੋ ਸੱਚ ਜਵਾਬ ਦਿੰਦਿਆਂ ਕਿਹਾ ਕਿ ਮੈਂ ਸੋਚਿਆ ਕਿ ਇਸ ਕਾਗ਼ਜ਼ ਵਿਚ ਜ਼ਰੂਰ ਕੁਝ ਅਜਿਹਾ ਸੀ ਜੋ ਮੇਰੇ ਲਈ ਚੰਗਾ ਨਹੀਂ। ਫੇਰ ਮੈਂ ਸੋਚਿਆ ਕਿ ਤੁਹਾਡਾ ਉਹ ਕਾਗ਼ਜ਼ ਮੈਂ ਕੌਂਗ ਨੂੰ ਨਹੀਂ ਦੇਵਾਂਗਾ।

'ਓਏ ਕਾਲੂਆ! ਤੂੰ..ਤੂੰ..ਅੱਗ ਦੀ ਨਾਲ ਏਂ! ਜੇ ਤੂੰ ਮੇਰੇ ਘਰ ਤਿੰਨ ਕੁ ਮਹੀਨੇ ਹੋਰ ਰਿਹਾ ਤਾਂ ਤੂੰ ਮਾਲਕ ਬਣ ਜਾਏਂਗਾ ਤੇ ਮੈਂ ਤੇਰਾ ਗੁਲਾਮ! ਮੈਨੂੰ ਉਸ ਵੇਲੇ ਕੋਈ ਹੈਰਾਨੀ ਨਹੀਂ ਸੀ ਹੋਈ ਜਦੋਂ ਤੂੰ ਕਿਹਾ ਸੀ- ਬਹੁਤ ਵਧੀਆ ਲੱਗਾ। ਹੁਣ ਮੈਨੂੰ ਜਦੋਂ ਵੀ ਮੌਕਾ ਲੱਗਾ, ਮੈਂ ਤੈਨੂੰ ਜੌਰਜੀਆ ਵੇਚਣ ਲਈ ਭੇਜ ਦਿਆਂਗਾ।'

ਮਾਲਕ ਨੇ ਸੰਨ੍ਹੀ ਹੇਠਾਂ ਰਖਦਿਆਂ ਬੂਹਾ ਖੋਲ੍ਹ ਕੇ ਜਿਉਂ ਹੀ ਦਫਾ ਹੋਣ ਲਈ ਇਸ਼ਾਰਾ ਕੀਤਾ, ਮੈਂ ਭੱਜਣ ਦੀ ਕੀਤੀ। ਫੇਰ ਮੈਨੂੰ ਉਹਦੇ ਚਮੜੇ ਦੇ ਲੰਮੇ ਤੇ ਵੱਡੇ ਬੂਟ ਵੀ ਦਿਸ ਪਏ। ਮੈਨੂੰ ਪਤਾ ਸੀ ਕਿ ਉਨ੍ਹਾਂ ਵਿਚੋਂ ਇਕ ਬੂਟ ਮੇਰਾ ਪਿੱਛਾ ਜ਼ਰੂਰ ਕਰੇਗਾ ਤੇ ਓਹੋ ਗੱਲ ਹੋਈ! ਮੇਰੇ ਭੱਜਦਿਆਂ ਭੱਜਦਿਆਂ ਇਕ ਬੂਟ ਮੇਰੇ ਚਿੱਤੜਾਂ 'ਤੇ ਆ ਵੱਜਾ। ਪਰ ਫੇਰ ਵੀ ਗੱਲ ਇਥੇ ਈ ਖਤਮ ਨਾ ਹੋਈ! ਜਦੋਂ ਡਿੱਕ ਨੂੰ ਪਤਾ ਲਗਾ ਕਿ ਮੇਰੇ ਕਰਕੇ ਹੀ ਉਸ ਨੂੰ ਛਾਂਟਿਆਂ ਦੀ ਮਾਰ ਪਈ ਸੀ, ਉਹ ਮੇਰੇ ਨਾਲ ਖਾਰ ਖਾਣ ਲੱਗਾ। ਪਿਛੋਂ ਕਈ ਮਹੀਨੇ ਸਾਡੀ ਲੜਾਈ ਜਾਰੀ ਰਹੀ।

ਜਦੋਂ ਮੈਂ ਸੋਲਾਂ ਸਾਲਾਂ ਦਾ ਹੋਇਆ ਤਾਂ ਮੈਨੂੰ ਨੱਚਣ ਦਾ ਸ਼ੌਕ ਚੜ੍ਹਿਆ। ਉਸ ਇਲਾਕੇ ਵਿਚ ਕਾਲੇ ਗੁਲਾਮ ਮੁੰਡੇ-ਕੁੜੀਆਂ ਇੱਕਠੇ ਹੋ ਕੇ ਕਿਸੇ ਮਿਥੀ ਰਾਤ ਨੱਚਿਆ-ਟੱਪਿਆ ਕਰਦੇ ਸਨ। ਇਸ ਨੂੰ ਅਸੀਂ 'ਸ਼ਿੰਡੀ' ਕਹਿੰਦੇ ਸਾਂ। ਮੈਨੂੰ ਵੀ ਘਰ ਤੋਂ ਕੋਈ ਬਾਰਾਂ ਮੀਲ ਦੂਰ ਹੋਣ ਵਾਲੇ 'ਸ਼ਿੰਡੀ' ਦਾ ਪਤਾ ਲੱਗ ਗਿਆ। ਪਹਿਲੀ ਵਾਰ ਮੈਂ ਡਾਂਸ ਕਰਨ ਜਾਣਾ ਸੀ। ਮੈਂ ਵੀ ਪੂਰੀ ਤਿਆਰੀ ਖਿੱਚ ਲਈ। ਘਰ ਵਿਚ ਖਾਣਾ ਬਣਾਉਣ ਵਾਲੀ ਦੀਨਾ ਆਂਟੀ ਨੂੰ ਮੈਂ ਆਪਣੀਆਂ ਦੋ ਲਿਨਨ ਦੀਆਂ ਕਮੀਜ਼ਾਂ ਦਿੱਤੀਆਂ ਤਾਂ ਕਿ ਉਹ ਕਮੀਜ਼ਾਂ ਦੇ ਕਾਲਰਾਂ ਨੂੰ ਕਲਫ ਲਾ ਦੇਵੇ। ਉਸ ਦਿਨ ਜੀਵਨ ਵਿਚ ਮੈਂ ਪਹਿਲੀ ਵਾਰੀ ਖੜ੍ਹੇ ਕਾਲਰਾਂ ਵਾਲੀ ਕਮੀਜ਼ ਪਾਉਣੀ ਸੀ। ਮੇਰੇ ਕੋਲ ਇਕ ਵਾਹਵਾ ਜਿਹੀ ਪੈਂਟ ਵੀ ਸੀ ਜਿਹੜੀ ਮੈਂ ਸੰਭਾਲ ਛੱਡੀ ਸੀ। ਪਰ ਨਾ ਤਾਂ ਮੇਰੇ ਕੋਲ ਕੋਈ ਟਾਈ ਸੀ ਤੇ ਨਾ ਰੁਮਾਲ। ਇਹ ਲੋੜ ਮੈਂ ਦੀਨਾ ਆਂਟੀ ਦਾ ਰਸੋਈ ਵਿਚ ਕੰਮ ਕਰਨ ਵਾਲਾ ਐਪਰਨ ਵਰਤ ਕੇ ਪੂਰੀ ਕੀਤੀ। ਐਪਰਨ ਪਾੜ ਕੇ ਮੈਂ ਦੋ ਟੁਕੜੇ ਕੀਤੇ, ਇਕ ਦੀ ਟਾਈ ਤੇ ਦੂਜੇ ਵਿਚੋਂ ਰੁਮਾਲ ਬਣਾ ਲਿਆ। ਮੇਰੇ ਕੋਲ ਕੁਝ ਸਿੱਕੇ ਵੀ ਸਨ। ਕੁਲ ਮਿਲਾ ਕੇ ਉਨ੍ਹਾਂ ਦੀ ਕੀਮਤ ਚੌਵੀ ਸੈਂਟ ਬਣਦੀ ਸੀ। ਹੋਰ ਮੇਰੇ ਕੋਲ ਪਿੱਤਲ ਦੇ ਕੋਈ ਪੰਜਾਹ ਕੁ ਬਟਨ ਸਨ। ਮੈਂ ਸਿੱਕੇ ਤੇ ਬਟਨ ਮਿਲਾ ਕੇ ਪੈਂਟ ਦੀਆਂ ਦੋਵੇਂ ਜੇਬਾਂ ਭਰ ਲਈਆਂ! ਉਹ ਇਸ ਲਈ ਕਿ ਜਦੋਂ ਨਚਦਿਆਂ ਮੈਂ ਸਭ ਦੇ ਸਾਹਮਣੇ ਜਾਵਾਂਗਾ ਤਾਂ ਬਟਨ ਤੇ ਸਿੱਕੇ ਆਪਸ ਵਿਚ ਖੜਕਣਗੇ ਅਤੇ ਲੋਕ ਮੈਨੂੰ ਪੈਸੇ ਵਾਲਾ ਤਕੜਾ ਗੁਲਾਮ ਸਮਝਣਗੇ। ਹਾਣ ਦੇ ਮੁੰਡੇ ਤਾਂ ਈਰਖਾ ਕਰਨਗੇ, ਪਰ ਕੁੜੀਆਂ ਤਾਂ ਇਹੋ ਸੋਚਣਗੀਆਂ ਬਈ ਇਹ ਕੋਈ ਛੈਲ ਛਬੀਲਾ ਅਮੀਰ ਮੁੰਡਾ ਹੋਊ! ਫੇਰ ਮੈਂ ਸਿਰ ਦੇ ਵਾਲਾਂ 'ਤੇ ਪਾਣੀ ਲਾ ਲਾ ਕੇ ਅੜਕਾਂ ਕਢੀਆਂ। ਘੁੰਗਰਾਲੇ ਵਾਲਾਂ ਵਿਚ ਕੰਘੀ ਵਾਰ ਵਾਰ ਫਸਦੀ ਰਹੀ। ਕੰਘੀ ਦੇ ਕਈ ਦੰਦੇ ਵਾਲ ਵਾਹੁੰਦਿਆਂ ਟੁੱਟ ਵੀ ਗਏ। ਅਖੀਰ ਮੈਂ ਲਿਸ਼ਕ ਪੁਸ਼ਕ ਕੇ ਇਕ ਟੁੱਟੇ ਹੋਏ ਸ਼ੀਸ਼ੇ ਦੇ ਨਿੱਕੇ ਟੁਕੜੇ ਵਿਚ ਆਪਣਾ ਚਿਹਰਾ ਦੇਖਿਆ, ਤਾਂ ਸੱਚ ਜਾਣਿਓ ਮੈਂ ਮਜ਼ਾਕ ਨਹੀਂ ਕਰਦਾ, ਇਹੋ ਜਿਹਾ ਸੁਹਣਾ ਚਿਹਰਾ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ!

ਉਸ ਦਿਨ ਜਦੋਂ ਰਾਤ ਨੂੰ ਦਸ ਕੁ ਵਜੇ ਘਰ ਵਿਚ ਚੁੱਪ-ਚਾਂ ਹੋ ਗਈ ਤੇ ਸਾਰੇ ਸੌਂ ਗਏ ਤਾਂ ਮੈਂ ਚੋਰੀ ਚੋਰੀ ਅਸਤਬਲ ਵਲ ਗਿਆ। ਮਾਲਕ ਦਾ ਸਭ ਤੋਂ ਵਧੀਆ ਘੋੜਾ ਖੋਲ੍ਹ ਕੇ ਜਦੋਂ ਉਤੇ ਬੈਠਾ ਤਾਂ ਮੈਂ ਸੋਚ ਰਿਹਾ ਸਾਂ ਕਿ ਮਾਲਕ ਸ਼ਾਮ ਨੂੰ ਛੇ ਵਜੇ ਇਥੇ ਸਾਰੇ ਘੋੜੇ ਸਾਫ ਸੁਥਰੇ ਆਪੋ ਆਪਣੀਆਂ ਥਾਂਵਾਂ 'ਤੇ ਬੱਝੇ ਦੇਖ ਹੀ ਗਿਆ ਸੀ। ਜ਼ਰੂਰੀ ਸੀ ਕਿ ਮੈਂ ਸਵੇਰ ਹੋਣ ਤੋਂ ਪਹਿਲਾਂ ਪਹਿਲਾਂ ਮੁੜ ਆਵਾਂ ਤੇ ਘੋੜੇ ਨੂੰ ਸਾਫ ਸੁਥਰਾ ਕਰਕੇ ਮੁੜ ਕੇ ਉਹਦੀ ਥਾਂ ਬੰਨ੍ਹ ਦਿਆਂ! ਜਦੋਂ ਮੈਂ ਡਾਂਸ ਵਾਲੀ ਥਾਂ ਪਹੁੰਚਣ ਲਈ ਘੋੜਾ ਭਜਾ ਰਿਹਾ ਸਾਂ ਤਾਂ ਮੈਂ ਇਹ ਵੀ ਸੋਚ ਰਿਹਾ ਸੀ ਕਿ ਕਾਲੀਆਂ ਸੁਹਣੀਆਂ ਨੱਢੀਆਂ ਮੈਨੂੰ ਦੇਖ ਕੇ ਕੀ ਸੋਚਣਗੀਆਂ! ਕੁਝ ਵੀ ਸੀ ਮੈਨੂੰ ਪੂਰਾ ਭਰੋਸਾ ਸੀ ਕਿ ਅਜ ਰਾਤ ਮੈਂ ਸਭ ਤੋਂ ਸੁਹਣੀ ਕੁੜੀ ਚੁਣਾਂਗਾ। ਮੇਰੇ ਕੋਲ ਪੈਸਾ ਸੀ ਤੇ ਸੁਹਣੇ ਕਪੜਿਆਂ ਵਿਚ ਮੈਂ ਸਭ ਤੋਂ ਸੁਹਣਾ ਵੀ ਤਾਂ ਲਗ ਰਿਹਾ ਹੋਵਾਂਗਾ। ਮੈਂ ਆਪਣੇ ਬਾਰੇ ਕੁਝ ਵੀ ਮਾੜਾ ਨਹੀਂ ਸਾਂ ਸੋਚ ਰਿਹਾ! ਸਭ ਕੁਝ ਵਧੀਆ ਸੀ! ਘੋੜਾ ਹਵਾ ਨਾਲ ਗੱਲਾਂ ਕਰਦਾ ਕਦੋਂ ਬਾਰਾਂ ਮੀਲ ਦਾ ਸਫਰ ਕਰਕੇ ਆਪਣੀ ਥਾਂ ਪਹੁੰਚ ਗਿਆ, ਪਤਾ ਵੀ ਨਾ ਲੱਗਾ।

ਜਿਹੜੇ ਘਰ ਵਿਚ ਡਾਂਸ ਦਾ ਪ੍ਰੋਗਰਾਮ ਸੀ, ਉਹ ਜੰਗਲ ਵਿਚ ਇਕ ਪੁਰਾਣਾ ਵੱਡਾ ਘਰ ਸੀ ਜਿਥੇ ਪੁਰਾਣੇ ਸਮਿਆਂ ਵਿਚ ਕਾਲੇ ਗੁਲਾਮ ਇਕੱਠੇ ਹੋਇਆ ਕਰਦੇ ਸਨ। ਘਰ ਦੇ ਆਲੇ ਦੁਆਲੇ ਲਕੜ ਦੇ ਥਮਲਿਆਂ ਨਾਲ ਕੋਈ ਸੌ ਕੁ ਘੋੜੇ ਬੱਝੇ ਹੋਣਗੇ। ਉਥੇ ਆਉਣ ਵਾਲੇ ਮੁੰਡੇ-ਕੁੜੀਆਂ ਨੇ ਮੇਰੇ ਵਾਂਗ ਦੂਰੋਂ ਨੇੜਿਓਂ ਆਉਣਾ ਸੀ। ਉਨ੍ਹਾਂ ਨੇ ਵੀ ਸਵੇਰੇ ਮੇਰੇ ਵਾਂਗ ਆਪਣੇ ਮਾਲਕ ਦੇ ਜਾਗਣ ਤੋਂ ਪਹਿਲਾਂ ਘਰਾਂ ਨੂੰ ਮੁੜਨਾ ਸੀ ਤੇ ਸਾਫ-ਸਫਾਈ ਕਰਨੀ ਸੀ। ਡਰ ਸੀ ਕਿਧਰੇ ਫੜੇ ਨਾ ਜਾਣ। ਸ਼ਾਇਦ ਹੀ ਕੋਈ ਹੋਵੇਗਾ ਜਿਸ ਨੂੰ ਮਾਲਕ ਨੇ ਆਉਣ ਦੀ ਆਗਿਆ ਬਖ਼ਸ਼ੀ ਹੋਵੇਗੀ। ਜਦੋਂ ਮੈਂ ਆਪਣਾ ਘੋੜਾ ਥੰਮਲੇ ਨਾਲ ਬੰਨ੍ਹ ਕੇ ਮੁੜਿਆ ਤਾਂ ਉਥੇ ਲੱਗੀ ਇਕ ਕਿੱਲ ਵਿਚ ਮੇਰੀ ਪੈਂਟ ਅੜ ਗਈ। ਉਸ ਬੇਸ਼ਰਮ ਕਿੱਲ ਨੇ ਮੇਰੀ ਪੈਂਟ ਪੱਟ ਵਾਲੇ ਹਿਸੇ ਤੋਂ ਲੈ ਕੇ ਪਿਛੇ ਤਕ ਪਾੜ ਸੁੱਟੀ! ਪੈਂਟ ਵੀ ਅਜਿਹੀ ਪਾਟੀ ਕਿ ਮੇਰੀ ਕਮੀਜ਼ ਪਿਛੋਂ ਬਾਹਰ ਨਿਕਲ ਆਈ ਤੇ ਔਰਤਾਂ ਦੇ ਲਬਾਦੇ ਵਾਂਗ ਪਿਛੇ ਲਮਕਣ ਲਗ ਪਈ! ਆਪਣੀ ਕਮੀਜ਼ ਨੂੰ ਮੈਂ ਅੰਦਰ ਪਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਮੁੜ ਬਾਹਰ ਨਿਕਲ ਆਉਂਦੀ!

ਉਸ ਹਾਦਸੇ ਨੇ ਮੈਨੂੰ ਸ਼ਰਮਿੰਦਾ ਕਰ ਦਿਤਾ ਸੀ। ਉਸ ਰਾਤ ਲਈ ਮੇਰਾ ਬਣਿਆ ਬਣਾਇਆ ਮੂਡ ਵੀ ਖ਼ਰਾਬ ਹੋ ਚੁਕਾ ਸੀ। ਹਨੇਰੇ ਵਿਚ ਖੜ੍ਹੇ ਦੇ ਮੇਰੇ ਹੰਝੂ ਨਿਕਲ ਆਏ ਕਿ ਇਹ ਕੇਹਾ ਬੇਹੂਦਾ ਮਜ਼ਾਕ ਮੇਰੇ ਨਾਲ ਹੋ ਰਿਹਾ ਸੀ! ਹੋਰ ਮੈਂ ਉਸ ਵੇਲੇ ਕਰ ਵੀ ਕੀ ਸਕਦਾ ਸਾਂ! ਮੈਂ ਵੀ ਮਨ ਕਰੜਾ ਕਰਕੇ ਪੱਕਾ ਇਰਾਦਾ ਕਰ ਲਿਆ ਕਿ ਜੋ ਕੁਝ ਮੈਂ ਸੋਚਿਆ ਸੀ, ਕਰਕੇ ਰਹਾਂਗਾ। ਦਿਮਾਗ਼ ਖ਼ੁਰਚ ਕੇ ਇਕ ਸਕੀਮ ਲੜਾਈ। ਏਧਰੋਂ ਓਧਰੋਂ ਬਕਸੂਏ ਲਾ ਲਾ ਕੇ ਪੈਂਟ ਨੂੰ ਗੰਢਿਆ ਤੇ ਡਾਂਸ ਕਰਨ ਲਈ ਇਕ ਜੇਤੂ ਵਾਂਗ ਅੰਦਰ ਜਾ ਵੜਿਆ। ਜਾਣ ਸਾਰ ਸਾਜ਼ਿੰਦਿਆਂ ਦਾ ਧਿਆਨ ਖਿੱਚ ਕੇ ਮੈਂ ਡਾਂਸ ਲਈ ਆਪਣੇ ਟੱਪਿਆਂ ਵਾਲਾ ਸੰਗੀਤ ਵਜਾਉਣ ਲਈ ਕਿਹਾ। ਬੈਂਜੋ ਨਾਲ ਜਦੋਂ ਡਰੰਮ ਨੇ ਤਾਲ ਮਿਲਾਈ ਤਾਂ ਨਜ਼ਾਰੇ ਆ ਗਏ! ਫੇਰ ਮੈਂ ਇਕ ਨਿੱਕੀ ਜਿਹੀ ਕਾਲੀ ਨੱਢੀ ਨੂੰ ਫੜ ਕੇ ਡਾਂਸ ਕਰਦਿਆਂ ਗੇੜੇ ਦੇ ਕੇ ਸਮਾਂ ਬੰਨ੍ਹ ਦਿਤਾ! ਲਓ ਜੀ, ਆਪਾਂ ਉਥੇ ਅਜਿਹਾ ਰੰਗ ਬੰਨ੍ਹਿਆ ਕਿ ਸਮਝੋ ਸਾਰੇ ਦੇਖਣ ਵਾਲਿਆਂ ਦੀਆਂ ਅੱਖਾਂ ਮੇਰੇ 'ਤੇ ਆ ਟਿਕੀਆਂ। ਮੈਂ ਵੀ ਸੋਚ ਰਿਹਾ ਸਾਂ ਕਿ ਅਜ ਮੈਂ ਇਨ੍ਹਾਂ ਕਾਲੀਆਂ ਨੱਢੀਆਂ 'ਤੇ ਆਪਣਾ ਅਜਿਹਾ ਅਸਰ ਛਡਾਂਗਾ ਕਿ ਉਹ ਰਹਿੰਦੀ ਦੁਨੀਆਂ ਤਕ ਯਾਦ ਰੱਖਣਗੀਆਂ ਕਿ ਮੇਰੇ ਵਰਗਾ ਅਮੀਰ ਤੇ ਸੁਨੱਖਾ ਮੁੰਡਾ ਉਨ੍ਹਾਂ ਨੇ ਅਜ ਤਕ ਨਹੀਂ ਦੇਖਿਆ ਹੋਣਾ।

ਮੇਰੀ ਬਦਕਿਸਮਤੀ ਨੂੰ ਡਾਂਸ ਕਰਦਿਆਂ ਮੇਰੀ ਪੈਂਟ ਨਾਲ ਲਗੇ ਬਕਸੂਏ ਟੁੱਟ ਗਏ ਤੇ ਪੈਂਟ ਪਾਟ ਕੇ ਕਮੀਜ਼ ਮੁੜ ਬਾਹਰ ਨਿਕਲ ਆਈ! ਹੋਰ ਤਾਂ ਹੋਰ ਮੇਰੇ ਨਾਲ ਨੱਚਣ ਵਾਲੀ ਕੁੜੀ ਨੂੰ ਪਤਾ ਨਹੀਂ ਕੀ ਸ਼ਰਾਰਤ ਸੁੱਝੀ ਕਿ ਬਜਾਏ ਮੇਰੀ ਨੰਗੀ ਇੱਜ਼ਤ ਢਕਣ ਦੇ, ਉਹਨੇ ਮੇਰੀ ਕਮੀਜ਼ ਦਾ ਪਿਛਲਾ ਪਾਸਾ ਜਿਹੜਾ ਪੂਛ ਵਾਂਗ ਮੇਰੀ ਕਮੀਜ਼ ਵਿਚੋਂ ਬਾਹਰ ਲਮਕਣ ਲਗ ਪਿਆ ਸੀ, ਚੱਕ ਕੇ ਉਪਰ ਲਹਿਰਾਉਣਾ ਸ਼ੁਰੂ ਕਰ ਦਿਤਾ। ਸਭ ਦੇ ਸਾਹਮਣੇ ਮੇਰਾ ਵਾਹਵਾ ਜਲੂਸ ਨਿਕਲ ਗਿਆ!

ਮੁੰਡੇ-ਕੁੜੀਆਂ ਮੇਰੀ ਹਾਲਤ ਦੇਖ ਕੇ ਏਨਾ ਹੱਸ ਰਹੇ ਸਨ ਕਿ ਕਿਸੇ ਨੂੰ ਕੁਝ ਸੁਣਾਈ ਨਹੀਂ ਸੀ ਦੇ ਰਿਹਾ। ਮੇਰੀ ਹਾਲਤ ਇਹ ਸੀ ਕਿ ਧਰਤੀ ਵਿਹਲ ਨਹੀਂ ਸੀ ਦੇ ਰਹੀ। ਸੋ ਮੈਂ ਸੋਚਿਆ ਜਿਹੋ ਜਿਹੀ ਵੀ ਚੰਗੀ ਮਾੜੀ ਮੇਰੀ ਹਾਲਤ ਸੀ, ਮੈਂ ਉਥੋਂ ਆਪਣੀ ਇੱਜਤ ਬਚਾ ਕੇ ਭੱਜ ਜਾਵਾਂ! ਮੈਨੂੰ ਉਹ ਵੀ ਨਸੀਬ ਨਾ ਹੋਇਆ। ਜਿੰਨਾ ਚਿਰ ਮੈਂ ਪੈਂਟ ਵਿਚੋਂ ਨਿਕਲੀ ਕਮੀਜ਼ ਦੀ ਪਿੱਛੇ ਲਮਕਦੀ ਪੂਛ ਨਾਲ ਹਾਲ ਕਮਰੇ ਦਾ ਪੂਰਾ ਚੱਕਰ ਨਹੀਂ ਲਾਇਆ, ਮੈਨੂੰ ਬਾਹਰ ਨਹੀਂ ਸੀ ਆਉਣ ਦਿਤਾ ਗਿਆ। ਉਥੇ ਇਕ ਵੀ ਕੁੜੀ ਜਾਂ ਮੁੰਡਾ ਅਜਿਹਾ ਨਹੀਂ ਸੀ ਜਿਹੜਾ ਮੇਰੀ ਹਾਲਤ ਦੇਖ ਕੇ ਹੱਸਿਆ ਨਾ ਹੋਵੇ। ਹਾਸਾ ਏਨਾ ਮਚਿਆ ਕਿ ਕਈ ਮੁੰਡੇ ਹੱਸ ਹੱਸ ਕੇ ਲੋਟ ਪੋਟ ਹੋਏ ਜ਼ਮੀਨ 'ਤੇ ਲਿਟਣ ਲਗ ਪਏ। ਮੇਰੀ ਹਾਲਤ ਬਾਰੇ ਤਾਂ ਕੋਈ ਵੀ ਸੋਚ ਸਕਦੈ ਕਿ ਮੇਰੇ ਦਿਲ 'ਤੇ ਉਸ ਵੇਲੇ ਕੀ ਬੀਤ ਰਹੀ ਹੋਵੇਗੀ!

ਅਖੀਰ ਮੈਂ ਕਿਵੇਂ ਨਾ ਕਿਵੇਂ ਉਥੋਂ ਬਾਹਰ ਆਇਆ ਤੇ ਉਸ ਪੁਰਾਣੇ ਘਰ ਦੇ ਪਿਛਲੇ ਪਾਸੇ ਚਲਾ ਗਿਆ। ਚੰਨ ਚਾਨਣੀ ਰਾਤ ਵਿਚ ਮੈਂ ਆਪਣੀ ਦੁਰਗਤੀ ਕਰਵਾ ਕੇ ਸ਼ਰਮਿੰਦਾ ਹੋਇਆ ਖੜ੍ਹਾ ਸਾਂ। ਮੇਰੇ ਅੰਦਰ ਦੀ ਤੜਕ ਭੜਕ ਕਿਧਰੇ ਗਾਇਬ ਹੋ ਗਈ ਸੀ! ਘਰ ਅੰਦਰ ਧੱਕਾ ਮੁੱਕੀ ਕਰਦਿਆਂ ਕੁੜੀਆਂ-ਮੁੰਡਿਆਂ ਨੇ ਮੇਰੀ ਪੈਂਟ ਦੀਆਂ ਜੇਬਾਂ ਖਾਲੀ ਕਰਕੇ ਅੰਦਰੋਂ ਬਾਹਰ ਕਰ ਦਿੱਤੀਆਂ ਸਨ। ਉਨ੍ਹਾਂ ਸੋਚਿਆ ਹੋਵੇਗਾ ਕਿ ਪਤਾ ਨਹੀਂ ਕਿੰਨੇ ਕੁ ਸੈਂਕੜੇ ਡਾਲਰਾਂ ਨਾਲ ਮੇਰੀਆਂ ਜੇਬਾਂ ਭਰੀਆਂ ਪਈਆਂ ਨੇ। ਜਦੋਂ ਕਿ ਫਰੋਲਾ ਫਰੋਲੀ ਕਰਕੇ ਉਨ੍ਹਾਂ ਨੂੰ ਕੁਲ ਚੌਵੀ ਪੈਨੀਆਂ ਮਿਲੀਆਂ ਹੋਣਗੀਆਂ ਤੇ ਨਾਲ ਪੰਜਾਹ ਪਿੱਤਲ ਦੇ ਬਟਨ! ਹਾਲ ਕਮਰੇ ਵਿਚ ਖ਼ੁਸ਼ੀਆਂ ਭਰਿਆ ਮਾਹੌਲ ਸੀ, ਪਰ ਕਿਸੇ ਨੂੰ ਇਹ ਨਹੀਂ ਸੀ ਪਤਾ ਕਿ ਮੇਰੀ ਹਾਲਤ ਕੀ ਬਣੀ ਹੋਈ ਸੀ? ਉਸ ਦਿਨ ਮੁੰਡੇ-ਕੁੜੀਆਂ ਨੇ ਮੇਰੀ ਦੁਰਗਤੀ ਕਰਕੇ ਆਪਣਾ ਮਨੋਰੰਜਨ ਕੀਤਾ ਤੇ ਇਨ੍ਹਾਂ ਖ਼ੁਸ਼ੀਆਂ ਦੀ ਜ਼ਿੰਮੇਦਾਰ ਮੇਰੀ ਪਾਟੀ ਹੋਈ ਪੈਂਟ ਵਿਚੋਂ ਨਿਕਲੀ ਹੋਈ ਕਮੀਜ਼ ਦੀ ਬਣੀ ਉਹ ਪੂਛ ਸੀ!

ਮੈਨੂੰ ਉਸ ਵੇਲੇ ਪਹਿਲਾ ਖਿਆਲ ਬਦਲਾ ਲੈਣ ਦਾ ਆਇਆ! ਮਨ ਵਿਚ ਸੋਚਿਆ- ਓਏ ਕਾਲੂਓ! ਜ਼ਰਾ ਠਹਿਰ ਜਾਓ, ਮੈਂ ਹੁਣੇ ਤੁਹਾਨੂੰ ਮਜ਼ਾ ਚਖਾਵਾਂਗਾ ਤੇ ਉਹ ਵੀ ਅਜਿਹਾ ਕਿ ਉਸ ਦਾ ਸਵਾਦ ਤੁਹਾਨੂੰ ਸਵੇਰੇ ਆਏਗਾ। ਮੈਂ ਆਪਣਾ ਚਾਕੂ ਬਾਹਰ ਕੱਢਿਆ ਤੇ ਇਕ ਇਕ ਕਰਕੇ ਸਾਰੇ ਘੋੜਿਆਂ ਦੇ ਰੱਸੇ ਕੱਟਣੇ ਸ਼ੁਰੂ ਕਰ ਦਿਤੇ। ਘੋੜੇ ਵੀ ਉਸੇ ਵੇਲੇ ਇਕ ਦੂਜੇ ਦੇ ਪਿਛੇ ਆਪੋ ਆਪਣੇ ਘਰਾਂ ਵਲ ਭੱਜਣੇ ਸ਼ੁਰੂ ਹੋ ਗਏ। ਫੇਰ ਮੈਂ ਆਪਣੇ ਘੋੜੇ 'ਤੇ ਮਾਲਕ ਦੇ ਘਰ ਵਲ ਚਲ ਪਿਆ। ਥੋੜੀ ਦੂਰ ਜਾ ਕੇ ਮੈਨੂੰ ਖਿਆਲ ਆਇਆ ਕਿ ਦੇਖਾਂ ਤਾਂ ਸਹੀ ਕਿ ਬਾਕੀ ਮੁੰਡੇ-ਕੁੜੀਆਂ ਜਦੋਂ ਬਾਹਰ ਆਉਣਗੇ ਤਾਂ ਆਪਣੇ ਘੋੜੇ ਗਾਇਬ ਹੋਏ ਦੇਖ ਕੇ ਉਨ੍ਹਾਂ ਦੀ ਕੀ ਹਾਲਤ ਹੋਵੇਗੀ! ਇਹ ਸੋਚ ਕੇ ਆਪਣੀ ਦੁਰਗਤੀ ਦਾ ਬਦਲਾ ਲੈ ਕੇ ਮਨ ਹੀ ਮਨ ਬੜਾ ਖ਼ੁਸ਼ ਹੋ ਰਿਹਾ ਸਾਂ! ਪਰ ਹੁਣ ਤਾਂ ਉਹ ਸਭ ਕੁਝ ਮੈਥੋਂ ਦਸ ਬਾਰਾਂ ਮੀਲ ਦੂਰ ਹੋ ਰਿਹਾ ਸੀ। ਸਵੇਰੇ ਉਨ੍ਹਾਂ ਦੇ ਮਾਲਕ ਉਨ੍ਹਾਂ ਦੀ ਇਹ ਕਹਿ ਕੇ ਖ਼ਬਰ ਲੈ ਰਹੇ ਹੋਣਗੇ ਕਿ ਕਲ੍ਹ ਰਾਤ ਤੁਸੀਂ ਵੱਡੀ ਗਲਤੀ ਕੀਤੀ, ਹੁਣ ਸਵੇਰੇ ਸਵੇਰੇ ਕੋੜਿਆਂ ਦੀ ਸਜ਼ਾ ਵੀ ਭੁਗਤੋ! ਮੈਂ ਸੋਚ ਰਿਹਾ ਸਾਂ ਕਿ ਕਲ ਸਵੇਰੇ ਛਾਂਟਿਆਂ ਦੀ ਮਾਰ ਖਾ ਖਾ ਕੇ ਉਨ੍ਹਾਂ ਦੀਆਂ ਪਿੱਠਾਂ ਉਧੜ ਚੁਕੀਆਂ ਹੋਣਗੀਆਂ।

(ਚਲਦਾ)

ਜਿਹੋ ਜਹੀ ਕੋਕੋ, ਉਹੋ ਜਿਹੇ ਕੋਕੋ ਦੇ ਬੱਚੇ

ਕਹਾਣੀ

"ਰਿਸ਼ਤਿਆਂ 'ਚ ਪਿਆਰ, ਇੱਜ਼ਤ ਤੇ ਵਿਸ਼ਵਾਸ ਕਿਤੇ ਖੰਭ ਲਾ ਕੇ ਉਡ ਗਏ ਲੱਗਦੇ ਨੇ, ਈਰਖਾ ਲਾਲਚ ਤੇ ਅਕ੍ਰਿਤਘਣਤਾ ਨਵੇਂ ਖੰਭਾਂ ਦੀ ਤਰ੍ਹਾਂ ਅੱਜ ਦੇ ਮਨੁਖ 'ਤੇ ਉਗ ਰਹੇ ਨੇ। ਕਿਸੇ ਦਾ ਭਲਾ ਕੀਤਾ ਹੋਇਆ ਯਾਦ ਰੱਖਣ ਨਾਂ ਦੀ ਚੀਜ ਇਸ ਆਧੁਨਿਕ ਜ਼ਿੰਦਗੀ 'ਚੋਂ ਮਨਫੀ ਹੋ ਗਈ ਹੈ। ਮਨੁੱਖ ਚਾਬੀ ਦੇ ਕੇ ਛੱਡਿਆ ਇਕ ਖਿਡਾਉਣਾ ਈ ਜਾਪਦਾ ਏ। ਇੰਜ ਲੱਗਦਾ ਏ, ਚਾਬੀ ਮੁੱਕਣ 'ਤੇ ਹੀ ਸਥਿਰ ਹੋਵੇਗਾ, ਇਕ ਨਿਰਜਿੰਦ ਖਿਡਾਉਣਾ! ਜਿਸ ਵਿਚ ਇਹ ਸਾਰੀਆਂ ਚੀਜ਼ਾਂ ਮਹਿਸੂਸ ਕਰਨ ਦੀ ਸ਼ਕਤੀ ਖਤਮ ਹੋ ਗਈ ਹੈ। ਅੱਜ ਮੈਂ ਵੀ ਉਨ੍ਹਾਂ ਖਿਡਾਉਣਿਆਂ 'ਚ ਸ਼ਾਮਲ ਹੋ ਗਿਆ ਹਾਂ।" ਚਰਨ ਲਗਾਤਾਰ ਬੋਲੀ ਜਾ ਰਿਹਾ ਸੀ।

"ਚਲੋ ਬੱਸ ਕਰੋ, ਤੁਸੀਂ ਜੋ ਕੀਤਾ

ਚਰਨਜੀਤ ਸਿੰਘ ਸਾਹੀ
ਫੋਨ: 317-430-6545

ਠੀਕ ਕੀਤਾ, ਰੋਜ਼ ਦੇ ਕਲਪਣ ਨਾਲੋਂ, ਕਹਿੰਦੇ ਨੇ ਨਾ, ਅਖੇ, ਸਖੀ ਨਾਲੋਂ ਸੂਮ ਭਲਾ ਜਿਹੜਾ ਤੁਰਤ ਦੇਵੇ ਜਵਾਬ। ਜਿਨ੍ਹਾਂ ਦਾ ਆਪਾਂ ਪਹਿਲਾਂ ਕੀਤਾ, ਕਿਹੜੇ ਤਮਗੇ ਪਾ ਦਿੱਤੇ।" ਅਜੀਤ ਆਪਣੇ ਪਤੀ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਸੀ।

"ਅਜੀਤ! ਆਪਾਂ ਕੋਈ ਤਮਗੇ ਲੈਣ ਨੂੰ ਜਾਂ ਸਿਫਤਾਂ ਕਰਾਉਣ ਨੂੰ ਨਹੀਂ ਬੁਲਾਇਆ ਇਥੇ ਭੈਣ-ਭਾਈਆਂ ਨੂੰ, ਮੈਨੂੰ ਤਾਂ ਫਿਕਰ ਸੀ, ਜੱਟਾਂ ਦੇ ਸਿਆੜ ਘਟਦੇ ਜਾ ਰਹੇ ਨੇ, ਬੱਚੇ ਪੜ੍ਹਦੇ ਨਹੀਂ। ਜੱਟਾਂ ਨੂੰ ਅੱਵਲ ਤਾਂ ਪ੍ਰੋਫੈਸ਼ਨਲ ਕੋਰਸਾਂ 'ਚ ਦਾਖਲੇ ਨਹੀਂ ਮਿਲਦੇ, ਜੇ ਮਿਲ ਜਾਣ ਤਾਂ ਨੌਕਰੀਆਂ? ਇਥੇ ਆ ਜਾਣਗੇ, ਆਪਣਾ ਕਮਾਉਣਗੇ, ਰੱਜ ਕੇ ਰੋਟੀ ਖਾਣਗੇ, ਪਰਦੇਸ 'ਚ ਨੇੜੇ-ਤੇੜੇ ਖੁਸ਼ੀ ਗਮੀ 'ਚ ਇਕ-ਦੂਜੇ ਨਾਲ ਖਲੋਣਗੇ। ਪਰ ਹੋਰ ਤਾਂ ਹੋਰ ਭੈੜੇ ਬੋਲਣੋ ਵੀ ਗਏ, ਦੱਸਣ ਤਾਂ ਸਹੀ, ਮੈਂ ਕੀ ਗੁਨਾਹ ਕੀਤੈ? ਤੂੰ ਜਾਣਦੀ ਏ ਮੈਂ ਕਦੀ ਆਪਣੇ ਅਸੂਲਾਂ ਤੋਂ ਨਹੀਂ ਭਟਕਿਆ ਪਰ ਅੱਜ ਦਿਲ 'ਤੇ ਪੱਥਰ ਰੱਖ ਕੇ ਜਵਾਬ ਦਿਤਾ।"

ਅਸਲ 'ਚ ਅੱਜ ਇੰਡੀਆ ਤੋਂ ਨਵੇਂ ਆਏ ਰਿਸ਼ਤੇਦਾਰ ਨੇ ਚਰਨ ਨੂੰ ਕਾਰ ਖਰੀਦਣ ਲਈ ਗਾਰੰਟਰ ਵਜੋਂ ਸਾਈਨ ਕਰਨ ਨੂੰ ਕਿਹਾ ਸੀ। ਉਹ ਗੱਲ ਫਿਲਮ ਦੀ ਰੀਲ ਵਾਂਗ ਘੁੰਮ ਗਈ ਜਦੋਂ ਉਸ ਦੇ ਭੂਆ ਤੇ ਫੁੱਫੜ ਕੁਝ ਸਮਾਂ ਪਹਿਲਾਂ ਵਿਸ਼ਵਾਸਘਾਤ ਦੀ ਅਮਿਟ ਯਾਦ ਛੱਡ ਗਏ ਸਨ। ਅੱਧੀ ਰਾਤੀਂ ਫੋਨ ਖੜਕਿਆ, "ਪਤਾ ਨਹੀਂ ਕੌਣ ਏ ਐਸ ਵੇਲੇ?" ਚਰਨ ਨੇ ਪ੍ਰੇਸ਼ਾਨ ਹੁੰਦਿਆਂ ਫੋਨ ਚੁਕਿਆ।

"ਵੇ ਚੰਨ! ਮੈਂ ਤੇਰੀ ਭੂਆ ਕੈਲੀਫੋਰਨੀਆ ਤੋਂ।" ਅੱਗੋਂ ਆਵਾਜ਼ ਆਈ।

"ਕੀ ਗੱਲ! ਭੂਆ ਜੀ ਸੁੱਖ ਏ ਨਾ? ਐਸ ਵੇਲੇ ਫੋਨ ਕੀਤਾ?"

"ਵੇ ਤੂੰ ਪੂਰੀ ਗੱਲ ਤਾਂ ਸੁਣ ਲੈ, ਸੁੱਖ ਈ ਏ, ਅਸੀਂ ਮੂਵ ਹੋਣਾ ਤੇਰੇ ਵਾਲੇ ਪਾਸੇ, ਪਤਾ ਲੱਗਾ ਇਥੇ ਕੰਮ ਵੀ ਮਿਲ ਜਾਂਦਾ ਤੇ ਸਿਟੀਜ਼ਨ ਵੀ ਛੇਤੀ ਬਣ ਜਾਂਦੇ ਨੇ। ਹੋਰ ਗੱਲਾਂ ਮਿਲ ਕੇ ਦੱਸਾਂਗੀ।"

"ਪਰ ਭੂਆ ਜੀ, ਮੈਂ ਪਹਿਲਾਂ ਭੈਣ ਕੋਲੋਂ ਤਾਂ ਪੁਛਾਂ, ਉਹਦੇ ਬੱਚਿਆਂ ਨੂੰ ਕੌਣ ਸੰਭਾਲੂ? ਜੇ ਤੁਸੀਂ ਇਥੇ ਆ ਗਏ, ਉਹ ਸੋਚੇਗੀ ਪਤਾ ਨਹੀਂ ਕਿਸ ਮਤਲਬ ਲਈ ਮੇਰੇ ਮਾਂ-ਬਾਪ ਨੂੰ ਇਥੋਂ ਪੁੱਟ ਕੇ ਆਪਣੇ ਕੋਲ ਲੈ ਗਿਆ।"

"ਮੁੰਡਿਆ ਗੱਲ ਸੁਣ ਮੇਰੀ, ਤੂੰ ਹਾਂ ਕਰ ਜਾਂ ਨਾਂਹ, ਜੇ ਤੂੰ ਏਅਰ ਪੋਰਟ ਤੋਂ ਲੈਣ ਨਾ ਆਇਆ ਤਾਂ ਤੇਰੇ ਫੁੱਫੜ ਦਾ ਦੋਸਤ ਸਾਡੇ ਕੋਲੋਂ ਇਥੇ ਤੇਰੇ ਵਾਲੇ ਸ਼ਹਿਰ ਈ ਮੂਵ ਹੋਇਆ ਪਿਛਲੇ ਮਹੀਨੇ, ਉਹ ਦੱਸਦਾ ਬਈ ਨਾਲੇ ਉਹਨੇ ਘਰ ਤੇ ਨਾਲੇ ਬਿਜਨਸ ਲੈ ਲਿਆ, ਉਹ ਕਹਿੰਦਾ ਮੈਂ ਤੁਹਾਨੂੰ ਏਅਰ ਪੋਰਟ ਤੋਂ ਲੈ ਜਾਊਂ ਨਾਲੇ ਕੰਮ ਦਿਵਾਊਂ, ਨਾਲੇ ਕੋਲ ਰੱਖੂੰ, ਬਾਅਦ 'ਚ ਤੁਸੀਂ ਰਹਿਣ ਦਾ ਪ੍ਰਬੰਧ ਕਰ ਲਿਉ। ਤੂੰ ਦੱਸ, ਜੇ ਅੱਜ ਵੀਰ ਜਿਉਂਦਾ ਹੁੰਦਾ, ਉਹ ਸਾਨੂੰ ਬੇਗਾਨੇ ਘਰ ਜਾਣ ਦਿੰਦਾ?"

"ਭੂਆ ਜੀ, ਤੁਸੀਂ ਹੁਣ ਸੌਂ ਜਾਵੋ, ਮੈਂ ਤੁਹਾਨੂੰ ਦਿਨ ਵੇਲੇ ਫੋਨ ਕਰਦਾਂ।"

"ਵੇ ਚੰਨ ਭੁਲੀਂ ਨਾ।"

ਫੋਨ ਬੰਦ ਹੋਣ ਪਿਛੋਂ ਗੁਰਚਰਨ ਸਿਰ ਗੋਡਿਆਂ 'ਚ ਦੇ ਕੇ ਸੋਚਣ ਲੱਗਾ।

"ਕੀ ਕਹਿੰਦੇ ਭੂਆ ਜੀ?"

"ਕਹਿਣਾ ਕੀ ਏ, ਮੂਵ ਹੋਣ ਨੂੰ ਕਹਿੰਦੇ ਨੇ ਇਥੇ ਸਾਡੇ ਕੋਲ।"

"ਕਿਉਂ?"

"ਕਹਿੰਦੇ, ਤੁਹਾਡੇ ਸਿਟੀਜ਼ਨ ਛੇਤੀ ਬਣ ਜਾਂਦੇ, ਨਾਲੇ ਕੰਮ ਮਿਲ ਜਾਂਦਾ।"

"ਪੈ ਜਾਓ ਹੁਣ, ਮੈਂ ਕਹਿੰਦੀ ਆਂ ਕਲ ਪਹਿਲਾਂ ਛਿੰਦੀ ਭੈਣ ਨੂੰ ਫੋਨ ਕਰਕੇ ਪੁਛੋ।" ਕੋਲ ਬੈਠੀ ਚਰਨ ਦੀ ਪਤਨੀ ਅਜੀਤ ਨੇ ਉਬਾਸੀਆਂ ਲੈਂਦਿਆਂ ਕਿਹਾ।

"ਸਾਲੀ ਹੁਣ ਨੀਂਦ ਕਿਥੇ! ਮੈਨੂੰ ਪਤਾ ਆਪਣੇ ਫੁੱਫੜ ਦਾ, ਏਹਨੇ ਸਾਰੀ ਉਮਰ ਡੱਕਾ ਨਹੀਂ ਤੋੜਿਆ, ਬੰਦੂਕ ਇਹ ਕਮਲੀ ਭੂਆ ਦੇ ਮੋਢਿਆਂ 'ਤੇ ਰੱਖ ਕੇ ਚਲਾਉਂਦਾ ਰਿਹਾ। ਪਹਿਲਾਂ ਸਾਡੇ ਦਾਦੇ ਨੂੰ ਸੂਲੀ ਚਾੜ੍ਹੀ ਰੱਖਿਆ, ਫਿਰ ਸਾਡੇ ਪਿਉ ਨੂੰ, ਹੁਣ ਮੇਰੀ ਵਾਰੀ। ਮੈਨੂੰ ਪੱਕਾ ਪਤਾ, ਹੁਣ ਵੀ ਕੋਲ ਬੈਠਾ ਉਹੀ ਉੜਾ-ਐੜਾ ਪੜ੍ਹਾਉਂਦਾ ਹੋਣੈ, ਉਵੇਂ ਭੂਆ ਬੋਲੀ ਗਈ। ਇਹ ਸਾਰੀ ਉਮਰ ਨੌਕਰੀ ਕਰਦੀ ਰਹੀ, ਏਨੀ ਜਾਇਦਾਦ ਹੁੰਦਿਆਂ ਵੀ, ਇਹ ਸਾਲਾ ਲੋਕਾਂ ਦੀਆਂ ਜ਼ਮੀਨਾਂ 'ਤੇ ਕਬਜੇ, ਲੜਾਈਆਂ ਤੇ ਕੋਰਟ ਕਚਹਿਰੀਆਂ ਵਿਚ ਫਿਰਦਾ ਰਿਹਾ। ਮਾੜੀ ਨੀਤ...। ਲੈ ਹੁਣ ਵੀ ਮੂਵ ਹੋਣ ਦਾ ਕੋਈ ਖਾਸ ਕਾਰਨ ਹੋਣਾ, ਦੇਖਦਾਂ ਇਨ੍ਹਾਂ ਦੀ ਕੁੜੀ ਨਾਲ ਗੱਲ ਕਰ ਕੇ।"

ਦੂਜੇ ਦਿਨ ਚਰਨ ਨੇ ਛਿੰਦੀ ਨੂੰ ਫੋਨ ਕੀਤਾ, "ਛਿੰਦੀ ਮੈਂ ਬੋਲਦਾਂ ਚਰਨ।"

"ਹਾਂ! ਵੀਰੇ ਪਛਾਣ ਲਿਆ ਮੈਂ, ਕਿਵੇਂ ਯਾਦ ਆ ਗਈ ਭੈਣ ਦੀ? ਪਰਿਵਾਰ ਠੀਕ ਏ?"

"ਭੈਣ ਸਭ ਠੀਕ ਏ, ਰਾਤ ਫੋਨ ਆਇਆ ਸੀ ਭੂਆ ਜੀ ਦਾ, ਬਈ ਅਸੀਂ ਤੇਰੇ ਕੋਲ ਮੂਵ ਹੋਣਾ। ਮੈਂ ਸੋਚਿਆ ਤੈਨੂੰ ਪਹਿਲਾਂ ਪੁੱਛਾਂ, ਤੇਰੇ ਬੱਚਿਆਂ ਦਾ...।"

"ਨਾ! ਵੀਰੇ ਨਾਂਹ ਕਰ ਦੇ।" ਵਿਚੋਂ ਟੋਕਦਿਆਂ ਛਿੰਦੀ ਨੇ ਕਿਹਾ, "ਤੈਨੂੰ ਪਤਾ, ਮੈਂ ਬੱਚੇ ਕਿਥੇ ਛੱਡਾਂਗੀ?"

"ਪਰ ਜੇ ਮੇਰੇ ਹੁੰਦਿਆਂ ਕਿਸੇ ਹੋਰ ਦੇ ਘਰ ਜਾ ਵੜੇ ਭੈਣ!"

"ਕੀਹਦੇ?"

"ਕੋਈ ਤਾਰਾ ਸਿੰਘ ਤੁਹਾਡੇ ਕੋਲੋਂ ਮੂਵ ਹੋਇਆ ਸਾਡੇ ਇਥੇ।"

"ਅੱ...ਛਾ! ਮੈਂ ਵੀ ਕਹਾਂ, ਮੰਮੀ ਹੋਰੀਂ ਨਿੱਤ ਤਾਰੇ ਅੰਕਲ ਦੀਆਂ ਸਿਫਤਾਂ ਕਿਉਂ ਕਰਦੇ ਆ! ਫਿਰ ਵੀਰੇ ਇਨ੍ਹਾਂ ਦੀ ਮਰਜੀ, ਰੱਸਾ ਤਾਂ ਮੈਂ ਪਾ ਨਹੀਂ ਸਕਦੀ।"

—

ਦੋ ਹਫਤੇ ਲੰਘੇ। ਇਕ ਦਿਨ ਫੋਨ ਦੀ ਘੰਟੀ ਵੱਜੀ। "ਓ ਕਾਕਾ ਗੁਰਚਰਨ ਮੈਂ ਤੇਰਾ ਫੁੱਫੜ ਬੋਲਦਾਂ।"

"ਕੋਈ ਨੀ, ਫੁੱਫੜ ਜੀ ਜਦੋਂ ਮਰਜੀ ਆ ਜਾਇਓ, ਆਉਣ ਤੋਂ ਪਹਿਲਾਂ ਦਿਨ ਤੇ ਫਲਾਈਟ ਦੱਸ ਦਿਓ, ਮੈਂ ਲੈ ਆਵਾਂਗਾ।"

"ਓਏ ਅਸੀਂ ਤਾਂ ਤੇਰੇ ਸ਼ਹਿਰ ਦੇ ਏਅਰ ਪੋਰਟ ਤੋਂ ਈ ਬੋਲਦੇ ਆਂ।"

"ਤੁਸੀਂ ਆ ਗਏ? ਮੈਂ ਆਉਨਾਂ, ਥੋੜਾ ਟਾਈਮ ਲੱਗ ਜਾਣਾ ਰਸ਼ ਆਵਰਜ਼ ਨੇ।"

ਚਰਨ ਸਟੋਰ ਤੋਂ ਕੰਮ ਵਿਚੇ ਛੱਡ ਘਰ ਪਹੁੰਚਿਆ, "ਭਾਗਵਾਨੇ, ਲੈ ਪਹੁੰਚ ਗਿਆ ਪਤੰਦਰ।"

"ਕੌਣ?"

"ਫੁੱਫੜ!" ਐਂ ਕਰਦੇ ਆਂ ਆਪਣੇ ਵਾਲਾ ਬੈਡਰੂਮ ਉਨ੍ਹਾਂ ਵਾਸਤੇ ਤਿਆਰ ਕਰ ਦੇ, ਗਰਾਊਂਡ ਫਲੋਰ 'ਤੇ, ਉਨ੍ਹਾਂ ਨੂੰ ਆਰਾਮ ਰਹੇਗਾ। ਨਾਲੇ ਰਸੋਈ ਬਿਲਕੁਲ ਨਾਲ, ਭੂਆ ਕਰੀ ਜਾਊ ਫੁੱਫੜ ਦੀ ਸੇਵਾ। ਮੈਂ ਲੈ ਆਵਾਂ ਏਅਰ ਪੋਰਟ ਤੋਂ।"

ਚਰਨ ਨੇ ਆਪਣੇ ਅੱਠ ਕੁ ਸਾਲ ਦੇ ਪੋਤੇ ਨੂੰ ਅਤੇ ਅਜੀਤ ਨੇ ਆਪਣੀ ਦਸ ਕੁ ਸਾਲ ਦੀ ਪੋਤੀ ਨੂੰ ਬੈਡ ਰੂਮ ਸ਼ੇਅਰ ਕਰਨ ਵਾਸਤੇ ਮਨਾਉਣ ਲਈ ਸੋਚ ਲਿਆ। ਉਨ੍ਹਾਂ ਨੂੰ ਪਤਾ ਸੀ ਕਿ ਬੱਚਿਆਂ ਔਖੇ ਹੀ ਮੰਨਣਾ ਹੈ ਕਿਉਂਕਿ ਅਜੇ ਕੁਝ ਦੇਰ ਪਹਿਲਾਂ ਹੀ ਦੋ ਰਿਸ਼ਤੇਦਾਰ ਤਿੰਨ ਮਹੀਨੇ ਇਸੇ ਤਰ੍ਹਾਂ ਹੀ ਐਡਜਸਟ ਕਰ ਕੇ ਰੱਖੇ ਸਨ।

ਚਰਨ ਭੂਆ-ਫੁੱਫੜ ਨੂੰ ਏਅਰ ਪੋਰਟ ਤੋਂ ਚੁੱਕ ਲਿਆਇਆ। "ਲਉ ਫੁੱਫੜ ਜੀ ਆਹ ਤੁਹਾਡਾ ਬੈਡਰੂਮ, ਤੁਸੀਂ ਖਾਓ-ਪੀਓ ਤੇ ਆਰਾਮ ਕਰੋ, ਮੈਂ ਸਟੋਰ ਦਾ ਕੰਮ ਮੁਕਾ ਆਵਾਂ, ਸ਼ਾਮ ਨੂੰ ਮਿਲਦੇ ਆਂ।"

ਅਜੀਤ ਨੂੰ ਇਕ ਪਾਸੇ ਕਰਕੇ ਚਰਨ ਬੋਲਿਆ, "ਲੈ ਦੱਸ ਵਿਹਲੜ ਚਾਰ ਅਟੈਚੀ ਚੁੱਕ ਲਿਆਇਆ, ਪਤਾ ਨੀਂ ਕੀ ਪੱਥਰ ਭਰੇ ਨੇ? ਤੂੰ ਕਰ ਸੇਵਾ, ਸ਼ਾਮ ਨੂੰ ਕਰਦਾਂ ਸੇਵਾ ਫੁੱਫੜ ਦੀ ਕੁੱਕੜ ਨਾਲ।"

"ਵੇ ਚੰਨ, ਮੇਰੀ ਗੱਲ ਸੁਣ ਕੇ ਜਾਵੀਂ।" ਭੂਆ ਬੋਲ ਪਈ।

"ਦੱਸੋ ਭੂਆ ਜੀ।"

"ਪੁੱਤ ਫੁੱਫੜ ਦਾ ਖਿਆਲ ਰੱਖੀਂ, ਵਾਸ਼ਰੂਮ ਗਏ ਨੇ, ਮੈਂ ਸੋਚਿਆ ਤੈਨੂੰ ਦੱਸ ਦਿਆਂ, ਰੋਜ਼ ਈ ਸ਼ਾਮੀ ਖਾਂਦੇ-ਪੀਂਦੇ ਨੇ। ਕਾਕਾ ਤੈਨੂੰ ਪਤਾ ਈ ਏ, ਤੁਹਾਡੇ ਘਰ ਦਾ ਜਵਾਈ ਭਾਈ ਏ।"

ਫਿਕਰ ਨਾ ਕਰੋ ਭੂਆ ਜੀ, ਕਹੋ ਤਾਂ ਡਰੰਮ 'ਚ ਈ ਪਾ ਦਿੰਦੇ ਆਂ ਫੁੱਫੜ ਨੂੰ।" ਹੱਸਦਿਆਂ ਚਰਨ ਨੇ ਵਿਅੰਗ ਕੀਤਾ।

"ਫੋਟ! ਕਿਹੋ ਜਈਆਂ ਗੱਲਾਂ ਕਰਦਾ।" ਭੂਆ ਵੀ ਹੱਸ ਕੇ ਗੱਲ ਟਾਲ ਗਈ।

ਚਰਨ ਸਟੋਰ 'ਤੇ ਚਲਾ ਗਿਆ। ਅਜੀਤ ਨੇ ਸਰਸਰੀ ਕਿਹਾ, "ਭੂਆ ਜੀ, ਆਰਾਮ ਕਰ ਲਓ।"

"ਲੈ ਕੁੜੇ ਜਹਾਜ 'ਚ ਆਰਾਮ ਈ ਸੀ, ਊਂ ਖਸਮਾਂ ਨੂੰ ਖਾਣੇ, ਕੁਝ ਨਹੀਂ ਦਿੰਦੇ ਖਾਣ ਪੀਣ ਨੂੰ।"

"ਲਓ ਭੂਆ ਜੀ ਚਾਹ ਵੀ ਬਣ ਗਈ, ਖਾ ਵੀ ਲਓ, ਬੁਲਾਓ ਫੁੱਫੜ ਜੀ ਨੂੰ ਵੀ।"

"ਨਹੀਂ! ਫੁੱਫੜ ਤਾਂ ਪੈ ਗਏ, ਉਹ ਤਾਂ ਸ਼ਾਮੀਂ ਉਠਣਗੇ। ਲਿਆ ਆਪਾਂ ਪੀਨੇ ਆਂ ਨਾਲੇ ਗੱਲਾਂ ਕਰਦੇ ਆਂ। ਹੋਰ ਸੁਣਾ, ਨੂੰਹ ਕਹਿਣੇ ਵਿਚ ਏ?"

"ਭੂਆ ਜੀ ਸ਼ੁਕਰ ਏ ਵਾਹਿਗੁਰੂ ਦਾ, ਨੂੰਹ ਨਹੀਂ, ਸਾਡੀ ਤਾਂ ਧੀ ਵਾਂਗ ਏ। ਪੋਤੀਆਂ, ਪੋਤਾ ਤੇ ਪੁੱਤਰ ਪਿਆਰ ਤੇ ਇੱਜ਼ਤ ਕਰਦੇ ਆ। ਬਾਕੀ ਪੈਸਿਆਂ ਦੀ ਕੀ, ਕਦੀ ਵੱਧ ਕੀ ਤੇ ਕਦੀ ਘੱਟ। ਤੁਸੀ ਦੱਸੋ ਛਿੰਦੀ ਭੈਣ, ਬੱਚੇ ਪ੍ਰਾਹੁਣਾ ਕਿਵੇਂ ਨੇ?"

"ਕੁੜੀਏ, ਥੋੜ੍ਹੀ ਉਰਾਂ ਨੂੰ ਹੋ ਜਾ, ਲੈ ਸੁਣ ਲੈ ਪ੍ਰਾਹੁਣੇ ਦੀ, ਸਾਨੂੰ ਪੰਜ ਸਾਲ ਹੋਣ ਨੂੰ ਨੇ, ਆਇਆਂ ਨੂੰ। ਕੁੜੀ ਨੂੰ ਵੀ ਕਿਹਾ ਇਕੋ ਤੇਰਾ ਭਰਾ ਏ, ਉਹਦਾ ਕੁਛ ਕਰੋ, ਸੁਣਦੇ ਨਹੀਂ! ਅਖੇ ਤੁਸੀਂ ਸਿਟੀਜ਼ਨ ਬਣੋ, ਫੇਰ ਕਰ ਲਿਉ ਅਪਲਾਈ, ਸਾਨੂੰ ਨਾ ਕੋਈ ਬੈਂਕ ਦਾ ਕਾਰਡ ਲੈ ਕੇ ਦਿਤਾ, ਨਾ ਸਾਨੂੰ ਕਿਸੇ ਸਟੋਰ ਦਾ ਪਤਾ, ਬਸ ਘਰੇ ਬੰਦ, ਇਨ੍ਹਾਂ ਦੀ ਚੌਕੀਦਾਰੀ ਕਰੋ, ਨਾਲੇ ਘਰ ਦਾ ਕੰਮ। ਕੁੜੀਏ ਧੀ ਦੇ ਘਰ ਰਹਿਣਾ ਕਿਤੇ ਸੌਖਾ, ਧੀ ਤਾਂ ਆਪਣੀ, ਜਵਾਈ ਤਾਂ ਬੇਗਾਨਾ ਪੁੱਤ।"

"ਚਲੋ ਛੱਡੋ ਭੂਆ ਜੀ।" ਗਰਾਜ ਖੁਲ੍ਹਣ ਦੀ ਆਵਾਜ਼ ਸੁਣ ਕੇ 'ਬੱਚੇ ਆ ਗਏ ਲੱਗਦਾ ਸਕੂਲੋਂ' ਕਹਿੰਦੀ ਹੋਈ ਅਜੀਤ ਉਠ ਖਲੋਤੀ।

ਸ਼ਾਮ ਹੋਈ 'ਤੇ ਫੁੱਫੜ ਦੀ ਪੂਰੀ ਸੇਵਾ ਹੋਈ। ਹਫਤਾ ਗੁਜ਼ਰ ਗਿਆ। ਅਜੀਤ ਵੇਅਰ ਹਾਊਸ ਵਿਚ ਕਵਾਲਟੀ ਕੰਟਰੋਲ ਦਾ ਕੰਮ ਕਰਦੀ ਸੀ, ਉਸ ਨੇ ਭੂਆ ਤੇ ਫੁੱਫੜ ਨੂੰ ਵੀ ਪੈਕਿੰਗ ਡਿਪਾਰਟਮੈਂਟ 'ਚ ਲਵਾ ਲਿਆ, ਉਮਰ 'ਚ ਭਾਵੇਂ ਫੁੱਫੜ ਤੇ ਭੂਆ ਦੋਵੇਂ ਸੱਤਰਾਂ ਨੂੰ ਢੁਕੇ ਸਨ ਪਰ ਕੰਮ ਦੋਵੇਂ ਖਿੱਚ ਧੂਹ ਕੇ ਕਰੀ ਜਾਂਦੇ। ਦੋ ਮਹੀਨੇ ਲੰਘ ਗਏ, ਫੁੱਫੜ ਨੇ ਡਰਾਇਵਿੰਗ ਲਾਈਸੈਂਸ ਵੀ ਲੈ ਲਿਆ, ਨਾਲੇ ਸਿਟੀਜ਼ਨਸ਼ਿਪ ਵਾਸਤੇ ਅਪਲਾਈ ਕਰ ਦਿਤਾ। ਹੁਣ ਦੋਹਾਂ ਖੌਰੂ ਪੁਟਣਾ ਲਾ'ਤਾ ਬਈ ਸਾਨੂੰ ਮਕਾਨ ਦਿਵਾਓ, ਨਾਲੇ ਕਾਰ।

"ਫੁੱਫੜ ਜੀ, ਕਾਰ ਆਹ ਸਾਡੇ ਕੋਲ ਵਾਧੂ ਖੜ੍ਹੀ, ਤੁਸੀਂ ਚਲਾਈ ਜਾਵੋ, ਜਦੋਂ ਗੁੰਜਾਇਸ਼ ਹੋਈ, ਲੈ ਲਿਓ। ਮਕਾਨ ਦਾ, ਮੈਂ ਤੁਹਾਨੂੰ ਰਾਏ ਦਿੰਦਾਂ ਬਈ ਅਪਾਰਟਮੈਂਟ ਲੈ ਲਵੋ।" ਚਰਨ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਗੱਲਾਂ ਤੋਂ ਪਤਾ ਲੱਗ ਚੁਕਾ ਸੀ ਕਿ ਇਨ੍ਹਾਂ ਨੇ ਸਿਟੀਜ਼ਨ ਬਣ ਕੇ ਮੁੰਡੇ ਤੇ ਉਸ ਦੇ ਪਰਿਵਾਰ ਦਾ ਅਪਲਾਈ ਕਰਨਾ, ਫਿਰ ਪਤਾ ਨਹੀਂ ਇਨ੍ਹਾਂ ਦਾ ਕੀ ਇਰਾਦਾ!

"ਨਹੀਂ ਬਈ ਨਹੀਂ! ਅਸੀਂ ਤਾਂ ਮਕਾਨ ਈ ਲੈਣਾ, ਸਾਡੇ ਕੋਲੋਂ ਨੀਂ ਰਿਹਾ ਜਾਣਾ ਅਪਾਰਟਮੈਂਟ 'ਚ। ਤੇਰੇ ਬੈਠਿਆਂ ਕੱਲ ਹੀ ਤਾਂ ਲੱਕੀ ਦਾ ਫੋਨ ਆਇਆ, ਡੈਡੀ ਮਕਾਨ ਈ ਲੈਣਾ ਆਪਾਂ ਸਾਰੇ ਪੈਸੇ ਇਕ-ਦੋ ਖੇਤ ਵੇਚ ਕੇ ਦੇ ਦੇਣੇ ਨੇ। ਤੂੰ ਕਾਕਾ ਮਕਾਨ ਦਾ ਈ ਹੀਲਾ ਕਰ।"

"ਪਰ, ਫੁੱਫੜ ਜੀ ਤੁਹਾਡਾ ਤਾਂ ਕਰੈਡਿਟ ਹੈ ਨਹੀਂ, ਬੈਂਕ ਨੇ ਲੋਨ ਨਹੀਂ ਦੇਣਾ।"

ਲਾਗੇ ਬੈਠੀ ਭੂਆ ਝੱਟ ਬੋਲ ਪਈ, "ਪੁੱਤਰ ਤੂੰ ਕਿਹੜੇ ਮਰਜ ਦੀ ਦਵਾਈ ਏਂ? ਜਿਵੇਂ ਮਰਜੀ ਕਰ।"

ਅਸਲ 'ਚ ਅਜੀਤ ਦਾ ਸੁਭਾ ਬਹੁਤ ਨਰਮ ਤੇ ਮਿਲਵਰਤਨ ਵਾਲਾ ਸੀ, ਜਦੋਂ ਵੀ ਭੂਆ ਨੇ ਕੋਈ ਸਵਾਲ ਪਾਉਣਾ ਤਾਂ ਚਰਨ ਦੇ ਜਵਾਬ ਤੋਂ ਪਹਿਲਾਂ ਹੀ ਫੁੱਫੜ ਬੋਲ ਪੈਂਦਾ, "ਚਲੋ ਘਰ ਦੀ ਧੀ ਧਿਆਣੀ ਏ, ਸਾਰੋ ਗਰਜ ਔਖੇ-ਸੌਖੇ।" ਇਹ ਸਾਰੀ ਔਖ ਵੀ ਫੁੱਫੜ ਈ ਖੜ੍ਹੀ ਕਰੀ ਰੱਖਦਾ। ਇੰਡੀਆ 'ਚ ਵੀ ਫੁੱਫੜ ਦੇ ਛੇੜੇ ਮੁਕੱਦਮਿਆਂ ਦੀ ਤੰਗੀ ਵੇਲੇ ਭੂਆ ਚਰਨ ਕੋਲੋਂ ਗਾਹੇ-ਬਗਾਹੇ ਮਦਦ ਲੈ ਜਾਂਦੀ। ਚਰਨ ਦਾ ਲੜਕਾ ਜੋ ਰੀਅਲ ਅਸਟੇਟ ਦਾ ਕੰਮ ਕਰਦਾ ਸੀ, ਨੇ ਵੀ ਜਵਾਬ ਦੇ ਦਿਤਾ, "ਡੈਡੀ ਮੈਂ ਨਹੀਂ ਇਨ੍ਹਾਂ ਦੀ ਕੋਈ ਜ਼ਿੰਮੇਵਾਰੀ ਲੈਣੀ, ਮੈਨੂੰ ਫੁੱਫੜ ਦੇ ਰਿਕਾਰਡ ਦਾ ਪਤਾ ਏ।"

"ਚੱਲ ਬੇਟਾ ਤੇਰੀ ਮਰਜੀ, ਪਰ ਮੈਂ ਨਹੀਂ ਭੱਜ ਸਕਦਾ।" ਚਰਨ ਨੇ ਆਪਣੀ ਮਜਬੂਰੀ ਦੱਸੀ, "ਫਿਰ ਭੂਆ ਜੀ ਲੋਨ ਮੈਨੂੰ ਆਪਣੇ ਨਾਂ 'ਤੇ ਲੈਣਾ ਪੈਣਾ, ਕਿਸ਼ਤਾਂ ਤੁਸੀਂ ਦੇਣੀਆਂ, ਮਕਾਨ ਵੀ ਤੁਹਾਡਾ ਈ ਹੋਣਾ, ਪੈਸੇ ਤੁਸੀਂ ਖੇਤ ਵੇਚ ਕੇ ਸਾਰੇ ਦੇ ਈ ਦੇਣੇ।"

"ਯਾਰ ਆਹ ਹੀ ਤਾਂ ਮੈਂ ਤੈਨੂੰ ਕਹਿ ਰਿਹਾਂ।" ਫੁੱਫੜ ਨੇ ਕੋਲ ਬੈਠਿਆਂ ਹੁੰਗਾਰਾ ਭਰਿਆ।

ਜ਼ੀਰੋ ਡਾਊਨ ਪੇਮੈਂਟ 'ਤੇ ਘਰ ਲੈ ਲਿਆ। ਚਾਰ ਮਹੀਨੇ ਲੰਘ ਗਏ। ਭੂਆ ਖੁਸ਼ੀ ਖੁਸ਼ੀ ਆਪਣੇ ਨਵੇਂ ਘਰ 'ਚ ਮੂਵ ਹੋ ਗਈ। ਦੋਵੇਂ ਜਾਬ ਕਰ ਰਹੇ ਸਨ। ਗੁਜ਼ਾਰੇ ਜੋਗਾ ਫਰਨੀਚਰ ਤੇ ਹੋਰ ਸਮਾਨ ਲੈ ਲਿਆ, ਜਿਸ 'ਚ ਜ਼ਿਆਦਾ ਚਰਨ ਨੇ ਆਪਣੇ ਕਰੈਡਿਟ 'ਤੇ ਲੈ ਦਿਤਾ।

ਕੁਝ ਦਿਨਾਂ ਪਿਛੋਂ ਚਰਨ ਦਾ ਬੇਟਾ ਕਹਿਣ ਲੱਗਾ, "ਡੈਡੀ ਆਹ ਚਾਰ ਹਜ਼ਾਰ ਦਾ ਚੈਕ ਭੂਆ ਨੂੰ ਦੇ ਦਿਉ।"

"ਇਹ ਕਾਹਦਾ?" ਚਰਨ ਨੇ ਹੈਰਾਨ ਹੁੰਦਿਆਂ ਪੁਛਿਆ।

"ਡੈਡੀ, ਮੈਂ ਦੂਜੇ ਏਜੰਟ ਨਾਲ ਆਪਣਾ ਨਾਂ ਪਵਾ ਦਿੱਤਾ ਸੀ, ਇਹ ਮੈਨੂੰ ਕਮਿਸ਼ਨ ਆਇਆ। ਆਖਰ ਤੁਹਾਡੀ ਭੂਆ ਸਾਡੀ ਵੀ ਤਾਂ ਕੁਝ ਲੱਗਦੀ ਏ।" ਏਨਾ ਕਹਿੰਦਿਆਂ ਚਰਨ ਨੇ ਪੁੱਤ ਨੂੰ ਜੱਫੀ ਪਾ ਲਈ, "ਜਿਉਂਦਾ ਰਹਿ ਪੁੱਤਰਾ।" ਚਰਨ ਦੀਆਂ ਅੱਖਾਂ ਨਮ ਹੋ ਗਈਆਂ। ਆਪਣੇ ਭਾਈਚਾਰੇ ਦੇ ਹਰੇਕ ਫੰਕਸ਼ਨ 'ਤੇ ਭੂਆ-ਫੁੱਫੜ ਨੂੰ ਨਾਲ ਲੈ ਕੇ ਜਾਂਦੇ ਤੇ ਸਾਰੇ ਉਨ੍ਹਾਂ ਨੂੰ ਭੂਆ-ਫੁੱਫੜ ਕਹਿ ਕੇ ਹੀ ਬੁਲਾਉਂਦੇ। ਕੁਝ ਮਹੀਨਿਆਂ ਬਾਅਦ ਦੋਵੇਂ ਸਿਟੀਜ਼ਨ ਬਣ ਗਏ। ਲੜਕੇ ਤੇ ਉਸ ਦੇ ਪਰਿਵਾਰ ਦਾ ਕੇਸ ਵੀ ਫਾਈਲ ਹੋ ਗਿਆ। ਅਚਾਨਕ ਇਕ ਦਿਨ ਸਵੇਰੇ ਈ ਭੂਆ-ਫੁੱਫੜ ਗੁਰਚਰਨ ਦੇ ਘਰ ਆ ਟਪਕੇ। ਹੱਥ ਵਿਚ ਲੱਡੂਆਂ ਦਾ ਡੱਬਾ।

"ਕੰਮ 'ਤੇ ਨਹੀਂ ਗਏ ਫੁੱਫੜ ਜੀ?"

"ਨਹੀਂ! ਬਈ ਅਸੀਂ ਦੋਹਾਂ ਕੱਲ ਜਵਾਬ ਦੇ ਦਿਤਾ, ਆਹ ਮੂੰਹ ਮਿੱਠਾ ਕਰੋ, ਪੋਤਾ ਹੋਇਆ ਕੱਲ।"

"ਵਾਹ ਜੀ ਵਾਹ! ਬਹੁਤ ਬਹੁਤ ਵਧਾਈਆਂ।"

"ਜਵਾਨਾ ਕੰਮ ਨਹੀਂ ਹੁੰਦਾ ਹੁਣ, ਐਂ ਕਰ ਸਾਡੇ ਨਾਲ ਸੋਸ਼ਲ ਸਕੁਰਟੀ (ਸਕਿਉਰਿਟੀ) ਆਫਿਸ ਚੱਲ, ਜੇ ਕੁਝ ਪੈਨਸ਼ਨ ਲਾ ਦੇਣ। ਦੱਸਦੇ ਨੇ ਸਾਡੇ ਵਰਗਿਆਂ ਨੂੰ, ਉਹ ਕੀ ਕਹਿੰਦੇ ਕੋਈ ਫੂਡ ਸਟੈਂਪਾਂ...।"

"ਪਰ ਫੁੱਫੜ ਜੀ ਮਕਾਨ ਦਾ ਤੇ ਘਰ ਦਾ ਕਿਵੇਂ ਚੱਲੂ? ਮੈਂ ਤੁਹਾਨੂੰ ਪਹਿਲੇ ਦਿਨ ਕਿਹਾ ਸੀ, ਬਈ ਅਪਾਰਟਮੈਂਟ ਲੈ ਲਓ, ਜਦੋਂ ਮਰਜੀ ਛੱਡ ਦਿਓ ਨੋਟਿਸ ਦੇ ਕੇ।"

"ਐਨੀ ਕੁ ਮੱਦਤ ਕਰਦੇ, ਆ ਮਕਾਨ ਦੀਆਂ ਕਿਸ਼ਤਾਂ ਕੁਝ ਮਹੀਨੇ ਦੇ ਦੇ, ਜਦ ਤੱਕ ਸਾਡੀ ਪੈਨਸ਼ਨ ਨਹੀਂ ਲੱਗਦੀ। ਮੈਂ ਲੱਕੀ ਨੂੰ ਫੋਨ ਕੀਤਾ, ਬਈ ਵੇਚ ਖੇਤ ਆਪਾਂ ਦਈਏ ਮਕਾਨ ਦੇ ਸਾਰੇ ਪੈਸੇ ਤੇ ਤੇਰੇ ਵੀ ਜਿਹੜੇ ਬਣਨਗੇ, ਚੁਕਤਾ ਕਰ ਦਿਆਂਗੇ। ਉਹ ਕਹਿੰਦਾ ਥੋੜਾ ਮੰਦਾ ਚਲ ਰਿਹਾ, ਪਰ ਤੂੰ ਫਿਕਰ ਨਾ ਕਰ।"

"ਫੁੱਫੜ ਜੀ, ਗੱਲ ਫਿਕਰ ਵਾਲੀ ਏ, ਨਾਲੇ ਪੈਨਸ਼ਨ ਨਾਲ ਨਹੀਂ ਸਰਨਾ, ਉਹ ਕਿੰਨੀ ਕੁ ਲੱਗਣੀ ਆ? ਤੁਹਾਨੂੰ ਪਤਾ ਇਕ ਵੀ ਕਿਸ਼ਤ ਲੇਟ ਹੋਈ, ਮੇਰਾ ਤਾਂ ਕਰੈਡਿਟ ਗਿਆ, ਆਹ ਤਾਂ ਬਹੁਤ ਔਖਾ ਹੋ ਜਾਣਾ।" ਚਰਨ ਨੂੰ ਤਾਂ ਹੱਥਾਂ ਪੈਰਾਂ ਦੀਆਂ ਪੈ ਗਈਆਂ। ਮਰਦਾ ਕੀ ਨਾ ਕਰਦਾ, ਲੈ ਤੁਰਿਆ ਸੋਸ਼ਲ ਸਕਿਉਰਿਟੀ ਆਫਿਸ। ਕਾਗਜ਼ੀ ਕਾਰਵਾਈ ਕਰ-ਕਰਾ ਕੇ ਦੋਹਾਂ ਨੂੰ ਸੋਸ਼ਲ ਸਕਿਉਰਿਟੀ ਦੇ ਥੋੜ੍ਹੇ ਪੈਸੇ ਮਿਲਣ ਲੱਗ ਗਏ। ਪਰ ਉਸ ਨਾਲ ਤਾਂ ਮਸਾਂ ਘਰ ਦਾ ਸਰਦਾ। ਤਿੰਨ ਮਹੀਨੇ ਦੀਆਂ ਮਕਾਨ ਦੀਆਂ ਕਿਸ਼ਤਾਂ ਭਰੀਆਂ। ਦਸੰਬਰ ਦਾ ਪਹਿਲਾ ਹਫਤਾ ਸੀ, ਚਰਨ ਤੇ ਅਜੀਤ ਨੂੰ ਰਿਸ਼ਤੇਦਾਰੀ 'ਚ ਦੂਜੀ ਸਟੇਟ ਜਾਣਾ ਪੈ ਗਿਆ। ਉਥੇ ਹੀ ਫੁੱਫੜ ਦਾ ਇਕ ਰਾਤ ਫੋਨ ਆ ਗਿਆ, "ਹਾਅ ਕੀ ਕਰ'ਤਾ ਤੂੰ?"

"ਕੀ ਫੁੱਫੜ ਜੀ?"

"ਐਨੀ ਸਨੋ ਪਈ ਏ, ਤੂੰ ਲਾਈਟ ਬੰਦ ਕਰਾ ਦਿਤੀ, ਤੂੰ ਬਿਲ ਨਹੀਂ ਭਰਿਆ ਹੋਣਾ!"

"ਫੁੱਫੜ ਜੀ ਕੀ ਗੱਲ ਕਰਦੇ ਓ, ਐਨਾ ਵੱਡਾ ਸਟਾਰਮ ਆਇਆ, ਕਿਤੇ ਖਰਾਬੀ ਪੈ ਗਈ ਹੋਣੀ, ਮੈਂ ਤਾਂ ਬਿਲ ਕਦੀ ਲੇਟ ਨਹੀਂ ਹੋਣ ਦਿਤਾ।"

"ਅਸੀਂ ਇੰਡੀਆ ਐਸ ਪੰਦਰਾਂ ਨੂੰ ਚਲੇ ਜਾਣਾ, ਪੋਤੇ ਦੀ ਲੋਹੜੀ ਏ।"

"ਕਦੋਂ ਮੁੜਨਾ?"

"ਪਤਾ ਨਹੀ!"

"ਫੁੱਫੜ ਜੀ ਮਕਾਨ, ਕਿਸ਼ਤਾਂ, ਉਹ ਖੇਤ?" ਚਰਨ ਦੇ ਮੂੰਹੋਂ ਕਈ ਸਵਾਲ ਨਿਕਲ ਗਏ।

"ਇਹ ਮਕਾਨ ਤਾਂ ਕਾਕਾ ਤੇਰਾ ਈ ਏ, ਭਾਵੇਂ ਵੇਚ ਭਾਵੇਂ ਰੱਖ, ਸਾਡਾ ਨੀਂ ਪਤਾ ਮੁੜੀਏ ਕਿ ਨਾ।"

"ਪਰ ਫੁੱਫੜ ਜੀ, ਇਹ ਕੀ ਕਹਿ ਰਹੇ ਓਂ? ਤੁਸੀਂ ਮੇਰੇ ਨਾਲ ਵਿਸਾਹਘਾਤ ਕਰ ਰਹੇ ਹੋ।" ਦੂਜੇ ਪਾਸੇ ਤੋਂ ਫੋਨ ਬੰਦ ਹੋ ਗਿਆ। ਚਰਨ ਨੇ ਦੋਬਾਰਾ ਫੋਨ ਕੀਤਾ, "ਭੂਆ ਜੀ, ਹਾਅ ਫੁੱਫੜ ਕੀ ਕਹਿੰਦਾ।" ਚਰਨ ਪੂਰਾ ਗੁੱਸੇ ਵਿਚ ਸੀ।

"ਕੋਈ ਨੀ ਪੁੱਤਰ, ਤੇਰਾ ਪੈਸਾ-ਪੈਸਾ ਦੇਵਾਂਗੇ, ਤੂੰ ਲਿਖ ਲੈ।"

"ਭੂਆ ਮੈਂ ਕੀ ਕੀ ਲਿਖਾਂ? ਭੂਆ ਇਹ ਤਾਂ ਹੁਣ ਤੱਕ ਦੀਆਂ ਕਿਸ਼ਤਾਂ ਤੇ ਬਿੱਲ ਨੇ, ਮੈਂ ਅਗੋਂ ਕੀ ਕਰੂੰ ਮਕਾਨ ਦਾ?"

"ਪੁੱਤ ਤੂੰ ਮੇਰੀਆਂ ਟੂੰਮਾਂ ਰੱਖ ਲੈ, ਤੇਰੇ ਪੈਸੇ ਦੇ ਕੇ ਲੈ ਲਾਂਗੇ।"

"ਭੂਆ ਕੀ ਗੱਲਾਂ ਕਰਦੀ ਏਂ, ਮੈਂ ਐਨਾ ਕਮੀਨਾ ਨਹੀਂ, ਨਾਲੇ ਟੂੰਮਾਂ ਦਾ ਕੀ ਆਉਣਾ? ਤੁਸੀਂ ਮੇਰੇ ਨਾਲ ਚੰਗਾ ਨਹੀਂ ਕਰ ਰਹੇ।" ਭੂਆ ਵੀ ਫੋਨ ਬੰਦ ਕਰ ਗਈ।

ਚਰਨ ਦੀ ਵਾਪਸੀ ਤੋਂ ਪਹਿਲਾਂ ਹੀ ਭੂਆ ਤੇ ਫੁੱਫੜ ਆਪਣਾ ਕੁਝ ਸਮਾਨ ਵੇਚ ਬਾਕੀ ਸਟੋਰ 'ਚ ਰੱਖ, ਕਾਰ ਉਹਦੀ ਘਰ ਦੀ ਪਾਰਕਿੰਗ 'ਚ ਲਾ, ਇੰਡੀਆ ਜਾ ਵੜੇ। ਇਕਾਨਮੀ ਮਾੜੀ ਹੋਣ ਕਰਕੇ ਮਕਾਨਾਂ ਦੀਆਂ ਕੀਮਤਾਂ ਡਿੱਗ ਚੁਕੀਆਂ ਸਨ। ਤਿੰਨ ਮਹੀਨੇ ਭੂਆ ਦੀ ਵੇਟ ਕਰਕੇ ਘਰ ਸੇਲ 'ਤੇ ਲਾ ਦਿਤਾ, ਛੇ ਮਹੀਨੇ ਦੀਆਂ ਕਿਸ਼ਤਾਂ ਚਰਨ ਜੇਬ 'ਚੋਂ ਭਰ ਬੈਠਾ ਸੀ। ਆਖਰਕਾਰ ਚਰਨ ਨੇ ਆਪਣੇ ਵੱਡੇ ਭਰਾ ਨੂੰ ਸਾਰੀ ਹੱਡਬੀਤੀ ਇੰਡੀਆ ਫੋਨ ਕਰਕੇ ਸੁਣਾਈ, ਨਾਲ ਈ ਕਿਹਾ ਕਿ ਫੁੱਫੜ ਕੋਲ ਜਾ ਕੇ ਆਉ। ਹਫਤੇ ਬਾਅਦ ਫੋਨ ਆਇਆ, "ਛੋਟੇ ਉਹ ਤਾਂ ਵਾਪਿਸ ਕੁੜੀ ਕੋਲ ਅਮਰੀਕਾ ਚਲੇ ਗਏ, ਲੱਕੀ ਕਹਿੰਦਾ ਅਸੀਂ ਕਾਹਦੇ ਪੈਸੇ ਦਈਏ, ਉਹ ਘਰ ਤਾਂ ਚਰਨ ਵੀਰ ਦਾ।...ਚਰਨ ਤੈਨੂੰ ਯਾਦ ਆ ਮੈਂ ਤੈਨੂੰ ਕਿਹਾ ਸੀ, ਫੁੱਫੜ ਨੂੰ ਮੂੰਹ ਨਾ ਲਾਵੀਂ।"

"ਭਾਜੀ, ਦੁੱਖ ਇਸ ਗੱਲ ਦਾ, ਕੋਈ ਮਾੜਾ-ਧੀੜਾ ਹੋਵੇ ਭੈਣ-ਭਾਈ ਹੋਰ ਗੱਲ ਏ, ਇਹ ਤਾਂ ਕਰੋੜਾਂ ਦੀ ਜਾਇਦਾਦ ਦੇ ਮਾਲਕ, ਇਨ੍ਹਾਂ ਧੋਖਾ ਕੀਤਾ ਮੇਰੇ ਨਾਲ। ਮਕਾਨ ਨਾ ਵਿਕਿਆ, ਸੇਲ ਤੋਂ ਲਾਹ ਕੇ ਕਿਰਾਏ 'ਤੇ ਚਾੜ੍ਹਿਆ, ਦੋ ਮਹੀਨੇ ਬਾਅਦ ਹੀ ਕਿਰਾਏਦਾਰ ਤੋੜ ਭੰਨ ਕਰਕੇ ਖਾਲੀ ਕਰ ਗਏ। ਦੋਬਾਰਾ ਸੇਲ 'ਤੇ ਲਾਇਆ, ਵਿਕ ਗਿਆ ਪਰ ਚਰਨ ਨੂੰ ਤੇਰਾਂ ਹਜਾਰ ਡਾਲਰ ਦਾ ਚੈਕ ਕਲੋਜ਼ਿੰਗ ਵੇਲੇ ਕੋਲੋਂ ਦੇਣਾ ਪਿਆ। ਕੁਲ ਮਿਲਾ ਕੇ ਤੀਹ ਹਜਾਰ 'ਚ ਭੂਆ ਤੇ ਫੁੱਫੜ ਪਏ।"

"ਅਜੀਤ! ਬੇਗਾਨੇ 'ਤੇ ਛੱਡ, ਮੈਨੂੰ ਤਾਂ ਇਸ ਤਰ੍ਹਾਂ ਲੱਗਦਾ ਖੂਨ ਦੇ ਰਿਸ਼ਤੇ ਵੀ ਪੈਸੇ ਤੇ ਲਾਲਚ ਅੱਗੇ ਪੇਤਲੇ ਪੈ ਗਏ ਨੇ, ਖੂਨ ਸਫੈਦ ਨਹੀਂ, ਪਾਣੀ ਹੋ ਗਿਆ ਰਿਸ਼ਤਿਆਂ ਦਾ।"

ਚਰਨ ਨੇ ਘਰ ਆ ਘਰ ਵਾਲੀ ਨਾਲ ਮਕਾਨ ਵਿਕਣ ਦੇ ਘਾਟੇ ਦਾ ਦੁੱਖ ਸਾਂਝਾ ਕੀਤਾ।

ਫਿਰ ਇਕ ਦਿਨ ਚਰਨ ਨੂੰ ਫੁੱਫੜ ਦਾ ਉਹੀ ਦੋਸਤ ਤਾਰਾ ਕਿਸੇ ਪਾਰਟੀ 'ਚ ਮਿਲਿਆ। ਪਤਾ ਲੱਗਾ ਕੁਝ ਦਿਨ ਪਹਿਲਾਂ ਈ ਜੇਲ 'ਚੋਂ ਜਮਾਨਤ 'ਤੇ ਰਿਹਾ ਹੋ ਕੇ ਆਇਆ, ਜਿਸ ਨੂੰ ਫਰਾਡ ਦੇ ਕੇਸ 'ਚ ਜੇਲ੍ਹ ਹੋ ਗਈ ਸੀ। ਉਹ ਖਚਰਾ ਜਿਹਾ ਮੁਸਕਰਾ ਕੇ ਦੱਸ ਰਿਹਾ ਸੀ, "ਤੁਹਾਡੇ ਫੁੱਫੜ ਹੋਣੀ ਤਾਂ ਆਪਣੀ ਕੁੜੀ ਕੋਲ ਕੈਲੀਫੋਰਨੀਆ ਘੁੱਗ ਵੱਸਦੇ ਹਨ।" ਇਹ ਸੁਣ ਕੇ ਚਰਨ ਦੇ ਮੂੰਹੋਂ ਸੁਭਾਵਕ ਨਿਕਲ ਗਿਆ, "ਜਿਹੋ ਜਹੀ ਕੋਕੋ, ਉਹੋ ਜਿਹੇ ਕੋਕੋ ਦੇ ਬੱਚੇ।"

-0-

ਹਰਪਾਲ ਸਿੰਘ ਪੰਨੂ ਦੀ ਕਿਤਾਬ 'ਸਵੇਰ ਤੋਂ ਸ਼ਾਮ ਤੱਕ'

ਪ੍ਰੋ. ਤੁੰਗ 35 ਸਾਲ ਖਾਲਸਾ ਕਾਲਜ, ਪਟਿਆਲਾ ਵਿਚ ਪੜ੍ਹਾ ਕੇ ਰਿਟਾਇਰ ਹੋਏ ਜਿਨ੍ਹਾਂ ਦੀ ਉਮਰ ਹੁਣ 80 ਤੋਂ ਟੱਪ ਚੁੱਕੀ ਹੈ। ਸਰੀਰ ਲਿਖਣ ਪੜ੍ਹਨ ਦੇ ਸਮਰਥ ਨਹੀਂ ਪਰ ਜਿਵੇਂ ਕਿਵੇਂ ਇਹ ਕਿਤਾਬ ਪੜ੍ਹੀ ਤੇ ਆਪਣੀ ਟਿਪਣੀ ਲਿਖਵਾਈ। ਦੋ ਕਵਿਤਾ ਦੀਆਂ, ਤਿੰਨ ਕਹਾਣੀਆਂ ਦੀਆਂ, ਦੋ ਆਲੋਚਨਾ ਦੀਆਂ ਕਿਤਾਬਾਂ ਦੇ ਲੇਖਕ ਹਨ- ਸੰਪਾਦਕ

ਪ੍ਰੋ. ਤੁੰਗ 35 ਸਾਲ ਖਾਲਸਾ ਕਾਲਜ, ਪਟਿਆਲਾ ਵਿਚ ਪੜ੍ਹਾ ਕੇ ਰਿਟਾਇਰ ਹੋਏ ਜਿਨ੍ਹਾਂ ਦੀ ਉਮਰ ਹੁਣ 80 ਤੋਂ ਟੱਪ ਚੁੱਕੀ ਹੈ। ਸਰੀਰ ਲਿਖਣ ਪੜ੍ਹਨ ਦੇ ਸਮਰਥ ਨਹੀਂ ਪਰ ਜਿਵੇਂ ਕਿਵੇਂ ਇਹ ਕਿਤਾਬ ਪੜ੍ਹੀ ਤੇ ਆਪਣੀ ਟਿਪਣੀ ਲਿਖਵਾਈ। ਦੋ ਕਵਿਤਾ ਦੀਆਂ, ਤਿੰਨ ਕਹਾਣੀਆਂ ਦੀਆਂ, ਦੋ ਆਲੋਚਨਾ ਦੀਆਂ ਕਿਤਾਬਾਂ ਦੇ ਲੇਖਕ ਹਨ- ਸੰਪਾਦਕ

'ਸਵੇਰ ਤੋ ਸ਼ਾਮ ਤੱਕ' ਡਾ. ਹਰਪਾਲ ਸਿੰਘ ਪੰਨੂ ਦੀ ਤਾਜ਼ਾ ਗੱਦ ਰਚਨਾ ਹੈ। ਇਸ ਦੇ ਸਾਰੇ ਪਾਠ ਉਸ ਦੇ ਤਜਰਬੇ 'ਤੇ ਆਧਾਰਿਤ ਹਨ, ਸੰਪਰਕ ਵਿਚ ਆਈਆਂ ਵੱਡੀਆਂ ਹਸਤੀਆਂ ਦੇ ਚਿਹਰੇ ਮੁਹਰੇ ਹਨ ਜੋ ਅਤਿਅੰਤ ਭਰਪੂਰਤਾ ਅਤੇ ਤਾਜ਼ਗੀ ਸਹਿਤ ਉਘਾੜੇ ਗਏ ਹਨ।

ਪ੍ਰੋ. ਗੁਲਵੰਤ ਸਿੰਘ ਬਾਰੇ ਮੈਂ ਪਹਿਲਾਂ ਵੀ ਪੜ੍ਹਿਆ ਸੁਣਿਆ ਹੈ ਪਰ ਪੰਨੂ ਨੇ ਜੋ ਆਪਣੇ ਵੱਖਰੇ ਰੰਗ ਵਿਚ ਪੇਸ਼ ਕੀਤਾ ਹੈ, ਉਸ ਨਾਲ ਪਾਠਕ ਉਨ੍ਹਾਂ ਨੂੰ ਪਿਆਰ ਕਰਨ ਲੱਗ ਜਾਂਦਾ ਹੈ। ਸ. ਕਪੂਰ ਸਿੰਘ ਆਪਣੀ ਸਾਰੀ ਗੁਸੈਲ ਤਬੀਅਤ ਦੇ ਬਾਵਜੂਦ ਪੂਰੀ ਤਰ੍ਹਾਂ ਨਿਖਰ ਕੇ ਸਾਹਮਣੇ ਆਇਆ ਹੈ। ਉਸ ਦੇ ਗੁਣ ਔਗੁਣ ਬਿਆਨ ਕਰਦੇ ਹੋਏ

ਪ੍ਰੋ. ਮੇਵਾ ਸਿੰਘ ਤੁੰਗ

ਆਪਣੇ ਮੱਤਭੇਦ ਦਰਜ ਕਰਨੋਂ ਭੀ ਨਹੀਂ ਭੁੱਲਿਆ। ਲੁਤਫ ਇਸ ਗੱਲ ਵਿਚ ਹੈ ਕਿ ਬਿਆਨ ਸ. ਕਪੂਰ ਸਿੰਘ ਦਾ ਚਲਦਾ ਹੈ, ਪਰ ਗੁਣ ਡਾ. ਭਗਤ ਦਾ ਉਭਰ ਆਉਂਦਾ ਹੈ। ਇਹੋ ਕਲਾ ਹੈ।

ਪੰਨੂ ਵਿਲੱਖਣ, ਵਿਸ਼ੇਸ਼ ਅਤੇ ਗੁਣਵੱਤਾ ਸ਼ੈਲੀਕਾਰ ਹੈ ਜਿਸ ਉਪਰ ਕਿਸੇ ਪੂਰਵਕਾਲੀ ਗੱਦ ਲੇਖਕ ਦਾ ਕੋਈ ਪ੍ਰਭਾਵ ਨਹੀਂ। ਕੋਈ ਲੇਖਕ ਉਸ ਦਾ ਮਾਡਲ ਨਹੀਂ। ਅਜਿਹਾ ਕਰਨ 'ਤੇ ਹੀ ਅਦਬ ਵਿਚ ਇਨਫਰਾਦੀਅਤ (Individuality) ਆਉਂਦੀ ਹੈ। ਇਹ ਮੌਲਿਕਤਾ ਦੀ ਦੇਣ ਹੁੰਦੀ ਹੈ ਅਤੇ ਮੌਲਿਕਤਾ ਇਨਫਰਾਦੀਅਤ ਦੀ। ਇਹੋ ਗੁਣ ਕਿਸੇ ਨੂੰ ਦੂਜਿਆਂ ਨਾਲੋਂ ਨਿਖੇੜਦੇ ਹਨ। ਪੰਨੂ ਨਿਖੜ ਕੇ ਚਲਦਾ ਹੈ ਤੇ ਲੇਖਕਾਂ ਦੀ ਵੱਡੀ ਭੀੜ ਵਿਚ ਸਹਿਜੇ ਪਛਾਣਿਆ ਜਾਂਦਾ ਹੈ। ਇਸੇ ਲਈ ਮੈਂ ਉਸ ਦਾ ਸੁਆਗਤ ਕਰਦਾ ਹਾਂ।

ਪੰਨੂ ਵਲੋਂ ਲਿਖੇ ਸ਼ਖਸੀ ਚਿਹਰੇ ਇਸ ਤਰ੍ਹਾਂ ਦੇ ਹਨ ਕਿ ਇਨ੍ਹਾਂ ਨੂੰ ਲੇਖ ਕਹਿ ਲਵੋ, ਚਾਹੇ ਰਿਪੋਰਤਾਜ ਜਾਂ ਸ਼ਬਦ ਚਿੱਤਰ, ਇਹ ਸਾਰੀਆਂ ਵੰਨਗੀਆਂ ਵਿਚ ਸਮਾ ਜਾਂਦੇ ਹਨ।

ਪੰਜਾਬੀ ਵਿਚ ਚਿਹਰਾਸ਼ਾਹੀ ਲਿਖਣ ਦਾ ਰਿਵਾਜ ਸਭ ਤੋਂ ਪਹਿਲਾਂ ਪਟਿਆਲੇ ਤੋਂ ਛਪਣ ਵਾਲੇ ਰੋਜ਼ਾਨਾ ਅਖਬਾਰ 'ਪ੍ਰਕਾਸ਼' ਵਿਚ ਸੂਬਾ ਸਿੰਘ ਨੇ ਪਾਇਆ ਸੀ। ਇਸ ਕਾਲਮ ਅਧੀਨ ਉਸ ਨੇ ਪੈਪਸੂ ਦੇ ਸਾਰੇ ਪ੍ਰਸਿਧ ਸਿਆਸਤਦਾਨਾਂ ਦੇ ਚਿਹਰੇ ਲਿਖੇ ਸਨ। ਇਸ ਲੜੀ ਵਿਚ ਉਸ ਵੱਲੋਂ ਵਿਚਾਰੇ ਗਏ ਲੀਡਰਾਂ ਦੀ ਭਰਵੀਂ ਤੇ ਖੁੱਲ੍ਹੀ ਜਾਣ ਪਛਾਣ ਆਪਣੇ ਨਿਜੀ ਅਨੁਭਵ ਦੀਆਂ ਛੁਹਾਂ ਦੇ ਦੇ ਕੇ ਕਰਾਈ ਸੀ।

1957 ਵਿਚ ਮਾਸਕ ਪੱਤਰ 'ਆਰਸੀ' ਛਪਣ ਲੱਗਾ ਤਾਂ ਇਹ ਕੰਮ ਬਲਵੰਤ ਗਾਰਗੀ ਨੇ ਸ਼ੁਰੂ ਕਰ ਲਿਆ ਤੇ ਮੰਟੋ ਦੀ ਸ਼ੈਲੀ ਨੂੰ ਕਾਮਯਾਬੀ ਨਾਲ ਅਪਣਾ ਲਿਆ। ਉਸ ਨੂੰ ਬੜੀ ਸ਼ੁਹਰਤ ਤੇ ਵਾਹ ਵਾਹ ਮਿਲੀ। ਮੈਂ ਪੰਜਾਬੀਆਂ ਅੱਗੇ ਮੰਟੋ ਦੇ ਅਸਰ ਵਾਲਾ ਇਹ ਨੁਕਤਾ ਉਠਾਇਆ, ਪਰ ਕਿਸੇ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ।

ਪੰਜਾਬੀ ਵਿਚ ਸਭ ਤੋਂ ਪਹਿਲਾਂ ਜੋ ਚਿਹਰਾ ਜਾਂ ਸ਼ਬਦ ਚਿੱਤਰ ਲਿਖਿਆ ਗਿਆ, ਉਹ ਸੁਜਾਨ ਸਿੰਘ ਦਾ 'ਜਾਗੋ ਮਾਸਟਰ' ਸੀ। ਫਿਰ ਕੁਲਬੀਰ ਕਾਂਗ ਨੇ ਇਹ ਕੰਮ ਸੁਜਾਨ ਸਿੰਘ ਦੀ ਜਾਣ ਪਛਾਣ ਕਰਾ ਕੇ ਕੀਤਾ ਅਤੇ ਸਮਾਂ ਪਾ ਕੇ ਸ਼ਖਸੀ ਚਿਹਰਿਆਂ ਦੀਆਂ ਦੋ ਕਿਤਾਬਾਂ ਛਾਪ ਲਈਆਂ। ਮੋਹਨ ਸਿੰਘ ਦੀਵਾਨਾ ਨੇ ਇਹੋ ਕੰਮ 'ਪੰਜਾਬੀ ਟ੍ਰਿਬਿਊਨ' ਵਿਚ 'ਮੇਰੇ ਇਕ ਵਕਤੇ' ਸਿਰਲੇਖ ਅਧੀਨ ਕੀਤਾ। ਦੀਵਾਨਾ 'ਸਮਕਾਲੀ' ਲਫਜ਼ ਦੀ ਥਾਂ 'ਇਕ ਵਕਤੇ' ਲਿਖਿਆ ਕਰਦਾ ਸੀ। ਹਰਿਭਜਨ ਸਿੰਘ ਨੇ ਆਪਣਾ ਚਿਹਰਾ 'ਹਰੀਆ' ਸਿਰਲੇਖ ਹੇਠ ਲਿਖਿਆ। ਸੰਤ ਸਿੰਘ ਸੇਖੋਂ ਤੇ ਕਰਤਾਰ ਸਿੰਘ ਦੁੱਗਲ ਨੇ ਬਲਵੰਤ ਗਾਰਗੀ ਬਾਰੇ ਲਿਖ ਕੇ ਉਹਦੇ ਕੀਤੇ ਦਾ ਮੁੱਲ ਮੋੜਿਆ। ਬਿਸ਼ਨ ਸਿੰਘ ਉਪਾਸ਼ਕ ਦੀ ਇਸ ਤਰ੍ਹਾਂ ਦੀ ਕਿਤਾਬ 'ਨੈਣ ਨਕਸ਼' ਦੇ ਨਾਮ ਹੇਠ ਛਪੀ। ਅਜਮੇਰ ਸਿੰਘ ਦੇ ਸ਼ਬਦ ਚਿਤਰਾਂ ਵਾਲੀ 'ਪਟਿਆਲੇ ਕੇ ਬਿਚ ਮਾਂ' ਕਿਤਾਬ ਛਪੀ।

ਗੁਲਵੰਤ ਸਿੰਘ ਉਪਰ ਅਜਮੇਰ ਸਿੰਘ ਅਤੇ ਗੁਰਮੁਖ ਸਿੰਘ ਨੇ ਵੀ ਲਿਖਿਆ ਹੈ, ਉਨ੍ਹਾਂ ਦਾ ਆਪਣਾ ਰੰਗ ਹੈ। ਉਨ੍ਹਾਂ ਨੇ ਗੁਲਵੰਤ ਸਿੰਘ ਅਤੇ ਲਾਲੀ ਬਾਰੇ ਅਪਣੱਤ ਨਾਲ ਲਿਖਿਆ ਹੈ। ਉਨ੍ਹਾਂ ਪ੍ਰਤੀ ਹਮਦਰਦੀ ਅਤੇ ਸੰਵੇਦਨਾ ਤੋਂ ਇਲਾਵਾ ਕੁਝ ਇਤਰਾਜ਼ ਵੀ ਹਨ। ਪੰਨੂ ਨੇ ਗੁਲਵੰਤ ਸਿੰਘ ਦਾ ਸਾਰਾ ਹੁਲੀਆ ਉਨ੍ਹਾਂ ਦੇ ਆਂਤ੍ਰਿਕ ਗੁਣਾ ਸਮੇਤ ਜ਼ਿੰਦਾ ਸਟਾਈਲ ਵਿਚ ਲਿਖਿਆ ਹੈ। ਜਿਸ ਯੌਗਿਕ ਸਹਿਜ ਨਾਲ ਅੰਤਮ ਦਿਨ ਉਹ ਅਗਲੇਰੇ ਜੀਵਨ ਮੰਡਲ ਵਿਚ ਦਾਖਲ ਹੁੰਦੇ ਹਨ, ਉਸ ਦਾ ਵਰਣਨ ਵਿਚਾਰ ਅਨੂਠੀ ਅਨੂਪਮ ਭਾਸ਼ਾ ਸ਼ਬਦਾਵਲੀ ਅਤੇ ਸ਼ੈਲੀ ਵਿਚ ਕੀਤਾ ਹੈ। ਭੋਗ ਸਮੇਂ ਗ੍ਰੰਥੀ ਸਿੰਘ ਨੇ ਲਾਵਾਂ ਦਾ ਪਾਠ ਕੀਤਾ, ਸੰਗਤ ਦੀਆਂ ਅੱਖਾਂ ਸੇਜਲ ਹੋ ਗਈਆਂ ਸਨ। ਇਹ ਬਿਰਤਾਂਤ ਪੜ੍ਹ ਕੇ ਇੰਨ ਬਿਨ ਮੇਰੀਆਂ ਅੱਖਾਂ ਭਰ ਆਈਆਂ ਸਨ। ਪੰਨੂ ਉਨ੍ਹਾਂ ਦੇ ਜੀਵਨ ਦੀ ਅੰਤਿਮ ਦੁਖਾਂਤਕ ਘਟਨਾ ਸਹਿਜ ਭਾਵ ਨਾਲ ਦੱਸ ਗਿਆ ਜੋ ਪਹਿਲਾਂ ਕੋਈ ਨਹੀਂ ਦੱਸ ਸਕਿਆ। ਇਹ ਸ਼ਬਦ ਲਿਖਦਿਆਂ ਮੇਰੇ ਮੂੰਹੋਂ ਨਿਕਲਿਆ- ਧੰਨ ਗੁਲਵੰਤ ਸਿੰਘ।

ਪੰਜਾਬੀ ਵਿਚ ਸਭ ਤੋਂ ਪਹਿਲਾਂ ਜੋ ਚਿਹਰਾ ਜਾਂ ਸ਼ਬਦ ਚਿੱਤਰ ਲਿਖਿਆ ਗਿਆ, ਉਹ ਸੁਜਾਨ ਸਿੰਘ ਦਾ 'ਜਾਗੋ ਮਾਸਟਰ' ਸੀ। ਫਿਰ ਕੁਲਬੀਰ ਕਾਂਗ ਨੇ ਇਹ ਕੰਮ ਸੁਜਾਨ ਸਿੰਘ ਦੀ ਜਾਣ ਪਛਾਣ ਕਰਾ ਕੇ ਕੀਤਾ ਅਤੇ ਸਮਾਂ ਪਾ ਕੇ ਸ਼ਖਸੀ ਚਿਹਰਿਆਂ ਦੀਆਂ ਦੋ ਕਿਤਾਬਾਂ ਛਾਪ ਲਈਆਂ। ਮੋਹਨ ਸਿੰਘ ਦੀਵਾਨਾ ਨੇ ਇਹੋ ਕੰਮ 'ਪੰਜਾਬੀ ਟ੍ਰਿਬਿਊਨ' ਵਿਚ 'ਮੇਰੇ ਇਕ ਵਕਤੇ' ਸਿਰਲੇਖ ਅਧੀਨ ਕੀਤਾ। ਦੀਵਾਨਾ 'ਸਮਕਾਲੀ' ਲਫਜ਼ ਦੀ ਥਾਂ 'ਇਕ ਵਕਤੇ' ਲਿਖਿਆ ਕਰਦਾ ਸੀ। ਹਰਿਭਜਨ ਸਿੰਘ ਨੇ ਆਪਣਾ ਚਿਹਰਾ 'ਹਰੀਆ' ਸਿਰਲੇਖ ਹੇਠ ਲਿਖਿਆ। ਸੰਤ ਸਿੰਘ ਸੇਖੋਂ ਤੇ ਕਰਤਾਰ ਸਿੰਘ ਦੁੱਗਲ ਨੇ ਬਲਵੰਤ ਗਾਰਗੀ ਬਾਰੇ ਲਿਖ ਕੇ ਉਹਦੇ ਕੀਤੇ ਦਾ ਮੁੱਲ ਮੋੜਿਆ।

ਲਾਲੀ ਵਾਲੇ ਲੇਖ ਵਿਚ ਪੰਨੂ ਉਸ ਦੇ ਪਿਤਾ ਗੁਰਨਾਮ ਸਿੰਘ ਬਾਰੇ ਉਹ ਸਾਰਾ ਕੁਝ ਦੱਸ ਗਿਆ ਹੈ ਜੋ ਉਨ੍ਹਾਂ ਦਾ ਪਰਮ ਯਥਾਰਥ ਹੈ। ਕੇਵਲ ਦੱਸ ਨਹੀਂ ਗਿਆ, ਉਸ ਸਾਰੇ ਕੁਝ ਨੂੰ ਜਿਉਂਦਾ ਕਰ ਗਿਆ ਜੋ ਸਮਾਂ ਸਾਡੇ ਤੋਂ ਖੋਹ ਕੇ ਲੈ ਗਿਆ। ਪਤਾ ਨਹੀਂ ਕੋਈ ਕਦੋਂ ਤੇ ਕਿਵੇਂ ਉਸ ਜਿਉਂਦੀ ਦੁਨੀਆਂ ਵਿਚੋਂ ਲੰਘਦਾ ਰਹੇਗਾ ਜੋ ਮੌਤ ਸਾਡੇ ਤੋਂ ਖੋਹ ਕੇ ਲੈ ਜਾਂਦੀ ਹੈ। ਲਾਲੀ ਤੇ ਗੁਰਨਾਮ ਸਿੰਘ ਨੂੰ ਮਿਲਣ ਦੀ ਚਾਹਤ ਵਾਲਾ ਬੰਦਾ ਮੌਤ ਨੂੰ ਟਿੱਚ ਜਾਣੇਗਾ ਤੇ ਚੁਟਕੀ ਮਾਰ ਕੇ ਧੋਖਾ ਦੇ ਜਾਏਗਾ। ਇਸ ਲਿਖਤ ਵਿਚ ਏਨੀ ਕੁ ਤਾਕਤ ਹੈ ਹੀ।

ਰਿਆਲ ਅਤੇ ਖੁਮਾਰ, ਪੰਨੂ ਦੇ ਆਪਣੇ ਨੇੜੇ ਦੇ ਲੋਕ ਹਨ। ਇਨ੍ਹਾਂ ਦਾ ਸਾਰਾ ਵੇਰਵਾ ਕਾਮਯਾਬੀ ਨਾਲ ਦੇ ਦਿੱਤਾ ਹੈ, ਪਰ ਸਭ ਤੋਂ ਔਖਾ ਕੰਮ ਸੀ ਸੰਤੋਖ ਸਿੰਘ ਧੀਰ ਅਤੇ ਸੰਤ ਜਰਨੈਲ ਸਿੰਘ ਬਾਰੇ ਲਿਖਣਾ। ਵਿਚਾਰਧਾਰਾ ਵਿਚ ਧੀਰ ਪੰਨੂ ਦੇ ਉਲਟ ਖਲੋਤਾ ਹੈ, ਉਸ ਨਾਲ ਸੰਪਰਕ ਭੀ ਘੱਟ ਹੈ। ਵਧੇਰੇ ਸੰਪਰਕ ਪੁਸਤਕ ਆਧਾਰਿਤ ਹੈ, ਪਰ ਉਸ ਨੂੰ ਜਿਉਂ ਦਾ ਤਿਉਂ ਪੇਸ਼ ਕਰ ਦਿੱਤਾ। ਸੰਤ ਜਰਨੈਲ ਸਿੰਘ ਨਾਲ ਸੰਪਰਕ ਦੂਰ ਦਾ ਸੀ, ਪਰ ਉਨ੍ਹਾਂ ਬਾਰੇ ਵਰਣਨ ਸ਼ਾਨਦਾਰ ਹੈ। ਇਹ ਸਫਲਤਾ ਪੰਨੂ ਦੀ ਪ੍ਰਾਪਤੀ ਹੈ।

ਬੇਬੇ ਦਾ ਉਹ ਪੁੱਤਰ ਹੈ, ਇਸ ਬਾਰੇ ਮੈਂ ਕੁਝ ਨਹੀਂ ਕਹਿਣਾ। ਖੁਸ਼ੀ ਇਸ ਗੱਲ ਦੀ ਹੈ ਕਿ ਉਹ ਸਾਡੇ ਸਮਾਜ ਅਤੇ ਸਭਿਆਚਾਰ ਵਿਚੋਂ ਜਲਾਵਤਨ ਹੋਇਆ ਲਫਜ਼ ਵਾਪਸ ਲੈ ਆਇਆ ਹੈ। ਅਸੀਂ ਬੇਬੇ ਦਾ ਬਾਈਕਾਟ (ਲੇਖਕ ਨੇ 'ਬਹਿਸ਼ਕਾਰ' ਸ਼ਬਦ ਵਰਤਿਆ ਹੈ) ਕਰ ਚੁੱਕੇ ਹਾਂ। ਮਾਂ ਨੂੰ ਪੰਜਾਬੀ ਲੋਕ ਬੇਬੇ ਕਹਿਣਾ ਭੁੱਲ ਗਏ ਹਨ। ਮੇਰਾ ਦੋਸਤ ਕਪੂਰ ਸਿੰਘ ਘੁੰਮਣ ਝੂਰਦਾ ਚਲਾ ਗਿਆ ਕਿ ਪੰਜਾਬੀ ਵਿਚ ਬੇਬੇ ਲਫਜ਼ ਦੀ ਵਰਤੋਂ ਬੰਦ ਹੋ ਗਈ ਹੈ। ਪੰਨੂ ਦਾ ਵੱਡਾ ਜਿਗਰਾ ਹੈ ਜਿਸ ਨੇ ਇਹ ਵਾਪਸ ਲੈ ਆਂਦਾ ਹੈ। ਇਸ ਦਾ ਪੁਨਰ ਪ੍ਰਚਲਨ ਹੁੰਦਾ ਹੈ ਜਾਂ ਨਹੀਂ, ਇਹ ਅਜੇ ਦੇਖਿਆ ਜਾਏਗਾ।

ਕਿਤਾਬ ਦਾ ਰਸਮੀ ਰੀਵਿਊ ਖਤਮ ਹੈ। ਆਪਣੇ ਅਨੁਭਵ ਦੀ ਇਕ ਗੱਲ ਜ਼ਰੂਰ ਲਿਖਣੀ ਹੈ। ਪੰਨੂ ਦੀ ਵਾਰਤਕ ਛਪਣ ਲੱਗੀ ਤਾਂ ਮੈਨੂੰ ਉਸ ਦੀ ਲਿਖਤ ਅਟਪਟੀ ਤੇ ਓਪਰੀ ਲੱਗੀ। ਇਹ ਅਹਿਸਾਸ ਕਾਫੀ ਦੇਰ ਚੱਲਿਆ। ਉਸ ਦੀ ਇਹ ਕਿਤਾਬ ਪੜ੍ਹ ਕੇ ਮੇਰਾ ਪੁਰਾਣਾ ਅਹਿਸਾਸ ਗਾਇਬ ਹੋ ਗਿਆ। ਇਹ ਕੁਝ ਕਦੋਂ ਹੋਇਆ, ਕਿਵੇਂ ਹੋਇਆ, ਪਤਾ ਨਹੀਂ ਲੱਗਾ।

ਹੁਣ ਮੈਂ ਸੋਚ ਰਿਹਾ ਹਾਂ ਜਿਹੜੀ ਚੀਜ਼ ਨਵੀਂ ਤੇ ਵੱਖਰੀ ਹੋਵੇ, ਉਸ ਨਾਲ ਇਸੇ ਤਰ੍ਹਾਂ ਹੁੰਦਾ ਹੈ, ਅਪਨਾਉਣ ਵਿਚ ਵਕਤ ਲਗਦਾ ਹੈ। ਮੈਨੂੰ ਵਕਤ ਲੱਗਾ। ਹੁਣ ਉਸ ਦੀ ਨਸਰ ਓਪਰੀ ਬੇਗਾਨੀ ਨਹੀਂ ਲਗਦੀ। ਇਹ ਅੰਦਰੂਨੀ ਵਰਤਾਰਾ ਹੈ ਜੋ ਆਪਣੇ ਕੌਤਕ ਆਪ ਕਰਦਾ ਹੈ। ਇਸ ਨਾਲ ਪਹਿਲੋਂ ਕਹੀ ਮੇਰੀ ਗੱਲ ਸਿੱਧ ਤੇ ਪਰਪੱਕ ਹੁੰਦੀ ਹੈ ਕਿ ਪੰਨੂ ਦਾ ਕੋਈ ਮਾਡਲ ਨਹੀਂ। ਉਸ ਉਪਰ ਕਿਸੇ ਦਾ ਪ੍ਰਭਾਵ ਨਹੀਂ, ਉਸ ਦਾ ਕੋਈ ਰੋਲ ਮਾਡਲ ਨਹੀਂ, ਜੋ ਕੁਝ ਹੈ ਆਪਣੇ ਆਪ ਹੈ, ਸੁਤੰਤਰ ਹੈ। ਜੌਨ ਮਿਡਲਟਨ ਮਰੇ (John Midldeton Murry) ਆਪਣੀ ਕਿਤਾਬ The Problem of Style (Oxford University Press-1922) ਵਿਚ ਲਿਖਦਾ ਹੈ, "For the highest style is that wherein the two current meanings of the word blend; it is a combination of the maximum of personality with the maximum of impersonality..." (p.35)। ਹਰਪਾਲ ਸਿੰਘ ਪੰਨੂ ਨੇ ਇਹ ਕਰ ਦਿਖਾਇਆ। ਲਾਲੀ ਦਾ ਚੁਗਿਰਦਾ, ਗੁਲਵੰਤ ਸਿੰਘ, ਸੰਤੋਖ ਸਿੰਘ ਧੀਰ ਤੇ ਸੰਤ ਜਰਨੈਲ ਸਿੰਘ ਇਸ ਦੀਆਂ ਉਤਮ ਉਦਾਹਰਣਾਂ ਹਨ। -0-

ਕਿਸਾਨੀ 'ਚ ਹਰੀ ਕ੍ਰਾਂਤੀ ਦਾ ਝੰਡਾਬਰਦਾਰ ਜਗਜੀਤ ਹਾਰਾ

ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸ਼ੇਰਸ਼ਾਹ ਸੂਰੀ ਮਾਰਗ ਉਤੇ ਲੁਧਿਆਣੇ ਨੇੜੇ ਸਾਹਨੇਵਾਲ ਦੀ ਬੁਕਲ ਵਿਚ ਇੱਕ ਨਿੱਕਾ ਜਿਹਾ ਪਿੰਡ ਹੈ ਜਿਸ ਦਾ ਡਾਕਖਾਨਾ ਵੀ ਖਾਸ ਨਹੀਂ ਕੰਗਣਵਾਲ ਹੈ ਜਿੱਥੋਂ ਦੇ ਜਗਜੀਤ ਸਿੰਘ ਹਾਰਾ ਨੇ ਇਸ ਪਿੰਡ ਨੂੰ ਕਿਰਸਾਣੀ ਜਗਤ ਦੇ ਨਕਸ਼ੇ ਉਤੇ ਲੈ ਆਂਦਾ ਹੈ। ਅਰਥਸ਼ਾਸਤਰ ਦੀ ਐਮ.ਏ. ਜਗਜੀਤ ਹਾਰਾ ਅਜਿਹਾ ਅਗਾਂਹਵਧੂ ਕਿਸਾਨ ਹੈ ਜਿਸ ਦੀ ਉਨਤ ਖੇਤੀ ਵੇਖ ਕੇ ਤੇ ਹਰੀ ਕ੍ਰਾਂਤੀ ਦਾ ਜਨਮਦਾਤਾ ਨਾਰਮਨ ਬੋਰਲਾਗ ਹੀ ਨਹੀਂ, ਉਨਤ ਤੇ ਵਿਗਿਆਨਕ ਖੇਤੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ ਮਹਾਂ ਵਿਗਿਆਨੀ ਐਮ. ਐਸ. ਸਵਾਮੀਨਾਥਨ ਤੇ ਗੁਰਦੇਵ ਸਿੰਘ ਖੁਸ਼ ਸਮੇਤ ਪੰਜਾਬ ਖੇਤੀ ਯੂਨੀਵਰਸਟੀ ਦੇ ਸਾਰੇ ਵਾਈਸ ਚਾਂਸਲਰ (ਐਮ. ਐਸ. ਰੰਧਾਵਾ, ਜੀ. ਐਸ. ਕਾਲਕਟ, ਅਮਰੀਕ ਸਿੰਘ ਚੀਮਾ, ਮਨਜੀਤ ਸਿੰਘ ਕੰਗ ਤੇ ਕੇ. ਐਸ. ਔਲਖ) ਉਸ ਦੇ ਫਾਰਮ 'ਤੇ ਜਾ ਕੇ ਉਹਦੇ ਨਾਲ ਗੱਲਬਾਤ ਕਰਦੇ ਰਹੇ ਹਨ।

10 ਅਕਤੂਬਰ ਨੂੰ ਅੱਸੀ ਵਰ੍ਹੇ ਦੇ ਹੋਏ ਜਗਜੀਤ ਨੂੰ ਵਿਗਿਆਨਕ ਬਿਰਤੀ ਵਿਰਸੇ ਵਿਚ ਮਿਲੀ ਹੈ। ਉਹਦੇ ਤਾਇਆ ਜੀ ਸਰਦਾਰ ਲਾਲ ਸਿੰਘ ਇਕੱਠੇ ਭਾਰਤ ਵਿਚ ਮੰਨੇ ਪ੍ਰਮੰਨੇ ਖੇਤੀ ਪ੍ਰਬੰਧਕ ਸਨ। ਜਗਜੀਤ ਨੇ ਵਿਗਿਆਨਕ ਖੇਤੀ ਦਾ ਸਫਰ ਕਣਕ ਤੇ ਝੋਨੇ ਦੇ ਨਵੇਂ ਤੇ ਉਨਤ ਬੀਜਾਂ ਦੀ ਕਾਸ਼ਤ ਰਾਹੀਂ ਅਰੰਭਿਆ ਤੇ ਅੱਜ ਵੀ ਉਹ ਮੱਕੀ ਆਦਿ ਫਸਲਾਂ ਤੋਂ ਬਿਨਾ ਗਾਜਰ, ਮੂਲੀ, ਧਨੀਆ ਹੀ ਨਹੀਂ ਬਰਸੀਮ ਵਰਗੇ ਪਸ਼ੂਚਾਰੇ ਦੀ ਖੇਤੀ ਵਿਚ ਵੀ ਧਨ ਤੇ ਮਹਿਮਾ ਕਮਾ ਰਿਹਾ ਹੈ।

ਇਹ ਵੀ ਸੱਚ ਹੈ ਕਿ ਜਗਜੀਤ ਆਮ ਕਿਸਾਨਾਂ ਲਈ ਖੇਤੀ ਨੂੰ ਲਾਹੇਵੰਦਾ ਧੰਦਾ ਨਹੀਂ ਮੰਨਦਾ। ਉਸ ਦੀ ਵਿਗਿਆਨਕ ਤੇ ਅਗਾਂਹਵਧੂ ਸੋਚ ਉਸ ਨੂੰ ਸਾਂਝੀ ਖੇਤੀ ਦੇ ਆਦਰਸ਼ ਵਲ ਧੱਕ ਰਹੀ ਹੈ। ਉਹਦੇ ਨਾਲ ਨਿੱਠ ਕੇ ਵਿਚਾਰ ਵਟਾਂਦਰਾ ਕਰੀਏ ਤਾਂ ਉਹ ਪੰਜਾਬ ਦੀ ਡੁੱਬ ਰਹੀ ਕਿਸਾਨੀ ਨੂੰ ਕੰਢੇ ਲਾਉਣ ਲਈ ਹਰ ਸੰਭਵ ਯੋਗਦਾਨ ਪਾਉਣ ਲਈ ਤਿਆਰ ਹੈ।



ਜਗਜੀਤ ਸਿੰਘ ਹਾਰਾ

ਭਾਰਤ ਸਰਕਾਰ ਵੱਲੋਂ ਪਦਮਸ਼੍ਰੀ ਤੇ ਪੰਜਾਬ ਸਰਕਾਰ ਵੱਲੋਂ ਨਿਸ਼ਾਨ-ਏ-ਖਾਲਸਾ ਨਾਲ ਨਿਵਾਜੇ ਜਾ ਚੁਕੇ ਜਗਜੀਤ ਸਿੰਘ ਹਾਰਾ ਨੇ ਰੂਸ, ਫਰਾਂਸ, ਚੀਨ, ਅਮਰੀਕਾ, ਜਰਮਨੀ, ਹਾਲੈਂਡ ਆਦਿ ਦੇਸ਼ਾਂ ਦੀ ਸੈਰ ਕੀਤੀ ਹੈ। ਇਹ ਸਾਰੇ ਸਫਰ ਖੇਤੀ ਨੂੰ ਲਾਹੇਵੰਦਾ ਧੰਦਾ ਬਣਾਉਣ ਦੀ ਭਾਵਨਾ ਨਾਲ ਕੀਤੇ ਗਏ।

ਪੰਜਾਬੀਆਂ ਵਿਚ ਉਚੀਆਂ ਮਲਾਂ ਮਾਰਨ ਦੀ ਰੁਚੀ ਭਾਰਤ ਦੇ ਬਾਕੀ ਰਾਜਾਂ ਨਾਲੋਂ ਕਿਤੇ ਵਧ ਹੈ। ਮੈਨੂੰ ਚੇਤੇ ਹੈ ਕਿ ਪੰਜਾਬ ਖੇਤੀ ਯੂਨੀਵਰਸਟੀ ਦੇ ਸੰਚਾਰ ਕੇਂਦਰ ਦਾ ਮੁਖੀ ਹੁੰਦਿਆਂ ਮੈਂ ਇੱਕ ਵਾਰੀ ਅੰਗਰੇਜ਼ੀ ਰਸਾਲੇ 'ਇਲਸਟ੍ਰੇਟਿਡ ਵੀਕਲੀ' ਦੇ ਮਰਾਠੀ ਸੰਪਾਦਕ ਐਚ. ਵੀ. ਕਾਮਤ ਨੂੰ ਚੰਡੀਗੜ੍ਹ ਤੋਂ ਲੁਧਿਆਣਾ ਲਿਜਾ ਰਿਹਾ ਸਾਂ ਤਾਂ ਉਸ ਨੇ ਸਿਰ ਉਤੇ ਮੰਡਾਸਾ ਮਾਰ ਕੇ ਤੁਰੇ ਜਾਂਦੇ ਇਕ ਸਧਾਰਨ ਜੱਟ ਕੋਲ ਗੱਡੀ ਰੁਕਵਾ ਕੇ ਉਸ ਨੂੰ ਪੁਛਿਆ ਕਿ ਉਸ ਨੇ ਆਪਣੇ ਪਿੰਡ ਤੋਂ ਦੂਰ ਕਿਥੋਂ ਕੁ ਤੱਕ ਦਾ ਸਫਰ ਕੀਤਾ ਹੈ। ਉਸ ਦੇ ਮੂੰਹੋਂ 'ਮੈਂ ਤਾਂ ਜੀ ਦੁਬਈ ਤੱਕ ਹੀ ਗਿਆ ਹਾਂ' ਸੁਣ ਕੇ ਕਾਮਤ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਆ ਗਏ ਸਨ। ਮੰਡਾਸੇ ਵਾਲੇ ਉਸ ਕਿਸਾਨ ਦਾ ਪਿੰਡ ਸਾਹਨੇਵਾਲ ਦੇ ਨੇੜਿਓਂ ਲੰਘਦੀ ਦੋਰਾਹਾ ਨਹਿਰ ਉਤੇ ਸੀ। ਸਾਡਾ ਹਾਰਾ ਤਾਂ ਪੜ੍ਹਿਆ-ਲਿਖਿਆ ਕਿਸਾਨ ਹੈ। ਮੈਂ ਉਸ ਨੂੰ ਆਪਣੇ ਖੇਤੀ ਯੂਨੀਵਰਸਟੀ ਵਿਚ ਬਿਤਾਏ ਵਰ੍ਹਿਆਂ ਤੋਂ ਜਾਣਦਾ ਹਾਂ ਜਦ ਉਸ ਦੀ ਪਤਨੀ ਸੁਰਜੀਤ ਕੌਰ ਹਾਰਾ ਫਾਰਮ 'ਤੇ ਆਏ ਮਹਿਮਾਨਾਂ ਦੀ ਆਓ ਭਗਤ ਲਈ ਜਾਣੀ ਜਾਂਦੀ ਸੀ। ਉਹ ਜਗਜੀਤ ਨੂੰ ਇਕੱਲਿਆਂ ਛੱਡ ਕੇ ਤੁਰ ਗਈ ਹੈ ਤੇ ਮੈਨੂੰ ਅਫਸੋਸ ਹੈ ਕਿ ਜਗਜੀਤ ਹਾਰਾ ਨੂੰ ਆਪਣਾ ਅੱਸੀਵਾਂ ਜਨਮ ਦਿਨ ਜ਼ਿੰਦਾ ਦਿਲ ਸੁਰਜੀਤ ਦੀ ਗੈਰਹਾਜ਼ਰੀ ਵਿਚ ਮਨਾਉਣਾ ਪਿਆ। ਉਹ ਅੱਜ ਕੱਲ ਅਜਿਹੀ ਖੇਤੀ ਦੇ ਤਜਰਬਿਆਂ ਨਾਲ ਦਿਲ ਪਰਚਾ ਰਿਹਾ ਹੈ ਜਿੱਥੋਂ ਘਟ ਤੋਂ ਘਟ ਖਰਚੇ ਨਾਲ ਵਧ ਤੋਂ ਵਧ ਆਮਦਨ ਲਈ ਜਾ ਸਕੇ। ਉਸ ਦੇ ਨਵੇਂ ਕਾਰਜਾਂ ਵਿਚ ਸੁਰਜੀਤ ਕੌਰ ਦੀ ਆਤਮਾ ਉਹਦੇ ਨਾਲ ਹੈ।

ਨਸ਼ੇੜੀਆਂ ਦੇ ਮਾਪੇ ਧਿਆਨ ਦੇਣ: ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿਚ ਨਸ਼ਿਆਂ ਦਾ ਦਰਿਆ ਵਗ ਰਿਹਾ ਹੈ। ਨਸ਼ੇੜੀਆਂ ਦੀ ਨਾ ਕੋਈ ਮਾਂ ਹੈ, ਨਾ ਬਾਪ ਤੇ ਨਾ ਹੀ ਭੈਣ-ਭਰਾ। ਸਿੰਥੈਟਿਕ ਨਸ਼ਿਆਂ ਦੀ ਲਪੇਟ ਵਿਚ ਆਏ ਘਰ ਤਬਾਹ ਹੋ ਰਹੇ ਹਨ। ਪਿਆਰਾ ਸਿੰਘ ਟਾਂਡਾ ਆਪਣੇ ਨਾਵਲ 'ਛੇਵਾਂ ਦਰਿਆ' ਵਿਚ ਇਸ ਨਿਘਾਰ ਦਾ ਦਰਦਨਾਕ ਨਕਸ਼ਾ ਖਿਚਦਾ ਹੈ। ਇਸ ਦੀਆਂ ਜੜ੍ਹਾਂ ਮਾਪਿਆਂ, ਖਾਸ ਕਰਕੇ ਮਾਂਵਾਂ ਵਲੋਂ ਆਪਣੇ ਲਾਡਲੇ ਧੀਆਂ-

ਪੁੱਤਾਂ ਨੂੰ ਦਿਤੀਆਂ ਖੁੱਲ੍ਹਾਂ ਵਿਚ ਹਨ। ਨਵੀਂ ਰੋਸ਼ਨੀ ਵਿਚ ਪਲੇ ਇਹ ਬੱਚੇ ਕਿਥੋਂ ਕੀ ਸਿਖਦੇ ਹਨ, ਉਨ੍ਹਾਂ ਨੂੰ ਪਤਾ ਨਹੀਂ ਲਗਦਾ। ਬਾਹਰ ਉਨ੍ਹਾਂ ਦੀ ਇੱਛਾ ਪੂਰਤੀ ਦੇ ਮਾਹਰ ਪੁਲਸੀਏ ਹੀ ਨਹੀਂ ਰਾਜਨੀਤਕ ਨੇਤਾ ਵੀ ਹਨ। ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਪੰਜਾਬ ਦੀ ਜਵਾਨੀ ਨੂੰ ਕਿਹੋ ਜਿਹੇ ਖੂਹ ਵਲ ਧੱਕ ਰਹੀ ਹੈ, ਟਾਂਡਾ ਨੇ ਇਸ ਦਾ ਦੁਖਦਾਈ ਚਿੱਤਰ ਪੇਸ਼ ਕੀਤਾ ਹੈ। ਮਾਪਿਆਂ ਤੋਂ ਬਿਨਾ ਵਿਸ਼ਵੀਕਰਨ ਤੇ ਹਰੀ ਕ੍ਰਾਂਤੀ ਸਮੇਂ ਆਮਦਨ ਵਿਚ ਹੋਇਆ ਅਚਾਨਕ ਵਾਧਾ ਵੀ ਨਵੀਂ ਪੀੜ੍ਹੀ ਨੂੰ ਇਸ ਪਾਸੇ ਤੋਰਨ ਦਾ ਜ਼ਿਮੇਵਾਰ ਹੈ। ਆਪੋ ਵਿਚ ਦਵੰਦ ਤੇ ਤਣਾਓ ਦਾ ਸ਼ਿਕਾਰ ਹੋਇਆ ਸਮਾਜ ਤੇ ਭਾਈਚਾਰਾ ਕਿੰਨਾ ਲਾਚਾਰ ਹੋ ਜਾਂਦਾ ਹੈ, ਲੇਖਕ ਨੇ ਵੱਖ-ਵੱਖ ਘਟਨਾਵਾਂ ਰਾਹੀਂ ਪੇਸ਼ ਕੀਤਾ ਹੈ। ਖੇਤੀ ਦੀ ਉਪਜ ਦਾ ਲਾਹੇਵੰਦਾ ਨਾ ਰਹਿਣਾ ਤੇ ਪੜ੍ਹੀ-ਲਿਖੀ ਜਵਾਨੀ ਨੂੰ ਰੋਜ਼ਗਾਰ ਨਾ ਮਿਲਣਾ, ਇਸ ਦੇ ਗੁੱਝੇ ਕਾਰਨ ਹਨ। 35-40 ਪੰਨਿਆਂ ਦਾ ਇਹ ਨਿੱਕਾ ਨਾਵਲ ਬਹੁਤ ਕੁਝ ਕਹਿ ਜਾਂਦਾ ਹੈ। ਨਸ਼ਿਆਂ ਦਾ ਸ਼ਿਕਾਰ ਹੋਈ ਜਵਾਨੀ ਇਸ ਨੂੰ ਅਤਿਕਥਨੀ ਕਹਿ ਸਕਦੀ ਹੈ ਪਰ ਮਾਪੇ ਇਸ ਤੋਂ ਲਾਭਦਾਇਕ ਨਤੀਜੇ ਲੈ ਸਕਦੇ ਹਨ।

ਅੰਤਿਕਾ: ਮਿਰਜ਼ਾ ਗ਼ਾਲਿਬ
ਨਾ ਪੂਛ ਕਿ ਕਿਆ ਹਾਲ ਹੈ
ਮੇਰਾ ਤੇਰੇ ਪੀਛੇ,
ਤੂ ਦੇਖ ਕਿ ਕਿਆ ਰੰਗ ਹੈ
ਤੇਰਾ ਮੇਰੇ ਆਗੇ।

ਮੌਤ ਤੂ ਏਕ ਕਵਿਤਾ ਹੈ... ਵਾਲੀ ਫਿਲਮ ਆਨੰਦ

ਆਵਾਜ਼ ਦੇ ਕਹਾਂ ਹੈ... -62-

ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਆਨੰਦ' ਦੀ ਸਫਲਤਾ ਇਹ ਦਰਸਾਉਂਦੀ ਹੈ ਕਿ ਸ਼ਾਨਦਾਰ ਸਮਾਜਿਕ ਫਿਲਮ ਬਣਾਉਣ ਲਈ ਨਾ ਤਾਂ ਸਵਿਟਜ਼ਰਲੈਂਡ ਜਾਂ ਤੁਰਕੀ ਵਰਗੀਆਂ ਮਹਿੰਗੀਆਂ ਲੋਕੇਸ਼ਨਾਂ ਦੀ ਜ਼ਰੂਰਤ ਹੈ ਅਤੇ ਨਾ ਹੀ ਬਾਕਸ ਆਫਿਸ ਸਫਲਤਾ ਲਈ ਪਟਕਥਾ ਨਾਲ ਕੋਈ ਸਮਝੌਤਾ ਕਰਨ ਦੀ ਜ਼ਰੂਰਤ ਹੈ। ਫਿਲਮ ਪੂਰੀ ਟੀਮ ਦੀ ਮਿਹਨਤ ਅਤੇ ਲਗਨ ਦਾ ਨਤੀਜਾ ਹੁੰਦਾ ਹੈ। ਇਹ ਫਿਲਮ ਆਪਣੀ ਪਟਕਥਾ ਤੋਂ ਬਿਨਾ ਇਸ ਨੂੰ ਬਣਾਉਣ ਵਾਲੀ ਟੀਮ ਦੀ ਵਜ੍ਹਾ ਕਰ ਕੇ ਵੀ ਅਹਿਮ ਹੈ। ਇਸ ਵਿਚ ਮੁੱਖ ਭੂਮਿਕਾਵਾਂ ਵਿਚ ਸਨ ਰਾਜੇਸ਼ ਖੰਨਾ, ਅਮਿਤਾਭ ਬੱਚਨ, ਜਾਨੀ ਵਾਕਰ ਅਤੇ ਦੁਰਗਾ ਖੋਟੇ। ਫਿਲਮ ਵਿਚ ਕੋਈ ਨਾਇਕਾ ਨਹੀਂ ਸੀ ਤੇ ਇਸ ਫਿਲਮ ਦਾ ਅਸਲੀ ਹੀਰੋ ਇਸ ਦੀ ਪਟਕਥਾ ਸੀ। ਫਿਲਮ ਦੇ ਸਕਰੀਨ ਪਲੇਅ ਲੇਖਕ ਸਨ ਗੁਲਜ਼ਾਰ, ਬਿਮਲ ਦੱਤ ਅਤੇ ਡੀ.ਐਨ.ਮੁਖਰਜੀ। ਫਿਲਮ ਦਾ ਸੰਗੀਤ ਸਲਿਲ ਚੌਧਰੀ ਨੇ ਦਿੱਤਾ ਸੀ। ਫਿਲਮ ਨੂੰ ਦਾਰਸ਼ਨਿਕ ਟੋਨ ਦੇਣ ਦੇ ਨਾਲ-ਨਾਲ ਰਿਸ਼ੀਕੇਸ਼ ਮੁਖਰਜੀ ਨੇ ਇਸ ਫਿਲਮ ਦੀ ਐਡਿਟਿੰਗ ਵਿਚ ਆਪਣੇ ਗੁਰੂ ਬਿਮਲ ਰਾਏ ਤੋਂ ਸਿੱਖੇ ਹੋਏ ਗੁਰ ਇੰਨੇ ਖੂਬਸੂਰਤ ਤਰੀਕੇ ਨਾਲ ਇਸਤੇਮਾਲ ਕੀਤੇ ਕਿ ਭਾਰਤੀ ਸਿਨੇਮਾ ਵਿਚ ਇਸ ਫਿਲਮ ਦੇ ਅੰਤਿਮ ਸੀਨ ਨੂੰ ਬਹੁਤੇ ਆਲੋਚਕ ਭਾਰਤੀ ਸਿਨੇਮਾ ਦਾ ਸਭ ਤੋਂ ਵਧੀਆ ਸੀਨ ਮੰਨਦੇ ਹਨ।

ਫਿਲਮ 'ਆਨੰਦ' ਦਾ ਸ਼ਬਦੀ ਅਰਥ ਹੈ 'ਖੁਸ਼ੀ'। ਫਿਲਮ ਦੀ ਕਹਾਣੀ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਅਜਿਹੇ ਰੋਗੀ ਦੇ ਆਲੇ-ਦੁਆਲੇ ਘੁੰਮਦੀ ਹੈ ਜਿਹੜਾ ਮੌਤ ਦੀ ਦਹਿਸ਼ਤ ਨੂੰ ਰੱਦ ਕਰਦਾ ਹੈ। ਉਸ ਦਾ ਮੰਨਣਾ ਹੈ- ਮੌਤ ਤੋ ਖੁਦ ਏਕ ਕਵਿਤਾ ਹੈ। ਉਸ ਦਾ ਕਿਰਦਾਰ ਭਾਰਤੀ ਸਿਨੇਮਾ ਵਿਚ ਇਸ ਲਈ ਵੀ ਯਾਦਗਾਰੀ ਮੰਨਿਆ ਜਾਂਦਾ ਹੈ ਕਿ ਉਸ ਦੇ ਕਿਰਦਾਰ ਵਿਚ ਜ਼ਿੰਦਗੀ ਨੂੰ ਪਿਆਰ ਕਰਨ ਦੀ ਬੇਮਿਸਾਲ ਸਮਰੱਥਾ ਹੈ। ਇਸ ਫਿਲਮ ਨੂੰ ਦੇਖਣ ਦਾ ਸਹੀ ਤਰੀਕਾ ਰਿਸ਼ੀਕੇਸ਼ ਮੁਖਰਜੀ ਦੁਆਰਾ ਨਿਰਦੇਸ਼ਤ ਬਾਕੀ ਫਿਲਮਾਂ ਜਿਵੇਂ 'ਮਿਲੀ', 'ਬਾਵਰਚੀ', 'ਚੁਪਕੇ ਚੁਪਕੇ' ਅਤੇ 'ਖੂਬਸੂਰਤ' ਨਾਲ ਜੋੜ ਕੇ ਦੇਖਣਾ ਹੈ। ਇਨ੍ਹਾਂ ਫਿਲਮਾਂ ਵਿਚ ਮਨੁੱਖੀ ਸਬੰਧਾਂ ਦੀ ਸਤਰੰਗੀ ਪੀਂਘ, ਵੱਖੀਆਂ ਤੋੜਨ ਵਾਲਾ ਹਾਸਾ ਅਤੇ ਰੂਹ ਨੂੰ ਸਰਸ਼ਾਰ ਕਰਨ ਵਾਲਾ ਸੰਗੀਤ ਲੈਅਬੱਧ ਹੋਇਆ ਮਿਲਦਾ ਹੈ।

ਫਿਲਮ ਦੀ ਕਹਾਣੀ ਅਨੁਸਾਰ, ਹਸਪਤਾਲ ਵਿਚ ਆਨੰਦ (ਰਾਜੇਸ਼ ਖੰਨਾ) ਕੈਂਸਰ ਦੀ ਨਾਮੁਰਾਦ ਬਿਮਾਰੀ ਦੇ ਇਲਾਜ ਲਈ ਦਾਖਲ ਹੈ। ਇਸ ਕਿਰਦਾਰ ਲਈ ਪਹਿਲਾਂ ਕਿਸ਼ੋਰ ਕੁਮਾਰ ਨੂੰ ਸਾਈਨ ਕੀਤਾ ਗਿਆ ਸੀ। ਕਿਸ਼ੋਰ ਕੁਮਾਰ ਨੇ ਜ਼ਿਦ ਕੀਤੀ ਕਿ ਉਸ ਨੂੰ ਇਸ ਕਿਰਦਾਰ ਨੂੰ ਨਿਭਾਉਣ ਲਈ ਪੂਰੀ ਰਕਮ ਇਕੋ ਵਾਰੀ ਅਦਾ ਕੀਤੀ ਜਾਵੇ। ਰਿਸ਼ੀਕੇਸ਼ ਮੁਖਰਜੀ ਉਨ੍ਹਾਂ ਨੂੰ ਸ਼ੁਰੂ ਵਿਚ ਸਿਰਫ ਅੱਧੀ ਰਕਮ ਦੇਣ ਦੇ ਹੀ ਸਮਰਥ ਸਨ। ਉਨ੍ਹਾਂ ਦੇ ਸਮਝਾਉਣ ਦੇ ਬਾਵਜੂਦ ਕਿਸ਼ੋਰ ਕੁਮਾਰ ਨਾ ਮੰਨੇ। ਹਾਰ ਕੇ ਰਿਸ਼ੀਕੇਸ਼ ਮੁਖਰਜੀ ਨੂੰ ਰਾਜੇਸ਼ ਖੰਨਾ ਨੂੰ ਸਾਈਨ ਕਰਨਾ ਪਿਆ। ਆਪਣੇ ਖੋਰੂ ਪਾਉ ਰਵੱਈਏ ਲਈ ਮਸ਼ਹੂਰ ਕਿਸ਼ੋਰ ਕੁਮਾਰ ਇਕ ਦਿਨ ਅਚਾਨਕ 'ਆਨੰਦ' ਫਿਲਮ ਦੇ ਸੈੱਟ 'ਤੇ ਜਾ ਪੁੱਜੇ। ਉਨ੍ਹਾਂ ਨੂੰ ਅਜੇ ਤੱਕ ਅੱਧੀ ਰਕਮ ਮਿਲਣ ਦਾ ਝੋਰਾ ਬਾਕੀ ਸੀ। ਉਨ੍ਹਾਂ ਨੇ ਅੱਧਾ ਸਿਰ ਤੇ ਅੱਧੀ ਦਾੜ੍ਹੀ ਮੁਨਾ ਕੇ ਇਸ ਫਿਲਮ ਦੇ ਸੈੱਟ 'ਤੇ ਪਹੁੰਚ ਕੇ ਐਲਾਨ ਕਰ ਦਿੱਤਾ- ਆਧੀ ਰਕਮ ਮੇਂ ਤੋਂ ਆਧਾ ਕਿਸ਼ੋਰ ਕੁਮਾਰ ਹੀ ਮਿਲੇਗਾ। ਇਸ ਤੋਂ ਬਾਅਦ ਉਹ ਕਈ ਦਿਨ ਅਖਬਾਰਾਂ ਦੀਆਂ ਸੁਰਖੀਆਂ ਵਿਚ ਛਾਏ ਰਹੇ।

ਰਾਜੇਸ਼ ਖੰਨਾ ਉਸ ਸਮੇਂ ਆਪਣੇ ਕਰੀਅਰ ਦੀਆਂ ਸਿਖਰਾਂ ਛੂਹ ਰਹੇ ਸਨ ਤੇ ਉਨ੍ਹਾਂ ਦੇ ਨਾਮ ਨਾਲ ਸੁਪਰਸਟਾਰ ਦਾ ਲਕਬ ਵੀ ਜੁੜ ਚੁੱਕਾ ਸੀ। ਉਨ੍ਹਾਂ ਦੀ ਫੀਸ ਵੀ ਉਸ ਸਮੇਂ ਸਭ ਤੋਂ ਵੱਧ ਸੀ ਜੋ ਉਨ੍ਹਾਂ ਨੇ ਫਿਲਮ ਦੀ ਪਟਕਥਾ ਤੋਂ ਪ੍ਰਭਾਵਿਤ ਹੋ ਕੇ ਕਾਫੀ ਘਟਾ ਦਿੱਤੀ। ਫਿਲਮ ਦਾ ਵੱਡਾ ਹਾਸਲ ਉਚੇ-ਲੰਮੇ ਕੱਦ ਦੇ ਗੰਭੀਰ ਦਿੱਖ ਵਾਲੇ ਨਵੇਂ ਮੁੰਡੇ ਅਮਿਤਾਭ ਬੱਚਨ ਦੀ ਅਦਾਕਾਰੀ ਸੀ। ਫਿਲਮ ਵਿਚ ਉਨ੍ਹਾਂ ਨੇ ਡਾਕਟਰ ਭਾਸਕਰ ਬੈਨਰਜੀ ਦੀ ਭੂਮਿਕਾ ਅਦਾ ਕੀਤੀ ਸੀ ਜਿਸ ਦੇ ਜੀਵਨ-ਨਜ਼ਰੀਏ ਅਤੇ ਫਿਲਾਸਫੀ ਨੂੰ ਆਨੰਦ ਆਪਣੀ ਜ਼ਿੰਦਾਦਿਲੀ ਅਤੇ ਬਹਾਦਰੀ ਨਾਲ ਬਦਲ ਦਿੰਦਾ ਹੈ। ਅਮਿਤਾਭ ਬੱਚਨ ਨੂੰ ਇਹ ਫਿਲਮ ਮਿਲਣ ਦੀ ਕਹਾਣੀ ਵੀ ਬਹੁਤ ਦਿਲਚਸਪ ਹੈ। ਉਹ ਉਸ ਸਮੇਂ ਕਲਕੱਤਾ ਦੀ ਕਿਸੇ ਮਸ਼ਹੂਰ ਕੰਪਨੀ ਦੀ ਅਰਾਮ ਵਾਲੀ ਨੌਕਰੀ ਛੱਡ ਕੇ ਨਵੇਂ-ਨਵੇਂ ਮੁੰਬਈ ਆਏ ਸਨ ਤੇ ਕੰਮ ਦੀ ਤਲਾਸ਼ ਵਿਚ ਸਨ। ਉਨ੍ਹਾਂ ਨੂੰ ਮਹਿਮੂਦ ਦੇ ਭਰਾ ਅਨਵਰ ਅਲੀ ਨਾਲ ਦੋਸਤੀ ਕਰ ਕੇ ਇਹ ਰੋਲ ਮਿਲ ਗਿਆ। ਫਿਲਮ ਵਿਚ ਆਨੰਦ ਉਸ ਨੂੰ ਪਿਆਰ ਨਾਲ 'ਬਾਬੂਮੋਸ਼ਾਏ' ਆਖਦਾ ਹੈ। ਆਨੰਦ ਉਸ ਨੂੰ ਸਿਖਾਉਂਦਾ ਹੈ ਕਿ ਜ਼ਿੰਦਗੀ ਨੂੰ ਜੀਅ ਭਰ ਕੇ ਜਿਉ ਲੈਣਾ ਵੀ ਕਲਾ ਹੈ। ਇਸ ਫਿਲਮ ਦਾ ਬੜਾ ਅਹਿਮ ਡਾਇਲਾਗ ਹੈ: ਜ਼ਿੰਦਗੀ ਔਰ ਮੌਤ ਉਪਰ ਵਾਲੇ ਕੇ ਹਾਥ ਮੇਂ ਹੈ ਜਹਾਂਪਨਾਹ... ਉਸੇ ਨਾ ਆਪ ਬਦਲ ਸਕਤੇ ਹੈ ਨਾ ਮੈਂ... ਹਮ ਸਬ ਤੋਂ ਰੰਗ-ਮੰਚ ਕੀ ਕਠਪੁਤਲੀਏਂ ਹੈਂ... ਜਿਸ ਕੀ ਡੋਰ ਉਪਰ ਵਾਲੇ ਕੀ ਉਗਲੀਉਂ ਸੇ ਬੰਧੀ ਹੈ... ਕਬ, ਕੌਨ, ਕੈਸੇ ਉਠੇਗਾ, ਕੋਈ ਨਹੀਂ ਬਤਾ ਸਕਤਾ।

ਇਸ ਫਿਲਮ ਵਿਚ ਰਿਸ਼ੀਕੇਸ਼ ਮੁਖਰਜੀ ਦੇ ਨਿਰਦੇਸ਼ਕ ਦਾ ਹੀ ਕਮਾਲ ਸੀ ਕਿ ਇਸ ਫਿਲਮ ਵਿਚ ਨਿੱਕੇ ਕਿਰਦਾਰਾਂ ਦੇ ਚਿਤਰਨ ਵਿਚ ਵੀ ਜਾਨ ਪਾ ਦਿੱਤੀ। ਫਿਲਮ ਵਿਚ ਲਲਿਤਾ ਪਵਾਰ ਨੇ ਆਨੰਦ ਦੀ ਸੰਭਾਲ ਕਰਨ ਵਾਲੀ ਨਰਸ ਦੇ ਰੂਪ ਵਿਚ, ਜਾਨੀ ਵਾਕਰ ਨੇ ਇੰਸਾਂ ਭਾਈ ਦੇ ਰੂਪ ਵਿਚ ਅਤੇ ਦੁਰਗਾ ਖੋਟੇ ਨੇ ਮਾਸੀ ਦੇ ਰੂਪ ਵਿਚ ਆਪਣੇ ਜੀਵਨ ਦੀਆਂ ਯਾਦਗਾਰੀ ਭੂਮਿਕਾਵਾਂ ਨਿਭਾਈਆਂ। ਫਿਲਮ ਵਿਚ ਉਦਾਸੀ ਅਤੇ ਤਰਾਸਦੀ ਦੀ ਅਨੰਤ ਧੁਨੀ ਮਹਿਸੂਸ ਕੀਤੀ ਜਾ ਸਕਦੀ ਹੈ। ਇਸ ਦੇ ਬਾਵਜੂਦ ਫਿਲਮ ਉਮੀਦ ਦੀ ਫਿਲਮ ਹੈ। ਇਸ ਉਮੀਦ ਦੀ ਲੋਅ ਨੂੰ ਫਿਲਮ ਦੇ ਦਾਰਸ਼ਨਿਕ ਗੀਤਾਂ ਦੁਆਰਾ ਜ਼ਿੰਦਾ ਰੱਖਿਆ ਗਿਆ ਹੈ। ਕੈਮਰਾਮੈਨ ਜੈਅੰਤ ਚੌਧਰੀ ਨੇ ਸਲਿਲ ਚੌਧਰੀ ਦੇ ਗੀਤਾਂ ਨੂੰ ਦ੍ਰਿਸ਼ਾਂ ਵਿਚ ਜਿਉਂਦਾ ਕੀਤਾ ਹੈ। ਮੰਨਾ ਡੇ ਦੀ ਆਵਾਜ਼ ਵਿਚ ਗਾਏ ਗੀਤ 'ਜ਼ਿੰਦਗੀ ਕੈਸੀ ਹੈ ਪਹੇਲੀ ਹਾਏ, ਕਭੀ ਯੇ ਹਸਾਏ, ਕਭੀ ਯੇ ਰੁਲਾਏ' ਵਿਚ ਆਨੰਦ ਸਮੁੰਦਰ ਦੇ ਕੰਢੇ ਲਹਿਰਾਂ ਦੀਆਂ ਅਠਖੇਲੀਆਂ ਵਿਚਕਾਰ ਜਿਵੇਂ ਗੁਬਾਰਿਆਂ ਨੂੰ ਅਸਮਾਨ ਵਿਚ ਇਕ-ਇਕ ਕਰ ਕੇ ਛੱਡਦਾ ਹੈ, ਉਹ ਮਨੁੱਖੀ ਜ਼ਿੰਦਗੀ ਦੀ ਨਾਸ਼ਵਾਨਤਾ ਵੱਲ ਸਿੱਧਾ ਇਸ਼ਾਰਾ ਹੈ। ਇਸ ਤੋਂ ਬਿਨਾ ਮੁਕੇਸ਼ ਦੀ ਆਵਾਜ਼ ਵਿਚ 'ਕਹੀਂ ਦੂਰ ਜਬ ਦਿਨ ਢਲ ਜਾਏ, ਸਾਂਝ ਕੀ ਦੁਲਹਨ ਬਦਨ ਚੁਰਾਏ, ਚੁਪਕੇ ਸੇ ਆਏ' ਅਤੇ 'ਮੈਨੇ ਤੇਰੇ ਲੀਏ ਹੀ ਸਾਤ ਰੰਗ ਕੇ ਸਪਨੇ ਚੁਨੇ, ਸਪਨੇ ਸੁਹਾਨੇ ਸਪਨੇ' ਆਪਣੀ ਖਾਸ ਸ਼ੈਲੀ ਨਾਲ ਅਮਰ ਹੋ ਗਏ ਹਨ। -0-



ਫਿਲਮ 'ਆਨੰਦ' ਵਿਚ ਅਦਾਕਾਰ ਰਾਜੇਸ਼ ਖੰਨਾ।



ਫਿਲਮ ਅਨੰਦ ਨਾਲ ਜੁੜਿਆ ਸਭ ਤੋਂ ਮਹਤੱਵਪੂਰਨ ਕਿੱਸਾ ਸ਼ੋਅਮੈਨ ਵਜੋਂ ਜਾਣੇ ਜਾਂਦੇ ਰਾਜ ਕਪੂਰ ਅਤੇ ਰਿਸ਼ੀਕੇਸ਼ ਮੁਖਰਜੀ ਦੀ ਦੋਸਤੀ ਦਾ ਹੈ। ਇਸ ਦਾ ਝਲਕਾਰਾ ਫਿਲਮ ਵਿਚ ਆਨੰਦ ਅਤੇ ਡਾਕਟਰ ਭਾਸਕਰ ਦੀ ਦੋਸਤੀ ਵਿਚ ਵੀ ਪੈਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਫਿਲਮ ਵਿਚ ਆਨੰਦ ਦੇ ਕਿਰਦਾਰ ਲਈ ਪਹਿਲਾ ਰਾਜ ਕਪੂਰ ਦੇ ਨਾਮ ਦੀ ਚਿੱਠੀ ਨਿਕਲੀ ਸੀ ਜਿਸ ਨੂੰ ਰਿਸ਼ੀਕੇਸ਼ ਮੁਖਰਜੀ ਨੇ ਸੁਣਦਿਆਂ ਹੀ ਇਹ ਕਹਿ ਕੇ ਰੱਦ ਦਿੱਤਾ ਕਿ ਉਹ ਆਪਣੇ ਦੋਸਤ ਨੂੰ ਸਕਰੀਨ 'ਤੇ ਵੀ ਮਰਦਿਆਂ ਨਹੀਂ ਦੇਖ ਸਕਦਾ।

ਤਾਪਸੀ ਪੰਨੂ ਦਾ ਤਪ ਵਰ ਆਇਆ

ਗੁਰਜੰਟ ਸਿੰਘ

ਅਦਾਕਾਰਾ ਤਾਪਸੀ ਪੰਨੂ ਦੀ ਮਿਹਨਤ ਅਤੇ ਲਗਨ ਆਖਰਕਾਰ ਰੰਗ ਲਿਆਈ ਹੈ। ਫਿਲਮ 'ਪਿੰਕ' ਦੀ ਸਫਲਤਾ ਨੇ ਉਹਦੇ ਲਈ ਹਿੰਦੀ ਫਿਲਮ ਜਗਤ ਦੇ ਰਾਹ ਮੋਕਲੇ ਕਰ ਦਿੱਤੇ ਹਨ। ਇਹ ਠੀਕ ਹੈ ਕਿ ਇਸ ਫਿਲਮ ਵਿਚ ਅਮਿਤਾਭ ਬੱਚਨ ਵਰਗੇ ਕਲਾਕਾਰ ਤੋਂ ਇਲਾਵਾ ਕੀਰਤੀ ਕੁਲਹਾਰੀ ਅਤੇ ਆਂਦਰੇਈ ਤਰਿਆਂਗ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ, ਪਰ ਇਸ ਦੇ ਬਾਵਜੂਦ ਤਾਪਸੀ ਪੰਨੂ ਫਿਲਮ ਰਾਹੀਂ ਆਪਣੀ ਭਰਪੂਰ ਹਾਜ਼ਰੀ ਲੁਆਉਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੀ ਹੈ। ਇਹ ਫਿਲਮ ਅਸਲ ਵਿਚ ਔਰਤ ਸ਼ਕਤੀ ਨੂੰ ਸਮਰਪਿਤ ਹੈ ਅਤੇ ਇਸ ਫਿਲਮ ਨੇ ਸੱਚਮੁੱਚ ਔਰਤ ਸ਼ਕਤੀ ਨੂੰ ਸਹੀ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਇਸ ਗੱਲੋਂ ਫਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਸ਼ਾਬਾਸ਼ ਦੇ ਹੱਕਦਾਰ ਹਨ। ਇਸ ਫਿਲਮ ਦਾ ਕੁੱਲ ਬਜਟ 23 ਕਰੋੜ ਰੁਪਏ ਸੀ ਅਤੇ ਇਸ ਨੇ 100 ਕਰੋੜ ਤੋਂ ਉਪਰ ਕਮਾਈ ਕੀਤੀ ਹੈ। ਇਸ ਤੋਂ ਵੀ ਵੱਧ, ਇਸ ਫਿਲਮ ਨੂੰ ਦਰਸ਼ਕਾਂ ਅਤੇ ਆਲੋਚਕਾਂ, ਦੋਹਾਂ ਨੇ ਹੀ ਪਸੰਦ ਕੀਤਾ ਹੈ।

ਪਹਿਲੀ ਅਗਸਤ 1987 ਨੂੰ ਦਿੱਲੀ ਵਿਚ ਜਨਮੀ ਤਾਪਸੀ ਪੰਨੂ ਸਾਫਟਵੇਅਰ ਇੰਜੀਨੀਅਰ ਹੈ ਅਤੇ ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮਾਡਲ ਵਜੋਂ ਕੀਤੀ। ਸਭ ਤੋਂ ਪਹਿਲਾਂ ਉਸ ਨੂੰ ਤੈਲਗੂ ਫਿਲਮ 'ਝੁਮਾਂਡੀ ਨਾਦਮ' ਮਿਲੀ। ਸੰਗੀਤ ਦੁਆਲੇ ਘੁੰਮਦੀ ਇਸ ਫਿਲਮ ਤੋਂ ਬਾਅਦ ਤਾਪਸੀ ਦੀ ਗੱਡੀ ਰੁੜ੍ਹ ਪਈ। ਇਸੇ ਦੌਰਾਨ ਉਸ ਨੂੰ ਤਮਿਲ ਅਤੇ ਮਲਿਆਲਮ ਫਿਲਮਾਂ ਵੀ ਮਿਲੀਆਂ। ਫਿਰ ਉਸ ਨੂੰ 2013 ਵਿਚ ਹਿੰਦੀ ਫਿਲਮ 'ਚਸ਼ਮੇ ਬੱਦੂਰ' ਮਿਲੀ ਜੋ ਇਸੇ ਨਾਂ ਵਾਲੀ ਪੁਰਾਣੀ ਫਿਲਮ ਦੀ ਰੀਮੇਕ ਸੀ। ਫਿਲਮ ਸਫਲ ਰਹੀ ਅਤੇ ਇਸ ਤਰ੍ਹਾਂ ਤਾਪਸੀ ਨੂੰ ਹਿੰਦੀ ਫਿਲਮਾਂ ਵਿਚ ਆਉਣ ਦਾ ਮੌਕਾ ਮਿਲ ਗਿਆ। ਪਿਛਲੇ ਸਾਲ ਅਕਸ਼ੈ ਕੁਮਾਰ ਨਾਲ ਉਸ ਦੀ ਫਿਲਮ 'ਬੇਬੀ' ਰਿਲੀਜ਼ ਹੋਈ ਅਤੇ ਇਸ ਦੀ ਚਰਚਾ ਵੀ ਹੋਈ। ਸਫਲਤਾ ਅਤੇ ਕਮਾਈ ਪੱਖੋਂ ਹੁਣ 'ਪਿੰਕ' ਨੇ ਅਗਲੀਆਂ-ਪਿਛਲੀਆਂ ਸਭ ਕਸਰਾਂ ਕੱਢ ਦਿੱਤੀਆਂ। ਉਸ ਦੀ ਇਕ ਫਿਲਮ 'ਰਨਿੰਗ ਸ਼ਾਦੀ ਡੌਟ ਕੌਮ' ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ। ਹੁਣ ਉਸ ਕੋਲ ਤਿੰਨ ਹੋਰ ਹਿੰਦੀ ਫਿਲਮਾਂ ਹਨ: ਗ਼ਾਜ਼ੀ, ਤੜਕਾ ਅਤੇ ਨਾਮ ਸ਼ਬਾਨਾ। ਅੱਜ ਕੱਲ੍ਹ ਉਹ ਆਪਣੀਆਂ ਇਨ੍ਹਾਂ ਫਿਲਮਾਂ ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ। ਇਹ ਚਾਰੇ ਫਿਲਮਾਂ ਅਗਲੇ ਸਾਲ ਰਿਲੀਜ਼ ਹੋਣੀਆਂ ਹਨ। ਇਨ੍ਹਾਂ ਫਿਲਮਾਂ ਤੋਂ ਇਲਾਵਾ ਉਸ ਕੋਲ ਕੁਝ ਤੈਲਗੂ ਅਤੇ ਤਮਿਲ ਫਿਲਮਾਂ ਵੀ ਹਨ। ਤਾਪਸੀ ਪੰਨੂ ਆਖਦੀ ਹੈ ਕਿ ਫਿਲਮ 'ਪਿੰਕ' ਨੇ ਉਸ ਦੇ ਕਰੀਅਰ ਨੂੰ ਵੱਡਾ ਹੁਲਾਰਾ ਦਿੱਤਾ ਹੈ ਅਤੇ ਉਸ ਨੂੰ ਇਸ ਫਿਲਮ ਰਾਹੀਂ ਆਪਣੀ ਪ੍ਰਤਿਭਾ ਦਿਖਾਉਣ ਦਾ ਵਧੀਆ ਮੌਕਾ ਮਿਲਿਆ। ਹੁਣ ਆਉਣ ਵਾਲੀਆਂ ਫਿਲਮਾਂ ਲਈ ਉਸ ਉਤੇ ਦਬਾਅ ਤਾਂ ਭਾਵੇਂ ਹੈ, ਪਰ ਉਹ ਪੂਰੀ ਲਗਨ ਨਾਲ ਆਪਣਾ ਕੰਮ ਕਰ ਰਹੀ ਹੈ। ਉਸ ਨੂੰ ਆਸ ਹੈ ਕਿ ਦਰਸ਼ਕ ਉਸ ਦੀਆਂ ਆਉਣ ਵਾਲੀਆਂ ਚਾਰੇ ਫਿਲਮਾਂ ਨੂੰ ਵੀ 'ਪਿੰਕ' ਜਿੰਨਾ ਹੀ ਪਸੰਦ ਕਰਨਗੇ। ਹੁਣ ਜਨਵਰੀ ਵਿਚ ਉਸ ਦੀ ਫਿਲਮ 'ਰਨਿੰਗ ਸ਼ਾਦੀ ਡੌਟ ਕੌਮ' ਰਿਲੀਜ਼ ਹੋ ਰਹੀ ਹੈ। ਇਸ ਰੋਮਾਂਟਿਕ ਫਿਲਮ ਦੀ ਬਹੁਤੀ ਸ਼ੂਟਿੰਗ ਅੰਮ੍ਰਿਤਸਰ ਵਿਚ ਹੋਈ ਹੈ। ਇਸ ਫਿਲਮ ਵਿਚ ਕਮੇਡੀ ਦਾ ਰੰਗ ਵੀ ਬੜਾ ਗੂੜ੍ਹਾ ਹੈ।

ਜ਼ਿੰਦਗੀ ਦਾ ਨਾਦ

ਸਾਹਾਂ ਦੀ ਸਾਰੰਗੀ

ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਨ੍ਹਾਂ ਸਰੀਰ ਦੇ ਵੱਖ ਵੱਖ ਅੰਗਾਂ ਦਾ ਨਾਦ ਪੇਸ਼ ਕੀਤਾ ਹੈ। ਉਹ ਨੈਣਾਂ, ਮੂੰਹ, ਜ਼ੁਬਾਨ ਦੇ ਰਸ ਅਤੇ ਜ਼ੁਬਾਨ ਦੇ ਪਾਏ ਪੁਆੜਿਆਂ ਦੀ ਗੱਲ ਕਰ ਚੁਕੇ ਹਨ; ਹੱਥਾਂ ਦੀ ਦਾਸਤਾਨ ਦੱਸ ਚੁਕੇ ਹਨ ਕਿ ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ। ਲੱਤਾਂ ਦੀ ਵਾਰਤਾ ਸੁਣਾਉਂਦਿਆਂ ਉਨ੍ਹਾਂ ਬਾਬਾ ਫਰੀਦ ਦੇ ਸਲੋਕ "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥" ਦਾ ਹਵਾਲਾ ਦਿੱਤਾ ਸੀ। ਬੰਦੇ ਦੇ ਪੈਰਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਸੋਚ ਸਮਝ ਕੇ ਪੈਰ ਟਿਕਾਉਣ ਵਾਲੇ ਲੋਕ ਸਾਬਤ ਕਦਮੀਂ ਤੁਰਦੇ, ਮੁਸ਼ਕਲਾਂ ਨਾਲ ਬਰ ਮੇਚਦੇ, ਸਫਲਤਾ ਦਾ ਨਵਾਂ ਵਰਕਾ ਬਣਦੇ। ਉਨ੍ਹਾਂ ਮੁੱਖੜੇ ਦੇ ਬਹੁਤ ਸਾਰੇ ਰੂਪ ਕਿਆਸੇ ਹਨ-ਮੁੱਖੜਾ ਹੱਸਮੁੱਖ, ਮੁੱਖੜਾ ਚਿੜਚਿੜਾ। ਮੁੱਖੜਾ ਖੁਸ਼-ਮਿਜ਼ਾਜ, ਮੁੱਖੜਾ ਰੋਂਦੂ। ਮੁੱਖੜਾ ਟਹਿਕਦਾ, ਮੁੱਖੜਾ ਬੁੱਸਕਦਾ। ਮਨ ਦੀ ਬਾਤ ਪਾਉਂਦਿਆਂ ਉਨ੍ਹਾਂ ਦੱਸਿਆ ਕਿ ਮਨ ਅਸੀਮ, ਮਨ ਅਮੋੜ, ਮਨ ਅਜਿੱਤ, ਮਨ ਅਮੋਲਕ, ਮਨ ਦੀਆਂ ਮਨ ਹੀ ਜਾਣੇ। ਹਿੱਕ ਬਾਰੇ ਉਨ੍ਹਾਂ ਕਿਹਾ ਸੀ ਕਿ ਹਿੱਕ ਵਿਚ ਜਦ ਰੋਹ ਦਾ ਉਬਾਲ ਫੁੱਟਦਾ ਤਾਂ ਇਸ ਵਿਚੋਂ ਹੀ ਦੁੱਲਾ ਭੱਟੀ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਜਾਂ ਇਕ ਸੂਖਮ ਊਧਮ ਸਿੰਘ ਦਾ ਰੂਪ ਧਾਰ ਲੰਡਨ ਵੱਲ ਨੂੰ ਚਾਲੇ ਪਾਉਂਦਾ। ਗਰਦਨ ਦੀ ਦਾਸਤਾਂ ਸੁਣਾਉਂਦਿਆਂ ਉਨ੍ਹਾਂ ਦੱਸਿਆ ਸੀ ਕਿ ਗਰਦਨ ਸਿੱਧੀ ਰਹੇ ਤਾਂ ਸਿਰਾਂ 'ਤੇ ਦਸਤਾਰਾਂ ਸੋਂਹਦੀਆਂ, ਸਰਦਾਰੀਆਂ ਕਾਇਮ ਰਹਿੰਦੀਆਂ ਅਤੇ ਸਿਰਤਾਜਾਂ ਨੂੰ ਸਲਾਮਾਂ ਹੁੰਦੀਆਂ। ਪਿਛਲੇ ਲੇਖ ਵਿਚ ਉਨ੍ਹਾਂ ਬੁੱਲ੍ਹੀਆਂ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਸੀ, ਬੁੱਲ੍ਹੀਆਂ 'ਚੋਂ ਰਸ ਵੀ ਚੋਂਦਾ ਅਤੇ ਕੁੜੱਤਣ ਵੀ, ਸੋਗੀ ਸੁਰਾਂ ਵੀ ਨਿਕਲਦੀਆਂ ਤੇ ਦੀਪਕ ਰਾਗ ਵੀ, ਸੁੱਚੇ ਬੋਲ ਵੀ ਅਤੇ ਕੁਬੋਲ ਵੀ। ਜਦ ਕੋਈ ਨਿੱਕੜਾ, ਵਡੇਰੇ ਨੂੰ ਚੁੰਮਦਾ ਤਾਂ ਬੱਚੇ ਦੇ ਚੁੰਮਣ ਵਿਚਲੀ ਕੋਮਲਤਾ ਤੇ ਕੋਸਾਪਣ, ਵਡੇਰਿਆਂ ਨੂੰ ਸੁੱਖਦ ਅਹਿਸਾਸ ਨਾਲ ਭਰ ਦਿੰਦਾ। ਇਸ ਲੇਖ ਵਿਚ ਡਾ. ਭੰਡਾਲ ਨੇ ਨਸੀਹਤ ਕੀਤੀ ਹੈ ਕਿ ਸਾਹ ਆਉਂਦੇ ਜਾਂਦੇ ਰਹਿਣ, ਇਸ ਲਈ ਜਰੂਰੀ ਹੈ ਕਿ ਅਸੀਂ ਵਾਤਾਵਰਣੀ, ਕੁਦਰਤੀ, ਸਮਾਜਿਕ ਅਤੇ ਪਰਿਵਾਰਕ ਸਰੋਕਾਰਾਂ ਵਿਚੋਂ ਹੀ ਖੁਦ ਨੂੰ ਵਿਸਥਾਰਈਏ। ਇਨ੍ਹਾਂ ਦੀ ਅਵੱਗਿਆ ਤੇ ਅਣਗਹਿਲੀ, ਸਾਡੀ ਤਲੀ 'ਤੇ ਮੌਤ ਦਾ ਪੈਗਾਮ ਖੁਣਨ ਲਈ ਕਾਹਲੀ ਹੈ। ਸਾਹ, ਮਨ ਤੇ ਸਰੀਰ, ਜੀਵਨ ਤੇ ਮੌਤ, ਮਨੁੱਖ ਤੇ ਮਿੱਟੀ, ਸੱਚ ਤੇ ਝੂਠ ਅਤੇ ਬੋਲ ਤੇ ਸਦੀਵੀ ਚੁੱਪ ਦਰਮਿਆਨ ਨਿੱਘਾ ਤੇ ਪੀਡਾ ਸਬੰਧ। -ਸੰਪਾਦਕ

ਸਾਹ, ਜੀਵਨ ਦਾ ਆਧਾਰ, ਜਿਉਂਦੇ ਹੋਣ ਦੀ ਨਿਸ਼ਾਨੀ, ਧੜਕਦੀ ਜ਼ਿੰਦਗੀ ਦਾ ਅਹਿਸਾਸ, ਚੱਲਦੇ ਰਹਿਣ ਦੀ ਆਸ ਅਤੇ ਕੁਝ ਚੰਗੇਰਾ ਕਰ ਗੁਜ਼ਰਨ ਦਾ ਧਰਵਾਸ। ਸਾਹ-ਸੁਰਤਾਲ ਸੁਣਾਈ ਦਿੰਦੀ ਰਹਿਣ ਤਾਂ ਅੰਗਾਂ ਵਿਚ ਹਰਕਤ, ਜਿੰਦਾ ਹੋਣ ਦਾ ਆਭਾਸ ਜਦ ਕਿ ਸਾਹਾਂ ਦਾ ਰੁਕਣਾ, ਮਿੱਟੀ ਦੀ ਢੇਰੀ। ਸਾਹ, ਸਮੁੱਚੀ ਕਾਇਨਾਤ ਦੀ ਬੁਨਿਆਦ। ਬਨਸਪਤੀ, ਜੀਵ-ਸੰਸਾਰ ਅਤੇ ਮਾਨਵ-ਜਾਤੀ ਸਾਹਾਂ ਦੀ ਨੀਂਹ 'ਤੇ ਜੀਵਨੀ ਗੁੰਬਦ ਉਸਾਰਦੀ, ਸਫਲਤਾਵਾਂ ਦਾ ਪ੍ਰਚਮ ਲਹਿਰਾਉਂਦੀ ਅਤੇ ਆਪਣੀ ਹੋਂਦ ਦਾ ਜਲਵਾ ਦਿਖਾਉਂਦੀ।

ਸਾਹਾਂ ਨਾਲ ਦਿਲ ਧੜਕਦਾ। ਸਰੀਰ ਦੇ ਵੱਖ ਵੱਖ ਅੰਗਾਂ ਨੂੰ ਖੂਨ ਰੂਪੀ ਊਰਜਾ ਪਹੁੰਚਦੀ। ਹਰ ਅੰਗ ਵਿਚ ਜਿਉਂਦੇ ਹੋਣ ਦਾ ਅਸਰ ਅਤੇ ਅਹਿਦ ਉਪਜਾਉਂਦਾ। ਇਹ ਅਹਿਦ ਹੀ ਹੁੰਦਾ ਜੋ ਅਸੀਂ ਆਪਣੇ ਅੰਗਾਂ ਨਾਲ ਕੁਝ ਕਰਨ ਦੀ ਆਸ ਅਤੇ ਉਮੀਦ ਮਨ ਵਿਚ ਪਾਲਦੇ।

ਸਾਹ ਚਲਦੇ ਤਾਂ ਜੱਗ ਚਲਦਾ। ਜਗਤ ਤਮਾਸ਼ੇ ਦੌਰਾਨ ਰੰਗ-ਬਰੰਗੀਆਂ ਤਸਵੀਰਾਂ ਉਘਾੜਦੀਆਂ ਜੋ ਸਾਹਧਾਰਾ ਦੀ ਨਿਰੰਤਰਤਾ ਦੀ ਸਬੱਬ ਬਣਦੀਆਂ।

ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 1-216-556-2080

ਸਾਹਾਂ ਦੀ ਰਵਾਨਗੀ ਹੀ ਹੁੰਦੀ ਜਦ ਜਿਉਣਾ ਚੰਗਾ ਲੱਗਦਾ, ਰਿਸ਼ਤਿਆਂ ਵਿਚ ਮੋਹ ਦਾ ਫੁਹਾਰਾ ਫੁੱਟਦਾ ਅਤੇ ਸਬੰਧਾਂ ਵਿਚ ਪਕਿਆਈ ਅਤੇ ਨੇੜਤਾ ਦੀ ਗੰਢ ਹੋਰ ਪਕੇਰੀ ਹੁੰਦੀ। ਸਾਹ-ਸਰਦਲ 'ਤੇ ਸਰਗਰਮੀ, ਸਦ-ਉਪਯੋਗ ਅਤੇ ਸਦਭਾਵਨਾ ਦਾ ਪਾਣੀ ਡੋਲ੍ਹਣ ਵਾਲੇ ਚਿਰਜੀਵਤਾ ਦਾ ਪਹਿਲਾ ਵਾਕ ਹੁੰਦੇ। ਉਨ੍ਹਾਂ ਦੀ ਸੋਚ ਵਿਚ ਕੁਝ ਕਰ ਗੁਜ਼ਰਨ ਦੀ ਤਮੰਨਾ ਅੰਗੜਾਈ ਲੈਂਦੀ।

ਸਾਹ-ਸਰਗਮ ਵਿਚ ਖੁਦ ਨੂੰ ਲੀਨ ਕਰਨ ਅਤੇ ਇਸ ਦੇ ਵਜਦ ਨੂੰ ਜੀਵਨ-ਸ਼ੈਲੀ ਬਣਾਉਣ ਵਾਲੇ ਜੀਵਨ ਧਾਰਾ ਦਾ ਵਹਾਅ ਹੁੰਦੇ।

ਸਾਹਾਂ ਦਾ ਸਾਜ਼ ਵੱਜਦਾ ਤਾਂ ਇਸ ਵਿਚ ਸੰਗੀਤਕ ਸੁਰਾਂ ਪੈਦਾ ਹੁੰਦੀਆਂ। ਸੂਖਮ, ਸਹਿਜ-ਭਾਵੀ ਅਤੇ ਸੁਖਦ-ਅਨੰਦੀ ਮਾਹੌਲ ਪੈਦਾ ਹੁੰਦਾ ਅਤੇ ਇਸ ਮਹਿਕੀਲੀ ਫਿਜ਼ਾ ਵਿਚ ਹੀ ਯੁੱਗ ਜਿਉਣ ਅਤੇ ਵਧੀਆ ਜੀਵਨ-ਜਾਚ ਦਾ ਪਹਿਲਾ ਸਬਕ ਪੜ੍ਹਿਆ ਜਾਂਦਾ।

ਸਾਹਾਂ ਦੀ ਧੜਕਣ ਨਾਲ ਜਦ ਆਵਾਜ਼ ਪੈਦਾ ਹੁੰਦੀ ਤਾਂ ਇਸ ਦਾ ਅੰਦਾਜ਼, ਰਵਾਨਗੀ ਅਤੇ ਗਤੀਸ਼ੀਲਤਾ ਵਿਚੋਂ ਹੀ ਕਿਸੇ ਸ਼ਖਸ ਦੀ ਸਰੀਰਕ ਅਤੇ ਮਾਨਸਿਕ ਅਵਸਥਾ ਨੂੰ ਕਿਆਸ ਕੀਤਾ ਜਾ ਸਕਦਾ। ਅਚਨਚੇਤੀ ਖੁਸ਼ੀ, ਖੁਸ਼ਖਬਰੀ, ਮਿੱਤਰ-ਪਿਆਰੇ ਦਾ ਮਿਲਣਾ ਜਾਂ ਮਾਨਸਿਕ ਉਤੇਜਨਾ ਕਾਰਨ ਸਾਹਾਂ ਦੀ ਗਤੀ ਤੇਜ਼ ਹੋ ਜਾਂਦੀ ਜਦ ਕਿ ਗਮੀ, ਉਦਾਸੀ ਜਾਂ ਪੀੜਾ 'ਚ ਸਾਹ ਧੀਮੇ ਹੋ ਜਾਂਦੇ। ਕਈ ਵਾਰ ਰੁੱਕ ਰੁੱਕ ਕੇ ਆਉਂਦੇ ਸਾਹ, ਬੰਦੇ ਨੂੰ ਜੀਵਨ ਅਤੇ ਮੌਤ ਦਰਮਿਆਨ ਲਟਕਾ ਵੀ ਜਾਂਦੇ।

ਸਾਹ 'ਚ ਜਦ ਸਾਹ ਰਲਦੇ ਤਾਂ ਇਕਸੁਰਤਾ, ਇਕਸਾਰਤਾ ਅਤੇ ਸਦੀਵਤਾ ਵਿਚ ਗੁੰਨਿਆ ਰਾਜ਼, ਦੋ ਰੂਹਾਂ ਵਿਚਲੀ ਪਹਿਲਕਦਮੀ, ਪਿਆਰ-ਪਰਪੱਕਤਾ ਅਤੇ ਪਾਕੀਜ਼ਗੀ ਦਾ ਗੀਤ ਬਣਦਾ।

ਜਦ ਸਾਹਾਂ 'ਚ ਸਾਹਾਂ ਦੀ ਮਹਿਕ ਘੁਲਦੀ ਤਾਂ ਜਿਉਣਾ ਚੰਗਾ ਲੱਗਦਾ। ਆਪਣਿਆਂ ਦੀ ਸੰਗਤ ਵਿਚ ਸਾਹਾਂ ਨੂੰ ਸਾਹ ਵੀ ਮਿਲਦਾ ਅਤੇ ਸਾਹ-ਚਾਲ ਨੂੰ ਉਦਮ ਤੇ ਧੀਰਜ ਦਾ ਵਰ ਮਿਲਦਾ।

ਜਦ ਅਸੀਂ ਇਕ ਦੂਜੇ ਦੇ ਸਾਹਾਂ ਰਾਹੀਂ ਜਿਉਣ ਵਾਸਤੇ ਸਾਹਾਂ ਦਾ ਵਣਜ ਕਰਦੇ ਤਾਂ ਸਬਰ, ਸੰਤੋਖ, ਸਦਭਾਵਨਾ ਤੇ ਸੰਤੁਸ਼ਟਤਾ ਨਾਲ ਭਰਪੂਰ ਸਾਂਝ-ਸਫਰ ਤਵਾਰੀਖ ਦੇ ਨਾਂ ਕਰਦੇ। ਇਸ ਵਿਚੋਂ ਇਕ ਨਵੀਂ ਤਹਿਰੀਕ ਜਨਮਦੀ ਜਿਸ ਨੂੰ ਸਿਰਜਣ ਦਾ ਸਿਹਰਾ, ਸਾਹਾਂ ਦੇ ਵਪਾਰੀਆਂ ਨੂੰ ਜਾਂਦਾ।

ਸਾਹ ਸੰਦਲੀ ਹੋਣ ਤਾਂ ਮਹਿਕਾਂ ਦੀ ਹੱਟ ਨੂੰ ਆਪਣੇ ਨਾਮ ਕਰਨ ਲਈ, ਦਰਾਂ 'ਤੇ ਦਸਤਕਾਂ ਦਾ ਹਜੂਮ ਉਮਡਦਾ। ਜਦ ਇਹ ਦਸਤਕ ਜੀਵਨ ਕਦਰਾਂ-ਕੀਮਤਾਂ ਨਾਲ ਲਬਰੇਜ਼ ਹੁੰਦੀ ਤਾਂ ਜੀਵਨ ਨੂੰ ਜੀਵਨ ਮੁੱਲਾਂ ਦਾ ਵਰਦਾਨ ਮਿਲਦਾ।

ਸਾਹਾਂ ਦੀ ਸਾਰੰਗੀ ਦੀਆਂ ਤਾਰਾਂ ਇੰਨੀਆਂ ਵੀ ਨਾ ਕੱਸੋ ਕਿ ਉਹ ਟੁੱਟ ਜਾਣ ਪਰ ਇੰਨੀਆਂ ਵੀ ਢਿਲੀਆਂ ਨਾ ਕਰੋ ਕਿ ਉਨ੍ਹਾਂ ਵਿਚ ਸੰਗੀਤ ਦੀ ਥਾਂ ਬੇਸੁਰਾਪਣ ਭਾਰੂ ਹੋਵੇ। ਸਗੋਂ ਇੰਨੀਆਂ ਕੁ ਕੱਸੋ ਕਿ ਉਨ੍ਹਾਂ 'ਚ ਪੈਦਾ ਹੋਈ ਟੁਣਕਾਰ, ਰੂਹਾਨੀ ਨਾਦ ਬਣ ਕੇ ਚੌਗਿਰਦੇ ਵਿਚ ਇਲਹਾਮੀ ਵਜਦ ਪੈਦਾ ਕਰੇ। ਇਸ ਦੀ ਉਚੇਰੀ ਵਿਚਾਰ-ਪਰਵਾਜ਼ ਤੇ ਜੀਵਨ-ਰੰਗਤ, ਮਾਣਮੱਤਾ ਹਾਸਲ ਹੁੰਦੀ।

ਸਾਹਾਂ ਵਰਗੇ ਸੱਜਣ ਹੀ ਹੁੰਦੇ ਜੋ ਪੈਰਾਂ 'ਚ ਚੁਭੇ ਕੰਢੇ ਚੁਗਦੇ, ਹਨੇਰ ਨਾਲ ਓਤ-ਪੋਤ ਰਾਹਾਂ 'ਚ ਸੂਰਜ ਉਗਾਉਂਦੇ ਅਤੇ ਮੱਸਿਆਂ ਦੀਆਂ ਰਾਤਾਂ ਵਿਚ ਪੁੰਨਿਆਂ ਦਾ ਚੰਨ ਬਣਦੇ। ਸਭ ਤੋਂ ਚੰਗਾ ਇਹ ਵੀ ਹੁੰਦਾ ਏ ਕਿ ਉਹ ਸਭ ਕੁਝ ਕਰਦਿਆਂ ਅਹਿਸਾਨ ਨਹੀਂ ਜਤਾਉਂਦੇ। ਅਛੋਪਲੇ ਜਿਹੇ ਤੁਹਾਨੂੰ ਸੁਪਨ-ਪ੍ਰਾਪਤੀ ਦੇ ਰਾਹ ਪਾ, ਖੁਦ ਪਾਸੇ ਹੋ ਜਾਂਦੇ।

ਮੰਗਵੇਂ ਸਾਹਾਂ ਨਾਲ ਜਿਉਣ ਵਾਲੇ ਲੋਕ ਆਪਣੀ ਕਮਜ਼ੋਰੀ, ਨਾ-ਅਹਿਲੀਅਤ ਅਤੇ ਖਾਮੀਆਂ ਦੀ ਧੁੱਖਦੀ ਧੂਣੀ ਹੁੰਦੇ ਜੋ ਸਮਾਜ ਦੇ ਨੈਣਾਂ ਵਿਚ ਕੁੱਕਰੇ ਪਾ, ਰਾਹਾਂ 'ਚ ਧੁੰਧਲਕਾ ਫੈਲਾਉਂਦੇ।

ਜਦ ਕੋਈ ਉਧਾਰੇ ਸਾਹਾਂ ਨਾਲ, ਜਿਉਣ ਮਾਰਗ ਨੂੰ ਆਪਣੇ ਨਾਮ ਕਰਦਾ ਤਾਂ ਉਸ ਦੀ ਸੋਚ ਵਿਚ ਉਧਾਰ ਦੇਣ ਵਾਲੇ ਦਾ ਅਹਿਸਾਨ ਅਤੇ ਇਸ ਉਧਾਰ ਨੂੰ ਬਿਹਤਰੀਨ ਰੂਪ ਵਿਚ ਮੋੜਨ ਦਾ ਨਿਸਚਾ ਹੁੰਦਾ। ਅਜਿਹੇ ਲੋਕ ਸਾਰੀ ਉਮਰ ਹੀ ਸ਼ੁਕਰਗੁਜਾਰੀ ਵਿਚੋਂ ਆਪਣੇ ਆਪ ਨੂੰ ਵਿਸਥਾਰਦੇ, ਜੀਵਨੀ ਮਾਰਗ ਦਾ ਅਜਿਹਾ ਮੀਲ ਪੱਥਰ ਨਿਸ਼ਚਿਤ ਕਰ ਜਾਂਦੇ ਕਿ ਆਉਣ ਵਾਲੀਆਂ ਨਸਲਾਂ ਉਨ੍ਹਾਂ 'ਤੇ ਨਾਜ਼ ਕਰਦੀਆਂ। ਨਾ-ਸ਼ੁਕਰੇ ਲੋਕ ਸਿਰਫ ਜਿਉਣ ਦਾ ਭਾਰ ਹੀ ਢੋਂਦੇ।

ਸਾਹ-ਸੰਗੀਤ ਵਿਚ ਜਦ ਸੁਰ, ਸ਼ਬਦ ਅਤੇ ਸਮਰਪਣ ਦਾ ਸੰਤੁਲਨ ਹੋਵੇ ਤਾਂ ਸਾਹਾਂ ਨੂੰ ਸਾਹ ਕਹਿੰਦਿਆਂ ਹਿੱਕ ਚੌੜੀ ਹੋ ਜਾਂਦੀ ਏ। ਕਹਿਣੀ ਤੇ ਕਥਨੀ ਦੇ ਪੂਰੇ ਸਾਹ ਸਾਨੂੰ ਸਦੀਵਤਾ ਬਖਸ਼ਦੇ।

ਸਾਹਾਂ ਵਿਚ ਸ਼ਿਕਵੇ ਉਗਦੇ ਤਾਂ ਜਿਉਣ ਤੋਂ ਆਤੁਰ ਹੋਈ ਜ਼ਿੰਦਗੀ, ਜਿਉਣ ਤੋਂ ਮੁਨਕਰੀ ਭਾਲਦੀ ਅਤੇ ਉਸ ਦੀ ਤੋਰ ਵਿਚ ਨਿੰਮੋਝੂਣਤਾ ਦਾ ਵਾਸਾ ਹੁੰਦਾ।

ਸਾਹ ਜਦ ਕਿਸੇ ਬਿਰਖ ਦੇ ਪਿੰਡੇ 'ਤੋਂ ਪਰਵਾਸ ਕਰ ਜਾਣ ਤਾਂ ਕੜੰਗ ਹੋਇਆ ਬਿਰਖ-ਬੋਧ, ਪੱਤਿਆਂ, ਟਾਹਣੀਆਂ, ਕਰੂੰਬਲਾਂ, ਫੁੱਲ ਤੇ ਫਲ ਦੇ ਸੋਗ ਵਿਚ ਮੂਕ-ਹੋਕਰਾ ਬਣ ਜਾਂਦਾ। ਪਰਿੰਦਿਆਂ ਦੇ ਆਲ੍ਹਣਿਆਂ 'ਚ ਸੋਗ ਪੈਦਾ ਹੁੰਦਾ। ਅਸੀਂ ਇਸ ਮੂਕ ਹੂਕ ਨੂੰ ਸੁਣਨ ਤੋਂ ਆਕੀ ਹੋ ਚੁੱਕੇ ਹਾਂ ਤਾਹੀਂ ਤਾਂ ਸਾਡੇ ਨਸੀਬਾਂ ਵਿਚ ਹਰਿਆਵਲ ਦੀ ਥਾਂ ਉਜਾੜ ਵੱਸਦੀ ਏ। ਜਦ ਕੋਈ ਨਦੀ/ਦਰਿਆ ਸਾਹ ਦੀ ਵਿਲਕਣੀ ਬਣ ਜਾਵੇ ਤਾਂ ਇਸ ਦੀ ਹਿੱਕ ਵਿਚ ਬਰੇਤੇ ਉਗਦੇ, ਕੰਢਿਆਂ 'ਤੇ ਮੌਲਦੀ ਸਭਿਅਤਾ ਸਿਉਂਕੀ ਜਾਂਦੀ, ਪੱਤਣਾਂ 'ਤੇ ਲੱਗਦੇ ਮੇਲਿਆਂ ਨੂੰ ਨਜ਼ਰ ਲੱਗ ਜਾਂਦੀ ਅਤੇ ਭਰ ਵਗਦੇ ਦਰਿਆ, ਰੁਦਨ ਬਣ ਕੇ ਮਨੁੱਖ ਦੀ ਵੱਖੀ ਵਿਚ ਚੀਸ ਧਰ ਜਾਂਦੇ। ਪਰ ਮਨੁੱਖ ਨੂੰ ਇਸ ਦਾ ਅਹਿਸਾਸ ਹੀ ਨਹੀਂ। ਜਦ ਸਾਹ-ਸੰਪਤੀ ਵਰਗੀ ਹਵਾ ਵਿਚ ਸਿਸਕੀ ਉਗਦੀ ਤਾਂ ਸਾਹਾਂ ਦੀ ਨਿਰੰਤਰਤਾ ਨੂੰ ਕਿਵੇਂ ਕਿਆਸੋਗੇ? ਹਵਾ ਦੀ ਹਿੱਕ ਵਿਚ ਪੈਦਾ ਕੀਤਾ ਗੰਧਲਾਪਣ ਜਦ ਆਪਣੇ ਅੰਤਰੀਵ ਵਿਚ ਉਤਾਰੋਗੇ ਤਾਂ ਆਪ ਵੀ ਮਰੋਗੇ ਅਤੇ ਆਉਣ ਵਾਲੀਆਂ ਨਸਲਾਂ ਨੂੰ ਵੀ ਮਾਰੋਗੇ। ਮਰਦ ਜਨਮਣ ਵਾਲੀ ਧਰਤ ਦੀ ਕੁੱਖ ਨੂੰ ਜ਼ਹਿਰ ਨਾਲ ਸਿੰਜਦਿਆਂ, ਜਦ ਬੰਜਰ ਬਣਾਇਆ ਜਾਵੇ ਤਾਂ ਖੁਦ ਦਾ ਮਰਸੀਆ ਪੜ੍ਹਨ ਤੋਂ ਮਨੁੱਖ ਕਿਵੇਂ ਬਚ ਸਕਦਾ ਏ। ਆਪਣੇ ਮੋਢੇ 'ਤੇ ਸੂਲੀ ਚੁੱਕੀ ਫਿਰਦਾ ਮਨੁੱਖ ਜਦ ਖੁਦ ਨੂੰ ਪਛਾਣਨ ਤੋਂ ਇਨਕਾਰੀ ਹੋ ਜਾਵੇ ਤਾਂ ਕਾਦਰ ਦੀ ਅੱਖ ਸਿੰਮਦੀ। ਇਸ ਦੇ ਖਾਰੇਪਣ ਵਿਚ ਖੁਰ ਜਾਂਦੀਆਂ ਨੇ ਕਈ ਨਸਲਾਂ ਅਤੇ ਭਵਿੱਖ ਦੇ ਨਾਂਵੇਂ ਲਿਖਿਆ ਜਾਂਦਾ ਏ ਸਦੀਵੀ ਸੰਤਾਪ।

ਸਾਹ ਸੰਜੋਗੀ ਹੁੰਦੇ ਤਾਂ ਕਦਮ-ਦਰ-ਕਦਮ ਤੁਰਨ ਵਿਚ ਇਕ ਸਹਿਜ ਤੇ ਸਕੂਨ ਹੁੰਦਾ ਜੋ ਸਮਾਜਿਕ ਸੰਤੁਲਨ, ਆਰਥਿਕ ਆਧਾਰ ਅਤੇ ਧਾਰਮਿਕ ਪਾਕੀਜ਼ਗੀ ਦਾ ਪਲੇਠਾ ਪਾਠਕ੍ਰਮ ਬਣ ਕੇ, ਸਮੁੱਚੀ ਕੁਦਰਤ ਦੇ ਨੈਣਾਂ ਦਾ ਨਾਜ਼ ਬਣਦੇ।

ਸਾਹਾਂ ਵਰਗੀ ਸੱਜਣਤਾ ਹੀ ਹੁੰਦੀ ਜੋ ਸਾਨੂੰ ਸੁਪਨਿਆਂ ਦਾ ਸਿਰਲੇਖ, ਤਦਬੀਰਾਂ ਦੀ ਘਾੜਤ ਅਤੇ ਸਥਾਪਤੀਆਂ ਦੀ ਆਧਾਰਸ਼ਿਲਾ ਦਾ ਸਿਰਨਾਵਾਂ ਬਖਸ਼ਦੀ। ਇਨ੍ਹਾਂ ਦੇ ਪੌਡਿਆਂ 'ਤੇ ਪੈਰ ਧਰ ਕੇ ਉਚੀਆਂ ਟੀਸੀਆਂ ਸਾਡਾ ਹਾਸਲ ਬਣਦੀਆਂ।

ਸਾਹ ਸੰਘਣੇ ਹੋਣ ਤਾਂ ਇਨ੍ਹਾਂ ਦੀ ਘਣਤਾ ਵਿਚ ਬਹੁਤ ਕੁਝ ਅਜਿਹਾ ਸਮਾਇਆ ਹੁੰਦਾ ਜੋ ਸੋਚ ਨੂੰ ਸੂਰਜ, ਪੈਰਾਂ ਨੂੰ ਪੈੜਚਾਲ, ਕਦਮਾਂ ਨੂੰ ਕਰਮਯੋਗਤਾ ਅਤੇ ਮਸਤਕ ਨੂੰ ਮਾਨਵਤਾ ਦਾ ਵਰ ਦਿੰਦਾ।

ਸਾਹਾਂ ਦਾ ਸਫਰ ਪਹਿਲੇ ਸਾਹ ਤੋਂ ਹੁੰਦਾ ਜੋ ਨਵੀਂ ਜ਼ਿੰਦਗੀ ਦਾ ਅਰਥ ਹੁੰਦਾ ਅਤੇ ਇਸ ਦੀ ਪੂਰਨਤਾ ਆਖਰੀ ਸਾਹ ਨਾਲ ਹੁੰਦੀ, ਜਦ ਮਨੁੱਖ ਤੋਂ ਮਿੱਟੀ ਤੀਕ ਦਾ ਸਫਰ ਪੂਰਨ ਹੁੰਦਾ। ਪਰ ਇਸ ਸਫਰ ਦੌਰਾਨ ਤੁਸੀਂ ਸਾਹਾਂ ਦੀ ਸਾਰਥਕਤਾ, ਸੀਮਾਵਾਂ, ਸੰਭਾਵਨਾਵਾਂ ਅਤੇ ਸਮਰੱਥਾਵਾਂ ਦੀ ਕਿੰਨੀ ਕੁ ਸੁਯੋਗ ਵਰਤੋਂ ਕੀਤੀ ਹੈ, ਕਿੰਨਿਆਂ ਸਾਹਾਂ ਨੂੰ ਚੰਗੇਰੇ ਲੇਖੇ ਲਾਇਆ ਹੈ, ਕਿੰਨਿਆਂ ਨੂੰ ਵਿਅਰਥ ਗਵਾਇਆ ਹੈ, ਕਿੰਨੇ ਸਾਹਾਂ ਨੂੰ ਮੰਗਵੇਂ ਦੇ ਕੇ ਲੰਗੜੇ ਕਦਮਾਂ ਨੂੰ ਸਾਵੀਂ ਤੋਰ ਬਖਸ਼ੀ ਏ, ਕਿੰਨੇ ਸਾਹਾਂ ਨੂੰ ਉਧਾਰ ਦੇ ਕੇ ਜੀਵਨ ਪੰਧ 'ਤੇ ਤੋਰਿਆ? ਇਹ ਸਫਰ ਹੀ ਹੁੰਦਾ ਜੋ ਸਾਨੂੰ ਸਦੀਵੀ ਯਾਦ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਚੇਤੇ ਵਿਚ ਸਾਂਭਣ ਦਾ ਸਬੱਬ ਬਣਦਾ। ਵਰਨਾ ਰੁਤਬਿਆਂ ਤੇ ਮਹਿਲਾਂ ਵਾਲੇ, ਅਹਿਲਕਾਰ ਅਤੇ ਧਨੀ ਲੋਕ ਸਮੇਂ ਦੀ ਗਰਦਿਸ਼ ਵਿਚ ਅਜਿਹੇ ਅਲੋਪ ਹੋ ਗਏ ਕਿ ਕੋਈ ਵੀ ਉਨ੍ਹਾਂ ਨੂੰ ਚੇਤੇ ਨਹੀਂ ਕਰਦਾ। ਕੁਝ ਤਾਂ ਅਜਿਹਾ ਕਰ ਜਾਵੋ ਕਿ ਸਮੇਂ ਦੇ ਵਰਕੇ 'ਤੇ ਤੁਹਾਡੇ ਨਕਸ਼ ਉਘੜਵੇਂ ਰੂਪ ਵਿਚ ਚਮਕਦੇ ਰਹਿਣ।

ਸਾਹਾਂ ਦੀ ਸਾਦਗੀ, ਇਨ੍ਹਾਂ ਦੇ ਸੂਹਜ ਅਤੇ ਸਹਿਜ ਵਿਚ ਹੀ ਜੀਵਨ-ਜੁਗਤ ਦਾ ਰਾਜ਼ ਜੋ ਸਾਡੇ ਜੀਵਨੀ ਸਰੋਕਾਰਾਂ ਨੂੰ ਨਵਾਂ ਮੁਹਾਂਦਰਾ, ਨਰੋਈ ਦਿੱਖ ਅਤੇ ਅਲੋਕਾਰੀ ਦਿਸਹੱਦੇ ਬਖਸ਼ਦਾ। ਇਨ੍ਹਾਂ ਰਾਹਾਂ ਦੀ ਨਿਸ਼ਾਨਦੇਹੀ ਕਰਨਾ ਹੀ ਮਨੁੱਖੀ ਉਚਮਤਾ ਦੀ ਸੁ-ਨਿਸ਼ਾਨੀ ਹੁੰਦਾ।



ਕਸਰਤ ਜਾਂ ਹੱਥੀਂ ਕਾਰਜ ਕਰਦਿਆਂ ਜਾਂ ਕਿਸੇ ਨਾਲ ਹੱਥ ਵਟਾਉਂਦਿਆਂ ਜਦ ਸਾਹਾਂ ਵਿਚ ਗਰਮਜੋਸ਼ੀ ਅਤੇ ਧੜਕਣ ਵਿਚ ਤੇਜੀ ਆਉਂਦੀ ਤਾਂ ਇਹ ਸਾਡੀ ਸਮਾਜਿਕ ਅਤੇ ਸਰੀਰਕ ਸਿਹਤ ਲਈ ਸਭ ਤੋਂ ਜ਼ਿਆਦਾ ਮੁਆਫਕ ਹੁੰਦੀ। ਤਾਹੀਏਂ ਤਾਂ 'ਆਪਣੜੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਏ' ਦੇ ਮੂਲ ਮੰਤਰ ਨੂੰ ਮਨ-ਸਾਰ ਬਣਾਉਣ ਵਾਲੇ ਸੰਪੂਰਨ, ਸੰਜੀਦਾ ਅਤੇ ਸਫਲ ਜੀਵਨੀ-ਮਾਰਗ ਦਾ ਅਹਿਦਨਾਮਾ ਹੁੰਦੇ।

ਸਾਹ ਸਵੱਲੇ ਹੋਣ ਤਾਂ ਜੀਵਨ ਵਿਚ ਰੰਗ ਭਰੇ ਜਾਂਦੇ। ਜੂਹਾਂ ਵਿਚ ਮਿਠੜੇ ਬੋਲ ਗੂੰਜਦੇ। ਪੱਤਿਆਂ ਦੀ ਰੁਮਕਣੀ ਇਲਾਹੀ ਨਾਦ ਪੈਦਾ ਕਰਦੀ। ਚਿੜੀਆਂ ਦਾ ਚਹਿਕਣਾ ਜੀਣ ਦੀ ਸਨਦ ਹੁੰਦੀ। ਚੌਗਿਰਦੇ ਵਿਚ ਮੌਲਦਾ ਜੀਵ-ਸੰਸਾਰ ਇਕ ਦੂਜੇ ਲਈ ਜਿਉਣ-ਸਰੋਤ ਬਣਦਾ।

ਸਾਹ ਆਉਂਦੇ ਜਾਂਦੇ ਰਹਿਣ, ਇਸ ਲਈ ਜਰੂਰੀ ਹੈ ਕਿ ਅਸੀਂ ਵਾਤਾਵਰਣੀ, ਕੁਦਰਤੀ, ਸਮਾਜਿਕ ਅਤੇ ਪਰਿਵਾਰਕ ਸਰੋਕਾਰਾਂ ਵਿਚੋਂ ਹੀ ਖੁਦ ਨੂੰ ਵਿਸਥਾਰਈਏ। ਇਨ੍ਹਾਂ ਦੀ ਅਵੱਗਿਆ ਤੇ ਅਣਗਹਿਲੀ, ਸਾਡੀ ਤਲੀ 'ਤੇ ਮੌਤ ਦਾ ਪੈਗਾਮ ਖੁਣਨ ਲਈ ਕਾਹਲੀ ਹੈ।

ਜਦ ਆਪਣੇ ਪਿਆਰੇ ਦੇ ਸਿਰਹਾਣੇ ਬੈਠ ਕੇ, ਸਾਹਾਂ ਦੀ ਪਲ ਪਲ ਟੁੱਟਦੀ ਡੋਰ ਦੇ ਚਸ਼ਮਦੀਦ ਗਵਾਹ ਹੋਈਏ ਅਤੇ ਉਹ ਤੁਹਾਡੇ ਹੱਥਾਂ ਵਿਚੋਂ ਤਿਲਕਣ ਲਈ ਕਾਹਲਾ ਹੋਵੇ ਤਾਂ ਅਜਿਹੇ ਪਲਾਂ 'ਚ ਖੁਦ ਨੂੰ ਨਿਹਾਰੋ ਜਦ ਅਸੀਂ ਵੀ ਖੁਦ ਨੂੰ ਅਲਵਿਦਾ ਕਹਿਣੀ ਹੈ। ਇਸ ਲਈ ਜਰੂਰੀ ਹੈ ਕਿ ਸਾਹਾਂ ਤੋਂ ਨਿਰਾਸ਼ ਹੋਣ ਦੀ ਥਾਂ ਇਸ ਦੀ ਝੋਲੀ ਵਿਚ ਚਾਵਾਂ ਤੇ ਆਸਾਂ ਦੀ ਚੋਗ ਪਾਉਂਦੇ ਰਹੀਏ ਅਤੇ ਖੁਦ ਵਿਚੋਂ ਖੁਦ ਨੂੰ ਪ੍ਰਗਟਾਉਂਦੇ ਰਹੀਏ।

ਸਾਹ ਚੱਲਦੇ ਹੋਣ ਤਾਂ ਨਵਾਂ ਉਦਮ, ਉਚਾ ਸੁਪਨਾ ਤੇ ਨਵੇਂ ਦਿਸਹੱਦਿਆਂ ਨੂੰ ਮਨ ਵਿਚ ਵਸਾਉਣ ਅਤੇ ਇਨ੍ਹਾਂ ਲਈ ਉਦਮ ਕਰਨਾ ਸੁਚਾਰੂ ਕਾਰਜ ਹੁੰਦਾ। ਜ਼ਿੰਦਗੀ ਨੂੰ ਚੰਗੇਰਾ ਬਣਾਉਣ ਲਈ ਜੀਵਨ ਦੇ ਕਿਸੇ ਵੀ ਮੋੜ ਤੋਂ ਸ਼ੁਰੂਆਤ ਕੀਤੀ ਜਾ ਸਕਦੀ ਏ। ਸਿਰਫ ਸਾਹ ਦਾ ਸਦੀਵੀ ਰੁਕ ਜਾਣਾ ਹੀ ਸਭ ਕੁਝ ਖਤਮ ਕਰ ਸਕਦਾ ਏ।

ਸਾਹ ਦਾ ਬਿਰਖ ਅਤੇ ਮਨੁੱਖ ਨਾਲ ਗੂੜ੍ਹਾ ਸਬੰਧ। ਮਨੁੱਖ ਸਾਹ ਰਾਹੀਂ ਆਕਸੀਜ਼ਨ ਸਰੀਰ ਦੇ ਅੰਦਰ ਲੈ ਕੇ ਜਾਂਦਾ ਅਤੇ ਕਾਰਬਨ ਡਾਇਆਕਸਾਈਡ ਬਾਹਰ ਕੱਢਦਾ ਜਦ ਕਿ ਬਿਰਖ, ਮਨੁੱਖ ਦੁਆਰਾ ਛੱਡੀ ਹੋਈ ਕਾਰਬਨ ਡਾਇਆਕਸਾਈਡ ਨੂੰ ਜੀਵਨੀ ਤੱਤ ਬਣਾਉਂਦਾ ਅਤੇ ਬਿਰਖ ਦੁਆਰਾ ਛੱਡੀ ਹੋਈ ਆਕਸੀਜਨ ਮਨੁੱਖ ਲਈ ਜੀਵਨ ਜੋਤ ਬਣਦੀ। ਇਸ ਕਰਕੇ ਰੁੱਖ ਅਤੇ ਮਨੁੱਖ ਵਿਚ ਸੰਤੁਲਨ ਅਤੇ ਸਾਂਝ, ਦੋਹਾਂ ਦੀ ਸਦੀਵਤਾ ਲਈ ਬਹੁਤ ਜਰੂਰੀ।

ਸਾਹ, ਸਾਹਾਂ ਦੀ ਕਰਨ ਇਬਾਦਤ, ਸਾਹ, ਸਾਹਾਂ ਦੇ ਜਾਏ। ਸਾਹਾਂ ਦੀ ਨਗਰੀ ਵਿਚ ਵਸੇਂਦੇ, ਸਾਹਾਂ ਦੇ ਹਮਸਾਏ। ਸਾਹਾਂ ਵਰਗੀਆਂ ਸੋਚਾਂ ਵਿਹੜੇ, ਸਾਹ ਦੇ ਬੂਟੇ ਲਾਈਏ ਅਤੇ ਸਾਹਾਂ ਵਿਚਲੀ ਮਰਨ ਮਿੱਟੀ ਨੂੰ ਕਬਰਾਂ ਵਿਚ ਦਫਨਾਈਏ। ਸਾਹ ਸਮੇਂ ਦਾ ਸੁੱਚਾ ਨਗਮਾ, ਹੋਠੀਂ ਗੁਣਗਣਾਈਏ ਅਤੇ ਇਸ ਦੀ ਅੱਡੀ ਝੋਲੀ ਦੇ ਵਿਚ ਜੀਵਨ-ਨਾਦ ਹੀ ਪਾਈਏ। ਜੋ ਵੀ ਸੋਗ, ਵਿਗੋਚਾ, ਪੀੜਾ ਸਾਹਾਂ ਦੇ ਵਿਚ ਧਰਦਾ। ਹਰ ਪਲ ਉਹ ਸਾਹ ਦੀ ਸੂਲੀ, ਆਪਣੇ ਆਪ ਹੀ ਚੜ੍ਹਦਾ। ਸਾਹ, ਸਾਹਾਂ ਦੀ ਸੱਜੀ ਬਾਂਹ, ਬਣਦੀ ਤੁਤ-ਹਿਲੋਰਾ। ਸਾਹਾਂ ਦੇ ਨਾਲ ਸਗਵੀਂ ਜਿੰਦ ਨੂੰ ਮਿਲਦਾ ਚਾਅ ਕਟੋਰਾ। ਸਾਹਾਂ ਦੇ ਪਿੰਡੇ ਨਾ ਖੁਣਿਓ, ਕਦੇ ਵੀ ਬਦ-ਦੁਆਵਾਂ। ਸਾਹਾਂ ਨੂੰ ਸਾਹ ਬਖਸ਼ਣ ਵਾਲਿਆਂ, ਵਿਲਕਣ ਲੱਗਦੀਆਂ 'ਵਾਵਾਂ। ਸਾਹ-ਸਬੂਰੀ, ਸਾਹ-ਸਬੂਤੀ, ਸਾਹ-ਧੜਕਣੀ ਜੀਵੇ। ਕਾਇਤਾਨ ਦੀ ਕੁੱਖ ਦੇ ਵਿਚ ਧੜਕਣ ਸਦਾ ਵਸੀਵੇ। ਸਾਹਾਂ ਵਰਗੇ ਅੱਖਰ ਹੋਣ ਤਾਂ ਵਰਕੀਂ ਜਗਦੇ ਦੀਵੇ। ਅਰਥਾਂ ਦੀ ਸਰਗਮ 'ਤੇ ਨੱਚਦੇ, ਲੋਕ ਸਦੀਂਦੇ ਖੀਵੇ। ਸਾਹ ਨੂੰ ਸੋਚ ਵਿਚ ਟਿਕਾ ਕੇ, ਸਾਹਾਂ ਦੇ ਸੰਗ ਜੀਵੋ। ਸਾਹ ਸ਼ਰਬਤ ਨੂੰ ਘੁੱਟਾਂ-ਬਾਟੀ, ਪਿਆਰ-ਪਿਆਲੇ ਪੀਵੋ। ਸਾਹਾਂ ਦੀ ਸੁੱਚਤਾ ਤੇ ਉਚਤਾ, ਸਾਹਾਂ ਲੇਖੇ ਲਾਈਏ। ਸਦਾ ਸੰਦੀਲੇ ਸਾਹ ਦੇ ਮੁੱਢੀਂ, ਸਾਹ ਦੀਆਂ ਕਲਮਾਂ ਲਾਈਏ।

ਸਾਹ ਲੈਣ ਦੀ ਚੇਤਨਾ ਅਤੇ ਸੋਝੀ ਹੋਵੇ ਤਾਂ ਸਿਹਤਯਾਬੀ, ਸਿਆਣਪ ਤੇ ਸਬੰਧ ਦਾ ਸੁਮੇਲ ਤੁਹਾਡੀ ਝੋਲੀ ਦੀ ਅਮਾਨਤ ਬਣਦਾ। ਸਾਹ ਲੈਣਾ ਅਤੇ ਸੋਚਣਾ-ਦੋ ਕਿਰਿਆਵਾਂ ਹੀ ਮਨੁੱਖ ਲਈ ਸਭ ਤੋਂ ਅਹਿਮ ਜੋ ਜ਼ਿੰਦਗੀ ਨੂੰ ਨਵੇਂ ਅਰਥ ਦਿੰਦੀਆਂ।

ਸਾਹ, ਮਨ ਤੇ ਸਰੀਰ, ਜੀਵਨ ਤੇ ਮੌਤ, ਮਨੁੱਖ ਤੇ ਮਿੱਟੀ, ਸੱਚ ਤੇ ਝੂਠ ਅਤੇ ਬੋਲ ਤੇ ਸਦੀਵੀ ਚੁੱਪ ਦਰਮਿਆਨ ਨਿੱਘਾ ਤੇ ਪੀਡਾ ਸਬੰਧ।

ਸਾਹ ਬੰਦਗੀ ਤੇ ਸਾਹ ਅਰਦਾਸ। ਸਾਹ ਉਮੀਦ ਤੇ ਸਾਹ ਹੀ ਆਸ। ਸਾਹਾਂ ਦੇ ਪਿੰਡੇ 'ਤੇ ਲਿਖੀਏ ਸਾਹਾਂ ਦਾ ਧਰਵਾਸ ਕਿਉਂਕਿ ਸਾਹਾਂ ਦੀ ਡੋਰ ਕਦੇ ਵੀ ਟੁੱਟ ਸਕਦੀ ਏ। ਪਰ ਇਸ ਦੇ ਟੁੱਟਣ ਤੋਂ ਪਹਿਲਾਂ ਸਾਹਾਂ ਦੀ ਕਰਮਸ਼ੀਲਤਾ ਤੇ ਸਦ-ਉਪਯੋਗਤਾ ਹੀ ਜੀਵਨ ਜੁਗਤ ਦਾ ਮੂਲ ਆਧਾਰ ਏ।

ਆਮੀਨ।

MWOSE & DHALIWAL ATTORNEYS AT LAW

IMMIGRATION
CRIMINAL DEFENSE
BUSINESS LAW
CIVIL LITIGATION
REAL ESTATE

ਇਮੀਗ੍ਰੇਸ਼ਨ
ਫੌਜਦਾਰੀ ਵਕਾਲਤ
ਬਿਜਨਸ ਲਾਅ
ਦੀਵਾਨੀ ਵਕਾਲਤ
ਰੀਅਲ ਐਸਟੇਟ

FREE CONSULTATION!

ਲੋੜੀਂਦੀ ਸਲਾਹ ਅੱਜ ਹੀ ਮੁਫਤ ਲਓ

317-222-1567

ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵੀ ਬੋਲਦੇ ਹਾਂ

CONTACT US TO SET UP AN INTERVIEW PUNJABI, HINDI, AND URDU SPOKEN
WWW.MDLEGALTEAM.COM
CONTACTUS@MDLEGALTEAM.COM

ਅਟਾਰਨੀ ਐਟ ਲਾਅ

LICENSED TO PRACTICE IN INDIANA, MICHIGAN, FLORIDA AND IMMIGRATION LAW IN ALL 50 STATES.

OFFICE LOCATION:
1426 W. 29TH ST., SUITE 201B
INDIANAPOLIS, IN 46208
Fax: 317-288-1842

Available For Sale In Michigan

***CITGO Gas Station** with Oil Change, Beer & Wine. +Over ½ acre vacant lot in Ypsilanti $1,975,000. (Land Contract possible with $500,000. Down). Monthly Rental income is $8,000. Doing $80K in store, 35 K gas gallons and $25K lotto. Tubbys coming in Soon.

***MOBIL** with over 10,000 sq. ft. vacant Plaza behind it in Dearborn Heights. $1,675,000. 65K gas gallons, $45K Store sale, $20 K lotto.

***Unbranded** (Free from Fuel Supply Contract) on Middlebelt, Farmington Hills $1,250,000. 90K gas Gallons, $70K store, $30K lotto

***Unbranded,** Middlebelt, Farmington Hills $425,000. 45K gas galls. $30 K store

***SUNOCO,** Farmington Hills (FREE From Supply contract) $800,000. 3000 sq. ft. store, Full Basement, and 2nd Floor built in 1999 over 0.96 Acre lot. Ready to go Restaurant Complete with all the Equipment. No sales numbers are available.

***SHELL** with Beer & Wine, Plymouth. $975,000.

Land contact possible with $300,000 down. 75K gas galls. $60K store, $25K lotto.

***LIQUOR STORE** in Canton, $315,000.

$70K store sale, $1500.Lotto commission per month. Rent $2500 pm.

*About 3 ACRES of Commercial Vacant Land on Van Born/Merriman, Westland $180,000.

27 VACANT Lots ready to Build Houses on.55x140 ft. approximate size. In WESTLAND. EACH $11,000. Great Project for Investors/Developers. Beautiful houses already built in the neighborhood.

FOR TRUCKING COMPANIES About 4 acres of Paved & Fenced Land on Van Born, Dearborn Heights. $550,000

Please Call/Contact For More Information

RAJ SHERGILL, *Associate Broker*
Landmark Realty
40600 Ann Arbor Rd. Plymouth, MI 48170
Cell: 734-751-4455
rajsshergill@yahoo.com

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*

*Divorce *Annulment
*International Custody

INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available